ਐਤਵਾਰ, 19 ਜੁਲਾਈ, 2026
4 ਸਾਉਣ ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 48

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SUNDAY, 19 JULY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

ਵਾਂਗਚੁਕ ਨੂੰ ਪੁਲਸ ਨੇ ਚੁੱਕਿਆ, ਦੀਪਕੇ ਭੁੱਖ ਹੜਤਾਲ 'ਤੇ

ਨਵੀਂ ਦਿੱਲੀ : ਵਾਤਾਵਰਣ ਕਾਰਕੁਨ ਸੋਨਮ ਵਾਂਗਚੁਕ ਨੂੰ ਦਿੱਲੀ ਪੁਲਸ ਦੁਆਰਾ ਜੰਤਰ-ਮੰਤਰ ਪ੍ਰਦਰਸ਼ਨ ਵਾਲੀ ਥਾਂ ਤੋਂ ਸਫਦਰਜੰਗ ਹਸਪਤਾਲ ਵਿੱਚ ਤਬਦੀਲ ਕੀਤੇ ਜਾਣ ਤੋਂ ਤੁਰੰਤ ਬਾਅਦ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਸਨਿੱਚਰਵਾਰ ਐਲਾਨ ਕੀਤਾ ਕਿ ਉਹ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕਰ ਰਹੇ ਹਨ। ਦੀਪਕੇ ਨੇ 'ਐੱਕਸ' 'ਤੇ ਇੱਕ ਪੋਸਟ ਵਿੱਚ ਕਿਹਾ, 'ਮੈਂ ਹੁਣੇ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕਰ ਰਿਹਾ ਹਾਂ।' ਵਾਂਗਚੁਕ ਨੂੰ ਸਨਿੱਚਰਵਾਰ ਸਵੇਰੇ ਹਸਪਤਾਲ ਤਬਦੀਲ ਕੀਤਾ ਗਿਆ ਸੀ, ਜਿਸ ਵਿੱਚ ਪੁਲਸ ਨੇ ਡਾਕਟਰੀ ਸਲਾਹ ਅਤੇ ਦਿੱਲੀ ਹਾਈ ਕੋਰਟ ਦੇ ਨਿਰਦੇਸ਼ਾਂ ਦਾ ਹਵਾਲਾ ਦਿੱਤਾ, ਕਿਉਂਕਿ ਉਨ੍ਹਾ ਦੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਦੇ 21ਵੇਂ ਦਿਨ ਸਿਹਤ ਵਿਗੜ ਗਈ ਸੀ। ਪੁਲਸ ਦੀ ਕਾਰਵਾਈ ਤੋਂ ਬਾਅਦ ਦੀਪਕੇ ਨੇ ਦੋਸ਼ ਲਾਇਆ ਕਿ ਜੰਤਰ-ਮੰਤਰ 'ਤੇ ਪ੍ਰਦਰਸ਼ਨਕਾਰੀਆਂ ਵਿਰੁੱਧ ਕੀਤੀ ਗਈ ਕਾਰਵਾਈ ਦੌਰਾਨ ਦਿੱਲੀ ਪੁਲਸ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ ਅਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ। ਹਾਲਾਂ ਕਿ ਪੁਲਸ ਨੇ ਕਿਹਾ ਕਿ ਵਾਂਗਚੁਕ ਨੂੰ ਜ਼ਰੂਰੀ ਡਾਕਟਰੀ ਦੇਖਭਾਲ ਲਈ ਤਬਦੀਲ ਕੀਤਾ ਗਿਆ ਹੈ । ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤੀਪੂਰਵਕ ਜਗ੍ਹਾ ਖਾਲੀ ਕਰਨ ਦੀ ਅਪੀਲ ਕੀਤੀ। ਵਾਂਗਚੁਕ 28 ਜੂਨ ਤੋਂ ਨੀਟ ਪ੍ਰੀਖਿਆ ਵਿੱਚ ਕਥਿਤ ਬੇਨਿਯਮੀਆਂ ਵਿਰੁੱਧ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ 'ਤੇ ਸਨ।

ਆਮ ਆਦਮੀ ਪਾਰਟੀ ਨੇ ਸੋਨਮ ਵਾਂਗਚੁਕ ਨੂੰ ਦਿੱਲੀ ਪੁਲਸ ਵੱਲੋਂ ਜੰਤਰ-ਮੰਤਰ 'ਤੇ ਉਨ੍ਹਾ ਦੇ ਪ੍ਰਦਰਸ਼ਨ ਵਾਲੀ ਥਾਂ ਤੋਂ ਹਟਾਏ ਜਾਣ ਤੋਂ ਬਾਅਦ ਕੇਂਦਰ 'ਤੇ ਤਿੱਖਾ ਹਮਲਾ ਬੋਲਿਆ ਹੈ। 'ਐੱਕਸ' 'ਤੇ ਇੱਕ ਪੋਸਟ ਵਿੱਚ, 'ਆਪ' ਨੇ ਦੋਸ਼ ਲਾਇਆ, 'ਪੇਪਰ ਲੀਕ ਵਿਰੁੱਧ ਸੋਨਮ ਵਾਂਗਚੁਕ ਦੀ ਸ਼ਾਂਤਮਈ ਭੁੱਖ ਹੜਤਾਲ ਨੂੰ ਖਤਮ ਕਰਨ ਲਈ ਗੱਲਬਾਤ ਦਾ ਰਸਤਾ ਚੁਣਨ ਦੀ ਬਜਾਏ ਸਰਕਾਰ ਨੇ ਜ਼ੋਰ-ਜ਼ਬਰਦਸਤੀ ਅਤੇ ਗੁੰਡਾਗਰਦੀ ਦਾ ਸਹਾਰਾ ਲਿਆ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਸਰਕਾਰ ਵਿਦਿਆਰਥੀਆਂ ਦੀ ਆਵਾਜ਼ ਤੋਂ ਡਰਦੀ ਹੈ।' ਪਾਰਟੀ ਦੇ ਰਾਜ

• ਬਾਕੀ ਸਫਾ 2 'ਤੇ

ਮੇਰੀ ਸਹਿਮਤੀ ਤੋਂ ਬਿਨਾਂ ਇਲਾਜ ਨਾ ਹੋਵੇ : ਗੀਤਾਂਜਲੀ

ਨਵੀਂ ਦਿੱਲੀ- ਸੋਨਮ ਵਾਂਗਚੁਕ ਦੀ ਪਤਨੀ ਗੀਤਾਂਜਲੀ ਜੇ. ਐਂਗਮੋ ਨੇ ਸ਼ਨੀਵਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਮੇਰੀ ਸਹਿਮਤੀ ਤੋਂ ਬਿਨਾਂ ਮੇਰੇ ਪਤੀ ਨੂੰ ਕੋਈ ਵੀ ਡਾਕਟਰੀ ਇਲਾਜ ਨਹੀਂ ਦਿੱਤਾ ਜਾਣਾ ਚਾਹੀਦਾ। ਐਂਗਮੋ ਨੇ ਦੱਸਿਆ ਕਿ ਉਹ ਸਫਦਰਜੰਗ ਹਸਪਤਾਲ ਵਿੱਚ ਹਨ। ਮੈਂ ਉਨ੍ਹਾਂ ਨੂੰ ਮੇਰੀ ਸਹਿਮਤੀ ਤੋਂ ਬਿਨਾਂ ਕੁਝ ਵੀ ਦੇਣ ਤੋਂ ਵਰਜਦੀ ਹਾਂ। ਮੇਰੀ ਸਹਿਮਤੀ ਤੋਂ ਬਿਨਾਂ ਕੋਈ ਇਲਾਜ ਸ਼ੁਰੂ ਨਹੀਂ ਹੋਣਾ ਚਾਹੀਦਾ। ਜੇ ਕੁਝ ਵੀ ਹੁੰਦਾ ਹੈ ਤਾਂ ਮੈਂ ਸਾਰਿਆਂ ਨੂੰ ਜਵਾਬਦੇਹ ਠਹਿਰਾਵਾਂਗੀ। ਇਹ ਅਨੁਛੇਦ 32 ਦੇ ਤਹਿਤ ਮੇਰਾ ਅਧਿਕਾਰ ਹੈ। ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਨ ਦੇ ਫੈਸਲੇ 'ਤੇ ਸਵਾਲ ਉਠਾਉਂਦੇ ਹੋਏ, ਉਨ੍ਹਾਂ ਦਾਅਵਾ ਕੀਤਾ ਕਿ ਸ਼ੁੱਕਰਵਾਰ ਨੂੰ ਵਾਂਗਚੁਕ ਠੀਕ ਲੱਗ ਰਹੇ ਸਨ। ਉਨ੍ਹਾਂ ਨੂੰ ਹਸਪਤਾਲ ਲਿਆਉਣ ਦੀ ਕੋਈ ਲੋੜ ਨਹੀਂ ਸੀ।

ਪ੍ਰਧਾਨ ਮੰਤਰੀ ਦੀ ਫੇਰੀ 'ਤੇ ਆਪ ਨੇ ਕੱਸੇ ਤਨਜ਼

ਪ੍ਰਧਾਨ ਮੰਤਰੀ ਅਸਲ ਮੁੱਦਿਆਂ ਤੋਂ ਮੂੰਹ ਫੇਰ ਗਏ : ਬਲਤੇਜ ਪੰਨੂ

ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਪੰਜਾਬ ਦੌਰਾ ਝੂਠੇ ਦੋਸ਼ਾਂ ਨਾਲ ਭਰਿਆ ਇੱਕ ਸਿਆਸੀ ਡਰਾਮੇ ਤੋਂ ਇਲਾਵਾ ਕੁਝ ਨਹੀਂ ਸੀ, ਜਦ ਕਿ ਉਹ ਉਨ੍ਹਾਂ ਸਵਾਲਾਂ ਦੇ ਜਵਾਬ ਦੇਣ ਵਿੱਚ ਨਾਕਾਮ ਰਹੇ ਜੋ ਪੰਜਾਬ ਦੇ ਲੋਕਾਂ ਲਈ ਸਭ ਤੋਂ ਵੱਧ ਮਾਇਨੇ ਰੱਖਦੇ ਹਨ। ਇੱਕ ਵੀਡੀਓ ਸੰਦੇਸ਼ ਵਿੱਚ 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਆਏ, ਪੰਜਾਬ ਸਰਕਾਰ 'ਤੇ ਬੇਬੁਨਿਆਦ ਦੋਸ਼ ਲਾਏ ਅਤੇ ਸੂਬੇ ਦੀਆਂ ਗੰਭੀਰ ਸਮੱਸਿਆਵਾਂ ਵਿੱਚੋਂ ਕਿਸੇ ਦਾ ਵੀ ਹੱਲ ਕੀਤੇ ਬਿਨਾਂ ਵਾਪਸ ਚਲੇ ਗਏ। ਉਨ੍ਹਾਂ ਕਿਹਾ, "ਪ੍ਰਧਾਨ ਮੰਤਰੀ ਕੋਲ ਪੰਜਾਬ ਲਈ ਕੋਈ ਜਵਾਬ ਨਹੀਂ ਸੀ। ਉਨ੍ਹਾਂ ਨੇ ਸਿਰਫ਼ ਦੋਸ਼ ਅਤੇ ਸਿਆਸੀ ਬਿਆਨਬਾਜ਼ੀ ਦੁਹਰਾਈ, ਪਰ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਅਸਲ ਮੁੱਦਿਆਂ 'ਤੇ ਉਹ ਪੂਰੀ ਤਰ੍ਹਾਂ ਚੁੱਪ ਰਹੇ।" ਉਨ੍ਹਾਂ ਕਿਹਾ, "ਪ੍ਰਧਾਨ ਮੰਤਰੀ ਕਿਸਾਨ ਅੰਦੋਲਨ ਦੌਰਾਨ ਸੈਂਕੜੇ ਕਿਸਾਨਾਂ ਦੀਆਂ ਮੌਤਾਂ ਦਾ ਜਵਾਬ ਦੇਣ ਵਿੱਚ ਨਾਕਾਮ ਕਿਉਂ ਰਹੇ? ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਕਾਨੂੰਨੀ ਗਾਰੰਟੀ ਕਿਉਂ ਲਟਕੀ ਹੋਈ ਹੈ? ਕੇਂਦਰ

• ਬਾਕੀ ਸਫਾ 2 'ਤੇ

ਮੋਦੀ ਦਾ ਪੰਜਾਬ ਦੌਰਾ 'ਫਲਾਪ ਸ਼ੋਅ' ਸਾਬਤ ਹੋਇਆ : ਧਾਲੀਵਾਲ

ਅੰਮ੍ਰਿਤਸਰ : ਸ਼ੁੱਕਰਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ 'ਤੇ ਤਿੱਖਾ ਹਮਲਾ ਕਰਦਿਆਂ ਆਮ ਆਦਮੀ ਪਾਰਟੀ (ਆਪ) ਨੇ ਇਸ ਦੌਰੇ ਨੂੰ ਇੱਕ 'ਫਲਾਪ ਸ਼ੋਅ' ਕਰਾਰ ਦਿੱਤਾ ਹੈ। ਪਾਰਟੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਪੰਜਾਬ ਦੇ ਮੁੱਖ ਮੁੱਦਿਆਂ ਨੂੰ ਹੱਲ ਕਰਨ ਵਿੱਚ ਬਿਲਕੁਲ ਅਸਫਲ ਰਹੀ ਹੈ, ਜਿਨ੍ਹਾਂ ਵਿੱਚ ਸੂਬੇ ਦੇ ਬਕਾਇਆ ਫੰਡ, ਸਰਹੱਦੀ ਸੁਰੱਖਿਆ ਅਤੇ ਕਿਸਾਨਾਂ ਦੇ ਮਸਲੇ ਸ਼ਾਮਲ ਹਨ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਦੋਸ਼ ਲਾਇਆ ਕਿ ਦੌਰੇ ਦੌਰਾਨ ਪ੍ਰਧਾਨ ਮੰਤਰੀ ਦੇ ਬਿਆਨ ਖੋਖਲੇ ਸਨ ਅਤੇ ਇਨ੍ਹਾਂ ਦਾ ਮਕਸਦ ਲੋਕਾਂ ਨੂੰ ਗੁੰਮਰਾਹ ਕਰਨਾ ਸੀ। ਧਾਲੀਵਾਲ ਨੇ ਕਿਹਾ ਕਿ ਜਿਹੜੇ ਲੋਕ ਰਾਮ ਮੰਦਰ ਦੇ ਨਾਂਅ 'ਤੇ ਚੰਦਾ ਚੋਰੀ ਕਰਦੇ ਹਨ, ਉਹ ਦੇਸ਼ ਪ੍ਰਤੀ ਕਦੇ ਵੀ ਇਮਾਨਦਾਰ ਨਹੀਂ ਹੋ ਸਕਦੇ। ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਨੇ ਰਾਮ ਮੰਦਰ ਨਿਰਮਾਣ ਦੇ ਨਾਂ 'ਤੇ ਪੂਰੇ ਦੇਸ਼ ਦੇ ਲੋਕਾਂ ਦੀ ਆਸਥਾ ਦਾ ਫ਼ਾਇਦਾ ਉਠਾ ਕੇ ਖੁੱਲ੍ਹੇਆਮ ਚੰਦਾ ਚੋਰੀ ਕੀਤਾ। ਪਾਰਟੀ ਨੇ ਕੇਂਦਰ ਸਰਕਾਰ 'ਤੇ ਪੰਜਾਬ ਦਾ ਪੇਂਡੂ ਵਿਕਾਸ ਫੰਡ (ਆਰ ਡੀ ਐੱਫ) ਅਤੇ ਹਜ਼ਾਰਾਂ ਕਰੋੜ ਰੁਪਏ ਦੇ ਹੋਰ ਬਕਾਏ ਰੋਕਣ ਦਾ ਦੋਸ਼ ਲਗਾਇਆ। ਉਨ੍ਹਾ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਕਰਜ਼ੇ ਲੈਣ ਲਈ ਪੰਜਾਬ ਸਰਕਾਰ ਦੀ ਆਲੋਚਨਾ ਕਰਦੀ ਹੈ, ਉੱਥੇ ਹੀ ਇਹ ਕਰਜ਼ੇ ਜਨਤਕ

• ਬਾਕੀ ਸਫਾ 2 'ਤੇ

ਮਾਵਾਂ-ਧੀਆਂ ਸਕੀਮ 'ਚ ਧੋਖਾਧੜੀ, ਮਾਂ ਤੇ ਪੁੱਤਰ ਵਿਰੁੱਧ ਕੇਸ

ਤਰਨ ਤਾਰਨ : ਪੰਜਾਬ ਸਰਕਾਰ ਦੀ 'ਮਾਵਾਂ-ਧੀਆਂ ਸਤਿਕਾਰ ਸਕੀਮ' ਦੇ ਲਾਭਪਾਤਰੀਆਂ ਲਈ ਰਾਖਵੀਂ ਵਿੱਤੀ ਸਹਾਇਤਾ ਨੂੰ ਆਪਣੇ ਪੁੱਤਰ ਦੇ ਬੈਂਕ ਖਾਤੇ ਵਿੱਚ ਤਬਦੀਲ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਪੁਲਸ ਨੇ ਇੱਕ ਆਂਗਣਵਾੜੀ ਵਰਕਰ ਅਤੇ ਉਸ ਦੇ ਪੁੱਤਰ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਅਨੁਸਾਰ ਇਹ ਕਥਿਤ ਧੋਖਾਧੜੀ ਆਨਲਾਈਨ ਅਰਜ਼ੀਆਂ ਦੀ ਪੜਤਾਲ ਦੌਰਾਨ ਸਾਹਮਣੇ ਆਈ, ਜਿਸ ਤੋਂ ਪਹਿਲਾਂ ਕੋਈ ਵੀ ਰਾਸ਼ੀ ਜਾਰੀ ਨਹੀਂ ਹੋਈ ਸੀ। ਅਧਿਕਾਰੀਆਂ ਨੇ ਇਸ ਗੜਬੜੀ ਦਾ ਪਤਾ ਲਗਾ ਕੇ ਅਗਲੇ ਭੁਗਤਾਨ ਨੂੰ ਰੋਕ ਦਿੱਤਾ, ਜਿਸ ਨਾਲ ਫੰਡਾਂ ਦਾ ਤਬਾਦਲਾ ਹੋਣ ਤੋਂ ਬਚ ਗਿਆ। ਚੋਹਲਾ ਸਾਹਿਬ ਦੀ ਚਾਈਲਡ ਡਿਵੈੱਲਪਮੈਂਟ ਪ੍ਰੋਜੈਕਟ ਅਫਸਰ (ਸੀ ਡੀ ਪੀ ਓ) ਨਵੇਕਤਾ ਕੁਵਰਾ ਨੇ ਗੋਇੰਦਵਾਲ ਸਾਹਿਬ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਆਪਣੀ ਸ਼ਿਕਾਇਤ ਵਿੱਚ ਉਨ੍ਹਾ ਦੋਸ਼ ਲਾਇਆ ਹੈ ਕਿ ਭੈਲ ਢਾਏ ਵਾਲਾ ਪਿੰਡ ਦੀ ਆਂਗਣਵਾੜੀ ਵਰਕਰ ਜਤਿੰਦਰ ਕੌਰ ਨੇ ਆਨਲਾਈਨ ਡਾਟਾ-ਐਂਟਰੀ ਦਾ ਕੰਮ ਆਪਣੇ ਪੁੱਤਰ ਗੁਰਬਾਜ ਸਿੰਘ ਨੂੰ ਸੌਂਪਿਆ ਸੀ। ਇਸ ਪ੍ਰਕਿਰਿਆ ਦੌਰਾਨ ਗੁਰਬਾਜ ਨੇ ਕਥਿਤ ਤੌਰ 'ਤੇ ਸਕੀਮ ਦੀ ਰਾਸ਼ੀ ਪ੍ਰਾਪਤ ਕਰਨ ਦੇ ਇਰਾਦੇ ਨਾਲ 62 ਲਾਭਪਾਤਰੀਆਂ ਦੀਆਂ ਅਰਜ਼ੀਆਂ ਵਿੱਚ ਆਪਣਾ ਬੈਂਕ ਖਾਤਾ ਨੰਬਰ ਦਰਜ ਕਰ ਦਿੱਤਾ। ਸੀ ਡੀ ਪੀ ਓ ਨੇ ਦੱਸਿਆ ਕਿ ਇਸ ਬੇਨਿਯਮੀ ਦਾ ਪਤਾ ਚੰਡੀਗੜ੍ਹ ਹੈੱਡਕੁਆਰਟਰ ਦੇ ਅਧਿਕਾਰੀਆਂ ਵੱਲੋਂ ਤਸਦੀਕ ਦੌਰਾਨ ਲੱਗਿਆ। ਨਤੀਜੇ ਵਜੋਂ ਸਾਰੇ 62 ਲਾਭਪਾਤਰੀਆਂ ਦੇ ਭੁਗਤਾਨ ਰੋਕ ਦਿੱਤੇ ਗਏ। ਉਨ੍ਹਾ ਕਿਹਾ ਕਿ ਰਿਕਾਰਡ ਨੂੰ ਦਰੁਸਤ ਅਤੇ ਤਸਦੀਕ ਕਰਨ ਤੋਂ ਬਾਅਦ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਆਪਣੇ ਬੈਂਕ ਖਾਤਿਆਂ ਵਿੱਚ ਵਿੱਤੀ ਸਹਾਇਤਾ ਮਿਲ ਜਾਵੇਗੀ। ਸ਼ਿਕਾਇਤ ਦੇ ਆਧਾਰ 'ਤੇ ਗੋਇੰਦਵਾਲ ਸਾਹਿਬ ਪੁਲਸ ਨੇ ਜਤਿੰਦਰ ਕੌਰ ਅਤੇ ਗੁਰਬਾਜ ਸਿੰਘ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਸਿੱਖਿਆ ਸੁਧਾਰ ਦੀ ਬਜਾਏ ਕੇਂਦਰ ਅੰਦੋਲਨ ਕੁਚਲਣ 'ਤੇ ਲੱਗਾ : ਕੇਜਰੀਵਾਲ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜੰਤਰ-ਮੰਤਰ ਤੋਂ ਭੁੱਖ ਹੜਤਾਲ 'ਤੇ ਬੈਠੇ ਸੋਨਮ ਵਾਂਗਚੁਕ ਨੂੰ ਜ਼ਬਰਦਸਤੀ ਚੁੱਕਣ ਦੇ ਮਾਮਲੇ 'ਤੇ ਕਿਹਾ ਕਿ ਮੋਦੀ ਜੀ ਨੇ ਹੰਕਾਰ ਦੇ ਚਲਦਿਆਂ ਸੋਨਮ ਵਾਂਗਚੁਕ ਦਾ ਅਪਮਾਨ ਕੀਤਾ ਹੈ।ਮੋਦੀ ਜੀ ਨੂੰ ਸੋਨਮ ਵਾਂਗਚੁਕ ਨਾਲ ਗੱਲ ਕਰਨੀ ਚਾਹੀਦੀ ਸੀ।ਦੇਸ਼ਵਾਸੀਆਂ ਨੂੰ ਸੋਚਣਾ ਚਾਹੀਦਾ ਹੈ ਕਿ ਕੀ ਅਸੀਂ ਇਸੇ ਲਈ ਆਜ਼ਾਦੀ ਲਈ ਸੀ ਕਿ ਇੱਕ ਦਿਨ ਸਾਡੀ ਆਪਣੀ ਹੀ ਸਰਕਾਰ ਸਾਡੇ ਨਾਲ ਬਦਸਲੂਕੀ ਕਰੇਗੀ? ਸਰਕਾਰ ਪੇਪਰ ਲੀਕ ਰੋਕਣ, ਸਿੱਖਿਆ ਪ੍ਰਣਾਲੀ ਨੂੰ ਠੀਕ ਕਰਨ ਦੀ ਬਜਾਏ ਨੌਜਵਾਨਾਂ ਦੇ ਅੰਦੋਲਨ ਨੂੰ ਬੜੀ ਬੇਰਹਿਮੀ ਨਾਲ ਕੁਚਲਣ ਵਿੱਚ ਲੱਗੀ ਹੋਈ ਹੈ।ਉਨ੍ਹਾਂ ਨੇ ਸੋਨਮ ਵਾਂਗਚੁਕ ਨੂੰ ਕਿਹਾ ਕਿ ਮਜ਼ਬੂਤ ਬਣੇ ਰਹੋ ਸੋਨਮ ਜੀ, ਇਹ ਦੇਸ਼ ਤੁਹਾਡੇ ਨਾਲ ਖੜ੍ਹਾ ਹੈ।ਇਸ ਦੇ ਨਾਲ ਹੀ ਦੇਸ਼ ਵਾਸੀਆਂ ਨੂੰ ਕਿਹਾ ਕਿ ਅੱਜ ਸੋਨਮ ਵਾਂਗਚੁਕ, ਅਭਿਜੀਤ ਦੀਪਕੇ ਅਤੇ ਇਹ ਸਾਰੇ ਨੌਜਵਾਨ ਤੁਹਾਡੇ ਬੱਚਿਆਂ ਦੇ ਭਵਿੱਖ ਬਚਾਉਣ ਲਈ ਲੜ ਰਹੇ ਹਨ। ਹੁਣ ਘਰ ਬੈਠਣ ਨਾਲ ਕੰਮ ਨਹੀਂ ਚੱਲੇਗਾ।ਹੁਣ ਸਾਰਿਆਂ ਨੂੰ ਇੱਕ ਹੋ ਕੇ ਸੜਕਾਂ 'ਤੇ ਉਤਰਨਾ ਪਵੇਗਾ, ਤਾਂ ਹੀ ਇਸ ਦੇਸ਼ ਵਿੱਚ ਕੁਝ ਬਦਲੇਗਾ।ਉੱਥੇ ਅੱਜ ਜੰਤਰ-ਮੰਤਰ ਪਹੁੰਚੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸ਼ਨੀਵਾਰ ਸਵੇਰੇ ਉੱਠਦਿਆਂ ਹੀ ਇਹ ਖ਼ਬਰ ਮਿਲੀ ਕਿ ਸੋਨਮ ਵਾਂਗਚੁਕ ਜੀ ਨੂੰ ਬਹੁਤ ਹੀ ਗ਼ਲਤ ਤਰੀਕੇ ਨਾਲ ਉਨ੍ਹਾਂ ਦੇ ਧਰਨਾ ਸਥਾਨ ਤੋਂ ਚੁੱਕ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਭੁੱਖ ਹੜਤਾਲ ਤੁੜਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਾਦੇ ਕੱਪੜਿਆਂ ਵਿੱਚ ਪੁਲਿਸ ਭੇਜ ਕੇ, ਚਾਰੇ ਪਾਸਿਓਂ ਚਾਦਰ ਨਾਲ ਢਕ ਕੇ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਬਦਸਲੂਕੀ ਤੇ ਧੱਕਾ-ਮੁੱਕੀ ਕਰਕੇ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਕੇ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ ਗਿਆ ਹੈ। ਅਰਵਿੰਦ ਕੇਜਰੀਵਾਲ ਨੇ ਯਾਦ ਦਿਵਾਇਆ ਕਿ ਮਹਾਤਮਾ ਗਾਂਧੀ ਨੇ ਵੀ ਕਿੰਨੇ ਲੰਬੇ-ਲੰਬੇ ਉਪਵਾਸ ਕੀਤੇ ਸਨ, ਪਰ ਉਨ੍ਹਾਂ ਨਾਲ ਅਜਿਹਾ ਵਿਵਹਾਰ ਤਾਂ ਅੰਗਰੇਜ਼ ਵੀ ਨਹੀਂ ਕਰਦੇ ਸਨ।ਕੇਜਰੀਵਾਲ ਨੇ ਕਿਹਾ ਕਿ ਨੀਟ ਦਾ ਪੇਪਰ ਲੀਕ ਹੋ ਗਿਆ।ਸੀ ਬੀ ਐੱਸ ਈ ਦੇ ਮੁਲਾਂਕਣ ਪ੍ਰਣਾਲੀ ਵਿੱਚ ਬਹੁਤ ਵੱਡਾ ਘੁਟਾਲਾ ਹੋ ਗਿਆ।ਲੱਖਾਂ ਬੱਚਿਆਂ ਦਾ ਭਵਿੱਖ ਬਰਬਾਦ ਹੋ ਗਿਆ।ਸਿਸਟਮ ਨੂੰ ਠੀਕ ਕਰਵਾਉਣ ਲਈ ਸੋਨਮ

• ਬਾਕੀ ਸਫਾ 2 'ਤੇ

ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਨਿਰਾਸ਼ਾਜਨਕ : ਲੱਖੋਵਾਲ

ਚੰਡੀਗੜ੍ਹ : ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਬੀਤੇ ਦਿਨੀਂ ਜਲੰਧਰ ਵਿਖੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਤੋਂ ਸੂਬੇ ਦੇ ਕਿਸਾਨਾਂ, ਮਜ਼ਦੂਰਾਂ, ਛੋਟੇ ਕਾਰੋਬਾਰੀਆਂ, ਨੌਜਵਾਨਾਂ ਤੇ ਆਮ ਲੋਕਾਂ ਨੂੰ ਵੱਡੀਆਂ ਉਮੀਦਾਂ ਸਨ, ਪਰ ਇਹ ਫੇਰੀ ਪੰਜਾਬ ਲਈ ਪੂਰੀ ਤਰ੍ਹਾਂ ਨਿਰਾਸ਼ਾਜਨਕ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੱਜ ਖੇਤੀ ਸੰਕਟ, ਵਧਦੀ ਮਹਿੰਗਾਈ, ਬੇਰੁਜ਼ਗਾਰੀ, ਕਰਜ਼ੇ ਦੇ ਬੋਝ ਅਤੇ ਛੋਟੇ ਕਾਰੋਬਾਰਾਂ ਦੀ ਮੰਦਹਾਲੀ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਸਮੇਂ ਪੰਜਾਬ ਦੇ ਲੋਕਾਂ ਨੂੰ ਉਮੀਦ ਸੀ ਕਿ ਪ੍ਰਧਾਨ ਮੰਤਰੀ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਕਾਰੋਬਾਰੀਆਂ ਲਈ ਕਿਸੇ ਵਿਸ਼ੇਸ਼ ਆਰਥਿਕ ਰਾਹਤ ਪੈਕੇਜ ਜਾਂ ਨਵੀਆਂ ਲੋਕ-ਹਿਤੈਸ਼ੀ ਯੋਜਨਾਵਾਂ ਦਾ ਐਲਾਨ ਕਰਨਗੇ, ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਲੱਖੋਵਾਲ ਨੇ ਕਿਹਾ ਕਿ ਰੈਲੀ ਦੌਰਾਨ ਪੰਜਾਬ ਦੇ ਲੋਕਾਂ ਦੀਆਂ ਅਸਲ ਸਮੱਸਿਆਵਾਂ ਅਤੇ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਪੰਜਾਬ ਦਾ ਕਿਸਾਨ

ਪਟਾਕਾ ਫੈਕਟਰੀ 'ਚ ਧਮਾਕਾ, 8 ਮੌਤਾਂ 15 ਜ਼ਖ਼ਮੀ

ਅਹਿਮਦਾਬਾਦ : ਇੱਥੋਂ ਦੇ ਵਸਤਰਾਲ ਇਲਾਕੇ ਵਿੱਚ ਸ਼ਨਿੱਚਰਵਾਰ ਨੂੰ ਇੱਕ ਪਟਾਕਾ ਫੈਕਟਰੀ ਵਿੱਚ ਹੋਏ ਧਮਾਕੇ ਤੋਂ ਬਾਅਦ ਅੱਗ ਲੱਗ ਗਈ। ਇਸ ਹਾਦਸੇ ਵਿੱਚ ਫੈਕਟਰੀ ਦੇ 8 ਕਰਮਚਾਰੀਆਂ ਦੀ ਮੌਤ ਹੋ ਗਈ ਅਤੇ ਲਗਭਗ 15 ਜ਼ਖ਼ਮੀ ਹੋ ਗਏ। ਇਹ ਹਾਦਸਾ ਰਾਮੋਲ ਤੋਂ ਗਤਰਾੜ ਜਾਣ ਵਾਲੇ ਰਸਤੇ 'ਤੇ ਮਹਿਮੂਦਪੁਰਾ ਟੈਂਕੋਟ ਕੋਲ ਵਾਪਰਿਆ। ਇਸ ਥਾਂ ਦੇ ਬਿਲਕੁਲ ਕੋਲ ਹੀ ਰੈਪਿਡ ਐਕਸ਼ਨ ਫੋਰਸ ਦਾ ਕੈਂਪ ਮੌਜੂਦ ਹੈ। ਧਮਾਕੇ ਦੀ ਆਵਾਜ਼ ਸੁਣਦਿਆਂ ਹੀ ਆਰ.ਏ.ਐੱਫ. ਦੇ ਜਵਾਨ ਤੁਰੰਤ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ ਅਤੇ ਉਨ੍ਹਾਂ ਨੇ ਲੋਕਾਂ ਨੂੰ ਬਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਇਹ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਸ ਦੀ ਆਵਾਜ਼ ਲਗਭਗ 5 ਕਿਲੋਮੀਟਰ ਦੂਰ ਤੱਕ ਸੁਣਾਈ ਦਿੱਤੀ। ਜਿਸ ਵੇਲੇ ਇਹ ਹਾਦਸਾ ਹੋਇਆ ਉਸ ਸਮੇਂ ਫੈਕਟਰੀ ਦੇ ਅੰਦਰ ਤਕਰੀਬਨ 25 ਲੋਕ ਕੰਮ ਕਰ ਰਹੇ ਸਨ।

ਪਹਿਲਾ ਪ੍ਰਾਈਵੇਟ ਆਰਬਿਟਲ ਰਾਕੇਟ ਦਾਗਿਆ

ਨਵੀਂ ਦਿੱਲੀ : ਸ਼ਨੀਵਾਰ ਦੇਸ਼ ਦਾ ਪਹਿਲਾ ਪ੍ਰਾਈਵੇਟ ਆਰਬਿਟਲ ਰਾਕੇਟ ਵਿਕਰਮ-1 ਸਫਲਤਾਪੂਰਵਕ ਲਾਂਚ ਕੀਤਾ ਗਿਆ। ਇਸ ਲਾਂਚ ਨੇ ਨਿੱਜੀ ਪੁਲਾੜ ਖੇਤਰ ਵਿੱਚ ਨਵਾਂ ਇਤਿਹਾਸ ਰਚਿਆ ਹੈ। ਲਾਂਚ ਸਵੇਰੇ 11:30 ਵਜੇ ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ ਤੋਂ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਕਾਈਰੂਟ ਏਅਰੋਸਪੇਸ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਇਸ ਨੂੰ ਦੇਸ਼ ਦੀ ਪੁਲਾੜ ਯਾਤਰਾ ਵਿੱਚ ਇੱਕ 'ਇਤਿਹਾਸਕ ਨਵੀਂ ਸਵੇਰ' ਅਤੇ ਭਾਰਤ ਦੇ ਨੌਜਵਾਨਾਂ ਦੀ ਪ੍ਰਤਿਭਾ ਅਤੇ ਉੱਦਮੀ ਭਾਵਨਾ ਦਾ ਪ੍ਰਤੀਬਿੰਬ ਦੱਸਿਆ। ਮਿਸ਼ਨ ਆਗਮਨ ਵਿਕਰਮ-1 ਰਾਕੇਟ ਦੀ ਪਹਿਲੀ ਟੈਸਟ ਉਡਾਣ ਹੈ।

ਪੱਤਰਕਾਰਾਂ ਲਈ ਜ਼ਰੂਰੀ ਸੂਚਨਾ

'ਨਵਾਂ ਜ਼ਮਾਨਾ' ਦੀ ਬਿਹਤਰੀ ਲਈ ਸਾਰੇ ਪੱਤਰਕਾਰਾਂ ਦੀ ਇੱਕ ਜ਼ਰੂਰੀ ਮੀਟਿੰਗ 24 ਜੁਲਾਈ ਦਿਨ ਸ਼ੁੱਕਰਵਾਰ ਨੂੰ ਸਵੇਰੇ 12 ਵਜੇ 'ਨਵਾਂ ਜ਼ਮਾਨਾ' ਦਫ਼ਤਰ ਵਿਖੇ ਰੱਖੀ ਗਈ ਹੈ। ਸਾਰੇ ਪੱਤਰਕਾਰ ਸਮੇਂ ਸਿਰ ਪੁੱਜਣ ਦੀ ਖੇਚਲ ਕਰਨ। ਹਰ ਪੱਤਰਕਾਰ ਨੂੰ ਆਉਣ-ਜਾਣ ਦਾ ਕਿਰਾਇਆ ਦਫ਼ਤਰ ਵੱਲੋਂ ਦਿੱਤਾ ਜਾਵੇਗਾ।

—ਪ੍ਰਿਥੀਪਾਲ ਮਾੜੀਮੇਘਾ, ਸਕੱਤਰ

ਕੈਨੇਡਾ 'ਚ ਵਿਸ਼ਵ ਪੰਜਾਬੀ ਕਾਨਫਰੰਸ ਦਾ ਸ਼ਾਨਦਾਰ ਆਗਾਜ਼

ਬਰੈਂਪਟਨ : ਕੈਨੇਡਾ ਦੀ ਜਗਤ ਪੰਜਾਬੀ ਸਭਾ ਓਨਟਾਰੀਓ ਫਰੈਂਡਜ਼ ਕਲੱਬ ਅਤੇ ਪਬਪਾ ਸੰਸਥਾਵਾਂ ਵੱਲੋਂ ਅਜਾਇਬ ਸਿੰਘ ਚੱਠਾ ਦੀ ਅਗਵਾਈ ਹੇਠ 12ਵੀਂ ਵਿਸ਼ਵ ਪੰਜਾਬੀ ਕਾਨਫਰੰਸ ਸ਼ਨੀਵਾਰ ਇੱਥੇ ਭਾਸ਼ਾਈ-ਸਮੂਹ ਸ਼ਾਨੋ-ਸ਼ੌਕਤ ਅਤੇ ਫੈਡਰਲ ਸਰਕਾਰ ਕੈਨੇਡਾ ਦੇ ਸਹਿਯੋਗ ਨਾਲ ਅਰੰਭ ਹੋ ਗਈ। ਇਸ ਮੌਕੇ ਮੈਂਬਰ ਪਾਰਲੀਮੈਂਟ ਅਤੇ ਕਰਾਊਨ ਸੈਕਟਰੀ ਰੂਬੀ ਸਹੋਤਾ, ਐੱਮ ਪੀ ਸੋਨੀਆ ਸਿੱਧੂ, ਐੱਮ ਪੀ ਅਮਨਦੀਪ ਕੌਰ ਸਿੱਧੂ, ਸਿਟੀ ਮੇਅਰ ਪੈਟਰਿਕ ਬਰਾਊਨ, ਡਿਪਟੀ ਮੇਅਰ ਮਾਇਕ ਮਹੋਨੀ, ਪੰਜਾਬ ਆਰਟ ਕੌਂਸਲ ਦੀ ਸਾਬਕਾ ਚੇਅਰਮੈਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਮੈਂਬਰ ਬੀਬੀ ਹਰਜਿੰਦਰ ਕੌਰ, ਐੱਮ ਪੀ ਅਮਰਜੋਤ ਸਿੰਘ ਸੰਧੂ, ਵਿਧਾਇਕ ਹਰਦੀਪ ਸਿੰਘ ਗਰੇਵਾਲ, ਅਜਾਇਬ ਸਿੰਘ ਚੱਠਾ, ਸੰਤੋਖ ਸਿੰਘ ਸੰਧੂ, ਮਿਸਟਰ ਬਿਆਰਡ ਆਦਿ ਸਮੇਤ ਸੰਘੀ ਸਰਕਾਰ ਦੇ ਪਤਵੰਤੇ ਮੌਜੂਦ ਸਨ। ਇਸ ਮੌਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਕਾਨਫਰੰਸ ਲਈ ਸ਼ੁਭਕਾਮਨਾਵਾਂ ਵਾਲਾ ਲਿਖਤੀ ਸੰਦੇਸ਼ ਮੰਚ ਤੋਂ ਪੜ੍ਹ ਕੇ ਸੁਣਾਇਆ ਗਿਆ। ਸਰਕਾਰੀ ਬੁਲਾਰਿਆਂ ਨੇ ਦੇਸ਼ ਦੀ ਤਰੱਕੀ ਵਿੱਚ ਪੰਜਾਬੀਆਂ ਦੇ ਅਹਿਮ ਯੋਗਦਾਨ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਉਹ ਦੇਸ਼ ਵਿੱਚ ਪੰਜਾਬੀ ਭਾਸ਼ਾ ਨੂੰ ਚੌਥੀ ਭਾਸ਼ਾ ਵਜੋਂ ਲਾਗੂ ਕਰਵਾਉਣ ਲਈ ਸਰਕਾਰ ਨਾਲ ਗੱਲਬਾਤ ਆਰੰਭ ਕਰਨਗੇ। ਉਨ੍ਹਾ ਇਹ ਵੀ ਕਿਹਾ ਸਕੂਲ ਬੋਰਡਾਂ ਵਿੱਚ ਪੰਜਾਬੀ ਵਰਤਮਾਨ ਵਿੱਚ ਵੀ ਪੜ੍ਹਾਈ ਜਾ ਰਹੀ ਹੈ। ਪੰਜਾਬੀ ਦੇ ਭਵਿੱਖ ਬਾਰੇ ਇਸ ਮੌਕੇ ਹੋਏ ਸੈਮੀਨਾਰ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਡਾ. ਦਵਿੰਦਰ ਸਿੰਘ ਨੇ ਕਿਹਾ ਜ਼ਮਾਨੇ ਦੀ ਰਫ਼ਤਾਰ ਡਿਜੀਟਲ ਯੁੱਗ ਵਿੱਚ ਸ਼ਾਮਲ ਹੋ ਗਈ ਹੈ, ਜਿਸ ਕਰਕੇ ਪੰਜਾਬੀਆਂ ਵਿੱਚ ਭਾਸ਼ਾ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਜਾਗਰੂਕਤਾ ਹੋਣੀ ਚਾਹੀਦੀ ਹੈ, ਖਾਸ ਕਰਕੇ ਪੰਜਾਬੀ ਸਕਾਲਰਾਂ ਨੂੰ ਇਸ ਸੰਕਟ ਨੂੰ ਚੁਣੌਤੀ ਵਜੋਂ ਲੈਣਾ ਚਾਹੀਦਾ ਹੈ।

ਅ ਾ ਟ

• ਬਾਕੀ ਸਫਾ 2 'ਤੇ

ਰਜਿਸਟਰੀ ਭਾਸ਼ਾ 'ਚੋਂ ਉਰਦੂ-ਫਾਰਸੀ ਦੇ 35 ਸ਼ਬਦ ਬਦਲੇ

ਚੰਡੀਗੜ੍ਹ : ਪੰਜਾਬ ਦੇ ਲੋਕਾਂ ਨੂੰ ਆਪਣੀ ਜ਼ਮੀਨ ਅਤੇ ਹੋਰ ਸੰਪਤੀ ਦੀ ਖ਼ਰੀਦ-ਵੇਚ ਸਮੇਂ ਰਜਿਸਟਰੇਸ਼ਨ ਕਰਾਉਣ ਲਈ ਵਰਤੇ ਜਾਂਦੇ 35 ਔਖੇ ਸ਼ਬਦਾਂ ਤੋਂ ਹੁਣ ਛੁਟਕਾਰਾ ਮਿਲ ਜਾਵੇਗਾ। ਇਨ੍ਹਾਂ ਸ਼ਬਦਾਂ ਵਿੱਚੋਂ ਬਹੁਤੇ ਸ਼ਬਦ ਉਰਦੂ ਅਤੇ ਫਾਰਸੀ ਨਾਲ ਸੰਬੰਧਤ ਸਨ, ਜਿਹੜੇ ਕਿ ਸਦੀਆਂ ਤੋਂ ਚਲੇ ਆ ਰਹੇ ਸਨ। ਕੁਝ ਸਮਾਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਾਲ ਵਿਭਾਗ ਨਾਲ ਸੰਬੰਧਤ ਜਾਂਦੇ ਇਹਨਾਂ ਔਖੇ ਸ਼ਬਦਾਂ ਦੀ ਥਾਂ ਸੌਖੇ ਸ਼ਬਦ ਲਿਆਉਣ ਦਾ ਨਿਰਦੇਸ਼ ਦਿੱਤਾ ਸੀ। ਇਸੇ ਆਧਾਰ 'ਤੇ ਮਾਲ ਅਤੇ ਪੁਨਰਵਾਸ ਵਿਭਾਗ ਵੱਲੋਂ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਸੀ। ਕਮੇਟੀ ਵੱਲੋਂ ਸੰਪਤੀ ਦੀ ਰਜਿਸਟਰੇਸ਼ਨ ਦੀ ਭਾਸ਼ਾ ਨੂੰ ਸੁਖਾਲਾ ਬਣਾਉਣ ਲਈ ਪੁਰਾਣੇ 35 ਔਖੇ ਸ਼ਬਦ ਦੀ ਥਾਂ ਨਵੇਂ ਸੌਖੇ 35 ਸ਼ਬਦਾਂ ਦੀ ਸਿਫਾਰਸ਼ ਕੀਤੀ ਗਈ ਸੀ। ਔਖੇ ਸ਼ਬਦਾਂ ਦੀ ਥਾਂ ਬਦਲੇ ਨਵੇਂ ਸੌਖੇ ਸ਼ਬਦ :

ਅਸਲ ਸ਼ਬਦ	ਨਵਾਂ ਸ਼ਬਦ	ਅਸਲ ਸ਼ਬਦ	ਨਵਾਂ ਸ਼ਬਦ
ਉਜ਼ਰ	ਇਤਰਾਜ਼	ਹੱਕ ਉਲ ਰਹਿਨ	ਗਹਿਣ ਸੰਪਤੀ
ਉਜਰਤ	ਫ਼ੀਸ	ਫੌਤ	ਮੌਤ
ਅਰਾਜ਼ੀ	ਜ਼ਮੀਨ	ਫਰਦ	ਨਕਲ ਜਮਾਂਬੰਦੀ
ਸਾਕਿਨ	ਵਸਨੀਕ	ਫਰੀਕ	ਧਿਰ
ਸਾਕਨ ਦੇਹ	ਪਿੰਡ ਦਾ ਵਸਨੀਕ	ਫਰੀਕ ਅੱਵਲ	ਪਹਿਲੀ ਧਿਰ
ਹਸਬ ਜ਼ਾਬਤਾ	ਕਾਨੂੰਨ ਅਨੁਸਾਰ	ਫਰੀਕ ਦੋਮ	ਦੂਜੀ ਧਿਰ
ਹਿਬਾ	ਦਾਨ	ਬਦਸਤੂਰ	ਪਹਿਲਾਂ ਦੀ ਤਰ੍ਹਾਂ
ਕੈਫੀਅਤ	ਵਿਸ਼ੇਸ਼ ਕਥਨ	ਬੈਨਾਮਾ	ਵਿਕਰੀ ਨਾਮਾ
ਗੈਰ-ਮਨਕੂਲਾ	ਅਚਲ/ਸਥਿਰ	ਬਜ਼ਰੀਆ	ਰਾਹੀਂ
ਗਰਿੰਦਾ	ਲੈਣ ਵਾਲਾ	ਬਾਇਆ	ਵੇਚਣ ਵਾਲਾ
ਜ਼ਰ	ਰਕਮ	ਮਖ਼ਸੂਸ	ਖਾਸ
ਤਾਬੇ	ਅਨੁਸਾਰ	ਮੁਸ਼ਤਰਕਾ	ਸਾਂਝਾ
ਤਕਾਵੀ	ਖੇਤੀ ਕਰਜ਼ਾ	ਮੁੰਤਕਿਲ	ਤਬਦੀਲ
ਤਰਮੀਮ	ਸੋਧ	ਮਜ਼ਕੂਰ	ਉਪਰੋਕਤ
ਤਮੱਸਕ	ਮੰਨ ਲੈਣਾ	ਮਨਸੂਖ ਕਰਨਾ	ਰੱਦ ਕਰਨਾ
ਤਲਬਾਨਾ	ਖ਼ਰਚਾ	ਮੁਸ਼ਤਰੀ	ਖਰੀਦਦਾਰ
ਦੇਹ	ਪਿੰਡ	ਮੁਰਤਹਿਨ	ਗਹਿਣਕਾਰ
ਦਾਖਲ ਖਾਰਜ	ਇੰਤਕਾਲ		

ਜ਼ਬਰੀ ਵਸੂਲੀ ਮਾਮਲੇ 'ਚ ਥਾਣੇਦਾਰ ਨਾਗਰਾ ਗ੍ਰਿਫ਼ਤਾਰ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ) : ਜਬਰੀ ਵਸੂਲੀ ਮਾਮਲੇ ਦੇ ਦੋਸ਼ ਵਿੱਚ ਜਲੰਧਰ ਦਿਹਾਤੀ ਪੁਲਿਸ ਨੇ ਐਸ ਐਚ ਓ ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਨੂੰ ਗ੍ਰਿਫਤਾਰ ਕਰਕੇ ਮਿਆਣੀ ਕਤਲ ਕਾਂਡ ਮਾਮਲੇ 'ਚ ਨਾਮਜ਼ਦ ਕੀਤਾ ਹੈ।ਗ੍ਰਿਫਤਾਰ ਕਰਨ ਤੋਂ ਬਾਅਦ ਜਲੰਧਰ ਪੁਲਿਸ ਨੇ ਨਾਗਰਾ ਨੂੰ ਦਸੂਹਾ ਅਦਾਲਤ ਵਿੱਚ ਪੇਸ਼ ਕਰਕੇ ਤਿੰਨ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਇਸ ਸੰਬੰਧੀ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਡੀ ਆਈ ਜੀ ਜਲੰਧਰ ਨਵੀਨ ਸਿੰਗਲਾ ਨੇ ਦੱਸਿਆ ਕਿ ਪਿਛਲੇ ਦਿਨੀਂ ਐਸ ਐਚ ਓ ਟਾਂਡਾ ਰਹੇ ਗੁਰਿੰਦਰਜੀਤ ਸਿੰਘ ਨਾਗਰਾ 'ਤੇ ਟਾਂਡਾ ਦੇ ਮਿਆਣੀ ਵਿਖੇ ਹੋਏ ਇੱਕ ਕਤਲ ਕੇਸ ਨਾਲ ਸੰਬੰਧਤ ਜਬਰੀ ਵਸੂਲੀ ਦੇ ਦੋਸ਼ਾਂ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਸ ਨੂੰ ਤੁਰੰਤ ਐਸ ਐਚ ਓ ਟਾਂਡਾ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ ਅਤੇ ਗ੍ਰਿਫਤਾਰ ਕਰਨ ਤੋਂ ਬਾਅਦ ਇਸ ਕੇਸ ਦੀ ਜਾਂਚ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਬਾਹਰ ਤਾਇਨਾਤ ਇੱਕ ਆਈ ਪੀ ਐਸ ਅਧਿਕਾਰੀ ਨੂੰ ਸੌਂਪੀ ਗਈ।ਜਾਂਚ ਦੌਰਾਨ ਇੰਸਪੈਕਟਰ ਗੁਰਿੰਦਰਜੀਤ ਨਾਗਰਾ ਨੂੰ ਅਮਰੀਕਾ ਸਥਿਤ ਇੱਕ ਪਰਵਾਰ ਤੋਂ ਜਬਰੀ ਵਸੂਲੀ ਅਤੇ ਗੈਰ-ਕਾਨੂੰਨੀ ਰਿਸ਼ਵਤ ਲੈਣ ਦਾ ਕਾਫੀ ਸਬੂਤ ਰਿਕਾਰਡ 'ਤੇ ਆਏ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਦੀ ਜਾਂਚ ਪੜਤਾਲ ਤੋਂ ਇਹ ਸਾਹਮਣੇ ਆਇਆ ਕਿ ਇਸ ਇੰਸਪੈਕਟਰ ਨਾਗਰਾ ਅਮਰੀਕਾ ਸਥਿਤ ਪਰਿਵਾਰ ਤੋਂ 16 ਲੱਖ ਰੁਪਏ ਦੀ ਗੈਰ-ਕਾਨੂੰਨੀ ਰਿਸ਼ਵਤ ਲੈਣ ਵਿੱਚ ਸ਼ਾਮਲ ਪਾਇਆ ਗਿਆ ਹੈ ਜਿਸ ਤੋਂ ਬਾਅਦ ਉਸ ਨੂੰ ਥਾਣਾ ਟਾਂਡਾ ਵਿਖੇ ਦਰਜ ਮਿਆਣੀ ਕਤਲ ਕਾਂਡ ਕੇਸ ਵਿੱਚ ਭ੍ਰਿਸ਼ਟਾਚਾਰ ਐਕਟ ਤਹਿਤ ਨਾਮਜ਼ਦ ਕਰਨ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਮੁਅੱਤਲ ਕਰ ਦਿੱਤਾ ਗਿਆ।

ਹੈਮਿਲਟਨ 'ਚ ਪੰਜਾਬ ਦੇ 29 ਸਾਲਾ ਨੌਜਵਾਨ ਦੀ ਮੌਤ

ਹੈਮਿਲਟਨ : ਪੁਲਸ ਨੇ ਬੁੱਧਵਾਰ ਸਟੋਨੀ ਕਰੀਕ ਵਿੱਚ ਇੱਕ ਨਾਲੀ ਵਿੱਚੋਂ ਮਿਲੀ ਲਾਸ਼ ਦੀ ਪਛਾਣ ਤਰਨਪ੍ਰੀਤ ਸਿੰਘ ਸਿੱਧੂ ਵਜੋਂ ਕੀਤੀ ਹੈ। 29 ਸਾਲਾ ਸਿੱਧੂ 2022 ਵਿੱਚ ਭਾਰਤ ਤੋਂ ਕੈਨੇਡਾ ਆਇਆ ਸੀ ਅਤੇ ਬਰੈਂਪਟਨ ਵਿੱਚ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ। ਉਹ ਹੈਲੀਫੈਕਸ ਵਿੱਚ ਵੀ ਰਹਿ ਚੁੱਕਾ ਸੀ। ਪੁਲਸ ਦਾ ਕਹਿਣਾ ਹੈ ਕਿ ਸਿੱਧੂ ਦੀ ਮੌਤ ਉਸ ਥਾਂ 'ਤੇ ਨਹੀਂ ਹੋਈ, ਜਿੱਥੇ ਉਸ ਦੀ ਲਾਸ਼ ਮਿਲੀ ਸੀ। ਜਾਂਚ ਜਾਰੀ ਹੋਣ ਕਾਰਨ ਮੌਤ ਦੇ ਕਾਰਣਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਹੈਮਿਲਟਨ ਪੁਲਸ ਦੇ ਜਾਸੂਸ ਪੀਲ ਰਿਜਨਲ ਪੁਲੀਸ ਨਾਲ ਮਿਲ ਕੇ ਕੰਮ ਕਰ ਰਹੇ ਹਨ। ਜਾਂਚਕਰਤਾਵਾਂ ਨੇ ਇਲਾਕੇ ਵਿੱਚ ਤਲਾਸ਼ੀ ਲਈ ਹੈ ਅਤੇ ਉਹ ਸੀ ਸੀ ਟੀ ਵੀ ਫੁਟੇਜ ਅਤੇ ਡਿਜੀਟਲ ਸਬੂਤਾਂ ਦੀ ਸਮੀਖਿਆ ਕਰ ਰਹੇ ਹਨ।

'ਡਿਜੀਟਲ ਅਰੈਸਟ' : ਇੰਜੀਨੀਅਰ ਕੋਲੋਂ ਠੱਗੇ 35 ਲੱਖ

ਬਠਿੰਡਾ : ਸਥਾਨਕ ਸਰਾਭਾ ਨਗਰ ਦੇ ਰਹਿਣ ਵਾਲੇ ਫ਼ੌਜ ਦੇ ਇੱਕ 78 ਸਾਲਾ ਸੇਵਾ-ਮੁਕਤ ਇੰਜੀਨੀਅਰ ਨਾਲ ਦਿੱਲੀ ਪੁਲਸ ਅਤੇ ਐਂਟੀ-ਟੈਰੋਰਿਜ਼ਮ ਸਕੁਐਡ ਦੇ ਫ਼ਰਜ਼ੀ ਅਧਿਕਾਰੀ ਬਣ ਕੇ 'ਡਿਜੀਟਲ ਅਰੈਸਟ' ਰਾਹੀਂ 35 ਲੱਖ ਰੁਪਏ ਦੀ ਵੱਡੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸਾਈਬਰ ਕਰਾਈਮ ਥਾਣੇ ਵਿੱਚ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ ਪੀੜਤ ਅਸ਼ੋਕ ਕੁਮਾਰ ਨੂੰ ਲੰਘੀ 9 ਜੁਲਾਈ ਨੂੰ ਇੱਕ ਅਣਪਛਾਤੇ ਨੰਬਰ ਤੋਂ ਫ਼ੋਨ ਆਇਆ ਸੀ, ਜਿਸ ਵਿੱਚ ਫ਼ੋਨ ਕਰਨ ਵਾਲੇ ਨੇ ਖ਼ੁਦ ਨੂੰ ਦਿੱਲੀ ਪੁਲਸ ਹੈੱਡਕੁਆਰਟਰ ਤੋਂ ਦੱਸਿਆ ਅਤੇ ਬਾਅਦ ਵਿੱਚ ਫ਼ੋਨ ਇੱਕ ਹੋਰ ਵਿਅਕਤੀ ਨੂੰ ਟਰਾਂਸਫਰ ਕਰ ਦਿੱਤਾ, ਜਿਸ ਨੇ ਖ਼ੁਦ ਨੂੰ ਏ ਟੀ ਐੱਸ ਅਧਿਕਾਰੀ ਵਜੋਂ ਪੇਸ਼ ਕੀਤਾ। ਠੱਗਾਂ ਨੇ ਪੀੜਤ ਨੂੰ ਝੂਠਾ ਡਰ ਦਿਖਾਇਆ ਕਿ ਉਨ੍ਹਾਂ ਦੇ ਪਛਾਣ ਪੱਤਰ ਦੀ ਵਰਤੋਂ ਕਰਕੇ ਇੱਕ ਅਜਿਹਾ ਮੋਬਾਈਲ ਕਨੈਕਸ਼ਨ ਲਿਆ ਗਿਆ ਹੈ, ਜਿਸ ਰਾਹੀਂ 2.5 ਕਰੋੜ ਰੁਪਏ ਦੀ ਮਨੀ ਲਾਂਡਰਿੰਗ ਹੋਈ ਹੈ। ਏਨਾ ਹੀ ਨਹੀਂ, ਮੁਲਜ਼ਮਾਂ ਨੇ ਉਨ੍ਹਾਂ ਦੇ ਸੰਬੰਧ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਅਤੇ ਦਿੱਲੀ ਬੰਬ ਧਮਾਕਿਆਂ ਦੇ ਕੇਸ ਨਾਲ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਫਾਈਲ ਕੌਮੀ ਜਾਂਚ ਏਜੰਸੀ ਨੂੰ ਭੇਜੀ ਜਾ ਰਹੀ ਹੈ। ਪੀੜਤ ਨੂੰ ਕਈ ਘੰਟਿਆਂ ਤੱਕ ਲਗਾਤਾਰ ਵੀਡੀਓ ਕਾਲ 'ਤੇ ਰੱਖ ਕੇ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਗਿਆ ਅਤੇ ਉਸ ਨੂੰ ਕਿਹਾ ਗਿਆ ਕਿ ਉਸ ਦੇ ਬੈਂਕ ਖਾਤੇ ਵਿੱਚ ਜਮਾਂ 35 ਲੱਖ ਰੁਪਏ ਆਰ ਬੀ ਆਈ ਦੇ ਵੈਰੀਫਿਕੇਸ਼ਨ ਖਾਤੇ ਵਿੱਚ ਜਮ੍ਹਾ ਕਰਵਾਉਣੇ ਪੈਣਗੇ। ਐੱਸ ਐੱਚ ਓ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ, "ਠੱਗਾਂ ਦੀਆਂ ਗੱਲਾਂ ਵਿੱਚ ਆ ਕੇ ਪੀੜਤ ਨੇ 15

• ਬਾਕੀ ਸਫਾ 2 'ਤੇ

ਅੱਜ-ਨਾਮਾ

ਹਾਈ ਕਮਾਂਡ ਕਹਿੰਦੀ ਪਈ ਕਾਂਗਰਸ ਦੀ,
ਰੇੜਕਾ ਪੰਜਾਬ ਦਾ ਮੁੱਕਣ ਦੇ ਕੋਲ ਬੇਲੀ।
ਪੁੱਛਿਆ ਪੰਜਾਬ ਦੇ ਜਦੋਂ ਵੀ ਆਗੂਆਂ ਨੂੰ,
ਸਾਰੇ ਈ ਕਰਨ ਲੱਗਦੇ ਗੱਲਾਂ ਗੋਲ ਬੇਲੀ।
ਕਈ ਤਾਂ ਆਖਦੇ ਕੋਈ ਨਹੀਂ ਰੇੜਕਾ ਸੀ,
ਅੱਗੋਂ ਲੱਗਦੇ ਆ ਬਣਨ ਅਣਭੋਲ ਬੇਲੀ।
ਮਿਲਦਾ ਵਕਤ ਤਾਂ ਇੰਝ ਉਹ ਬੋਲਦੇ ਈ,
ਵਿੱਸ ਅੰਦਰਲੀ ਦਿੱਤੀ ਜਿਉਂ ਘੋਲ ਬੇਲੀ।
ਮੁੱਕਿਆ ਨਹੀਂ ਜਦ ਰੱਫੜ ਤੇ ਕਦੋਂ ਮੁੱਕੂ,
ਅਗਲੀ ਚੋਣ ਤਾਂ ਬਹੁਤ ਨਹੀਂ ਦੂਰ ਬੇਲੀ।
ਇਹੀ ਹਾਲਤ ਜਦ ਰਹਿਣੀ ਤਾਂ ਸੋਚ ਰੱਖੋ,
ਫਿਰਨਗੇ ਸੜਕ ਦੇ ਉੱਪਰ ਹਜ਼ੂਰ ਬੇਲੀ।

-ਤੀਸ ਮਾਰ ਖਾਂ

ਸਾਂਕ੍ਰਿਤਿਆਇਨ ਦਾ ਬੁੱਤ ਤੋੜਨ ਖ਼ਿਲਾਫ਼ ਲੋਕ ਅੱਗੇ ਆਉਣ : ਦੇਸ਼ ਭਗਤ ਕਮੇਟੀ

ਜਲੰਧਰ (ਨਵਾਂ ਜ਼ਮਾਨਾ ਸਰਵਿਸ) : ਦੇਸ਼ ਭਗਤ ਯਾਦਗਾਰ ਕਮੇਟੀ ਨੇ ਮਹਾਨ ਵਿਦਵਾਨ ਰਾਹੁਲ ਸਾਂਕ੍ਰਿਤਿਆਇਨ ਦੇ ਰਾਣੀਗੰਜ (ਪੱਛਮੀ ਬੰਗਾਲ) ਵਿੱਚ ਲੱਗੇ 9 ਫੁੱਟ ਉੱਚੇ ਯਾਦਗਾਰੀ ਬੁੱਤ ਨੂੰ ਤੋੜ ਕੇ ਮਿੱਟੀ ਵਿੱਚ ਮਿਲਾ ਦਿੱਤੇ ਜਾਣ ਦੀ ਸਖ਼ਤ ਨਿੰਦਾ ਕਰਦੇ ਹੋਏ ਕਿਹਾ ਕਿ ਇਹ 'ਅਣਪਛਾਤੇ ਅਨਸਰਾਂ' ਦੇ ਖਾਤੇ ਵਿੱਚ ਪਾਉਣ ਵਾਲੀਆਂ ਕਾਰਸਤਾਨੀਆਂ ਮੁਲਕ ਦੇ ਜਾਗਦੀ ਅੱਖ ਵਾਲੇ ਲੋਕਾਂ ਨੂੰ ਗੁੰਮਰਾਹ ਨਹੀਂ ਕਰ ਸਕਦੀਆਂ, ਕਿਉਂਕਿ ਲੋਕ ਜਾਣਦੇ ਨੇ ਕਿ ਇਹ ਕਾਰਾ ਭਾਜਪਾ ਅਤੇ ਆਰ ਐੱਸ ਐੱਸ ਦੇ ਥਾਪੜੇ ਸਦਕਾ ਹੋਇਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਕਮੇਟੀ ਦੇ ਧਿਆਨ ਵਿੱਚ ਆਈ ਵਿਦਵਾਨ ਖੋਜੀ ਲੇਖਕ ਰਾਹੁਲ ਸਾਂਕ੍ਰਿਤਿਆਇਨ ਦੇ ਸਪੁੱਤਰ ਜੇਤਾ ਸਾਂਕ੍ਰਿਤਿਆਇਨ ਦੀ ਅਪੀਲ ਤੋਂ ਸਪੱਸ਼ਟ ਪਤਾ ਲੱਗਦਾ ਹੈ ਕਿ ਪੱਛਮੀ ਬੰਗਾਲ ਵਿੱਚ ਰਾਜ ਸੱਤਾ 'ਤੇ ਜਦੋਂ ਤੋਂ ਭਾਜਪਾ ਹਕੂਮਤ ਕਾਬਜ਼ ਹੋਈ ਹੈ, ਉਸ ਵੇਲੇ ਤੋਂ ਹੀ ਇੱਕ ਤੋਂ ਬਾਅਦ ਦੂਜੀ ਮਜ਼ਦੂਰ ਜਮਾਤ ਦੇ ਮਹਾਨ ਇਨਕਲਾਬੀ ਰਹਿਬਰ ਲੈਨਿਨ ਦਾ ਬੁੱਤ ਤੋੜੇ ਜਾਣ ਵਰਗੀ ਕੋਈ ਨਾ ਕੋਈ ਅਜਿਹੀ ਹਰਕਤ ਹੁੰਦੀ ਆ ਰਹੀ ਹੈ ਅਤੇ ਉਸ ਵਿੱਚ ਭਾਜਪਾ, ਆਰ ਐੱਸ ਐੱਸ ਅਤੇ ਉਸੇ ਧਰਮ ਦੀਆਂ ਹੋਰ ਸੰਸਥਾਵਾਂ ਵੱਲੋਂ ਉੱਥ ਦੇ ਪੂਰੀ ਬੇਸ਼ਰਮੀ ਨਾਲ ਜਸ਼ਨ ਮਨਾਉਣ ਦੀਆਂ ਝਲਕਾਂ ਲੋਕਾਈ ਨੇ ਦੇਖੀਆਂ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਤੋੜਿਆ ਜਾਣ ਵਾਲਾ ਬੁੱਤ ਰਾਹੁਲ ਸਾਂਕ੍ਰਿਤਿਆਇਨ ਦੀ ਜਨਮ ਸ਼ਤਾਬਦੀ ਮੌਕੇ 1994 ਵਿੱਚ 'ਕੋਲ ਮਜ਼ਦੂਰ ਸਭਾ ਇੰਡੀਆ' ਅਤੇ 'ਈਸਟਰਨ ਕੋਲ ਫੀਲਡਜ਼ ਲਿਮ.' ਦੀ ਪਹਿਲਕਦਮੀ 'ਤੇ ਮਜ਼ਦੂਰਾਂ ਵੱਲੋਂ ਲਾਇਆ ਗਿਆ ਸੀ। ਰਾਹੁਲ ਸਾਂਕ੍ਰਿਤਿਆਇਨ ਦੇ ਵੱਡੀ ਉਮਰ ਦੇ ਗੰਭੀਰ ਮਰਜ਼ਾਂ ਤੋਂ ਪੀੜਤ ਸਪੁੱਤਰ ਜੇਤਾ ਸਾਂਕ੍ਰਿਤਿਆਇਨ ਦੀ ਅਪੀਲ ਨੂੰ ਤੁਰੰਤ ਹੁੰਗਾਰਾ ਭਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਗ਼ਦਰ, ਬੱਬਰ ਅਕਾਲੀ ਅਤੇ ਸਮੁੱਚੀ ਕੌਮੀ ਇਨਕਲਾਬੀ ਜਮਹੂਰੀ ਲਹਿਰ ਦੀ ਸ਼ਾਨਾਮੱਤੀ ਵਿਰਾਸਤ ਨੂੰ ਉਚਿਆਉਂਦੇ ਹੋਏ ਸਮੂਹ ਸੰਸਥਾਵਾਂ ਨੂੰ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ।ਕਮੇਟੀ ਨੇ ਖ਼ਬਰਦਾਰ ਕੀਤਾ ਕਿ ਜੇਕਰ ਇਸ ਮਾਰੂ 'ਚ ਜ਼ਰਾ ਜਿੰਨੀ ਢਿੱਲ ਵੀ ਸਾਥੋਂ ਭਵਿੱਖ 'ਚ ਵੱਡੇਰੀ ਕੀਮਤ ਵਸੂਲੇਗੀ ਅਤੇ ਜੇਕਰ ਇਸ ਮਾਰੂ ਰੁਝਾਨ ਖ਼ਿਲਾਫ਼ ਜਨਤਕ ਲਹਿਰ ਨਾ ਖੜ੍ਹੀ ਹੋਈ ਤਾਂ ਪੰਜਾਬ ਅੰਦਰ ਇਨਕਲਾਬੀ ਜਮਹੂਰੀ ਲੋਕ ਇਤਿਹਾਸ ਵਿਰਾਸਤ ਅਤੇ ਯਾਦਗਾਰਾਂ ਉੱਪਰ ਵੀ ਅਜਿਹੇ ਮਾਰੂ ਹੱਲੇ ਹੋਣਗੇ।

ਚਿੰਤਨ ਕਰਕੇ ਮਜ਼ਦੂਰ ਵਰਗ ਨੂੰ ਖ਼ੁਦ ਉੱਠਣਾ ਪਵੇਗਾ : ਦੇਵੀ ਕੁਮਾਰੀ

ਜਲੰਧਰ (ਗਿਆਨ ਸੈਦਪੁਰੀ) : 'ਹਰ ਵੰਨਗੀ ਦੀਆਂ ਸਰਕਾਰਾਂ ਸਸਤਾ ਆਟਾ-ਦਾਲ ਵਰਗੀਆਂ ਸਕੀਮਾਂ ਰਾਹੀਂ ਗੁੰਮਰਾਹ ਕਰ ਕੇ ਕਿਰਤੀਆਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਰੱਖਦੀਆਂ ਰਹੀਆਂ ਹਨ। ਮੌਜੂਦਾ ਪੰਜਾਬ ਸਰਕਾਰ ਨੇ ਵੀ ਸਾਢੇ ਚਾਰ ਸਾਲ ਤੋਂ ਉਸੇ ਹੀ ਰਾਹ 'ਤੇ ਚੱਲ ਰਹੀ ਹੈ।'ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕੀਤਾ। ਉਹ ਸ਼ਹਿਰਾਵਲ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਦਫ਼ਤਰ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਲੋੜ ਤਾਂ ਇਸ ਗੱਲ ਦੀ ਹੈ ਕਿ ਜਨਤਕ ਵੰਡ ਪ੍ਰਣਾਲੀ ਰਾਹੀਂ ਲੋੜੀਂਦੇ ਵਸਤਾਂ ਨੂੰ ਵਾਜਬ ਕੀਮਤ 'ਤੇ ਰਾਸ਼ਨ ਮੁਹੱਈਆ ਕਰਵਾਇਆ ਜਾਵੇ। ਇਸ ਪ੍ਰਣਾਲੀ ਰਾਹੀਂ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਸਰਕਾਰਾਂ ਦੀ ਮਨਸ਼ਾ ਇਹ ਰਹਿੰਦੀ ਹੈ ਕਿ ਗਰੀਬ ਵਰਗ ਦੀ ਅਸਲ ਬਿਹਤਰੀ ਦੇ ਕਦਮ ਚੁੱਕਣ ਦੀ ਬਜਾਏ ਉਨ੍ਹਾਂ ਨੂੰ ਨਿਗੂਣੀਆਂ ਰਿਆਇਤਾਂ

• ਬਾਕੀ ਸਫਾ 2 'ਤੇ

ਖੇਤ ਮਜ਼ਦੂਰ ਜਥੇਬੰਦੀਆਂ ਦੀ ਏ ਡੀ ਸੀ ਨਾਲ ਮੀਟਿੰਗ, ਮੰਗਾਂ ਦੇ ਜਲਦ ਹੱਲ ਦਾ ਭਰੋਸਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਖੇਤ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਪੰਜਾਬ ਖੇਤ ਮਜ਼ਦੂਰ ਸਭਾ ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂਆਂ ਨੇ ਏਡੀਸੀ (ਜਨਰਲ) ਡੈਵੀ ਗੋਇਲ ਨਾਲ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਮੀਟਿੰਗ ਕਰਕੇ ਮਜ਼ਦੂਰਾਂ ਦੀਆਂ ਲੰਬਿਤ ਮੰਗਾਂ ਉਠਾਈਆਂ।ਮੀਟਿੰਗ ਦੌਰਾਨ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਪੀਐੱਮਏਵਾਈ ਤਹਿਤ ਰੁਕੀਆਂ ਮਕਾਨ ਗ੍ਰਾਂਟਾਂ ਦੀਆਂ ਕਿਸ਼ਤਾਂ 15 ਦਿਨਾਂ ਵਿੱਚ ਜਾਰੀ ਕੀਤੀਆਂ ਜਾਣਗੀਆਂ, ਜਦਕਿ ਬਾਰਸ਼ਾਂ ਨਾਲ ਨੁਕਸਾਨੇ ਘਰਾਂ ਦਾ ਮੁਆਵਜ਼ਾ ਸਰਕਾਰ ਤੋਂ ਫੰਡ ਮਿਲਣ ਉਪਰੰਤ ਦਿੱਤਾ ਜਾਵੇਗਾ।ਸ਼ਗਨ ਸਕੀਮ, ਪਲਾਟਾਂ ਦੇ ਕਬਜ਼ੇ, ਪਿੰਡਾਂ ਦੇ ਆਮ ਇਜਲਾਸ ਤੇ ਮਨਰੇਗਾ ਸਬੰਧੀ ਵੀ ਭਰੋਸੇ ਦਿੱਤੇ ਗਏ।ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਬਾਕੀ ਰਹਿੰਦੀਆਂ ਮੰਗਾਂ ਦਾ ਜਲਦ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਵੱਡਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਸਰਕਾਰ ਖਿਲਾਫ ਰੋਸ਼ ਪ੍ਰਦਰਸ਼ਨ

ਜਲਾਲਾਬਾਦ (ਜੀਤ ਕੁਮਾਰ)-ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ (ਏਟਕ) ਜਲਾਲਾਬਾਦ ਵੱਲੋਂ ਪੰਜਾਬ ਸਰਕਾਰ ਦੁਆਰਾ ਮੁਲਾਜ਼ਮਾਂ ਤੇ ਜਬਰੀ ਥੋਪੇ ਸੈਂਟਰ ਦੇ 7ਵੇਂ ਪੇ ਸਕੇਲ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਰੋਸ਼ ਪ੍ਰਗਟਾਇਆ ਗਿਆ। ਇਸ ਰੋਸ਼ ਪ੍ਰਦਰਸ਼ਨ ਦੀ ਪ੍ਰਧਾਨਗੀ ਮੰਡਲ ਪ੍ਰਧਾਨ ਰੋਹਿਤ ਬਾਗਲਾ ਵੱਲੋਂ ਕੀਤੀ ਗਈ ਅਤੇ ਵੱਖ-ਵੱਖ ਬੁਲਾਰੇ ਜੱਜ ਸਿੰਘ, ਗਗਨਦੀਪ ਸਿੰਘ, ਗੁਰਦੇਵ ਸਿੰਘ, ਸੁਸ਼ੀਲ ਕੁਮਾਰ, ਬੇਅੰਤ ਸਿੰਘ ਆਦਿ ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਕਰਮਚਾਰੀਆਂ ਤੇ ਧੱਕੇ ਨਾਲ ਥੋਪੇ ਸੈਂਟਰ ਦੇ ਪੇ ਸਕੇਲ ਨੂੰ ਰੱਦ ਕਰਕੇ ਪੰਜਾਬ ਦਾ ਛੇਵਾਂ ਸਕੇਲ ਲਗਾਇਆ ਜਾਵੇ ਅਤੇ ਕਰਮਚਾਰੀਆ ਦੀਆ ਬਾਕੀ ਹੱਕੀ ਅਤੇ ਜਾਇਜ਼ ਮੰਗਾ ਨੂੰ ਮੰਨਿਆ ਜਾਵੇ ਨਹੀਂ ਤਾਂ ਸਾਡੀ ਜਥੇਬੰਦੀ ਆਉਣ ਵਾਲੀ 21 ਅਤੇ 22 ਜੁਲਾਈ 2026 ਨੂੰ ਸਮੂਹਿਕ ਛੁੱਟੀ ਕਰਕੇ ਪੰਜਾਬ ਸਰਕਾਰ ਦੇ ਖਿਲਾਫ ਆਪਣਾ ਰੋਸ ਜਾਹਿਰ ਕਰੇਗੀ। ਜੇਕਰ ਫਿਰ ਵੀ ਪੰਜਾਬ ਸਰਕਾਰ ਵੱਲੋਂ ਕਰਮਚਾਰੀਆਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਧਿਆਨ ਨਹੀਂ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਏਗਾ ਅਤੇ ਲੋੜ ਪੈਣ ਤੇ ਸਮੂਹਿਕ ਛੁੱਟੀ ਵਿੱਚ ਵਾਧਾ ਕੀਤਾ ਜਾਵੇਗਾ।

ਦਲਿਤ ਭਾਈਚਾਰੇ ਵੱਲੋਂ 27 ਨੂੰ ਓ ਐੱਸ ਡੀ ਦਫ਼ਤਰ ਤੱਕ ਪੈਦਲ ਮਾਰਚ

ਧੂਰੀ (ਮਨੋਹਰ ਸਿੰਘ ਸੱਗੂ)-ਸਤਿਗੁਰੂ ਰਵਿਦਾਸ ਸ਼ਹੀਦ ਬਾਬਾ ਜੀਵਨ ਸਿੰਘ ਗੁਰਸੰਗਤ ਪਿੰਡ ਬੇਨੜਾ ਦੀ ਹੰਗਾਮੀ ਮੀਟਿੰਗ ਪ੍ਰਧਾਨ ਮਾਸਟਰ ਰਾਮ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਦਲਿਤ ਭਾਈਚਾਰੇ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਹੋਣ 'ਤੇ ਰੋਸ ਪ੍ਰਗਟ ਕੀਤਾ ਗਿਆ। ਮੀਟਿੰਗ ਵਿੱਚ 27 ਜੁਲਾਈ ਨੂੰ ਪਿੰਡ ਬੇਨੜਾ ਤੋਂ ਮੁੱਖ ਮੰਤਰੀ ਦੇ ਓਐੱਸਡੀ ਦੇ ਧੂਰੀ ਸਥਿਤ ਦਫ਼ਤਰ ਤੱਕ ਸ਼ਾਂਤਮਈ ਪੈਦਲ ਮਾਰਚ ਕਰਨ ਦਾ ਫ਼ੈਸਲਾ ਕੀਤਾ ਗਿਆ।ਪ੍ਰਧਾਨ ਰਾਮ ਸਿੰਘ ਨੇ ਕਿਹਾ ਕਿ 30 ਮਾਰਚ ਦੇ ਸੰਘਰਸ਼ ਦੌਰਾਨ ਸਰਕਾਰ ਵੱਲੋਂ ਖਸਰਾ ਨੰਬਰ 527 ਵਿੱਚ ਸਕੂਲ, ਅੰਬੇਡਕਰ ਭਵਨ, ਪਾਰਕ ਤੇ ਰੂੜੀਆਂ-ਪਥਵਾੜਿਆਂ ਲਈ ਥਾਂ ਦੇਣ ਦਾ ਭਰੋਸਾ ਦਿੱਤਾ ਗਿਆ ਸੀ ਅਤੇ ਚਾਰਦੀਵਾਰੀ ਲਈ ਗ੍ਰਾਂਟ ਵੀ ਜਾਰੀ ਹੋਈ ਸੀ, ਪਰ ਚਾਰ ਮਹੀਨੇ ਬੀਤਣ ਦੇ ਬਾਵਜੂਦ ਕੰਮ ਅਧੂਰਾ ਪਿਆ ਹੈ, ਜਿਸ ਕਾਰਨ ਲੋਕਾਂ ਵਿੱਚ ਰੋਸ ਹੈ। ਮੀਟਿੰਗ ਵਿੱਚ ਸੁਖਦੇਵ ਸਿੰਘ, ਹਰਮੇਲ ਸਿੰਘ, ਸਾਗਰ ਸਿੰਘ, ਲਾਡੀ ਸਿੰਘ, ਜਗਸੀਰ ਸਿੰਘ, ਲਖਵਿੰਦਰ ਸਿੰਘ, ਕਰਮਜੀਤ ਸਿੰਘ ਤੇ ਵਿੱਕੀ ਸਿੰਘ ਸਮੇਤ ਹੋਰ ਹਾਜ਼ਰ ਸਨ।

ਰੋਟਰੀ ਕਲੱਬ ਨੇ ਡਾ. ਹਰੀ ਚੰਦ ਪਿੰਗਲਾ ਆਸ਼ਰਮ ਵਿਖੇ ਭੋਜਨ ਵੰਡਿਆ

ਸਮਾਣਾ (ਗੁਰਪਿਆਰ ਸਿੰਘ ਬੱਲ)-ਸਮਾਜ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਨਿਭਾਉਂਦਿਆਂ ਰੋਟਰੀ ਕਲੱਬ ਸਮਾਣਾ ਸਿਟੀ ਵੱਲੋਂ ਡਾ. ਹਰੀ ਚੰਦ ਪਿੰਗਲਾ ਆਸ਼ਰਮ ਸਮਾਣਾ ਵਿਖੇ ਆਸ਼ਰਮ ਦੇ ਨਿਵਾਸੀਆਂ ਨੂੰ ਭੋਜਨ ਵੰਡਿਆ ਗਿਆ।ਇਸ ਸੇਵਾ ਪ੍ਰੋਜੈਕਟ ਲਈ ਭੋਜਨ ਦਾ ਪ੍ਰਬੰਧ ਰੋਟੇਰੀਅਨ ਵਨੀਤਾ ਗਰਗ ਵੱਲੋਂ ਕੀਤਾ ਗਿਆ।ਇਸ ਮੌਕੇ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਦੀ ਫਰਸਟ ਲੇਡੀ ਰੋਟੇਰੀਅਨ ਸਾਚੀ ਸਿੰਗਲਾ, ਕਲੱਬ ਪ੍ਰਧਾਨ ਰੋਟੇਰੀਅਨ ਵਨੀਕਾ ਗੋਇਲ, ਸਕੱਤਰ ਰੋਟੇਰੀਅਨ ਸ਼ਾਲੂ ਗਰਗ, ਖਜ਼ਾਨਚੀ ਰੋਟੇਰੀਅਨ ਸੀਮਾ ਗਰਗ ਤੇ ਰੋਟੇਰੀਅਨ ਮਾਲਿਕਾ ਬਾਂਸਲ, ਰੋਟੇਰੀਅਨ ਪੂਜਾ ਜਿੰਦਲ, ਰੋਟੇਰੀਅਨ ਮੋਨਾ ਗਰਗ, ਰੋਟੇਰੀਅਨ ਸੁਮਨ ਗੋਇਲ ਤੇ ਰੋਟੇਰੀਅਨ ਗਿਰੀਸ਼ਾ ਸਿੰਗਲਾ ਹਾਜ਼ਰ ਰਹੇ।ਕਲੱਬ ਵੱਲੋਂ ਰੋਟੇਰੀਅਨ ਵਨੀਤਾ ਗਰਗ ਦਾ ਉਨ੍ਹਾਂ ਦੇ ਉਦਾਰ ਸਹਿਯੋਗ ਲਈ ਦਿਲੋਂ ਧੰਨਵਾਦ ਕੀਤਾ ਗਿਆ ਤੇ ਇਸ ਸੇਵਾ ਕਾਰਜ ਨੂੰ ਸਫਲ ਬਣਾਉਣ ਲਈ ਸਾਰੇ ਮੈਂਬਰਾਂ ਦਾ ਵੀ ਆਭਾਰ ਪ੍ਰਗਟਾਇਆ ਗਿਆ।

ਜਨਰਲ ਕੈਟਾਗਰੀ ਦਾ ਚੇਅਰਮੈਨ ਨਾ ਲਗਾਉਣਾ ਮੰਦਭਾਗਾ : ਸੁਖਬੀਰ ਸਿੰਘ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਪੰਜਾਬ ਸਰਕਾਰ ਵੱਲੋਂ ਬਾਕੀ ਬੋਰਡਾਂ ਦੇ ਚੇਅਰਮੈਨ ਲਗਾਉਣੇ ਤੇ ਜਨਰਲ ਕੈਟਾਗਰੀ ਦਾ ਚੇਅਰਮੈਨ ਨਾ ਲਗਾਉਣ 'ਤੇ ਰੋਸ ਜ਼ਾਹਰ ਕਰਦੇ ਹੋਏ ਜਨਰਲ ਕੈਟਾਗਰੀ ਫੈਡਰੇਸ਼ਨ ਦੇ ਪੰਜਾਬ ਪ੍ਰਧਾਨ ਸੁਖਬੀਰ ਸਿੰਘ ਨੇ ਦੱਸਿਆ ਕਿ ਜਨਰਲ ਕੈਟਾਗਰੀ ਦਾ ਪੰਜਾਬ ਸਰਕਾਰ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਚੇਅਰਮੈਨ ਨਹੀਂ ਲਗਾਇਆ ਜਾ ਰਿਹਾ, ਜਿਸ ਕਰਕੇ ਜਨਰਲ ਕੈਟਾਗਰੀ ਵਰਗ ਦੇ ਲੋਕਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਗੁਰੂ ਹਰਸਹਾਏ ਤੋਂ ਜਨਰਲ ਕੈਟਾਗਰੀ ਦੇ ਪ੍ਰਧਾਨ ਕੋਮਲ ਸ਼ਰਮਾ, ਗੁਰਵਿੰਦਰ ਸਿੰਘ ਗੋਲਡੀ, ਗੁਰਦਰਸ਼ਨ ਸਿੰਘ ਸੋਢੀ, ਸੰਦੀਪ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਬਾਕੀ ਬੋਰਡਾਂ ਦੇ ਚੇਅਰਮੈਨ ਲਗਾ ਸਕਦੀ ਹੈ ਤਾਂ ਜਨਰਲ ਕੈਟੇਗਰੀ ਦਾ ਚੇਅਰਮੈਨ ਕਿਉਂ ਨਹੀਂ ਲਗਾ ਰਹੀ ਹੈ? ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਜਨਰਲ ਕੈਟਾਗਰੀ ਦਾ ਚੇਅਰਮੈਨ ਨਾ ਲਗਾਇਆ ਗਿਆ ਤਾਂ ਪੂਰੇ ਪੰਜਾਬ ਵਿੱਚ ਸਰਕਾਰ ਖਿਲਾਫ ਪ੍ਰਦਰਸ਼ਨ ਕੀਤੇ ਜਾਣਗੇ।

ਹੋਲੀ ਹਾਰਟ 'ਚ ਕਾਰਗਿਲ ਦੇ ਨਾਇਕਾਂ ਨੂੰ ਦਿੱਤੀ ਸ਼ਰਧਾਂਜਲੀ

ਅਜੀਤਵਾਲ (ਨਛੱਤਰ ਸੰਧੂ)-ਹੋਲੀ ਹਾਰਟ ਸਕੂਲ ਵਿਖੇ ਕਾਰਗਿਲ ਵਿਜੇ ਦਿਵਸ ਦੇ ਇਤਿਹਾਸਕ ਮੌਕੇ 'ਤੇ ਇੱਕ ਵਿਸ਼ੇਸ਼ ਤੇ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਸਮੂਹ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਰੰਗ ਵਿੱਚ ਰੰਗ ਕੇ ਕਾਰਗਿਲ ਜੰਗ ਦੇ ਮਹਾਨ ਨਾਇਕਾਂ ਤੇ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ।ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਤੇ ਅਧਿਆਪਕਾਂ ਦੁਆਰਾ ਸ਼ਹੀਦ ਜਵਾਨਾਂ ਦੀ ਯਾਦ ਵਿੱਚ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ।ਸਕੂਲ ਦੇ ਨੰਨ੍ਹੇ-ਮੁੰਨੇ ਤੇ ਸੀਨੀਅਰ ਵਿਦਿਆਰਥੀਆਂ ਨੇ ਫ਼ੌਜੀਆਂ ਦੀਆਂ ਵਰਦੀਆਂ ਪਹਿਨ ਕੇ ਕਾਰਗਿਲ ਜੰਗ ਦੇ ਦ੍ਰਿਸ਼ਾਂ ਨੂੰ ਇੱਕ ਨਾਟਕ ਰਾਹੀਂ ਸਟੇਜ 'ਤੇ ਪੇਸ਼ ਕੀਤਾ।ਇਸ ਮੌਕੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਗਾਏ ਗਏ ਤੇ ਭਾਵੁਕ ਕਰ ਦੇਣ ਵਾਲੀਆਂ ਕਵਿਤਾਵਾਂ ਪੜ੍ਹੀਆਂ ਗਈਆਂ।ਸਕੂਲ ਵਿੱਚ ਇੱਕ ਵਿਸ਼ੇਸ਼ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਵਿੱਚ ਬੱਚਿਆਂ ਨੇ ਆਪਣੇ ਹੱਥਾਂ ਨਾਲ ਬਣਾਏ ਸੁੰਦਰ ਚਿੱਤਰ (ਪੇਂਟਿੰਗਾਂ) ਤੇ ਸ਼ਹੀਦਾਂ ਦੇ ਸਨਮਾਨ ਵਿੱਚ ਲਿਖੇ ਸੁਨੇਹੇ ਪ੍ਰਦਰਸ਼ਤ ਕੀਤੇ।ਇਸ ਮੌਕੇ ਸਕੂਲ ਦੇ ਚੇਅਰਮੈਨ ਸੁਭਾਸ਼ ਪਲਤਾ ਤੇ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਵਿੱਚ ਦੇਸ਼ ਪ੍ਰੇਮ ਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਦੇ ਹਨ।ਉਨ੍ਹਾਂ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਸਾਨੂੰ ਇਨ੍ਹਾਂ ਸ਼ਹੀਦਾਂ ਦੇ ਬਲੀਦਾਨ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਤੇ ਦੇਸ਼ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ।ਸਮਾਗਮ ਦੇ ਅੰਤ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਦੇਸ਼ ਦੇ ਰਾਖਿਆਂ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ ਤੇ ਰਾਸ਼ਟਰੀ ਗਾਨ ਦੇ ਨਾਲ ਇਸ ਭਾਵਪੂਰਤ ਪ੍ਰੋਗਰਾਮ ਦੀ ਸਮਾਪਤੀ ਹੋਈ।

ਜੁਡੀਸ਼ੀਅਲ ਕੋਰਟ ਖਮਾਣੋਂ ਵੱਲੋਂ ਸਪੈਸ਼ਲ ਲੋਕ ਅਦਾਲਤ ਲਗਾਈ ਗਈ, ਜਿਸ ਵਿੱਚ ਮਾਣਯੋਗ ਜੱਜ ਸਾਹਿਬ ਮੈਡਮ ਪਪਨੀਤ ਅਤੇ ਵਕੀਲਾਂ ਨੇ ਭਾਗ ਲਿਆ ਅਤੇ ਲੋਕਾਂ ਦੇ ਮਸਲੇ ਸੁਲਝਾਏ ਗਏ।

ਗੁੱਡ ਮੋਰਨਿੰਗ ਕਲੱਬ ਨੇ ਪਾਰਕ ਦੀ ਸਾਂਭ-ਸੰਭਾਲ ਲਈ ਕਾਰਜ ਸਾਧਕ ਅਫਸਰ ਨੂੰ ਸੌਂਪਿਆ ਮੰਗ ਪੱਤਰ

ਕੋਟਕਪੂਰਾ (ਰਛਪਾਲ ਭੁੱਲਰ)

ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਵਿੱਚ ਲਗਾਤਾਰ ਯਤਨਸ਼ੀਲ ਰਹਿਣ ਕਰਕੇ ਵਿਸ਼ਵ ਪ੍ਰਸਿੱਧ ਬਣੀ ਸੰਸਥਾ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਨੇ ਸਥਾਨਕ ਲਾਲਾ ਲਾਜਪਤ ਰਾਏ ਮਿਉਂਸਪਲ ਪਾਰਕ ਦੀ ਸਾਂਭ ਸੰਭਾਲ ਲਈ ਨਗਰ ਕੌਂਸਲ ਕੋਟਕਪੂਰਾ ਤੋਂ ਸਹਿਯੋਗ ਦੀ ਮੰਗ ਕੀਤੀ ਹੈ।ਕਲੱਬ ਦੇ ਮੁੱਖ ਸਰਪ੍ਰਸਤ ਤੇ ਸੰਸਥਾਪਕ ਗੁਰਿੰਦਰ ਸਿੰਘ ਮਹਿੰਦੀਰੱਤਾ ਤੇ ਜਨਰਲ ਸਕੱਤਰ ਪ੍ਰੋ. ਐੱਚ ਐੱਸ ਪਦਮ ਦੀ ਅਗਵਾਈ ਵਾਲੇ ਵਫਦ ਨੇ ਸ੍ਰੀ ਅੰਮ੍ਰਿਤ ਲਾਲ ਕਾਰਜ ਸਾਧਕ ਅਫਸਰ ਨਗਰ ਕੌਂਸਲ ਕੋਟਕਪੂਰਾ ਨੂੰ ਲਿਖਤੀ ਮੰਗ ਪੱਤਰ ਸੌਂਪਦਿਆਂ ਪਾਰਕ ਦੀ ਸਾਂਭ ਸੰਭਾਲ ਤੇ ਹੋਰ ਸਮੱਸਿਆਵਾਂ ਸਬੰਧੀ ਜਾਣੂ ਕਰਵਾਇਆ।ਵਫਦ ਨੇ ਸੈਰ ਕਰਨ ਵਾਲੇ ਵਾਤਾਵਰਨ ਪ੍ਰੇਮੀਆਂ ਤੇ ਸਿਹਤ ਤੰਦਰੁਸਤੀ ਲਈ ਸੁਚੇਤ ਰਹਿਣ ਵਾਲਿਆਂ ਦੀ ਸੁਰੱਖਿਆ ਲਈ ਦੱਸਿਆ ਕਿ ਪਾਰਕ ਵਿੱਚ ਬਹੁਤ ਸਾਰੇ ਦਰੱਖਤ ਬਿਲਕੁਲ ਸੁੱਕ ਚੁੱਕੇ ਹਨ, ਜੋ ਤੇਜ਼ ਹਨੇਰੀ ਜਾਂ ਝੱਖੜ ਮੌਕੇ ਕਿਸੇ ਸੈਰ ਕਰਨ ਵਾਲੇ ਵਾਸਤੇ ਪ੍ਰੇਸ਼ਾਨੀ ਬਣ ਸਕਦੇ ਹਨ।ਇਸ ਲਈ ਉਕਤ ਸੁੱਕੇ ਦਰੱਖਤ ਕੱਟਣ ਲਈ ਜੰਗਲਾਤ ਵਿਭਾਗ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।ਰਜਿੰਦਰ ਕੁਮਾਰ ਰਾਜਾ ਠੇਕੇਦਾਰ ਤੇ ਮਾ. ਸੋਮਨਾਥ ਅਰੋੜਾ ਨੇ ਦੱਸਿਆ ਕਿ ਪਾਰਕ ਵਿੱਚ ਸਾਫ ਸਫਾਈ ਲਈ ਕਲੱਬ ਨੂੰ ਪਿਛਲੇ ਕਰੀਬ ਚਾਰ ਸਾਲਾਂ ਤੋਂ ਖੁਦ ਖਰਚਾ ਕਰਕੇ ਸਫਾਈ ਸੇਵਕ ਤੇ ਮਾਲੀ ਰੱਖਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਇਸ ਲਈ ਦੋ ਸਫਾਈ ਸੇਵਕ, ਇਕ ਮਾਲੀ ਤੇ ਇਕ ਚੌਕੀਦਾਰ ਮੁਹੱਈਆ ਕਰਵਾਇਆ ਜਾਵੇ, ਤਾਂ ਜੋ ਪਾਰਕ ਦੇ ਕੀਮਤੀ ਸਾਮਾਨ ਦੀ ਹੁੰਦੀ ਚੋਰੀ ਦੀਆਂ ਘਟਨਾਵਾਂ ਰੋਕੀਆਂ ਜਾ ਸਕਣ।ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਸੁਪ. ਸੁਖਜਿੰਦਰ ਸਿੰਘ ਤੱਖੀ ਨੇ ਵੀ ਕਲੱਬ ਦੇ ਵਫਦ ਦੀਆਂ ਗੱਲਾਂ, ਪ੍ਰਾਪਤੀਆਂ ਤੇ ਮੰਗਾਂ ਨਾਲ ਸਹਿਮਤੀ ਪ੍ਰਗਟਾਈ।ਕਾਰਜ ਸਾਧਕ ਅਫਸਰ ਅੰਮ੍ਰਿਤ ਲਾਲ ਨੇ ਵਿਸ਼ਵਾਸ ਦਿਵਾਇਆ ਕਿ ਕਲੱਬ ਦੀ ਉਕਤ ਸਮੱਸਿਆ ਕੁਝ ਦਿਨਾਂ ਦੇ ਅੰਦਰ ਅੰਦਰ ਹੀ ਦੂਰ ਕਰ ਦਿੱਤੀ ਜਾਵੇਗੀ।

ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਲਾਠੀਚਾਰਜ ਦੀ ਨਿਖੇਧੀ

ਬੁਢਲਾਡਾ (ਅਸ਼ੋਕ ਲਾਕੜਾ)-ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਜ਼ਿਲ੍ਹਾ ਮਾਨਸਾ ਦੀਆਂ ਆਗੂਆਂ ਰਣਜੀਤ ਕੌਰ ਬਰੇਟਾ, ਤੇਜਿੰਦਰ ਕੌਰ ਵਾਲੀਆ, ਸ਼ਿੰਦਰ ਕੌਰ ਬਰੇਟਾ, ਡੇਜ਼ੀ ਸ਼ਰਮਾ ਵਾਲਾ ਤੇ ਮਨਜੀਤ ਕੌਰ ਬੀਰੋਕੇ ਨੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਮਨਰੇਗਾ ਮੁਲਾਜ਼ਮਾਂ ਉੱਪਰ ਵਹਿਸ਼ੀਆਨਾ ਢੰਗ ਨਾਲ ਕੀਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਮੰਗ ਕੀਤੀ ਕਿ ਦੋਸ਼ੀ ਪੁਲਿਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਮਨਰੇਗਾ ਮੁਲਾਜ਼ਮਾਂ ਦੀਆਂ ਮੰਗਾਂ ਫੌਰੀ ਪ੍ਰਵਾਨ ਕੀਤੀਆਂ ਜਾਣ।ਆਂਗਣਵਾੜੀ ਆਗੂਆਂ ਨੇ ਕਿਹਾ ਕਿ ਮਨਰੇਗਾ ਮੁਲਾਜ਼ਮ ਕਈ ਦਿਨਾਂ ਤੋਂ ਆਪਣੀਆਂ ਹੀ ਹੱਕੀ ਅਤੇ ਜਾਇਜ਼ ਮੰਗਾਂ ਸਬੰਧੀ ਸੰਘਰਸ਼ ਕਰ ਰਹੇ ਸਨ, ਪਰ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਸੀ, ਜਿਸ ਕਰਕੇ ਮੁਲਾਜ਼ਮਾਂ ਨੇ ਖੰਨਾ ਵਿਖੇ ਆਪਣਾ ਰੋਸ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ ਸੀ, ਪਰ ਪੰਜਾਬ ਸਰਕਾਰ ਨੇ ਇਨ੍ਹਾਂ ਮੁਲਾਜ਼ਮਾਂ ਦੇ ਸੰਘਰਸ਼ ਨੂੰ ਡੰਡੇ ਦੇ ਜ਼ੋਰ ਨਾਲ ਕੁਚਲਣ ਲਈ ਅਣਮਨੁੱਖੀ ਅਤੇ ਨਿੰਦਣਯੋਗ ਢੰਗ ਨਾਲ ਲਾਠੀਚਾਰਜ ਕੀਤਾ। ਪੱਗਾਂ ਅਤੇ ਚੁੰਨੀਆਂ ਨੂੰ ਸੜਕਾਂ 'ਤੇ ਰੋਲਿਆ ਗਿਆ।ਸੰਘਰਸ਼ੀ ਮੁਲਾਜ਼ਮਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ।ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਦੇ ਸੰਘਰਸ਼ਾਂ ਪ੍ਰਤੀ ਰਵੱਈਆ ਪਿਛਲੀਆਂ ਸਰਕਾਰਾਂ ਤੋਂ ਬਿਲਕੁਲ ਵੀ ਵੱਖਰਾ ਨਹੀਂ, ਸਗੋਂ ਵਧੇਰੇ ਜ਼ਾਲਮਾਨਾ ਹੈ।ਆਗੂਆਂ ਨੇ ਮਨਰੇਗਾ ਮੁਲਾਜ਼ਮਾਂ ਨਾਲ ਇੱਕਮੁੱਠਤਾ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਸੰਘਰਸ਼ ਵਿੱਚ ਡਟ ਕੇ ਸਾਥ ਦੇਵੇਗੀ।

ਮੁਲਾਂਪੁਰੀ ਸ਼੍ਰੋਮਣੀ ਅਕਾਲੀ ਦਲ ਵਪਾਰੀ ਵਿੰਗ ਦੇ ਪ੍ਰਧਾਨ ਨਿਯੁਕਤ

ਜਗਰਾਓਂ (ਨਛੱਤਰ ਸੰਧੂ)-ਸ਼੍ਰੋਮਣੀ ਅਕਾਲੀ ਦਲ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪਾਰਟੀ ਦੀਆਂ ਸਰਗਰਮੀਆਂ ਨੂੰ ਲਗਾਤਾਰ ਤੇਜ਼ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ, ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ ਜਗਰਾਓਂ ਐੱਸ. ਆਰ. ਕਲੇਰ ਵੱਲੋਂ ਗੁਰਸ਼ਰਨ ਸਿੰਘ ਮੁਲਾਂਪੁਰੀ ਨੂੰ ਜਗਰਾਓਂ ਸ਼ਹਿਰ ਦੇ ਵਪਾਰੀ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਐੱਸ. ਆਰ. ਕਲੇਰ ਨੇ ਗੁਰਸ਼ਰਨ ਸਿੰਘ ਮੁਲਾਂਪੁਰੀ ਨੂੰ ਨਿਯੁਕਤੀ ਪੱਤਰ ਭੇਂਟ ਕਰਕੇ ਸਨਮਾਨਤ ਕੀਤਾ ਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸਮਰਪਤ ਤੇ ਮਿਹਨਤੀ ਵਰਕਰਾਂ ਨੂੰ ਹਮੇਸ਼ਾ ਬਣਦਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ।ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਗੁਰਸ਼ਰਨ ਸਿੰਘ ਮੁਲਾਂਪੁਰੀ ਵਪਾਰੀ ਵਰਗ ਨੂੰ ਪਾਰਟੀ ਨਾਲ ਹੋਰ ਮਜ਼ਬੂਤੀ ਨਾਲ ਜੋੜਨ ਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।ਨਵ-ਨਿਯੁਕਤ ਪ੍ਰਧਾਨ ਗੁਰਸ਼ਰਨ ਸਿੰਘ ਮੁਲਾਂਪੁਰੀ ਨੇ ਪਾਰਟੀ ਹਾਈਕਮਾਂਡ ਤੇ ਐੱਸ. ਆਰ. ਕਲੇਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਸਮਰਪਣ ਨਾਲ ਨਿਭਾਇਆ ਜਾਵੇਗਾ ਅਤੇ ਜਗਰਾਓਂ ਸ਼ਹਿਰ ਦੇ ਵਪਾਰੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਨ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

ਹੈਰੋਇਨ ਸਮੇਤ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਥਾਣਾ ਆਰਿਫ ਕੇ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 4 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬਸਤੀ ਵਕੀਲਾਂ ਵਾਲੀ ਪੁੱਜੀ ਤਾਂ ਮੰਡੀ ਵਿੱਚ ਬਣੀ ਥੜੀ 'ਤੇ ਇਕ ਮੋਨਾ ਨੌਜਵਾਨ ਦੀਪਕ ਉਰਫ ਬੱਗਾ ਪੁੱਤਰ ਬਿੱਲਾ ਵਾਸੀ ਨਿਊ ਆਬਾਦੀ ਜ਼ੀਰਾ ਗੇਟ ਫਿਰੋਜ਼ਪੁਰ ਸ਼ਹਿਰ ਬੈਠਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਭੱਜਣ ਲੱਗਾ ਤਾਂ ਉਸ ਨੂੰ ਮੌਕੇ 'ਤੇ ਹੀ ਕਾਬੂ ਕਰਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 4 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਮਨਰੇਗਾ ਕ੍ਰਮਚਾਰੀਆਂ 'ਤੇ ਕੀਤੇ ਤਸ਼ੱਦਦ ਦੀ ਜਮਹੂਰੀ ਅਧਿਕਾਰ ਸਭਾ ਵੱਲੋਂ ਨਿਖੇਧੀ

ਲੁਧਿਆਣਾ (ਸਤੀਸ਼ ਸਚਦੇਵਾ)-ਅੱਠ ਮਹੀਨਿਆਂ ਤੋਂ ਆਪਣੀ ਰੁਕੀ ਤਨਖਾਹ ਜਾਰੀ ਕਰਾਉਣ ਤੇ ਹੋਰ ਹੱਕੀ ਮੰਗਾਂ ਲਈ ਖੰਨਾ ਸ਼ਹਿਰ ਵਿਖੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਧ ਦੇ ਘਰ ਅੱਗੇ ਸ਼ਾਤਮਈ ਧਰਨਾ ਦੇ ਰਹੇ ਮਨਰੇਗਾ ਕ੍ਰਮਚਾਰੀਆਂ 'ਤੇ ਕੀਤੇ ਅੰਨ੍ਹੇਵਾਹ ਲਾਠੀਚਾਰਜ, ਪਾਣੀ ਦੀਆਂ ਵਾਛੜਾਂ ਤੇ ਅੱਥਰੂ ਗੈਸ ਦੇ ਗੋਲੇ ਛੱਡ ਕੇ ਅਨੇਕਾਂ ਮਰਦ ਔਰਤਾਂ ਨੂੰ ਜ਼ਖ਼ਮੀ ਕਰਕੇ ਬਦਲਾਅ ਵਾਲੀ ਸਰਕਾਰ ਵੱਲੋਂ ਆਪਣੇ ਜਾਬਰ ਇਤਿਹਾਸ ਵਿਚ ਇੱਕ ਹੋਰ ਅਧਿਆਇ ਜੋੜ ਲਿਆ ਹੈ।ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਨ ਸਿੰਘ ਤੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਜਸਵੰਤ ਜ਼ੀਰਖ ਨੇ ਕਿਹਾ ਹੈ ਕਿ ਵੱਡੇ-ਵੱਡੇ ਵਾਅਦੇ ਕਰਕੇ ਇਨਕਲਾਬੀ ਬਦਲ ਦੇਣ ਦੇ ਮਖੌਟੇ ਹੇਠ ਆਈ ਮੌਜੂਦਾ ਸਰਕਾਰ ਤੋਂ ਪੰਜਾਬ ਦਾ ਹਰ ਵਰਗ ਦੁਖੀ ਹੈ।ਇਸ ਸਰਕਾਰ ਨੇ ਪੰਜਾਬ ਵਿੱਚ ਸੰਘਰਸ਼ਸ਼ੀਲ ਲੋਕਾਂ ਤੇ ਤਸ਼ੱਦਦ ਕਰਨ ਦੇ ਮਾਮਲੇ ਵਿਚ ਪੁਰਾਣੀਆਂ ਸਰਕਾਰਾਂ ਨੂੰ ਵੀ ਮਾਤ ਦੇ ਦਿੱਤੀ ਹੈ।ਆਪਣੀ ਮੰਗਾਂ ਮਸਲਿਆਂ ਲਈ ਸੰਘਰਸ਼ ਕਰਨਾ ਹਰ ਨਾਗਰਿਕ ਦਾ ਸਵਿਧਾਨਕ ਹੱਕ ਹੈ।ਭਗਵੰਤ ਮਾਨ ਸਰਕਾਰ ਵਲੋਂ ਹਰ ਇਕ ਤਬਕੇ ਦੇ ਸੰਘਰਸ਼ ਕਰਨ ਵਾਲੇ ਲੋਕਾਂ ਤੇ ਜ਼ਬਰ ਕੀਤਾ ਜਾ ਰਿਹਾ ਹੈ।ਖੰਨਾ ਵਿਖੇ ਮਨਰੇਗਾ ਕ੍ਰਮਚਾਰੀਆਂ ਦਾ ਜੋ ਹਸ਼ਰ ਕੀਤਾ ਹੈ, ਉਸ ਦੀਆਂ ਧੁੰਮਾਂ ਦੇਸ਼-ਵਿਦੇਸ਼ ਪੈ ਗਈਆਂ ਹਨ ਕਿ ਕਿਸ ਤਰ੍ਹਾਂ ਲੱਤਾਂ-ਬਾਹਾਂ ਤੁੜਵਾ ਚੁੱਕੇ ਮਰਦ ਔਰਤਾਂ ਕੁਰਲਾ ਰਹੇ ਹਨ।ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ ਜੀ ਰਾਮ ਜੀ ਸਕੀਮ ਬਦਲਣ ਤੇ ਇਸੇ ਪੰਜਾਬ ਸਰਕਾਰ ਨੇ ਵਿਰੋਧ ਕੀਤਾ ਸੀ।ਯੂ ਟਰਨ ਮਾਰਨ ਵਾਲੀ 'ਮਹਾਨ' ਸਰਕਾਰ ਨੇ ਇਕ ਹੋਰ ਯੂ ਟਰਨ ਮਾਰ ਕੇ ਜੀ ਰਾਮ ਜੀ ਸਕੀਮ ਦਾ ਨੋਟੀਫਿਕੇਸ਼ਨ ਕਰਕੇ ਬੀਜੇਪੀ ਦੀ ਬੀ ਟੀਮ ਸਾਬਤ ਕਰ ਦਿੱਤਾ ਹੈ।ਸਭਾ ਮੰਗ ਕਰਦੀ ਹੈ ਕਿ ਮਨਰੇਗਾ ਕ੍ਰਮਚਾਰੀਆਂ ਦੀਆਂ ਪਿਛਲੀਆਂ ਤਨਖਾਹਾਂ ਜਾਰੀ ਕਰਕੇ, ਮੰਗਾਂ ਤਰੁੰਤ ਪੂਰੀਆਂ ਕੀਤੀਆਂ ਜਾਣ।ਤਸ਼ੱਦਦ ਕਰਨ/ਕਰਾਉਣ ਵਾਲੇ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

ਭਵਾਨੀਗੜ੍ਹ ਬਲਾਕ ਦੇ ਪਿੰਡਾਂ 'ਚ ਅੱਖਾਂ ਦੇ ਮੁਫ਼ਤ ਚੈੱਕਅੱਪ ਕੈਂਪਾਂ ਦੀ ਸ਼ੁਰੂਆਤ

ਲੋਕ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ : ਡਾ. ਮਹੀਪ ਕੌਰ

ਭਵਾਨੀਗੜ੍ਹ (ਰਾਜ ਖੁਰਮੀ)-ਜ਼ਿਲ੍ਹਾ ਬਲਾਈਂਡਨੈੱਸ ਕੰਟਰੋਲ ਸੁਸਾਇਟੀ ਤੇ ਸਿਵਲ ਸਰਜਨ ਸੰਗਰੂਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੇਂਡੂ ਖੇਤਰਾਂ ਵਿੱਚ ਲੋਕਾਂ ਨੂੰ ਬਿਹਤਰ ਨੇਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਭਵਾਨੀਗੜ੍ਹ ਬਲਾਕ ਦੇ ਪਿੰਡਾਂ ਵਿੱਚ ਮੁਫ਼ਤ ਅੱਖਾਂ ਦੇ ਚੈੱਕਅਪ ਕੈਂਪਾਂ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ ਵਿੱਚ ਕੈਂਪ ਲਗਾ ਕੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਜਾਵੇਗੀ ਤਾਂ ਜੋ ਵੱਧ ਤੋਂ ਵੱਧ ਲੋਕ ਇਨ੍ਹਾਂ ਸਹੂਲਤਾਂ ਦਾ ਲਾਭ ਲੈ ਸਕਣ।ਸੀਨੀਅਰ ਮੈਡੀਕਲ ਅਫ਼ਸਰ ਭਵਾਨੀਗੜ੍ਹ ਡਾ. ਮਹੀਪ ਕੌਰ ਨੇ ਦੱਸਿਆ ਕਿ ਅੱਖਾਂ ਦੀ ਸਹੀ ਦੇਖਭਾਲ ਦੇ ਨਾਲ-ਨਾਲ ਸਮੇਂ-ਸਮੇਂ 'ਤੇ ਜਾਂਚ ਕਰਵਾਉਣਾ ਵੀ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਕਈ ਵਾਰ ਮਾਮੂਲੀ ਇਨਫੈਕਸ਼ਨ ਜਾਂ ਹੋਰ ਸਮੱਸਿਆ ਕਾਰਨ ਨਜ਼ਰ ਪ੍ਰਭਾਵਿਤ ਹੋ ਸਕਦੀ ਹੈ, ਜਿਸ ਦਾ ਸਮੇਂ ਸਿਰ ਇਲਾਜ ਕਰਵਾਉਣ ਨਾਲ ਵੱਡੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।ਨੋਡਲ ਅਫ਼ਸਰ ਤੇ ਅਪਥਾਲਮਿਕ ਅਫ਼ਸਰ ਕੁਲਬੀਰ ਸਿੰਘ, ਜਿਨ੍ਹਾਂ ਨੇ ਕੈਂਪ ਦੌਰਾਨ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ, ਨੇ ਕਿਹਾ ਕਿ ਸਿਹਤ ਵਿਭਾਗ ਪੰਜਾਬ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ।ਉਨ੍ਹਾਂ ਦੱਸਿਆ ਕਿ ਕੈਂਪਾਂ ਵਿੱਚ ਅੱਖਾਂ ਦੀ ਮੁਫ਼ਤ ਜਾਂਚ ਦੇ ਨਾਲ-ਨਾਲ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਤੇ ਐਨਕਾਂ ਵੀ ਬਿਨਾਂ ਕਿਸੇ ਖ਼ਰਚੇ ਦੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਇਸ ਲੜੀ ਤਹਿਤ ਅੱਜ ਭਵਾਨੀਗੜ੍ਹ ਬਲਾਕ ਦੇ ਪਿੰਡ ਆਲੋਅਰਖ ਵਿਖੇ ਪਹਿਲਾ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਆਪਣੀਆਂ ਅੱਖਾਂ ਦੀ ਜਾਂਚ ਕਰਵਾਈ।ਇਸ ਮੌਕੇ ਸਿਹਤ ਵਿਭਾਗ ਦਾ ਸਬੰਧਤ ਸਟਾਫ਼ ਤੇ ਆਸ਼ਾ ਵਰਕਰ ਵੀ ਹਾਜ਼ਰ ਸਨ।

ਸਫਾ 1 ਦੇ ਬਾਕੀ...

ਵਾਂਗਚੁਕ ਹਸਪਤਾਲ ...

ਸਭਾ ਮੈਂਬਰ ਸੰਜੇ ਸਿੰਘ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਵਾਂਗਚੁਕ ਦੇ ਸ਼ਾਂਤਮਈ ਪ੍ਰਦਰਸ਼ਨ ਨੂੰ ਨਜ਼ਰਅੰਦਾਜ਼ ਕਰਨ ਅਤੇ ਇਸ ਨੂੰ ਖਤਮ ਕਰਨ ਲਈ ਤਾਕਤ ਦੀ ਵਰਤੋਂ ਕਰਨ ਦਾ ਦੋਸ਼ ਵੀ ਲਾਇਆ। ਦਿੱਲੀ ਦੇ ਜੰਤਰ-ਮੰਤਰ 'ਤੇ ਸ਼ਨੀਵਾਰ ਦੁਪਹਿਰ ਨੂੰ ਉਸ ਸਮੇਂ ਨਵਾਂ ਸਿਆਸੀ ਡਰਾਮਾ ਅਤੇ ਹੰਗਾਮਾ ਦੇਖਣ ਨੂੰ ਮਿਲਿਆ, ਜਦੋਂ ਇੱਕ ਮਹਿਲਾ ਨੇ ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ 'ਤੇ ਸਿਆਹੀ ਵਰਗਾ ਕੋਈ ਤਰਲ ਪਦਾਰਥ ਸੁੱਟ ਦਿੱਤਾ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਦੀਪਕੇ ਉੱਥੇ ਇਕੱਠੀ ਹੋਈ ਭੀੜ ਨੂੰ ਸੰਬੋਧਨ ਕਰ ਰਹੇ ਸਨ। ਇਸ ਅਚਾਨਕ ਹੋਏ ਹਮਲੇ ਕਾਰਨ ਚੱਲ ਰਿਹਾ ਪ੍ਰੋਗਰਾਮ ਕੁਝ ਸਮੇਂ ਲਈ ਪੂਰੀ ਤਰ੍ਹਾਂ ਰੁਕ ਗਿਆ ਅਤੇ ਜਿਵੇਂ ਹੀ ਅਭਿਜੀਤ ਦੀਪਕੇ ਦੇ ਸਮਰਥਕ ਸਟੇਜ ਵੱਲ ਭੱਜੇ, ਤਾਂ ਮੌਕੇ 'ਤੇ ਭਾਰੀ ਅਫ਼ਰਾ-ਤਫ਼ਰੀ ਅਤੇ ਹੰਗਾਮਾ ਸ਼ੁਰੂ ਹੋ ਗਿਆ। ਸਿਆਹੀ ਸੁੱਟਣ ਵਾਲੀ ਮਹਿਲਾ ਦੀ ਪਛਾਣ ਅਤੇ ਉਸ ਵੱਲੋਂ ਅਜਿਹਾ ਕਦਮ ਚੁੱਕਣ ਦੇ ਅਸਲ ਮਨੋਰਥ ਬਾਰੇ ਤੁਰੰਤ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ। ਪੁਲੀਸ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਹੰਗਾਮਾ ਕਰਨ ਵਾਲੀ ਮਹਿਲਾ ਨੂੰ ਮੌਕੇ 'ਤੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

ਪ੍ਰਧਾਨ ਮੰਤਰੀ ਅਸਲ ...

ਸਰਕਾਰ ਪੰਜਾਬ ਦਾ ਬਣਦਾ ਫੰਡ ਕਿਉਂ ਰੋਕ ਰਹੀ ਹੈ? ਪੰਜਾਬ ਨੂੰ ਉਹ ਫੰਡ ਨਾ ਮਿਲਣ ਦੇ ਬਾਵਜੂਦ ਵੀ ਸਰਵਾਈਵ ਕਰਨਾ ਪੈ ਰਿਹਾ ਹੈ ਜੋ ਅਸਲ ਵਿੱਚ ਸੂਬੇ ਦੇ ਹਨ, ਫਿਰ ਵੀ ਪ੍ਰਧਾਨ ਮੰਤਰੀ ਨੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ।" ਭਾਜਪਾ ਦੇ 'ਡਬਲ ਇੰਜਣ ਸਰਕਾਰ' ਦੇ ਨਾਅਰੇ 'ਤੇ ਨਿਸ਼ਾਨਾ ਸਾਧਦਿਆਂ ਪੰਨੂ ਨੇ ਕਿਹਾ "ਪੰਜਾਬੀ ਅਜਿਹੀ ਸਰਕਾਰ ਦੀ ਹਕੀਕਤ ਪਹਿਲਾਂ ਹੀ ਦੇਖ ਚੁੱਕੇ ਹਨ।2007 ਤੋਂ 2017 ਤੱਕ, ਜਦੋਂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਮਿਲ ਕੇ ਪੰਜਾਬ 'ਤੇ ਰਾਜ ਕੀਤਾ, ਤਾਂ ਸੂਬੇ ਨੂੰ ਬਹੁਤ ਵੱਡਾ ਨੁਕਸਾਨ ਝੱਲਣਾ ਪਿਆ।" ਭਾਜਪਾ-ਅਕਾਲੀ ਸਰਕਾਰ ਦੇ ਕਾਰਜਕਾਲ ਦਾ ਜ਼ਿਕਰ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਪੰਜਾਬ ਉਸ ਸਮੇਂ ਲਏ ਗਏ ਫੈਸਲਿਆਂ ਦੇ ਨਤੀਜੇ ਅੱਜ ਵੀ ਭੁਗਤ ਰਿਹਾ ਹੈ। ਉਨ੍ਹਾਂ ਕਿਹਾ, "ਇਹ ਭਾਜਪਾ-ਅਕਾਲੀ ਰਾਜ ਦੌਰਾਨ ਹੀ ਸੀ ਕਿ ਪੰਜਾਬ ਵਿੱਚ ਨਸ਼ੇ ਦੀ ਲਤ ਫੈਲੀ, ਜਿਸ ਨੇ ਨੌਜਵਾਨਾਂ ਦੀ ਇੱਕ ਪੂਰੀ ਪੀੜ੍ਹੀ ਨੂੰ ਬਰਬਾਦ ਕਰ ਦਿੱਤਾ। ਉਸੇ ਸਮੇਂ ਦੌਰਾਨ ਗੈਂਗਸਟਰ ਸੱਭਿਆਚਾਰ ਵੀ ਵਧਿਆ-ਫੁੱਲਿਆ, ਜਿਸ ਦੇ ਨਤੀਜੇ ਪੰਜਾਬ ਨੂੰ ਸਾਲਾਂ ਤੱਕ ਭੁਗਤਣੇ ਪਏ। ਪੰਜਾਬ ਵਿੱਚ ਇੱਕ ਹੋਰ ਮੌਕਾ ਮੰਗਣ ਵਾਲੀ ਭਾਜਪਾ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਕਿਹਾ ਕਿ ਲੋਕ ਪਾਰਟੀ ਦਾ ਪੁਰਾਣਾ ਰਿਕਾਰਡ ਨਹੀਂ ਭੁੱਲੇ। ਉਨ੍ਹਾਂ ਕਿਹਾ ਕਿ ਕਿਸ ਮੂੰਹ ਨਾਲ ਭਾਜਪਾ ਪੰਜਾਬੀਆਂ ਨੂੰ ਡਬਲ ਇੰਜਣ ਵਾਲੀ ਸਰਕਾਰ ਲਿਆਉਣ ਲਈ ਕਹਿ ਰਹੀ ਹੈ? ਲੋਕ ਉਨ੍ਹਾਂ ਨੂੰ ਪਹਿਲਾਂ ਹੀ ਕਈ ਵਾਰ ਮੌਕੇ ਦੇ ਚੁੱਕੇ ਹਨ। 1997 ਤੋਂ 2002 ਤੱਕ ਅਤੇ ਫਿਰ 2007 ਤੋਂ 2017 ਤੱਕ, ਪੰਜਾਬ ਨੇ ਉਨ੍ਹਾਂ ਦਾ ਸ਼ਾਸਨ ਦੇਖਿਆ ਹੈ ਅਤੇ ਉਨ੍ਹਾਂ ਸਾਲਾਂ ਦੌਰਾਨ ਹੋਏ ਨੁਕਸਾਨ ਨੂੰ ਨਹੀਂ ਭੁੱਲਿਆ।

ਸਿੱਖਿਆ ਸੁਧਾਰ ਦੀ ...

ਵਾਂਗਚੁਕ ਭੁੱਖ ਹੜਤਾਲ 'ਤੇ ਬੈਠ ਗਏ। ਸੋਨਮ ਵਾਂਗਚੁਕ ਦੇ ਘਰ ਦਾ ਕੋਈ ਬੱਚਾ ਪ੍ਰਭਾਵਿਤ ਨਹੀਂ ਹੈ।ਉਹ ਆਪਣੇ ਲਈ ਭੁੱਖ ਹੜਤਾਲ 'ਤੇ ਨਹੀਂ ਬੈਠੇ, ਉਹ ਤੁਹਾਡੇ ਬੱਚਿਆਂ ਲਈ ਬੈਠੇ ਹਨ।ਮੈਂ ਸੁਣਿਆ ਹੈ ਕਿ ਉਨ੍ਹਾਂ ਤੋਂ ਬਾਅਦ ਹੁਣ ਅਭਿਜੀਤ ਦੀਪਕੇ ਵੀ ਭੁੱਖ ਹੜਤਾਲ 'ਤੇ ਬੈਠ ਗਏ ਹਨ।ਅਭਿਜੀਤ ਦੀਪਕੇ ਦੇ ਘਰ ਵਿੱਚ ਵੀ ਕੋਈ ਬੱਚਾ ਪ੍ਰਭਾਵਿਤ ਨਹੀਂ ਹੈ।ਉਹ ਵੀ ਤੁਹਾਡੇ ਬੱਚਿਆਂ ਲਈ ਬੈਠੇ ਹਨ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਦੋਂ ਤੁਹਾਡੇ ਘਰ ਦਾ ਕੋਈ ਬੱਚਾ ਇਸ ਸੜੇ-ਗਲੇ ਪ੍ਰੀਖਿਆ ਸਿਸਟਮ ਤੋਂ ਪ੍ਰਭਾਵਿਤ ਹੁੰਦਾ ਹੈ, ਤਾਂ ਤੁਸੀਂ ਬਹੁਤ ਸ਼ਿਕਾਇਤਾਂ ਕਰਦੇ ਹੋ, ਸਰਕਾਰ ਨੂੰ ਗਾਲ੍ਹਾਂ ਕੱਢਦੇ ਹੋ, ਸਿਸਟਮ ਨੂੰ ਕੋਸਦੇ ਹੋ।ਅੱਜ ਜਦੋਂ ਉਹ ਲੋਕ ਜੰਤਰ-ਮੰਤਰ 'ਤੇ ਤੁਹਾਡੇ ਬੱਚਿਆਂ ਲਈ ਬੈਠੇ ਹਨ, ਤਾਂ ਤੁਸੀਂ ਘਰ ਕਿਉਂ ਬੈਠੇ ਹੋ? ਤੁਸੀਂ ਉਨ੍ਹਾਂ ਦੇ ਨਾਲ ਜੰਤਰ-ਮੰਤਰ 'ਤੇ ਕਿਉਂ ਨਹੀਂ ਹੋ? ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਅਸੀਂ ਸੁਣਿਆ ਸੀ ਕਿ ਮੁਗਲ ਤਾਨਾਸ਼ਾਹ ਸੱਤਾ ਤੋਂ ਸਵਾਲ ਪੁੱਛਣ ਵਾਲਿਆਂ 'ਤੇ ਕੋਰੜੇ ਵਰ੍ਹਾਉਂਦੇ ਸਨ।ਅਸੀਂ ਸੁਣਿਆ ਸੀ ਕਿ ਅੰਗਰੇਜ਼ਾਂ ਦੀ ਪੁਲਿਸ ਦੇਸ਼ ਦੀ ਆਵਾਜ਼ ਦਬਾਉਣ ਲਈ ਆਪਣਾ ਵਿਰੋਧ ਦਰਜ ਕਰਵਾ ਰਹੇ ਆਮ ਲੋਕਾਂ 'ਤੇ ਲਾਠੀਆਂ ਵਰ੍ਹਾਉਂਦੀ ਸੀ।ਪਰ ਨਰਿੰਦਰ ਮੋਦੀ ਦੀ ਪੁਲਿਸ ਤਾਂ ਆਜ਼ਾਦ ਭਾਰਤ ਦੀ ਪੁਲਿਸ ਹੈ।ਫਿਰ ਉਹ ਨੌਜਵਾਨਾਂ ਦੀ ਆਵਾਜ਼ ਨੂੰ ਇੰਨੀ ਬੇਰਹਿਮੀ ਨਾਲ ਕਿਉਂ ਦਬਾ ਰਹੀ ਹੈ?

ਚਿੰਤਨ ਕਰਕੇ ਮਜ਼ਦੂਰ...

ਸਹੂਲਤਾਂ ਦੇ ਕੇ ਤਰਸ ਦਾ ਬਿਰਤਾਂਤ ਸਿਰਜ ਕੇ 'ਦਿਆਲੂ' ਬਣਦਿਆਂ ਗ਼ਰੀਬਾਂ ਦੇ 'ਰਾਖੇ' ਬਣਿਆ ਜਾਵੇ। ਅਜਿਹੇ ਵਰਤਾਰੇ ਰਾਹੀਂ ਪੈਨਸ਼ਨਾਂ ਦੀ ਮੰਨੀ ਹੋਈ ਮੰਗ, ਭੂਮੀ ਸੁਧਾਰ ਦਾ ਮਾਮਲਾ, ਪਿੰਡਾਂ ਦੀਆਂ ਸ਼ਾਮਲਾਟਾਂ ਜ਼ਮੀਨਾਂ ਦੀਆਂ ਡੰਮੀ ਬੋਲੀਆਂ ਬੰਦ ਕਰਵਾਉਣ ਅਤੇ ਹੋਰ ਬਹੁਤ ਸਾਰੀਆਂ ਹੱਕੀ ਮੰਗਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਕਾਮਰੇਡ ਨੇ ਮਜ਼ਦੂਰ ਵਿਹੜਿਆਂ 'ਚ ਨਸ਼ਿਆ ਦੀ ਮਾਰ ਅਤੇ ਮਾਪਿਆ ਵੱਲੋਂ ਜਵਾਨ ਪੁੱਤਾਂ ਦੀਆਂ ਅਰਥੀਆਂ ਚੁੱਕਣ ਦੇ ਹਵਾਲੇ ਨਾਲ ਕਿਹਾ ਕਿ ਸਰਕਾਰਾਂ ਦੀ ਝਾਕ ਛੱਡ ਕੇ ਚਿੰਤਨ ਮੰਥਨ ਰਾਹੀਂ ਜਾਗਰੂਕ ਹੋ ਕੇ ਮਜ਼ਦੂਰ ਵਰਗ ਨੂੰ ਖ਼ੁਦ ਹੀ ਉੱਠਣਾ ਪਵੇਗਾ।ਇਸ ਤੋਂ ਪਹਿਲਾਂ ਇੱਕ ਸ਼ੋਕ ਮਤੇ ਰਾਹੀ ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲਾ ਜਲੰਧਰ ਦੇ ਸਰਪ੍ਰਸਤ ਰਹੇ ਮਰਹੂਮ ਕਾਮਰੇਡ ਰੂੜਾ ਰਾਮ ਪਰਜੀਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਮੀਟਿੰਗ ਦੀ ਪ੍ਰਧਾਨਗੀ ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਾਮਰੇਡ ਵੀਰ ਸਿੰਘ ਨੇ ਕੀਤੀ। ਇਸ ਦੌਰਾਨ ਦੇਵੀ ਕੁਮਾਰੀ ਨੇ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੀ ਲੁਧਿਆਣਾ ਵਿਖੇ ਹੋਈ ਮੀਟਿੰਗ ਦੇ ਹਵਾਲੇ ਨਾਲ ਦੱਸਿਆ ਕਿ ਪੰਜ ਅਗਸਤ ਨੂੰ ਮਜ਼ਦੂਰਾਂ ਦੇ ਸਾਂਝੇ ਮੋਰਚੇ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਪੱਧਰ ਦੀ ਵੱਡੀ ਰੈਲੀ ਕੀਤੀ ਜਾਵੇਗੀ। ਰੈਲੀ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਜਲੰਧਰ ਰਹਾਇਸ਼ ਵੱਲ ਮਾਰਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਰੈਲੀ ਤੇ ਮਾਰਚ ਨੂੰ ਇਤਿਹਾਸਿਕ ਬਣਾਉਣ ਲਈ ਅੱਜ ਤੋਂ ਹੀ ਤਿਆਰੀਆਂ ਵਿੱਢ ਦਿੱਤੀਆਂ ਜਾਣ। ਜ਼ਿਲ੍ਹੇ ਦੇ ਆਗੂਆਂ ਨੂੰ ਰੈਲੀ ਦੀ ਸਫਲਤਾ ਲਈ ਪ੍ਰੇਰਿਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਖੇਤ ਮਜ਼ਦੂਰ ਸਭਾ ਵੀ ਮਜ਼ਬੂਤ ਹੋਵੇਗੀ। ਮੀਟਿੰਗ ਵਿੱਚ ਸੀ.ਪੀ. ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਕਾਮਰੇਡ ਰਸ਼ਪਾਲ ਕੈਲੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਸਰਵ ਸਾਥੀ ਸਿੰਕਦਰ ਸੰਧੂ, ਸੁਨੀਲ ਕੁਮਾਰ, ਪਰਵਿੰਦਰ ਸਿੰਘ ਫਲਪੋਤਾ, ਕਸ਼ਮੀਰ ਕੁਰੈਸ਼ੀ, ਗੁਰਪ੍ਰੀਤ ਗੋਪੀ, ਸੰਦੀਪ ਸਿੱਧੂ, ਲਵਪ੍ਰੀਤ ਹੰਸ ਆਦਿ ਮੌਜੂਦ ਸਨ।

ਪ੍ਰਧਾਨ ਮੰਤਰੀ ਦੀ ਪੰਜਾਬ...

ਲੰਮੇ ਸਮੇਂ ਤੋਂ ਮੰਗ ਕਰ ਰਿਹਾ ਹੈ ਕਿ ਖੇਤੀ ਕਰਜ਼ਿਆਂ ਦੇ ਮਸਲੇ ਦਾ ਠੋਸ ਹੱਲ ਕੀਤਾ ਜਾਵੇ, ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਗਾਰੰਟੀ ਦਿੱਤੀ ਜਾਵੇ, ਖੇਤੀ ਲਾਗਤ ਨੂੰ ਘਟਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ ਅਤੇ ਕਿਸਾਨਾਂ ਦੇ ਹਿੱਤਾਂ ਨਾਲ ਜੁੜੇ ਮਸਲਿਆਂ 'ਤੇ ਕੇਂਦਰ ਸਰਕਾਰ ਸਪੱਸ਼ਟ ਰੁਖ਼ ਅਪਣਾਏ। ਇਸੇ ਤਰ੍ਹਾਂ ਮਜ਼ਦੂਰ ਵਰਗ ਮਹਿੰਗਾਈ ਅਤੇ ਰੁਜ਼ਗਾਰ ਦੀ ਅਨਿਸ਼ਚਿਤਤਾ ਨਾਲ ਜੂਝ ਰਿਹਾ ਹੈ, ਜਦੋਂ ਕਿ ਛੋਟੇ ਕਾਰੋਬਾਰੀ ਲਗਾਤਾਰ ਆਰਥਿਕ ਦਬਾਅ ਹੇਠ ਆਪਣਾ ਕਾਰੋਬਾਰ ਚਲਾਉਣ ਲਈ ਮਜਬੂਰ ਹਨ। ਉਨ੍ਹਾ ਕਿਹਾ ਕਿ ਚੰਡੀਗੜ੍ਹ ਤੋਂ ਕੌਮਾਂਤਰੀ ਹਵਾਈ ਸੇਵਾਵਾਂ ਦੇ ਹੋਰ ਵਿਸਥਾਰ ਅਤੇ ਪੰਜਾਬ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਹਵਾਈ ਸਹੂਲਤਾਂ ਮੁਹੱਈਆ ਕਰਵਾਉਣ ਦੀ ਮੰਗ ਵੀ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਪੰਜਾਬ ਦੇ ਲੱਖਾਂ ਪਰਵਾਸੀ ਪੰਜਾਬੀ, ਵਿਦਿਆਰਥੀ, ਕਾਰੋਬਾਰੀ ਅਤੇ ਆਮ ਯਾਤਰੀ ਚਾਹੁੰਦੇ ਸਨ ਕਿ ਪ੍ਰਧਾਨ ਮੰਤਰੀ ਆਪਣੀ ਪੰਜਾਬ ਫੇਰੀ ਦੌਰਾਨ ਚੰਡੀਗੜ੍ਹ ਹਵਾਈ ਅੱਡੇ ਤੋਂ ਵਧੇਰੇ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਜਾਂ ਇਸ ਸਬੰਧੀ ਕੋਈ ਠੋਸ ਐਲਾਨ ਕਰਨ। ਜੇਕਰ ਪੰਜਾਬ ਨੂੰ ਇਸ ਸਬੰਧੀ ਕੋਈ ਵੱਡਾ ਤੋਹਫ਼ਾ ਮਿਲਦਾ ਤਾਂ ਲੋਕਾਂ ਨੂੰ ਇਹ ਮਹਿਸੂਸ ਹੁੰਦਾ ਕਿ ਪ੍ਰਧਾਨ ਮੰਤਰੀ ਪੰਜਾਬ ਲਈ ਕੋਈ ਅਹਿਮ ਸੌਗਾਤ ਦੇ ਕੇ ਗਏ ਹਨ, ਪਰ ਇਸ ਪਾਸੇ ਵੀ ਕੋਈ ਸਕਾਰਾਤਮਕ ਐਲਾਨ ਨਾ ਹੋਣ ਕਾਰਨ ਪੰਜਾਬ ਦੇ ਲੋਕਾਂ ਦੀ ਨਿਰਾਸ਼ਾ ਹੋਰ ਵਧੀ ਹੈ। ਉਨ੍ਹਾ ਕਿਹਾ ਕਿ ਜੇਕਰ ਕੇਂਦਰ ਸਰਕਾਰ ਸੱਚਮੁੱਚ ਪੰਜਾਬ ਅਤੇ ਦੇਸ਼ ਦੇ ਅੰਨਦਾਤਾ ਦੀ ਭਲਾਈ ਚਾਹੁੰਦੀ ਹੈ ਤਾਂ ਇਸ ਦਾ ਪ੍ਰਗਟਾਵਾ ਸਿਰਫ਼ ਭਾਸ਼ਣਾਂ ਨਾਲ ਨਹੀਂ, ਸਗੋਂ ਠੋਸ ਨੀਤੀਆਂ ਅਤੇ ਫ਼ੈਸਲਿਆਂ ਰਾਹੀਂ ਹੋਣਾ ਚਾਹੀਦਾ ਹੈ।

ਕੈਨੇਡਾ 'ਚ ਵਿਸ਼ਵ...

ਕੌਂਸਲ ਦੀ ਸਾਬਕਾ ਚੇਅਰਮੈਨ ਹਰਜਿੰਦਰ ਕੌਰ ਨੇ ਕਿਹਾ ਕਿ ਜਿੱਥੇ ਵੀ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਹਨ, ਉਹ ਆਪਣਾ ਫਰਜ਼ ਸਮਝ ਕੇ ਵਿਦੇਸ਼ਾਂ ਵਿੱਚ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਤੇ ਪੜ੍ਹਾਉਣ ਦੇ ਉਪਰਾਲੇ ਕਰਨ। ਥਾਂ-ਥਾਂ 'ਤੇ ਮਤੇ ਪਾ ਕੇ ਸਰਕਾਰਾਂ ਨੂੰ ਭੇਜੇ ਜਾਣ, ਤਾਂ ਜੋ ਵੱਖ-ਵੱਖ ਮੁਲਕਾਂ ਵਿੱਚ ਸਰਕਾਰਾਂ ਨਾਲ ਪੰਜਾਬੀਆਂ ਦੇ ਗੱਲਬਾਤ ਦੇ ਰਸਤੇ ਖੁੱਲ੍ਹ ਸਕਣ। ਡਾ. ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਫੌਂਟ ਵਿਕਸਤ ਕੀਤੇ ਹਨ। ਇਸ ਮੌਕੇ ਸਹਿਜ ਕੌਰ ਮਾਂਗਟ, ਸੁਖਮਿੰਦਰ ਸਿੰਘ ਸੰਧੂ, ਅਵਤਾਰ ਸਿੰਘ ਮਿਨਹਾਸ, ਨਾਹਰ ਸਿੰਘ ਔਜਲਾ, ਨਾਟਕਕਾਰ ਡਾ. ਆਰ ਐੱਸ ਝਾਂਜੀ ਖੰਨਾ, ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਹਰਦੇਵ ਚੌਹਾਨ, ਸਤਨਾਮ ਕੌਰ, ਟੀ ਵੀ ਹੋਸਟ ਹਰਜੀਤ ਸਿੰਘ ਗਿੱਲ, ਡਾ. ਹਰਵਿੰਦਰ ਸਿੰਘ ਦਿੱਲੀ, ਡਾ. ਸੁਖਦੇਵ ਸਿੰਘ ਰੰਧਾਵਾ, ਕਵਿੱਤਰੀ ਰਮਿੰਦਰ ਵਾਲੀਆ ਆਦਿ ਨੇ ਭਾਸ਼ਾ ਬਾਰੇ ਆਪਣੇ ਵਿਚਾਰ ਰੱਖੇ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਰਮਨੀ ਬੱਤਰਾ ਨੇ ਬਾਖ਼ੂਬੀ ਨਿਭਾਈ।

'ਡਿਜੀਟਲ ਅਰੈੱਸਟ'...

ਜੁਲਾਈ ਨੂੰ ਆਰ ਟੀ ਜੀ ਐਸ ਰਾਹੀਂ 35 ਲੱਖ ਰੁਪਏ ਉਨ੍ਹਾਂ ਵੱਲੋਂ ਦਿੱਤੇ ਗਏ ਬੈਂਕ ਖਾਤੇ ਵਿੱਚ ਟਰਾਂਸਫਰ ਕਰ ਦਿੱਤੇ। ਇਸ ਧੋਖਾਧੜੀ ਦਾ ਖੁਲਾਸਾ ਉਸ ਸਮੇਂ ਹੋਇਆ, ਜਦੋਂ ਮੁਲਜ਼ਮਾਂ ਨੇ ਹੋਰ ਪੈਸਿਆਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਸ਼ਿਕਾਇਤਕਰਤਾ ਨੇ ਅਮਰੀਕਾ ਰਹਿੰਦੇ ਆਪਣੇ ਪੁੱਤਰ ਨਾਲ ਗੱਲਬਾਤ ਕੀਤੀ, ਜਿਸ ਪਿੱਛੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ 'ਫੇਕ ਡਿਜੀਟਲ ਅਰੈੱਸਟ' ਦੇ ਸਾਈਬਰ ਜਾਲ ਵਿੱਚ ਫਸ ਚੁੱਕੇ ਹਨ। ਪੀੜਤ ਦੀ ਸ਼ਿਕਾਇਤ ਦੇ ਆਧਾਰ 'ਤੇ ਬਠਿੰਡਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਭਾਰਤੀ ਮਾਮਲਾ ਦਰਜ ਕਰ ਲਿਆ ਹੈ।

ਮੋਦੀ ਦਾ ਪੰਜਾਬ ...

ਭਲਾਈ ਲਈ ਵਰਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਹਸਪਤਾਲ, ਸਕੂਲ, ਸੜਕਾਂ, ਸਿਹਤ ਸਹੂਲਤਾਂ, ਪੈਨਸ਼ਨਾਂ ਅਤੇ ਹੋਰ ਵਿਕਾਸ ਕਾਰਜ ਸ਼ਾਮਲ ਹਨ। ਨਸ਼ਿਆਂ ਦੇ ਮੁੱਦੇ 'ਤੇ 'ਆਪ' ਆਗੂ ਨੇ ਪੰਜਾਬ ਵਿੱਚ ਨਸ਼ਿਆਂ ਦੇ ਫੈਲਣ ਲਈ ਪਿਛਲੀ ਅਕਾਲੀ-ਭਾਜਪਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕੇਂਦਰ 'ਤੇ ਇਹ ਵੀ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਰਹੱਦ ਪਾਰੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਨੂੰ ਠੱਲ੍ਹ ਪਾਉਣ ਲਈ ਵਾਰ-ਵਾਰ ਕੀਤੀਆਂ ਬੇਨਤੀਆਂ ਦੇ ਬਾਵਜੂਦ, ਕੇਂਦਰ 532 ਕਿਲੋਮੀਟਰ ਲੰਮੀ ਭਾਰਤ-ਪਾਕਿਸਤਾਨ ਸਰਹੱਦ 'ਤੇ ਉਨਤ ਐਂਟੀ-ਡਰੋਨ ਪ੍ਰਣਾਲੀ ਲਗਾਉਣ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਖਾਲੀ ਹੱਥ ਆਏ ਅਤੇ ਖਾਲੀ ਹੱਥ ਪਰਤ ਗਏ। ਧਾਲੀਵਾਲ ਨੇ ਪੰਜਾਬ ਭਾਜਪਾ ਦੇ ਆਗੂਆਂ ਨੂੰ ਸਪਸ਼ਟ ਕਰਨ ਲਈ ਕਿਹਾ ਕਿ ਕੇਂਦਰ ਨੇ ਇਸ ਦੌਰੇ ਦੌਰਾਨ ਸੂਬੇ ਨੂੰ ਕੀ ਦਿੱਤਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਅਤੇ ਹੋਰ ਰਾਹਤ ਉਪਾਅ ਪ੍ਰਦਾਨ ਕਰਕੇ ਉਨ੍ਹਾਂ ਦੀ ਮਦਦ ਕੀਤੀ ਹੈ, ਜਦ ਕਿ ਕੇਂਦਰ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ।

☛ ਰੇਲਯਾਤਰੀ ਕ੍ਰਿਪਾ ਧਿਆਨ ਦੇਵੋ ! ☚

ਰੇਲਗੱਡੀਆਂ ਦਾ ਨਿਯਮਿਤ ਸੰਚਾਲਨ ਅਤੇ ਵਿਸਤਾਰ

ਪੂਰੇ ਰੇਲਯਾਤੀਰਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉੱਤਰ ਰੇਲਵੇ ਦੁਆਰਾ ਨਵੀ ਰੇਲਗੱਡੀ ਨੰਬਰ 74010/74009 ਜੀਂਦ ਜੰਕਸ਼ਨ - ਸੋਨੀਪਤ - ਜੀਂਦ ਜੰਕਸ਼ਨ ਹਾਈਡ੍ਰੋਜਨ ਰੇਲਗੱਡੀ, ਰੇਲਗੱਡੀ ਨੰਬਰ 14624/14623 ਛੇਹਰਟਾ ਸੀਰ - ਵਾਰਾਣਸੀ - ਛੇਹਰਟਾ ਸੀਰ ਗੋਵਰਧਨਪੁਰ ਵਾਰਾਣਸੀ ਐਕਸਪ੍ਰੈਸ ਅਤੇ ਰੇਲਗੱਡੀ ਨੰਬਰ 14502/14501 ਕਰਤੋਲੀ ਪੰਜਾਬ - ਅੰਬਾਲਾ ਛਾਵਣੀ - ਕਰਤੋਲੀ ਪੰਜਾਬ ਰੇਲਗੱਡੀ ਦਾ ਨਿਯਮਿਤ ਸੰਚਾਲਨ ਅਤੇ ਰੇਲਗੱਡੀ ਨੰਬਰ 14053/14054 ਦਿੱਲੀ ਜੰਕਸ਼ਨ - ਦੋਲਤਪੁਰ ਚੌਂਕ - ਦਿੱਲੀ ਜੰਕਸ਼ਨ ਦੀ ਸੇਵਾਵਾਂ ਦਾ ਵਿਸਤਾਰ ਕਰਤੋਲੀ ਪੰਜਾਬ ਤਕ ਕੀਤਾ ਜਾਂ ਰਿਹਾ ਹੈ, ਜਿਨ੍ਹਾਂ ਦਾ ਵੇਰਵਾ ਹੇਠਾ ਅਨੁਸਾਰ ਹੈ:-

74010/74009 ਜੀਂਦ - ਸੋਨੀਪਤ ਜੰ: - ਜੀਂਦ ਜੰ: ਹਾਈਡ੍ਰੋਜਨ ਰੇਲਗੱਡੀ (ਸਪਤਾਹ ਵਿਚ ਛੇ ਦਿਨ)

ਰੇਲਗੱਡੀ ਨੰ: 74010		↓ ਸਟੇਸ਼ਨ ↑	ਰੇਲਗੱਡੀ ਨੰ: 74009	
ਆਉਣਾ	ਜਾਣਾ		ਆਉਣਾ	ਜਾਣਾ
---	07:40	ਜੀਂਦ ਜੰ:	13:00	---
07:46	07:47	ਜੀਂਦ ਸ਼ਹਿਰ	12:35	12:36
07:54	07:55	ਪਾਂਡੂ ਪਿੰਡਾਰਾ	12:25	12:26
08:07	08:08	ਲਲਿਤ ਖੇੜਾ ਹਾਲਟ	12:12	12:13
08:17	08:18	ਭੰਭੇਵਾ	12:01	12:02
08:24	08:25	ਈਸ਼ਾਪੁਰ ਖੀਰੀ ਹਾਲਟ	11:52	11:53
08:31	08:32	ਬੁਟਾਨਾ ਹਾਲਟ	11:44	11:45
08:39	08:40	ਖੰਡੇਰੀ ਹਾਲਟ	11:36	11:37
08:47	08:48	ਗੋਹਾਨਾ	11:27	11:28
08:56	08:57	ਰਭੜਾ ਹਾਲਟ	11:18	11:19
09:05	09:06	ਲਠ ਹਾਲਟ	11:09	11:10
09:14	09:15	ਮੋਹਨਾ ਹਰਿਆਣਾ	11:00	11:01
09:25	09:26	ਬਡਵਾਸਨੀ ਹਾਲਟ	10:49	10:50
09:40	---	ਸੋਨੀਪਤ ਜੰ:	----	10:40

ਚਲਨ ਦੇ ਦਿਨ : 74010 ਜੀਂਦ ਜੰ: ਅਤੇ 74009 ਸੋਨੀਪਤ ਜੰ: ਤੋਂ ਸਪਤਾਹ ਵਿਚ ਛੇ ਦਿਨ ਸ਼ੁੱਕਰਵਾਰ ਨੂੰ ਛੱਡਕੇ ਮਿਤੀ 19.07.2026 ਤੋਂ।
ਜਗ੍ਹਾਂ : ਜਨਰਲ।

14624/14623 ਛੇਹਰਟਾ - ਵਾਰਾਣਸੀ ਜੰ: - ਛੇਹਰਟਾ ਸੀਰ ਗੋਵਰਧਨਪੁਰ ਵਾਰਾਣਸੀ ਐਕਸਪ੍ਰੈਸ ਰੇਲਗੱਡੀ (ਸਪਤਾਹ ਵਿਚ ਤਿੰਨ ਦਿਨ)

ਰੇਲਗੱਡੀ ਨੰ: 14624		↓ ਸਟੇਸ਼ਨ ↑	ਰੇਲਗੱਡੀ ਨੰ: 14623	
ਆਉਣਾ	ਜਾਣਾ		ਆਉਣਾ	ਜਾਣਾ
---	14:05	ਛੇਹਰਟਾ	17:10	---
14:20	14:25	ਅੰਮ੍ਰਿਤਸਰ ਜੰ:	16:25	16:30
15:30	15:35	ਜਲੰਧਰ ਸ਼ਹਿਰ ਜੰ:	14:20	14:25
16:30	16:40	ਲੁਧਿਆਣਾ ਜੰ:	13:13	13:23
18:50	19:00	ਅੰਬਾਲਾ ਛਾਵਣੀ ਜੰ:	11:00	11:10
20:08	20:10	ਸਹਾਰਨਪੁਰ ਜੰ:	09:05	09:10
23:40	23:45	ਮੁਰਾਦਾਬਾਦ ਜੰ:	05:40	05:45
01:06	01:08	ਬਰੇਲੀ ਜੰ:	04:06	04:08
02:16	02:18	ਸ਼ਾਹਜਹਾਂਪੁਰ ਜੰ:	03:03	03:05
07:15	07:25	ਲਖਨਊ	00:01	00:11
09:23	09:25	ਸੁਲਤਾਨਪੁਰ ਜੰ:	21:55	21:57
10:51	10:53	ਜੋਨਪੁਰ ਸ਼ਹਿਰ	20:51	20:53
12:15	---	ਵਾਰਾਣਸੀ ਜੰ:	----	19:50

ਚਲਨ ਦੇ ਦਿਨ : 14624 ਛੇਹਰਟਾ ਤੋਂ ਹਰੇਕ ਬੁੱਧਵਾਰ, ਸ਼ੁੱਕਰਵਾਰ ਤੇ ਐਤਵਾਰ ਨੂੰ ਮਿਤੀ 19.07.2026 ਤੋਂ ਅਤੇ 14623 ਵਾਰਾਣਸੀ ਜੰ: ਤੋਂ ਹਰੇਕ ਵੀਰਵਾਰ, ਸ਼ਨੀਵਾਰ ਤੇ ਸੋਮਵਾਰ ਨੂੰ ਮਿਤੀ 20.07.2026 ਤੋਂ।
ਜਗ੍ਹਾਂ : ਵਾਤਾ-2 ਟੀਯਰ, ਵਾਤਾ-3 ਟੀਯਰ, ਸਲੀਪਰ ਅਤੇ ਜਨਰਲ।

14502/14501 ਕਰਤੋਲੀ ਪੰਜਾਬ - ਅੰਬਾਲਾ ਛਾਵਣੀ - ਕਰਤੋਲੀ ਪੰਜਾਬ ਐਕਸਪ੍ਰੈਸ ਰੇਲਗੱਡੀ (ਹਰਰੋਜ਼)

ਰੇਲਗੱਡੀ ਨੰ: 14502		↓ ਸਟੇਸ਼ਨ ↑	ਰੇਲਗੱਡੀ ਨੰ: 14501	
ਆਉਣਾ	ਜਾਣਾ		ਆਉਣਾ	ਜਾਣਾ
---	08:30	ਕਰਤੋਲੀ ਪੰਜਾਬ	20:25	---
08:41	08:43	ਦੋਲਪੁਰ ਚੌਂਕ	19:28	19:30
09:01	09:03	ਅੰਮਬ ਅੰਦੋਰਾ	19:15	19:17
09:31	09:33	ਊਨਾ ਹਿਮਾਚਲ	18:52	18:54
09:55	10:05	ਨੰਗਲ ਡੈਮ	18:32	18:34
10:22	10:24	ਆਨੰਦਪੁਰ ਸਾਹਿਬ	18:14	18:16
10:55	10:57	ਰੂਪਨਗਰ	17:42	17:44
11:17	11:19	ਮੋਰਿੰਡਾ	17:17	17:19
11:53	11:55	ਸਰਹਿੰਦ ਜੰ:	16:50	16:52
12:03	12:05	ਰਾਜਪੁਰਾ ਜੰ:	16:29	16:31
12:20	12:22	ਅੰਬਾਲਾ ਸ਼ਹਿਰ	16:11	16:13
13:20	---	ਅੰਬਾਲਾ ਛਾਵਣੀ	----	1600

ਚਲਨ ਦੇ ਦਿਨ : 14502 ਕਰਤੋਲੀ ਪੰਜਾਬ ਅਤੇ 14501 ਅੰਬਾਲਾ ਛਾਵਣੀ ਤੋਂ ਹਰਰੋਜ਼ ਮਿਤੀ 19.07.2026 ਤੋਂ।
ਜਗ੍ਹਾਂ : ਪਹਿਲੀ ਵਾਤਾ, ਵਾਤਾ-2 ਟੀਯਰ, ਵਾਤਾ-3 ਟੀਯਰ, ਸਲੀਪਰ ਅਤੇ ਜਨਰਲ।

ਰੇਲਗੱਡੀ ਨੰਬਰ 14053/14054 ਦਿੱਲੀ ਜੰ:-ਦੋਲਤਪੁਰ ਚੌਂਕ-ਦਿੱਲੀ ਜੰ: ਐਕਸਪ੍ਰੈਸ ਨੂੰ ਕਰਤੋਲੀ ਪੰਜਾਬ ਤਕ ਵਿਸਤਾਰਿਤ ਰੇਲਗੱਡੀ ਦੀ ਸਮੇਂ-ਸਾਰਣੀ

ਰੇਲਗੱਡੀ ਨੰ: 14053 ਸ਼ੁਰੂ ਸਟੇਸ਼ਨ ਤੋਂ (18.07.2026 ਤੋਂ ਪ੍ਰਭਾਵੀ)		↓ ਸਟੇਸ਼ਨ ↑	ਰੇਲਗੱਡੀ ਨੰ: 14054 ਸ਼ੁਰੂ ਸਟੇਸ਼ਨ ਤੋਂ (19.07.2026 ਤੋਂ ਪ੍ਰਭਾਵੀ)	
ਆਉਣਾ	ਜਾਣਾ		ਆਉਣਾ	ਜਾਣਾ
----	22:50	ਦਿੱਲੀ ਜੰ:	05:00	----
ਦਿੱਲੀ ਜੰ: - ਦੋਲਤਪੁਰ ਚੌਂਕ ਦੇ ਵਿਚ ਸਮੇਂ-ਸਾਰਣੀ ਪਹਿਲਾ ਵਾਂਗ ਰਹੇਗੀ				
07:18	07:20	ਦੋਲਤਪੁਰ ਚੌਂਕ	21:01	21:03
07:50	----	ਕਰਤੋਲੀ ਪੰਜਾਬ	----	20:55

ਚਲਨ ਦੇ ਦਿਨ : 14053 ਦਿੱਲੀ ਜੰ: ਤੋਂ ਮਿਤੀ 18.07.2026 ਤੋਂ ਅਤੇ 14054 ਕਰਤੋਲੀ ਪੰਜਾਬ ਤੋਂ ਮਿਤੀ 19.07.2026 ਤੋਂ।

ਰੇਲਯਾਤਰੀਆਂ ਤੋਂ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਕ੍ਰਿਪਾ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://www.enquiry.indianrail.gov.in ਜਾਂ NTES ਐਪ ਦੇਖੋ।

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ

ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਆਸ਼ਾ ਵਰਕਰਾਂ ਵੱਲੋਂ ਪੱਕਾ ਮੋਰਚਾ ਲਾਉਣ ਦਾ ਐਲਾਨ

ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ (ਸੀਟੂ) ਦੀ ਅੰਮ੍ਰਿਤਸਰ ਇਕਾਈ ਦੀ ਮੀਟਿੰਗ ਸੂਬਾ ਪ੍ਰਧਾਨ ਸਰੋਜ ਬਾਲਾ ਦੀ ਪ੍ਰਧਾਨਗੀ ਹੇਠ ਸਥਾਨਕ ਸੀਟੂ ਦਫ਼ਤਰ ਵਿਚ ਹੋਈ। ਇਸ ਮੀਟਿੰਗ ਵਿਚ ਪੰਜਾਬ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦਾ ਐਲਾਨ ਕਰਦਿਆਂ 4 ਅਗਸਤ ਤੋਂ ਨੈਸ਼ਨਲ ਹੈਲਥ ਮਿਸ਼ਨ ਦੇ ਡਾਇਰੈਕਟਰ ਦਫ਼ਤਰ ਮੂਹਰੇ ਪੱਕਾ ਮੋਰਚਾ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਆਗੂਆਂ ਨੇ ਦੱਸਿਆ ਕਿ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਆਸ਼ਾ ਵਰਕਰਾਂ ਨਾਲ ਉਨ੍ਹਾਂ ਦੇ ਭੱਤੇ ਦੁੱਗਣੇ ਕਰਨ ਦਾ ਵਾਅਦਾ ਕੀਤਾ ਸੀ, ਪਰ ਸੱਤਾ ਵਿਚ ਆਉਣ ਤੋਂ ਬਾਅਦ ਸਰਕਾਰ ਆਪਣੇ ਵਾਅਦੇ ਤੋਂ ਮੁੱਕਰ ਗਈ ਹੈ। ਇਸ ਵਾਅਦਾ ਖ਼ਿਲਾਫ਼ੀ ਕਾਰਨ ਆਸ਼ਾ ਵਰਕਰਾਂ ਵਿਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸੂਬਾ ਕਮੇਟੀ ਦੇ ਫੈਸਲੇ ਤਹਿਤ 4 ਅਗਸਤ ਤੋਂ ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਦੇ ਦਫ਼ਤਰ ਅੱਗੇ ਲਗਾਤਾਰ ਧਰਨਾ ਦਿੱਤਾ ਜਾਵੇਗਾ। ਅੰਮ੍ਰਿਤਸਰ ਜ਼ਿਲ੍ਹੇ ਦੀਆਂ ਆਸ਼ਾ ਵਰਕਰਾਂ 6 ਅਗਸਤ ਨੂੰ ਵੱਡੀ ਗਿਣਤੀ ਵਿਚ ਇਸ ਧਰਨੇ ਵਿਚ ਸ਼ਾਮਿਲ ਹੋਣਗੀਆਂ, ਜਿਸ ਦੀ ਰੂਪ-ਰੇਖਾ ਸ਼ੁੱਕਰਵਾਰ ਦੀ ਮੀਟਿੰਗ ਵਿਚ ਮੁਕੰਮਲ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਪੰਜਾਬ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਆਮ ਆਦਮੀ ਦੀ ਸਰਕਾਰ ਅਖਵਾਉਣ ਵਾਲੀ ਮੌਜੂਦਾ ਸਰਕਾਰ ਆਸ਼ਾ ਵਰਕਰਾਂ ਜਾਇਜ਼ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਮੁਲਾਜ਼ਮਾਂ 'ਤੇ ਲਾਠੀਚਾਰਜ ਕਰਵਾ ਰਹੀ ਹੈ। ਜੇਕਰ ਸਰਕਾਰ ਨੇ ਜਲਦ ਹੀ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਇਸ ਮੌਕੇ ਜਸਵੰਤ ਕੌਰ, ਬਲਬੀਰ ਕੌਰ, ਪੂਜਾ, ਅਮਨਦੀਪ ਕੌਰ, ਉਰਮਲਾ ਦੇਵੀ, ਲਖਵਿੰਦਰ ਕੌਰ, ਰੂਬੀ, ਸੁਰਜੀ, ਲਵਲੀ, ਲਲਿਤਾ, ਕਿਰਪਾ ਰਾਮ ਤੇ ਚਰਨਜੀਤ ਮਜੀਠਾ ਸਮੇਤ ਵੱਡੀ ਗਿਣਤੀ ਵਿਚ ਯੂਨੀਅਨ ਆਗੂ ਤੇ ਵਰਕਰ ਹਾਜ਼ਰ ਸਨ।

'ਆਪ' ਦੀ ਇਤਿਹਾਸ 'ਚ ਪਹਿਲੀ ਸਰਕਾਰ ਜਿਸ ਨੇ ਆਪਣੇ ਸਾਰੇ ਚੋਣ ਵਾਅਦੇ ਪੂਰੇ ਕੀਤੇ : ਧਾਲੀਵਾਲ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਜਦੋਂ ਦੀ ਸੱਤਾ ਵਿੱਚ ਆਈ ਹੈ ਉਸ ਨੇ ਆਪਣੇ ਜੋ ਵੋਟਾਂ ਤੋਂ ਪਹਿਲਾਂ ਵਾਅਦੇ ਕੀਤੇ ਸਨ ਉਹ ਪੂਰੇ ਕਰ ਦਿੱਤੇ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਜਨਾਲਾ ਦੀ ਵਾਰਡ ਨੰਬਰ ਤਿੰਨ ਅਤੇ ਚਾਰ ਵਿੱਚ ਰਾਸ਼ਨ ਰਸੋਈ ਕਿੱਟਾਂ ਵੰਡਣ ਸਮੇਂ ਸਰਦਾਰ ਕੁਲਦੀਪ ਸਿੰਘ ਧਾਰੀਵਾਲ ਦੀ ਨੂੰਹ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਨੇ ਕੀਤਾ। ਉਨ੍ਹਾਂ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਹੀ ਪੰਜਾਬ ਸਰਕਾਰ ਨੇ ਸਨਮਾਨ ਰਾਸ਼ੀ ਹਰ ਇੱਕ ਔਰਤ ਦੇ ਖਾਤੇ ਵਿੱਚ ਪਾਈ ਹੈ ਜੋ ਕਿ ਇੱਕ ਬਹੁਤ ਵੱਡੀ ਜਿੱਤ ਹੈ ਅਤੇ ਸਰਕਾਰ ਨੇ ਆਪਣੇ ਕੀਤੇ ਹੋਏ ਸਾਰੇ ਵਾਅਦੇ ਪੂਰੇ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਹਰ ਕਿਸੇ ਦੇ ਘਰ ਦਾ ਗੁਜ਼ਾਰਾ ਇਸ ਕਿੱਟ ਨਾਲ ਹੋ ਸਕਦਾ ਹੈ ਅਤੇ ਇਹ ਕਿੱਟ ਹਰ ਤਿੰਨ ਮਹੀਨਿਆਂ ਬਾਅਦ ਕਣਕ ਦੇ ਨਾਲ ਮਿਲਿਆ ਕਰੇਗੀ। ਇਸ ਮੌਕੇ ਅਜਨਾਲਾ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਅਮਿਤ ਔਲ, ਸੁੱਖ ਨਿੱਜਰ, ਅਜੇ ਕੁਮਾਰ, ਐਡਵੋਕੇਟ ਸੰਦੀਪ ਕੌਸ਼ਲ, ਬੱਬੂ ਮਹਾਜਨ, ਰਾਜਬੀਰ ਕੌਰ ਚਾਹਲ, ਕੌਂਸਲਰ ਮਸੀਹ, ਅਮਿਤਪੁਰੀ, ਗੋਰਾ ਸੱਗੂ ਅਤੇ ਡਿੱਪੂ ਹੋਲਡਰ ਪਰਮਜੀਤ ਕੌਰ, ਤਜਿੰਦਰ ਸਿੰਘ ਸੋਨੂ ਚੱਕੀ ਵਾਲੇ, ਪਰਮਜੀਤ ਸਿੰਘ, ਹਰਮੀਤ ਸਿੰਘ ਸੰਧੂ ਆਦਿ ਹਾਜ਼ਰ ਸਨ।

ਤਰੁਣ ਚੁੱਘ ਨੇ ਸ੍ਰੀ ਜਗਨਨਾਥ ਰੱਥ ਯਾਤਰਾ 'ਚ ਲਿਆ ਹਿੱਸਾ

ਛੇਹਰਟਾ/ਪੁਰੀ, (ਮਨੋਜ ਕੁਮਾਰ) : ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਤਰੁਣ ਚੁੱਘ ਨੇ ਆਪਣੀ ਮਾਤਾ ਕਵਿਤਾ ਚੁੱਘ ਨਾਲ ਉੜੀਸਾ ਦੇ ਪਵਿੱਤਰ ਸ਼ਹਿਰ ਪੁਰੀ ਵਿਚ ਵਿਸ਼ਵ ਪ੍ਰਸਿੱਧ ਸ੍ਰੀ ਜਗਨਨਾਥ ਰੱਥ ਯਾਤਰਾ ਵਿਚ ਹਿੱਸਾ ਲਿਆ ਅਤੇ ਭਗਵਾਨ ਸ੍ਰੀ ਜਗਨਨਾਥ, ਭਗਵਾਨ ਬਲਭੱਦਰ ਜੀ ਤੇ ਮਾਤਾ ਸੁਭੱਦਰਾ ਦੇ ਦਰਸ਼ਨ ਕਰਕੇ ਦੇਸ਼ ਦੀ ਵਿਕਾਸ, ਖੁਸ਼ਹਾਲੀ ਤੇ ਤਰੱਕੀ ਲਈ ਪ੍ਰਾਰਥਨਾ ਕੀਤੀ।

ਚੁੱਘ ਨੇ ਕਿਹਾ ਕਿ ਸ੍ਰੀ ਜਗਨਨਾਥ ਰੱਥ ਯਾਤਰਾ ਸਿਰਫ਼ ਧਾਰਮਿਕ ਸਮਾਗਮ ਨਹੀਂ ਹੈ, ਸਗੋਂ ਭਾਰਤ ਦੀ ਸਦੀਵੀ ਪਰੰਪਰਾ, ਸੱਭਿਆਚਾਰਕ ਏਕਤਾ ਤੇ ਅਧਿਆਤਮਿਕ ਚੇਤਨਾ ਦਾ ਸ਼ਾਨਦਾਰ ਜਸ਼ਨ ਹੈ, ਜੋ ਲੱਖਾਂ ਸ਼ਰਧਾਲੂਆਂ ਨੂੰ ਸ਼ਰਧਾ ਤੇ ਰਾਸ਼ਟਰਵਾਦ ਦੇ ਸੂਤਰ ਵਿਚ ਜੋੜਦਾ ਹੈ। ਉਨ੍ਹਾਂ ਕਿਹਾ ਕਿ ਰੱਥ ਯਾਤਰਾ ਲਈ ਸ਼ਰਧਾਲੂਆਂ ਦਾ ਹੜ੍ਹ ਉਨ੍ਹਾਂ ਦੇ ਅਟੁੱਟ ਵਿਸ਼ਵਾਸ ਤੇ ਭਾਰਤ ਦੀ ਜੀਵੰਤ ਸੱਭਿਆਚਾਰਕ ਵਿਰਾਸਤ ਦੀ ਸ਼ਕਤੀ ਦਾ ਸ਼ਾਨਦਾਰ ਪ੍ਰਮਾਣ ਹੈ।

ਪੰਨੂ ਨੇ ਛਿਛਰੇਵਾਲ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)- ਹਲਕਾ ਫਤਿਹਗੜ੍ਹ ਚੂੜੀਆਂ ਦੇ ਪਿੰਡ ਛਿਛਰੇਵਾਲ ਕਲਾਂ ਵਿਖੇ ਲੋਕ ਮਿਲਣੀ ਦੌਰਾਨ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਨੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਜਲਦ ਹੱਲ ਲਈ ਸਬੰਧਿਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ।ਲੋਕਾਂ ਦੀਆਂ ਮੁਸ਼ਕਿਲਾਂ ਦਾ ਸਮੇਂ ਸਿਰ ਹੱਲ ਕਰਨਾ ਸਾਡੀ ਮੁੱਖ ਤਰਜੀਹ ਹੈ ਅਤੇ ਲੋਕ ਭਲਾਈ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਹੇਗਾ।ਇਸ ਮੌਕੇ ਸਰਪੰਚ

ਪ੍ਰਗਟ ਸਿੰਘ, ਸਰਪੰਚ ਸਚਿਨਦੀਪ ਸਿੰਘ, ਕੈਪਟਨ ਲਖਬੀਰ ਸਿੰਘ, ਬੰਟੀ ਮੈਂਬਰ ਪੰਚਾਇਤ, ਬਿਕਰਮ ਮੈਂਬਰ ਪੰਚਾਇਤ, ਸ਼ਿਮੂਅਲ ਮਸੀਹ ਮੈਂਬਰ ਪੰਚਾਇਤ, ਹੀਰਾ ਬਲਵਾਨ, ਕਰਨਜੀਤ ਸਿੰਘ, ਪਰਦੀਪ ਸਿੰਘ ਮੈਂਬਰ ਪੰਚਾਇਤ, ਸਸਪਾਲ ਸਿੰਘ, ਗਗਨਦੀਪ ਸਿੰਘ, ਬਿਕਰਮਜੀਤ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਰਹੇ।

ਸ਼ੈਰੀ ਕਲਸੀ ਨੇ ਹਰਸ਼ ਮਹਾਜਨ ਨੂੰ ਚੇਅਰਮੈਨੀ ਮਿਲਣ 'ਤੇ ਦਿੱਤੀ ਮੁਬਾਰਕਬਾਦ

ਬਟਾਲਾ, (ਡਾ. ਮਲਵਿੰਦਰ ਸਿੰਘ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਹਰਸ਼ ਮਹਾਜਨ ਨੂੰ ਖੱਤਰੀ ਅਰੋੜਾ ਵੈੱਲਫੇਅਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਮੁਬਾਰਕਬਾਦ ਦਿੱਤੀ ਹੈ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਹਮੇਸ਼ਾ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲਿਆਂ ਨੂੰ ਮਾਣ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਪਾਰਟੀ ਵਿੱਚ ਵੱਡੀ ਜ਼ਿੰਮੇਵਾਰੀ ਦੇ ਕੇ ਨਿਵਾਜਿਆ ਜਾਂਦਾ ਹੈ, ਜਿਸ ਦੇ ਚੱਲਦਿਆਂ ਪਾਰਟੀ ਵਲੋਂ ਵੱਖ-ਵੱਖ ਬੋਰਡਾਂ ਵਿੱਚ ਚੇਅਰਮੈਨ ਨਿਯੁਕਤ ਕੀਤੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਆਪ ਪਾਰਟੀ ਵੱਲੋਂ ਵਰਕਰਾਂ ਨੂੰ

ਪੂਰਾ ਮਾਣ ਦਿੱਤਾ ਜਾ ਰਿਹਾ ਹੈ ਤੇ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਅੰਦਰ ਪਾਰਟੀ ਨੂੰ ਗਰਾਊਂਡ ਪੱਧਰ 'ਤੇ ਮਜ਼ਬੂਤ ਕੀਤਾ ਗਿਆ ਹੈ।ਇਸ ਮੌਕੇ ਨਵ-ਨਿਯੁਕਤ ਚੇਅਰਮੈਨ ਹਰਸ਼ ਮਹਾਜਨ ਨੇ ਹਲਕਾ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਸਮੇਤ ਆਪ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਪੂਰੀ ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ।

ਖੇਡਾਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਦੀਆਂ : ਸਰਪੰਚ ਚੰਨਣਕੇ

ਤਰਸਿੱਕਾ, (ਤਰਸੇਮ ਸਿੰਘ ਸਧਾਰ)- ਪਿੰਡ ਚੰਨਣਕੇ ਦੀ ਫੁੱਟਬਾਲ ਗਰਾਊਂਡ ਵਿੱਚ ਇਨ੍ਹਾਂ ਦਿਨਾਂ ਵਿੱਚ ਖੇਡਾਂ ਪ੍ਰਤੀ ਨੌਜਵਾਨਾਂ ਅਤੇ ਬੱਚਿਆਂ ਦਾ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਹਰ ਰੋਜ਼ ਵੱਡੀ

ਗਿਣਤੀ ਵਿੱਚ ਛੋਟੇ ਬੱਚੇ ਅਤੇ ਨੌਜਵਾਨ ਅਭਿਆਸ ਕਰਦੇ ਨਜ਼ਰ ਆ ਰਹੇ ਹਨ।ਅਗਾਂਹਵਧੂ ਚੰਗੀ ਸੋਚ ਦੇ ਮਾਲਕ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਚੰਨਣਕੇ ਨੇ ਦੱਸਿਆ ਕਿ ਚੰਨਣਕੇ ਦੀ ਗਰਾਊਂਡ ਵਿੱਚ ਬੱਚਿਆਂ ਦੀਆਂ ਫੁੱਟਬਾਲ ਟੀਮਾਂ ਦੇ ਮੈਚ ਕਰਵਾਏ ਜਾਂਦੇ ਹਨ।ਕੋਚ ਜੁਗਰਾਜ ਸਿੰਘ ਸਿੰਘ ਚੰਨਣਕੇ ਵੱਲੋਂ ਬੱਚਿਆਂ ਨੂੰ ਫੁੱਟਬਾਲ ਦੀ ਖੇਡ ਦੀਆਂ ਬਰੀਕੀਆਂ ਸਿਖਾਈਆਂ ਜਾਂਦੀਆਂ ਹਨ।ਇਸ ਦੇ ਨਾਲ-ਨਾਲ ਸੀਨੀਅਰ ਖਿਡਾਰੀਆਂ ਵੱਲੋਂ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਸਤਿਕਾਰ ਕਰਨਾ, ਅਨੁਸ਼ਾਸਨ ਵਿੱਚ ਰਹਿ ਕੇ ਚੰਗਾ ਜੀਵਨ ਜਿਊਣ ਦੀ ਪ੍ਰੇਰਨਾ ਵੀ ਦਿੱਤੀ ਜਾਂਦੀ ਹੈ।ਕਲੱਬ ਦੇ ਪ੍ਰਧਾਨ ਰਵਿੰਦਰ ਸਿੰਘ ਬਾਵਾ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜ਼ਰੂਰ ਜੋੜਨ ਕਿਉਂਕਿ ਖੇਡਾਂ ਬੱਚਿਆਂ ਨੂੰ ਮੋਬਾਇਲ ਦੀ ਲਤ ਅਤੇ ਨਸ਼ਿਆਂ ਦੀ ਬੁਰੀ ਆਦਤ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਉਨ੍ਹਾਂ ਦੱਸਿਆ ਕਿ ਗਰਾਊਂਡ ਵਿੱਚ ਫੁੱਟਬਾਲ ਦੀ ਕੋਚਿੰਗ ਵੀ ਦਿੱਤੀ ਜਾਂਦੀ ਹੈ।ਇਸ ਮੌਕੇ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਨੇ ਕਿਹਾ ਕਿ ਸਾਡੇ ਹਰਮਨਪਿਆਰੇ ਨੇਤਾ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਸਾਨੂੰ ਬਹੁਤ ਸਹਿਯੋਗ ਦਿੱਤਾ ਹੈ। ਖਿਡਾਰੀਆਂ ਨੇ ਗਿੱਲ ਅਤੇ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਧੰਨਵਾਦ ਕੀਤਾ।

ਝੁੱਗੀਆਂ 'ਚ ਸ਼ਰੇਆਮ ਹੋ ਰਹੀ ਬਿਜਲੀ ਦੀ ਚੋਰੀ

ਬੁਤਾਲਾ (ਨਿਰਮਲ ਸਿੰਘ ਸੰਘਾ)- ਰਾਜਪੁਰ (ਬੁਤਾਲਾ) ਦੀ ਪੰਚਾਇਤੀ ਜ਼ਮੀਨ 'ਤੇ ਨਜਾਇਜ਼ ਤੌਰ 'ਤੇ ਬੈਠੇ ਝੁੱਗੀਆਂ ਵਾਲੇ ਸ਼ਰੇਆਮ ਦਿਨ ਦਿਹਾੜੇ ਟਰਾਂਸਫਾਰਮਰ ਤੋਂ ਸਿੱਧੀਆਂ ਕੁੰਡੀਆਂ ਲਗਾ

ਕੇ ਬਿਜਲੀ ਚੋਰੀ ਕਰ ਰਹੇ ਹਨ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਅਸੀਂ ਮੀਟਰ ਵੀ ਲਗਵਾਏ ਹੋਏ ਹਨ। ਬਿਜਲੀ ਮੁਲਾਜ਼ਮ ਸਾਡੀ ਚੈਕਿੰਗ ਕਰਦੇ ਹਨ ਕਿ ਤੁਸੀਂ ਬਿਜਲੀ ਚੋਰੀ ਤਾਂ ਨਹੀਂ ਕਰਦੇ, ਕਿਤੇ ਤੁਹਾਡੇ ਮੀਟਰ ਦੀ ਸੀਲ ਟੁੱਟੀ ਹੋਈ ਤਾਂ ਨਹੀਂ ਲੇਕਿਨ ਜੋ ਲੰਮੇ ਸਮੇਂ ਤੋਂ ਟ੍ਰਾਂਸਫਾਰਮਰ ਤੋਂ ਸਿੱਧੀਆਂ ਕੁੰਡੀਆਂ ਲਾ ਕੇ ਚੋਰੀ ਕਰਦੇ ਨੇ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਚੋਰੀ ਸਬੰਧੀ ਕਈ ਵਾਰ ਬਾਬਾ ਬਕਾਲਾ ਸਾਹਿਬ ਬਿਜਲੀ ਦਫਤਰ ਕਹਿ ਚੁੱਕੇ ਹਾਂ ਪਰ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਲੋਕਾਂ ਦਾ ਕਹਿਣਾ ਹੈ ਕਿ ਟ੍ਰਾਂਸਫਾਰਮਰ ਤੋਂ ਸਿੱਧੀਆਂ ਤਾਰਾਂ ਲਗਾਉਣ ਨਾਲ ਕਈ ਵਾਰ ਤਾਰਾਂ ਸੜ ਚੁੱਕੀਆਂ ਹਨ। ਪਿੰਡ ਵਾਸੀਆਂ ਦੀ ਮੰਗ ਹੈ ਕਿ ਟ੍ਰਾਂਸਫਾਰਮਰ ਤੋਂ ਕੁੰਡੀਆਂ ਲਗਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਫੂਡ ਸੇਫਟੀ ਵਿਭਾਗ ਨੇ ਖਾਣ ਵਾਲੀਆਂ ਵਸਤਾਂ ਤੇ ਫਾਸਟ ਫੂਡ ਦੇ ਸੈਂਪਲ ਭਰੇ

ਗੁਰਦਾਸਪੁਰ (ਦਿਨੇਸ਼ ਕੁਮਾਰ)- ਸਰਕਾਰ ਵੱਲੋਂ ਲੋਕਾਂ ਨੂੰ ਮਿਆਰੀ ਖਾਦ ਪਦਾਰਥ ਮੁਹੱਈਆ ਕਰਵਾਉਣ ਲਈ ਜਾ ਰਹੇ ਉਪਰਾਲੇ ਤਹਿਤ ਸਿਹਤ ਮੰਤਰੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਟਾਲਾ ਅਤੇ ਹਰਚੋਵਾਲ ਖੇਤਰ ਵਿੱਚ ਕਰਿਆਨਾ ਅਤੇ ਫਾਸਟ ਫੂਡ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ।ਸਿਹਤ ਵਿਭਾਗ ਗੁਰਦਾਸਪੁਰ ਦੀ ਫੂਡ ਸੇਫਟੀ ਟੀਮ ਵੱਲੋਂ ਅਸਿਸਟੈਂਟ ਕਮਿਸ਼ਨਰ ਫੂਡ ਡਾਕਟਰ ਜੀ. ਐੱਸ ਪੰਨੂ ਦੀ ਅਗਵਾਈ ਕੁੱਲ 9 ਸੈਂਪਲ ਭਰੇ ਗਏ।ਸਹਾਇਕ ਕਮਿਸ਼ਨਰ ਫੂਡ ਡਾਕਟਰ ਜੀ. ਐੱਸ ਪੰਨੂ ਨੇ ਦੱਸਿਆ ਕਿ ਲੋਕਾਂ ਨੂੰ ਮਿਆਰੀ ਖਾਦ ਪਦਾਰਥ ਮੁਹਇਆ ਕਰਵਾਉਣ

ਦੇ ਉਦੇਸ਼ ਨਾਲ ਵੱਖ-ਵੱਖ ਥਾਵਾਂ ਤੇ ਛਾਪਾਮਾਰੀ ਕੀਤੀ ਜਾ ਰਹੀ ਹੈ। ਫੂਡ ਸੇਫਟੀ ਅਫਸਰ ਰੇਖਾ ਸ਼ਰਮਾ ਦੇ ਨਾਲ ਬਟਾਲਾ ਅਤੇ ਹਰਚੋਵਾਲ ਖੇਤਰ ਵਿੱਚ ਕਰਿਆਨਾ ਅਤੇ ਫਾਸਟ ਫੂਡ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ।ਸਰ੍ਹੋਂ ਦੇ ਤੇਲ, ਦਾਲ, ਬਰਗਰ, ਨਿਊਡਲ, ਸਪਰਿੰਗ ਰੋਲ, ਚਟਣੀ ਆਦਿ ਦੇ ਕੁੱਲ 9 ਸੈਂਪਲ ਭਰੇ ਗਏ।ਸੈਂਪਲਾਂ ਨੂੰ ਚੈਕਿੰਗ ਲਈ ਲੈਬਾਰਟਰੀ ਵਿਖੇ ਭੇਜ ਦਿੱਤਾ ਗਿਆ ਹੈ।ਰਿਪੋਰਟ ਆਉਣ ਉਪਰੰਤ ਫੂਡ ਸੇਫਟੀ ਐਕਟ ਅਨੁਸਾਰ ਬੰਦੀ ਅਗਲੀ ਕਾਰਵਾਈ ਕੀਤੀ ਜਾਵੇਗੀ।

ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ 17-7-20 ਦੇ ਫੈਸਲੇ ਦੀਆਂ ਕਾਪੀਆਂ ਸਾੜੀਆਂ

ਧਾਰੀਵਾਲ (ਮਨਦੀਪ ਵਿੱਕੀ)- ਸਾਂਝਾ ਮੁਲਾਜ਼ਮ ਮੰਚ ਅਤੇ ਮੁਲਾਜ਼ਮ ਤੇ ਪੈਨਸ਼ਨਰ ਯੂਨੀਅਨ ਪੰਜਾਬ ਦੇ ਸੂਬਾਈ ਆਗੂਆਂ ਵੱਲੋਂ ਲਏ ਫੈਸਲੇ ਅਨੁਸਾਰ 17-07-2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੱਤਰ ਲਾਗੂ

ਕਰਕੇ ਮੁਲਾਜ਼ਮਾ ਨਾਲ ਵੱਡਾ ਧੱਕਾ ਕੀਤਾ ਜਾ ਰਿਹਾ,ਜਿਸ ਨਾਲ ਮੁਲਾਜ਼ਮ ਵਰਗ ਨੂੰ ਤਨਖਾਹਾਂ ਘੱਟ ਮਿਲ ਰਹੀਆਂ ਹਨ ਉਹਨਾਂ ਦੇ ਅਸੁਰੱਖਿਤ ਵਿੱਤੀ ਭਵਿੱਖ ਤੋਂ ਚਿੰਤਤ ਹੈ, ਇਸ ਸਬੰਧ ਵਿੱਚ ਜ਼ਿਲ੍ਹਾ ਕੋਆਰਡੀਨੇਸ਼ਨ ਕਮੇਟੀ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ 17-7-20 ਦੀਆਂ ਕਾਪੀਆਂ ਸਾੜੀਆਂ ਗਈਆਂ, ਤੇ ਵਿਰੋਧ ਵਿੱਚ ਕਾਲਾ ਦਿਨ ਮਨਾਇਆ ਗਿਆ ਜਿੱਥੇ ਭਾਰੀ ਗਿਣਤੀ ਵਿਚ ਮੁਲਾਜ਼ਮ ਅਤੇ ਪੈਨਸ਼ਨਰ ਦੇ ਆਗੂ ਰਘਬੀਰ ਸਿੰਘ ਬਡਵਾਲ, ਸੂਬਾ ਚੇਅਰਮੈਨ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ਼ ਯੂਨੀਅਨ, ਸੁਖਵਿੰਦਰ ਸਿੰਘ ਬਾਗੋਵਾਣੀ, ਕੁਲਦੀਪ ਪੂਰੋਵਾਲ ਸਾਵਨ ਸਿੰਘ ਗਿੱਲ, ਅਸ਼ਵਨੀ ਫੱਜੂਪੁਰ, ਸਰਬਜੀਤ ਸਿੰਘ ਮੁਲਤਾਨੀ, ਅਨਿਲ ਕੁਮਾਰ, ਲਖਵਿੰਦਰ ਸਿੰਘ ਗੁਰਾਇਆ, ਹਰਪਾਲ ਸਿੰਘ, ਲਖਵਿੰਦਰ ਸਿੰਘ ਪੰਨੂ, ਰਾਜ ਸੁਖਵਿੰਦਰ ਸਿੰਘ, ਸੁਖਵਿੰਦਰ ਸਿੰਘ ਖਹਿਰਾ, ਨਵਜੋਤ ਸਿੰਘ ਸਮੇਤ ਆਗੂਆਂ ਵੱਲੋਂ ਪੰਜਾਬ ਸਰਕਾਰ ਦੇ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ ਅਤੇ 7 ਅਗਸਤ ਨੂੰ ਚੰਡੀਗੜ੍ਹ ਵਿਖੇ ਰੱਖੀ ਗਈ ਮਹਾਂ ਰੈਲੀ ਦੀਆਂ ਤਿਆਰੀਆਂ ਲਈ ਆਪਣੇ ਸਾਥੀਆਂ ਨੂੰ ਲਾਮਬੰਦ ਕੀਤਾ ਗਿਆ।

ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ ਗੁਰਦਾਸਪੁਰ ਵਿਖੇ ਵਿਦਿਆਰਥੀਆਂ ਲਈ ਸੁਨਹਿਰੀ ਮੌਕਾ

ਗੁਰਦਾਸਪੁਰ, (ਜਨਕ ਮਹਾਜਨ)- ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ ਗੁਰਦਾਸਪੁਰ ਦੇ ਪ੍ਰਿੰਸੀਪਲ ਇੰਚਾਰਜ ਅਸ਼ਵਨੀ ਕਚਰੂ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਸੈਰ-ਸਪਾਟਾ ਮੰਤਰਾਲੇ ਦੁਆਰਾ ਆਈ. ਐੱਚ. ਐੱਮ. ਗੁਰਦਾਸਪੁਰ ਨੂੰ ਭਾਰਤ ਵਿਚ ਹੋਟਲ ਪ੍ਰਬੰਧਨ ਦੇ ਸਿਖਰਲੇ ਦਸ ਸੰਸਥਾਨਾਂ ਵਿੱਚੋਂ ਲਗਾਤਾਰ ਦਰਜਾ ਦਿੱਤਾ ਜਾਂਦਾ ਹੈ। ਲਗਭਗ 14 ਏਕੜ ਵਿਚ ਫੈਲਿਆ ਇਹ ਸੰਸਥਾ

ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਪ੍ਰਦਾਨ ਕਰਦੀ ਹੈ, ਜਿਸ ਵਿਚ ਅਤਿ-ਆਧੁਨਿਕ ਪ੍ਰੈਕਟੀਕਲ ਪ੍ਰਯੋਗਸ਼ਾਲਾਵਾਂ, ਆਧੁਨਿਕ ਕਲਾਸਰੂਮ, ਇੱਕ ਕੰਪਿਊਟਰ ਲੈਬ, ਅਤੇ ਇੱਕ ਚੰਗੀ ਤਰ੍ਹਾਂ ਭੰਡਾਰਿਤ ਲਾਇਬ੍ਰੇਰੀ, ਮੁੰਡਿਆਂ ਅਤੇ ਕੁੜੀਆਂ ਲਈ ਵੱਖਰੇ ਹੋਸਟਲ, ਫਿਟਨੈਸ ਜਿਮ, ਖੇਡ ਸਟੇਡੀਅਮ, ਇਕ ਸ਼ਾਂਤ, ਵਾਤਾਵਰਣ-ਅਨੁਕੂਲ ਕੈਂਪਸ ਵਿੱਚ ਇਕ ਆਡੀਟੋਰੀਅਮ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਤਿੰਨ ਸਾਲਾ ਬੈਚਲਰ ਆਫ਼ ਸਾਇੰਸ (ਬੀ.ਐੱਸ.ਸੀ.) ਇਨ ਹੋਸਪਿਟੈਲਿਟੀ ਐਂਡ ਹੋਟਲ ਐਡਮਿਨਿਸਟਰੇਸ਼ਨ, ਨੈਸ਼ਨਲ ਕੌਂਸਲ ਫਾਰ ਹੋਟਲ ਮੈਨੇਜਮੈਂਟ ਐਂਡ ਕੈਟਰਿੰਗ ਟੈਕਨਾਲੋਜੀ (ਐੱਨ.ਸੀ.ਐੱਚ.ਸੀ.ਟੀ.) ਨੋਇਡਾ ਦੁਆਰਾ ਪੇਸ਼ ਕੀਤਾ ਜਾਂਦਾ ਹੈ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.), ਨਵੀਂ ਦਿੱਲੀ ਦੇ ਅਕਾਦਮਿਕ ਸਹਿਯੋਗ ਨਾਲ ਪ੍ਰਦਾਨ ਕੀਤਾ ਜਾਂਦਾ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਹੋਸਪਿਟੈਲਿਟੀ ਇੰਡਸਟਰੀ ਵਿਚ ਐਂਟਰੀ/ਨਿਗਰਾਨੀ ਅਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਲੋੜੀਂਦੇ ਗਿਆਨ, ਹੁਨਰ ਅਤੇ ਪੇਸ਼ੇਵਰ ਰਵੱਈਏ ਨਾਲ ਲੈਸ ਕਰਦਾ ਹੈ। ਪ੍ਰਿੰਸੀਪਲ ਇੰਚਾਰਜ ਅਸ਼ਵਨੀ ਕਚਰੂ ਨੇ ਦੱਸਿਆ ਕਿ ਚਾਹਵਾਨ ਉਮੀਦਵਾਰ 27 ਜੁਲਾਈ 2026 ਤੱਕ ਦਾਖਲੇ ਲਈ ਅਰਜ਼ੀ ਦੇ ਸਕਦੇ ਹਨ। ਕਿਸੇ ਵੀ ਸਟਰੀਮ ਵਿੱਚ 10+2 ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰ ਅਰਜ਼ੀ ਦੇਣ ਦੇ ਯੋਗ ਹਨ। ਦਾਖਲੇ ਲਈ ਕੋਈ ਉਪਰਲੀ ਉਮਰ ਸੀਮਾ ਨਹੀਂ ਹੈ।

ਐੱਸ. ਆਈ. ਆਰ. ਮੁਹਿੰਮ ਦੀ ਸਫਲਤਾ ਲਈ ਚੋਣ ਅਧਿਕਾਰੀ ਸਖ਼ਤ ਮਿਹਨਤ ਕਰ ਰਹੇ : ਹੇਮੰਤ ਪਿੰਕੀ

ਛੇਹਰਟਾ, (ਮਨੋਜ ਕੁਮਾਰ) : ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ.ਆਈ.ਆਰ.)-ਮੁਹਿੰਮ ਤਹਿਤ ਚੋਣ ਕਮਿਸ਼ਨ ਵੋਟਰ ਸੂਚੀ ਨੂੰ ਹੋਰ ਸਟੀਕ, ਪਾਰਦਰਸ਼ੀ ਤੇ ਤਰੁੱਟੀਹੀਨ ਬਣਾਉਣ ਦੇ ਉਦੇਸ਼ ਨਾਲ



ਦਸਤਾਵੇਜ਼ਾਂ ਦੀ ਤਸਦੀਕ ਕਰਨ ਲਈ ਘਰ-ਘਰ ਜਾ ਰਿਹਾ ਹੈ। ਇਸ ਲੜੀ ਤਹਿਤ ਬੂਥ ਲੈਵਲ ਅਫਸਰਾਂ (ਬੀਐੱਲਓਜ਼) ਨੇ ਭਾਜਪਾ ਦੇ ਸਾਬਕਾ ਸੂਬਾ ਕਾਰਜਕਾਰੀ ਮੈਂਬਰ ਤੇ ਮੀਡੀਆ ਪੈਨਲਿਸਟ ਹੇਮੰਤ ਪਿੰਕੀ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਕਾਲਜ ਆਫ ਨਰਸਿੰਗ ਦੇ ਨੇੜੇ ਸੰਤ ਵਿਹਾਰ, ਝਬਾਲ ਰੋਡ ਵਿਚ ਸਥਿਤ ਨਿਵਾਸ ਸਥਾਨ ਦਾ ਵੀ ਦੌਰਾ ਕੀਤਾ ਅਤੇ ਜ਼ਰੂਰੀ ਦਸਤਾਵੇਜ਼ਾਂ ਦੀ ਤਸਦੀਕ ਕੀਤੀ। ਚੋਣ ਕਮਿਸ਼ਨ ਦੀ ਇਸ ਮਹੱਤਵਪੂਰਨ ਮੁਹਿੰਮ ਦੀ ਪ੍ਰਸ਼ੰਸਾ ਕਰਦੇ ਹੋਏ ਹੇਮੰਤ ਪਿੰਕੀ ਨੇ ਕਿਹਾ ਕਿ ਚੋਣ ਅਧਿਕਾਰੀ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਪੂਰੀ ਲਗਨ, ਵਚਨਬੱਧਤਾ ਤੇ ਪੂਰੇ ਦਿਲ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਵੋਟਰ ਸੂਚੀ ਵਿਚ ਹਰੇਕ ਯੋਗ ਨਾਗਰਿਕ ਦਾ ਨਾਂਅ ਸਹੀ ਢੰਗ ਨਾਲ ਦਰਜ ਹੋਣਾ ਯਕੀਨੀ ਬਣਾਉਣਾ ਜ਼ਰੂਰੀ ਹੈ। ਐੱਸ. ਆਈ. ਆਰ. ਵੋਟਰ ਸੂਚੀ ਨੂੰ ਹੋਰ ਭਰੋਸੇਮੰਦ ਤੇ ਗਲਤੀ-ਮੁਕਤ ਬਣਾਉਣ ਵੱਲ ਮਹੱਤਵਪੂਰਨ ਕਦਮ ਹੈ। ਹੇਮੰਤ ਪਿੰਕੀ ਨੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਬੀਐੱਲਓਜ਼ ਘਰ ਆਉਣ ਤਾਂ ਉਨ੍ਹਾਂ ਨਾਲ ਪੂਰਾ ਸਹਿਯੋਗ ਕਰਨ, ਜ਼ਰੂਰੀ ਦਸਤਾਵੇਜ਼ ਪ੍ਰਦਾਨ ਕਰਨ ਤੇ ਤਸਦੀਕ ਪ੍ਰਕਿਰਿਆ ਨੂੰ ਸਮੇਂ ਸਿਰ ਪੂਰਾ ਕਰਨ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਜਨਤਾ ਦੇ ਸਹਿਯੋਗ ਤੇ ਚੋਣ ਅਧਿਕਾਰੀਆਂ ਦੀ ਸਖ਼ਤ ਮਿਹਨਤ ਨਾਲ ਇਹ ਮੁਹਿੰਮ ਪੂਰੀ ਤਰ੍ਹਾਂ ਸਫਲ ਹੋਵੇਗੀ ਅਤੇ ਲੋਕਤੰਤਰੀ ਪ੍ਰਣਾਲੀ ਹੋਰ ਵੀ ਮਜ਼ਬੂਤ ਹੋਵੇਗੀ।

ਬੀ.ਐੱਡ. ਦੀ ਪ੍ਰਵੇਸ਼ ਪ੍ਰੀਖਿਆ 'ਚ ਦਾਖਲੇ ਦੀ ਅੰਤਿਮ ਮਿਤੀ ਭਲਕ ਤੱਕ

ਧਾਰੀਵਾਲ (ਮਨਦੀਪ ਵਿੱਕੀ)- ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਧਾਰੀਵਾਲ ਵਿਖੇ ਬੀ.ਐੱਡ ਅਤੇ ਈ.ਟੀ.ਟੀ (ਡੀ.ਐੱਲ.ਐੱਡ) ਦੇ ਸੈਸ਼ਨ 2026-27 ਲਈ ਰਜਿਸਟਰੇਸ਼ਨ ਜਾਰੀ

ਹੈ। ਬੀ.ਐੱਡ. ਦੀ ਪ੍ਰਵੇਸ਼ ਪ੍ਰੀਖਿਆ ਲਈ ਰਜਿਸਟਰੇਸ਼ਨ ਦੀ ਆਖਰੀ ਮਿਤੀ 20 ਜੁਲਾਈ ਹੈ ਅਤੇ ਪ੍ਰੀਖਿਆ ਦੀ ਮਿਤੀ 2 ਅਗਸਤ ਹੈ। ਵਿਦਿਆਰਥੀਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ, ਧਾਰੀਵਾਲ ਵਿੱਚ ਦਾਖਲੇ ਲਈ ਕਾਫੀ ਉਤਸ਼ਾਹ ਦੇਖਿਆ ਗਿਆ ਹੈ। ਜੀ. ਟੀ. ਰੋਡ ਮੇਨ ਸੜਕ ਉਪਰ ਸਥਿਤ ਹੋਣ ਕਾਰਨ ਅਤੇ ਆਵਾਜਾਈ ਦੀਆਂ ਸਾਰੀਆਂ ਸਹੂਲਤਾਂ ਪੱਖੋਂ ਸਮਰੱਥ ਹੋਣ ਕਰਕੇ ਕਾਲਜ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ।ਕਾਲਜ ਚੇਅਰਮੈਨ ਸਰਦਾਰ ਅਮਰਜੀਤ ਸਿੰਘ ਚਾਹਲ ਨੇ ਦੱਸਿਆ ਕਿ ਕਾਲਜ ਵਿੱਚ ਬੀ.ਐੱਡ. ਅਤੇ ਡੀ.ਐੱਲ.ਐੱਡ. ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਭ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਜਿਵੇਂ ਕਿ ਸਾਇੰਸ ਲੈਬ, ਮੈਥ ਲੈਬ, ਸਾਈਕੋਲੋਜੀ ਲੈਬ, ਆਰਟ ਲੈਬ, ਸਪੋਰਟਸ ਕਲੱਬ ਆਦਿ। ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਪੱਖੋਂ ਮਦਦ ਵੀ ਕੀਤੀ ਜਾਂਦੀ ਹੈ ਬੀ.ਐੱਡ. ਵਿੱਚ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਅਤੇ ਡੀ. ਐੱਲ. ਐੱਡ ਸਬੰਧੀ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲਈ ਸਹਾਇਤਾ ਨੰਬਰ 8437069000 ਤੇ ਸੰਪਰਕ ਕਰ ਸਕਦੇ ਹਨ।

ਸਮਾਜ ਸੇਵੀਆਂ ਨੇ ਲੋੜਵੰਦ ਪਰਿਵਾਰ ਦੀ ਕੀਤੀ ਮਦਦ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਬੀਤੇ ਦਿਨੀਂ ਕੈਪਟਨ ਮਹਿਲ ਸਿੰਘ ਦੀ ਗਲੀ ਠਠਿਆਰਾ ਬਾਜ਼ਾਰ ਜੰਡਿਆਲਾ ਗੁਰੂ ਵਿਖੇ ਇਕ ਦਿਹਾੜੀਦਾਰ ਮੋਂਟੂ ਪੁੱਤਰ ਸੁਰਿੰਦਰ ਕੁਮਾਰ ਦੇ ਘਰ ਦੇ ਇੱਕੋ ਇਕ

ਕਮਰੇ ਦੀ ਬਾਲਿਆਂ ਦੀ ਛੱਤ ਡਿੱਗ ਗਈ ਸੀ।ਮੋਂਟੂ ਦਾ 6 ਸਾਲਾ ਪੁੱਤਰ ਵੀ ਪੀਲੀਆ ਅਤੇ ਕਿਡਨੀ ਦੀ ਬਿਮਾਰੀ ਤੋਂ ਪੀੜਤ ਦੱਸਿਆ ਜਾ ਰਿਹਾ ਹੈ ਜਿਸਦਾ ਸਰਕਾਰੀ ਮਾਨਾਵਾਲਾ ਹਸਪਤਾਲ ਇਲਾਜ ਚੱਲ ਰਿਹਾ।ਪੀੜਤ ਵਿਅਕਤੀ ਵੱਲੋਂ ਮੀਡੀਆ ਰਾਹੀਂ ਸਮਾਜ ਸੇਵੀ ਸੰਸਥਾਵਾਂ, ਪੰਜਾਬ ਸਰਕਾਰ ਅਤੇ ਦਾਨੀ ਸੱਜਣਾਂ ਕੋਲੋਂ ਮਦਦ ਦੀ ਗੁਹਾਰ ਲਗਾਈ ਗਈ ਸੀ।ਸੋਸ਼ਲ ਮੀਡੀਆ ਰਾਹੀਂ ਖ਼ਬਰ ਵਾਇਰਲ ਹੋਣ ਤੋਂ ਬਾਅਦ ਸਮਾਜ ਸੇਵੀ ਇੰਦਰਜੀਤ ਮਹਿਤਾ ਅਤੇ ਸੁਭਾਸ਼ ਸੂਰੀ ਵੱਲੋਂ ਆਪਣੀ ਕਿਰਤ ਕਮਾਈ 'ਚੋਂ ਲੋੜਵੰਦ ਪਰਿਵਾਰ ਦੀ ਆਰਥਿਕ ਸਹਾਇਤਾ ਕੀਤੀ ਗਈ ।ਇਸ ਦੌਰਾਨ ਇੰਦਰਜੀਤ ਮਹਿਤਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਕੁਦਰਤ ਦੀ ਮਾਰ ਹੇਠ ਆਏ ਅਜਿਹੇ ਲੋੜਵੰਦ ਗਰੀਬ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ।ਪੀੜਤ ਮੋਂਟੂ ਨੇ ਦੱਸਿਆ ਕਿ ਨਗਰ ਕੌਂਸਲ ਚੋਣਾਂ ਦੌਰਾਨ ਵੋਟਰਾਂ ਨੂੰ ਸਿਰ 'ਤੇ ਬਿਠਾਉਣ ਵਾਲੇ ਕਿਸੇ ਵੀ ਉਮੀਦਵਾਰ ਨੇ ਉਨ੍ਹਾਂ ਦੀ ਸਾਰ ਨਹੀਂ ਲਈ।ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਦਾਨੀ ਸੱਜਣਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀ ਥੋੜੀ ਹੋਰ ਮਦਦ ਕੀਤੀ ਜਾਵੇ ਤਾਂ ਜੋ ਉਹ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਆਪਣੀ ਛੱਤ ਠੀਕ ਕਰਵਾ ਸਕਣ ਕਿਉਂਕਿ ਬਾਰਿਸ਼ ਦੌਰਾਨ ਇਕੋ ਇਕ ਕਮਰਾ ਹੋਣ ਕਰਕੇ ਉਨ੍ਹਾਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ।

5% ਤੋਂ ਵੱਧ ਵਸੂਲੀ ਗਈ ਫੀਸ ਦੀ ਰਕਮ ਮਾਪਿਆਂ ਨੂੰ ਵਾਪਸ ਦਿਵਾਉਣ ਦੀ ਗੁਹਾਰ

ਵੇਰਕਾ (ਰਾਣਾ)- ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਲ (ਸੋਧ) ਆਰਡੀਨੈਂਸ 2026 ਦਾ ਸਵਾਗਤ ਕਰਦੇ ਹੋਏ ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ ਅਤੇ ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ ਨੇ ਇਸ ਫੈਸਲੇ ਨੂੰ ਮਾਪਿਆਂ, ਵਿਦਿਆਰਥੀਆਂ ਅਤੇ ਸਿੱਖਿਆ ਪ੍ਰਣਾਲੀ ਦੇ ਹਿੱਤ 'ਚ ਇੱਕ ਅਤਿਅੰਤ ਸਲਾਹੁਣਯੋਗ ਅਤੇ ਲੋਕ-ਪੱਖੀ ਫੈਸਲਾ ਦੱਸਿਆ ਹੈ।ਇਨ੍ਹਾਂ ਆਗੂਆਂ ਨੇ ਆਖਿਆ ਕਿ ਰਾਜ ਸਰਕਾਰ ਨੇ ਪ੍ਰਾਈਵੇਟ ਸਕੂਲਾਂ ਵੱਲੋਂ ਆਪਣੀ ਮਨਮਰਜ਼ੀ ਨਾਲ ਫੀਸਾਂ 'ਚ ਕੀਤੇ ਜਾਂਦੇ ਚੋਖੇ ਵਾਧੇ ਤੇ ਸਖਤ ਰੋਕ ਲਗਾ ਕੇ ਲੱਖਾਂ ਹੀ ਪਰਿਵਾਰਾਂ ਨੂੰ ਵੱਡੀ ਰਾਹਤ ਪਹੁੰਚਾਈ ਹੈ।ਇਸ ਸਬੰਧੀ ਉਪਰੋਕਤ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਨੇ ਸਰਕਾਰ ਵੱਲੋਂ ਕੀਤੀ ਗਈ ਉਕਤ ਸੋਧ 2026 ਅਨੁਸਾਰ 5 ਫੀਸਦੀ ਤੋਂ ਵੱਧ ਫੀਸ ਜਿਹੜੇ-ਜਿਹੜੇ ਪ੍ਰਾਈਵੇਟ ਸਕੂਲਾਂ ਨੇ ਪਿਛਲੇ 3 ਸਾਲਾਂ ਤੋਂ ਵਿਦਿਆਰਥੀਆਂ ਦੇ ਮਾਪਿਆਂ ਪਾਸੋਂ ਵਸੂਲੀ ਹੈ ਉਨ੍ਹਾਂ ਸਕੂਲਾਂ ਵੱਲੋਂ ਵਸੂਲੀ ਗਈ ਵਾਧੂ ਰਕਮ ਵਾਪਸ ਮਾਪਿਆਂ ਨੂੰ ਕਰਵਾਉਣ ਦੀ ਸ਼ਖਤ ਗੁਹਾਰ ਲਗਾਈ ਹੈ।

ਬੀਕੇਯੂ ਕਰਾਂਤੀਕਾਰੀ ਪੰਜਾਬ ਨੇ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਿਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਪੰਜਾਬ ਬਲਾਕ ਸ੍ਰੀ ਹਰਗੋਬਿੰਦਪੁਰ ਕਾਦੀਆਂ ਵੱਲੋਂ ਅੱਡਾ ਮਠੋਲਾ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ

ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ।ਵੱਖ-ਵੱਖ ਪਿੰਡਾਂ ਤੋਂ ਇਕੱਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਿਲਾ ਕਮੇਟੀ ਦੇ ਸੀਨੀਅਰ ਆਗੂ ਮਾਸਟਰ ਜਗੀਰ ਸਿੰਘ ਅਤੇਪੁਰ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਲੰਧਰ ਵਿਚ ਅੰਮ੍ਰਿਤ ਭਾਰਤ ਰੇਲਵੇ ਦਾ ਉਦਘਾਟਨ ਕਰਨ ਲਈ ਆ ਰਹੇ ਹਨ ਪਰ ਮਜ਼ਦੂਰ ਮੋਰਚਾ ਪੰਜਾਬ ਭਰ ਵਿੱਚ ਉਨ੍ਹਾਂ ਦੇ ਪੁਤਲੇ ਸਾੜਨ ਤੇ ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤੇ ਨੂੰ ਰੱਦ ਕਰਨ ਦੀ ਮੰਗ ਕਰ ਰਿਹਾ ਹੈ।ਇਸ ਦੇ ਨਾਲ ਹੀ ਸਾਰੀਆਂ ਫਸਲਾਂ 'ਤੇ ਸੀ ਟੂ ਪਲੱਸ ਫਿਫਟੀ ਪ੍ਰਤੀਸ਼ਤ ਨਾਲ ਘੱਟੋ-ਘੱਟ ਸਮਰਥਨ ਮੁੱਲ ਅਤੇ ਕਿਸਾਨ ਮੋਰਚਿਆਂ ਦੌਰਾਨ ਕਿਸਾਨਾਂ 'ਤੇ ਦਰਜ ਕੇਸ ਵਾਪਸ ਲੈ ਕੇ ਕਿਸਾਨੀ ਮੰਗਾਂ ਪੂਰੀਆਂ ਕਰਨ ਦੀ ਵੀ ਮੰਗ ਕੀਤੀ ਜਾ ਰਹੀ ਹੈ।ਡਾ. ਅਸ਼ੋਕ ਭਾਰਤੀ ਨੇ ਦੱਸਿਆ ਕਿ ਭਾਰਤ ਵਿੱਚ ਸਭ ਕਿਸਮ ਦੇ ਅਦਾਰਿਆਂ ਦੀ ਮਰਿਯਾਦਾ ਉਲੰਘ ਕੇ ਉਨ੍ਹਾਂ 'ਤੇ ਫਿਰਕੂ ਸੋਚ ਦੇ ਤਹਿਤ ਆਰ ਐੱਸ ਐੱਸ ਦੇ ਹਿੰਦੂਤਵੀ ਏਜੰਡੇ ਨੂੰ ਲਾਗੂ ਕੀਤਾ ਜਾ ਰਿਹਾ ਹੈ।ਇਸ ਮੌਕੇ ਜੁਗਿੰਦਰ ਸਿੰਘ ਮਠੋਲਾ, ਕਸ਼ਮੀਰ ਸਿੰਘ ਮਠੋਲਾ, ਮਹਿੰਦਰ ਸਿੰਘ ਚੀਮਾ ਖੁੱਡੀ ਜ਼ਿਲ੍ਹਾ ਕਮੇਟੀ ਮੈਂਬਰ, ਸਰਦੂਲ ਸਿੰਘ ਚੀਮਾ ਖੁੱਡੀ, ਜਰਨੈਲ ਸਿੰਘ ਭਰਥ, ਹਰਬੰਸ ਸਿੰਘ ਭਰਥ, ਕੁਲਵਿੰਦਰ ਸਿੰਘ ਬਸਰਾਵਾਂ, ਸੁਖਦੇਵ ਸਿੰਘ ਭਗਤੂਪੁਰ, ਤਰਸੇਮ ਸਿੰਘ ਚੀਮਾ ਖੁੱਡੀ, ਚੈਂਚਲ ਸਿੰਘ ਚੀਮਾ ਖੁੱਡੀ, ਕਸ਼ਮੀਰ ਸਿੰਘ ਮਠੋਲਾ, ਜਸਬੀਰ ਸਿੰਘ ਬਸਰਾਵਾਂ, ਅਜੀਤ ਸਿੰਘ ਮਠੋਲਾ, ਪਿਆਰਾ ਸਿੰਘ ਮਠੋਲਾ ਆਦਿ ਹਾਜ਼ਰ ਸਨ।

ਮਾਸਟਰ ਕੇਡਰ ਯੂਨੀਅਨ ਦੀ ਡਾਇਰੈਕਟਰ ਸਕੂਲ ਸਿੱਖਿਆ ਨਾਲ ਅਹਿਮ ਮੀਟਿੰਗ

ਪਠਾਨਕੋਟ (ਦਵਿੰਦਰ ਸਿੰਘ)- ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਰਾਜ ਪੱਧਰੀ ਪ੍ਰਤੀਨਿਧੀ ਮੰਡਲ ਨੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ ਸਚਿਵ ਸਿੰਘ ਬੱਲ ਨਾਲ ਅਹਿਮ ਮੀਟਿੰਗ ਕੀਤੀ।ਸੁਖਾਵੇਂ ਮਾਹੌਲ ਵਿੱਚ ਹੋਈ ਇਸ ਮੀਟਿੰਗ ਦੌਰਾਨ ਮਾਸਟਰ ਕੇਡਰ ਸਮੇਤ ਹੋਰ ਕੇਡਰਾਂ ਨਾਲ ਸੰਬੰਧਿਤ ਪ੍ਰਸ਼ਾਸਨਿਕ, ਵਿਭਾਗੀ ਅਤੇ ਵਿੱਤੀ ਮਸਲਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।ਡਾਇਰੈਕਟਰ ਨੇ ਯੂਨੀਅਨ ਦੀਆਂ ਸਾਰੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਕਈ ਮਾਮਲਿਆਂ ਦੇ ਜਲਦ ਹੱਲ ਦਾ ਭਰੋਸਾ ਦਿੱਤਾ।ਮੀਟਿੰਗ ਵਿੱਚ ਅੰਤਰ-ਜ਼ਿਲ੍ਹਾ ਤਬਾਦਲਿਆਂ ਦੇ ਪਹਿਲੇ ਪੜਾਅ ਤੋਂ ਬਾਅਦ 25 ਜੁਲਾਈ ਤੱਕ ਆਪਸੀ (ਮਿਉਚੁਅਲ), ਜ਼ਿਲ੍ਹਾ ਅੰਦਰ ਅਤੇ ਅੰਤਰ-ਜ਼ਿਲ੍ਹਾ ਤਬਾਦਲਿਆਂ ਲਈ ਵਿਸ਼ੇਸ਼ ਮੌਕਾ ਦੇਣ ਤੇ ਸਹਿਮਤੀ ਬਣੀ।ਇਸ ਦੇ ਨਾਲ ਹੀ ਸਕੂਲ ਆਫ ਐਮੀਨੈਂਸ (ਐੱਸ. ਓ. ਈ.) ਵਿੱਚ ਤਬਾਦਲੇ ਕੇਵਲ ਅਧਿਆਪਕਾਂ ਦੀ ਸਵੈ-

ਇੱਛਕ ਸਹਿਮਤੀ ਦੇ ਆਧਾਰ ਤੇ ਹੀ ਕਰਨ ਦੇ ਫ਼ੈਸਲੇ ਨੂੰ ਦੁਹਰਾਇਆ ਗਿਆ।ਅੱਠਵੀਂ ਜਮਾਤ ਦੀ ਬੋਰਡ ਪ੍ਰੀਖਿਆ ਲਈ ਸੈਲਫ਼ ਸੈਂਟਰ ਬਣਾਉਣ ਦੀ ਯੂਨੀਅਨ ਦੀ ਮੰਗ ਨੂੰ ਵੀ ਸਕਾਰਾਤਮਕ ਹੁੰਗਾਰਾ ਮਿਲਿਆ।ਇਸ ਤੋਂ ਇਲਾਵਾ ਸਾਲ 2025 ਵਿੱਚ ਮਾਸਟਰ ਕੇਡਰ ਤੋਂ ਲੈਕਚਰਾਰ ਦੇ ਅਹੁਦੇ ਤੇ ਤਰੱਕੀ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਦੀ ਪ੍ਰੋਬੇਸ਼ਨ ਮਿਆਦ ਜ਼ਿਲ੍ਹਾ ਸਿੱਖਿਆ ਅਫ਼ਸਰ (ਡੀਈਓ) ਦਫ਼ਤਰ ਵਿੱਚ ਜੁਆਇਨਿੰਗ ਦੀ ਤਾਰੀਖ ਤੋਂ ਹੀ ਗਿਣੀ ਜਾਵੇਗੀ। ਇਸ ਸਬੰਧੀ ਸਪੱਸ਼ਟਤਾ ਵੀ ਦਿੱਤੀ ਗਈ।ਮੀਟਿੰਗ ਵਿੱਚ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਲੈਕਚਰਾਰ ਤੋਂ ਪ੍ਰਿੰਸੀਪਲ ਅਤੇ ਮਾਸਟਰ ਤੋਂ ਹੈੱਡਮਾਸਟਰ ਦੀਆਂ ਤਰੱਕੀਆਂ ਲਈ ਅਗਲੇ 15 ਦਿਨਾਂ

● ਤਬਾਦਲਿਆਂ-ਤਰੱਕੀਆਂ ਸਮੇਤ ਕਈ ਮੰਗਾਂ 'ਤੇ ਬਣੀ ਸਹਿਮਤੀ

ਵਿੱਚ ਡੀਪੀਸੀ ਕਰਕੇ ਅਗਸਤ ਮਹੀਨੇ ਵਿੱਚ ਹੁਕਮ ਜਾਰੀ ਕੀਤੇ ਜਾਣਗੇ।ਇਸ ਦੇ ਨਾਲ ਹੀ ਪ੍ਰਾਇਮਰੀ ਤੋਂ ਮਾਸਟਰ, ਮਾਸਟਰ ਤੋਂ ਲੈਕਚਰਾਰ ਅਤੇ ਨਾਨ-ਟੀਚਿੰਗ ਤੋਂ ਮਾਸਟਰ ਕੇਡਰ ਦੀਆਂ ਤਰੱਕੀਆਂ ਲਈ ਨਵਾਂ ਨੋਟਿਸ ਵੀ ਜਲਦ ਜਾਰੀ ਕੀਤਾ ਜਾਵੇਗਾ।ਯੂਨੀਅਨ ਨੇ ਤਬਾਦਲਿਆਂ ਤੋਂ ਬਾਅਦ 50 ਫ਼ੀਸਦੀ ਸਟਾਫ਼ ਦੀ ਹਾਜ਼ਰੀ ਵਾਲੀ ਸ਼ਰਤ ਵਿੱਚ ਸੋਧ ਦੀ ਮੰਗ ਵੀ ਰੱਖੀ, ਜਿਸ ਤੇ ਵਿਭਾਗ ਨੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਭਰੋਸਾ ਦਿੱਤਾ। ਅਧਿਆਪਕਾਂ ਨੂੰ ਰੋਜ਼ਾਨਾ ਬੇਲੋੜੀਆਂ ਰਿਪੋਰਟਾਂ ਅਤੇ ਡਾਕ ਭੇਜਣ ਤੋਂ ਰਾਹਤ ਦੇਣ ਲਈ ਨਵਾਂ ਐੱਮ. ਆਈ. ਐੱਸ. ਪੋਰਟਲ ਤਿਆਰ ਕੀਤੇ ਜਾਣ ਦੀ ਜਾਣਕਾਰੀ ਵੀ ਸਾਂਝੀ ਕੀਤੀ ਗਈ।ਮੀਟਿੰਗ ਦੌਰਾਨ ਅਧਿਆਪਕਾਂ ਤੋਂ ਗੈਰ-ਸਿੱਖਿਅਕ ਡਿਊਟੀ ਸਿਰਫ਼ ਵਿਭਾਗੀ ਨਿਯਮਾਂ ਅਨੁਸਾਰ ਹੀ ਲੈਣ ਅਤੇ ਛੁੱਟੀਆਂ ਦੌਰਾਨ ਨਿਭਾਈ ਗਈ ਗੈਰ-ਸਿੱਖਿਆਕ ਡਿਊਟੀ ਦੇ ਬਦਲੇ ਬਣਦੀ ਅਰਜਿਤ ਛੁੱਟੀ (ਅਰਨਡ ਲੀਵ) ਦੇਣ ਦੇ ਮੁੱਦੇ 'ਤੇ ਵੀ ਵਿਸਥਾਰ ਨਾਲ ਚਰਚਾ ਹੋਈ।ਵਿੱਤੀ ਮਾਮਲਿਆਂ ਵਿੱਚ ਸਰਹੱਦੀ ਖੇਤਰਾਂ ਵਿੱਚ ਸੇਵਾ ਨਿਭਾ ਰਹੇ ਅਧਿਆਪਕਾਂ ਲਈ ਵਾਧੂ ਇੰਕਰੀਮੈਂਟ ਸੰਬੰਧੀ ਪੱਤਰ ਲਾਗੂ ਕਰਨ ਅਤੇ ਛੇਵੇਂ ਤਨਖ਼ਾਹ ਕਮਿਸ਼ਨ ਦੇ 2.59 ਗੁਣਾਂਕ ਫੈਕਟਰ ਨੂੰ ਲਾਗੂ ਕਰਨ ਬਾਰੇ ਵੀ ਵਿਸ਼ੇਸ਼ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਰਾਜ ਕਮੇਟੀ ਮੈਂਬਰ ਹਰਭਜਨ ਸਿੰਘ, ਜਗਜੀਤ ਸਿੰਘ ਸਾਹਨੇਵਾਲ, ਰਮਨ ਕੁਮਾਰ, ਅਰਜਿੰਦਰ ਸਿੰਘ ਕਲੇਰ, ਪ੍ਰਭਜਿੰਦਰ ਸਿੰਘ, ਗੁਰਮੇਜ਼ ਸਿੰਘ, ਸੁਖਦੇਵ ਸਿੰਘ ਕਾਜਲ, ਹਰਪ੍ਰੀਤ ਸਿੰਘ ਖੁੰਡਾ, ਮਨਜਿੰਦਰ ਸਿੰਘ ਢਿੱਲੋਂ, ਮਨਜਿੰਦਰ ਸਿੰਘ ਲਾਲਪੁਰਾ, ਗੁਰਪ੍ਰੀਤ ਸਿੰਘ ਦੋਰਾਹਾ, ਸਵਰਨ ਸਿੰਘ, ਰਾਜਵਿੰਦਰ ਸਿੰਘ, ਲਲਿਤ ਕੁਮਾਰ, ਕਵਰ ਸੰਧੂ, ਪਰਵੀਨ ਕੁਮਾਰ, ਸੁਰਜੀਤ ਕੁਮਾਰ, ਦਰਸ਼ਨ ਸਿੰਘ ਅਤੇ ਅੰਗਰੇਜ਼ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਖੇੜਾ ਥਾਨੇਵਾਲ 'ਚ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਅੱਜ

ਬਿਆਸ (ਰੱਖੜਾ) ਪਿੰਡ ਖੇੜਾ ਥਾਨੇਵਾਲ ਦੇ ਬਾਬਾ ਜੋਗੀ ਪੀਰ ਚਾਹਲ ਗੁਰਦੁਆਰਾ ਸਾਹਿਬ ਵਿਖੇ ਓਮ ਪ੍ਰਕਾਸ਼ ਆਈ ਕੇਅਰ ਹਸਪਤਾਲ ਵੱਲੋਂ ਸਮਾਜ ਸੇਵਕ ਸਭਾ ਰਈਆ ਦੇ ਪ੍ਰਧਾਨ ਸੁਖਵਿੰਦਰ ਸਿੰਘ ਮੱਤੇਵਾਲ, ਹਲਕਾ ਬਾਬਾ ਬਕਾਲਾ ਸਾਹਿਬ ਦੇ ਆਪ ਦੇ ਸੀਨੀਅਰ ਆਗੂ, ਜ਼ਿਲ੍ਹਾ ਪ੍ਰਧਾਨ ਸਮਾਜ ਸੇਵਾ ਹੈੱਲਪ ਲਾਈਨ ਅਤੇ ਐਂਟੀ ਕੁਰੱਪਸ਼ਨ ਰਜਿੰਦਰ ਸਿੰਘ ਸਹੋਤਾ, ਸੋਹਣ ਸਿੰਘ, ਸਤਨਾਮ ਸਿੰਘ ਬਲਾਕ ਸੰਮਤੀ ਮੈਂਬਰ ਪਿੰਡ ਝਲਾੜੀ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਜਾਂਚ ਕੈਂਪ 19 ਜੁਲਾਈ (ਐਤਵਾਰ) ਨੂੰ ਲਗਾਇਆ ਜਾ ਰਿਹਾ ਹੈ।ਇਸ ਕੈਂਪ ਵਿਚ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਅੱਖਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ ਅਤੇ ਲੋੜਵੰਦ ਬਜ਼ੁਰਗਾਂ ਨੂੰ ਡਾਕਟਰਾਂ ਵੱਲੋਂ ਅੱਖਾਂ ਦਾ ਦਾਰੂ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਨਿਗ੍ਹਾ ਦੇ ਨੰਬਰ ਦਾ ਚੈੱਕਅੱਪ ਕੰਪਿਊਟਰ ਦੁਆਰਾ ਬਿਲਕੁਲ ਮੁਫ਼ਤ ਕੀਤਾ ਜਾਵੇਗਾ।

ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਕਰਮਚਾਰੀਆਂ ਨੂੰ ਨਿਯਮਿਤ ਤਨਖਾਹ ਦੇਣ ਦੀ ਮੰਗ

ਵੇਰਕਾ (ਰਾਣਾ)- ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਐਸੋਸੀਏਸ਼ਨ ਰਜਿ. ਪੰਜਾਬ ਵੱਲੋਂ ਮਾਨਯੋਗ ਹਾਈਕੋਰਟ 'ਚ ਇੱਕ ਕੰਟੈਂਪਟ ਪਟੀਸ਼ਨ ਨੰ: ਸੀਓਸੀਪੀ-3205-2026 ਦਾਇਰ ਕੀਤੀ ਗਈ ਜਿਸ ਦੀ ਸੁਣਵਾਈ ਜੱਜ ਵਿਕਾਸ ਸੂਰੀ ਦੇ ਬੈਂਚ ਅੱਗੇ ਹੋਈ।ਉਪਰੋਕਤ ਐਸੋਸੀਏਸ਼ਨ ਵੱਲੋਂ ਪਟੀਸ਼ਨ 'ਚ 6.10.2023 ਨੂੰ ਪਾਸ ਹੋਏ ਹਾਈਕੋਰਟ ਦੇ ਹੁਕਮ ਦੀ ਉਲੰਘਣਾ ਦਾ ਦੋਸ਼ ਲਗਾਇਆ ਗਿਆ ਜਿਸ ਹੁਕਮ 'ਚ ਰਾਜ ਸਰਕਾਰ ਵੱਲੋਂ ਇਹ ਭਰੋਸਾ ਦਿੱਤਾ ਗਿਆ ਸੀ ਕਿ ਐਸੋਸੀਏਸ਼ਨ ਦੇ ਕਰਮਚਾਰੀਆਂ ਨੂੰ ਤਨਖਾਹ ਨਿਯਮਿਤ ਤੌਰ 'ਤੇ ਦਿੱਤੀ ਜਾਵੇਗੀ।ਅਗਸਤ 2023 ਤੱਕ ਦੀ ਤਨਖਾਹ ਦੇਣ ਅਤੇ ਸਤੰਬਰ 2023 ਦੀ ਤਨਖਾਹ ਪ੍ਰਕਿਰਿਆ ਅਧੀਨ ਹੋਣ ਦੀ ਸੂਚਨਾ ਵੀ ਉਸ ਸਮੇਂ ਮਾਨਯੋਗ ਅਦਾਲਤ 'ਚ ਦਿੱਤੀ ਗਈ ਸੀ।ਰਾਜ ਸਰਕਾਰ ਵੱਲੋਂ ਪੇਸ਼ ਹੋਏ ਸੰਦੀਪ ਸਿੰਘ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਨੇ ਨੋਟਿਸ ਪ੍ਰਾਪਤ ਕੀਤਾ ਅਤੇ ਕੰਪਲਾਈਅੰਸ ਹਲਫਨਾਮਾ ਦਾਇਰ ਕਰਨ ਲਈ 3 ਹਫ਼ਤਿਆਂ ਦਾ ਸਮਾਂ ਮੰਗਿਆ।ਇਸ ਮੌਕੇ ਮਾਨਯੋਗ ਅਦਾਲਤ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਨੋਟਿਸ ਜਾਰੀ ਕਰਦੇ ਪੁੱਛਿਆ ਕਿ ਕਿਉਂ ਨਾ ਉਨ੍ਹਾਂ ਵਿਰੁੱਧ ਕੰਟੈਂਪਟ ਆਫ ਕੋਰਟਸ ਐਕਟ 1971 ਦੀ ਧਾਰਾ 12 ਤਹਿਤ ਕਾਰਵਾਈ ਅਮਲ 'ਚ ਲਿਆਂਦੀ ਜਾਵੇ।ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 06 ਅਗਸਤ 2026 ਲਈ ਤੈਅ ਕਰਦੇ ਹੋਏ ਇਸਨੂੰ ਅਰਜੈਂਟ ਕਾਜ਼ ਲਿਸਟ 'ਚ ਲਗਾਉਣ ਦੇ ਹੁਕਮ ਦਿੱਤੇ ਹਨ। ਉਪਰੋਕਤ ਪ੍ਰੈੱਸ ਨੂੰ ਜਾਣਕਾਰੀ ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ ਬਲਾਕ ਪੰਚਾਇਤ ਸੰਮਤੀ ਮਜੀਠਾ ਵੱਲੋਂ ਦਿੱਤੀ ਗਈ।

ਸਿਹਤ ਜਾਗਰੂਕਤਾ ਨੂੰ ਸਮਰਪਿਤ ਸਕੂਲ 'ਚ ਪ੍ਰਦਰਸ਼ਨੀ ਦਾ ਆਯੋਜਨ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਪੀ. ਟੀ. ਐੱਮ. ਮੌਕੇ ਸਿਹਤ ਜਾਗਰੂਕਤਾ ਨੂੰ ਸਮਰਪਿਤ ਇੱਕ ਪ੍ਰਭਾਵਸ਼ਾਲੀ ਪ੍ਰਦਰਸ਼ਨੀ ਲਗਾਈ ਗਈ।ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਮਾਪਿਆਂ ਨੂੰ ਸਿਹਤਮੰਦ ਖਾਣ-ਪੀਣ ਅਤੇ ਜੀਵਨ-ਸ਼ੈਲੀ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਪ੍ਰਦਰਸ਼ਨੀ ਵਿੱਚ ਸਾਬਤ ਮਸਾਲਿਆਂ ਜਿਵੇਂ ਹਲਦੀ, ਜੀਰਾ, ਧਨੀਆ, ਸੌਂਫ, ਕਾਲੀ ਮਿਰਚ, ਲੌਂਗ, ਲਾਚੀ ਅਤੇ ਦਾਲਚੀਨੀ ਦੇ ਔਸ਼ਧੀ ਗੁਣਾਂ ਅਤੇ ਸਿਹਤ ਲਈ ਉਨ੍ਹਾਂ ਦੀ ਮਹੱਤਤਾ ਨੂੰ ਸੁੰਦਰ ਮਾਡਲਾਂ ਅਤੇ ਡਰਾਇੰਗ ਪੇਪਰਾਂ ਰਾਹੀਂ ਦਰਸਾਇਆ ਗਿਆ। ਇਸ ਤੋਂ ਇਲਾਵਾ ਗਰਮੀਆਂ ਦੇ ਮੌਸਮ ਵਿੱਚ ਕੋਲਡ ਡਰਿੰਕਸ ਦੀ ਬਜਾਏ ਘਰੇਲੂ ਅਤੇ ਪੌਸ਼ਟਿਕ ਪੀਣ ਵਾਲੇ ਪਦਾਰਥ ਜਿਵੇਂ ਜਲਜੀਰਾ, ਆਮ ਪੰਨਾ, ਗੰਨੇ ਦਾ ਜੂਸ, ਨਿੰਬੂ ਪਾਣੀ ਦੇ ਲਾਭਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਵਿਦਿਆਰਥੀਆਂ ਨੇ ਦੱਸਿਆ ਕਿ ਇਹ ਪੀਣ ਵਾਲੇ ਪਦਾਰਥ ਸਰੀਰ ਨੂੰ ਠੰਢਕ ਪ੍ਰਦਾਨ ਕਰਦੇ ਹਨ, ਪਾਣੀ ਦੀ ਕਮੀ ਤੋਂ ਬਚਾਉਂਦੇ ਹਨ, ਪਾਚਨ ਕਿਰਿਆ ਨੂੰ ਸੁਧਾਰਦੇ ਹਨ ਅਤੇ ਸਰੀਰ ਨੂੰ ਤਾਜ਼ਗੀ ਪ੍ਰਦਾਨ ਕਰਦੇ ਹਨ। ਪ੍ਰਦਰਸ਼ਨੀ ਨੂੰ ਮਾਪਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਦੀ ਮਿਹਨਤ, ਆਤਮ-ਵਿਸ਼ਵਾਸ ਅਤੇ ਰਚਨਾਤਮਕ ਪੇਸ਼ਕਾਰੀ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਸਕੂਲ ਦੇ ਪ੍ਰਿੰਸੀਪਲ ਮੈਡਮ ਮਨੀਸ਼ਾ ਸੂਦ ਨੇ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਵਿੱਚ ਸਿਹਤਮੰਦ ਆਦਤਾਂ ਵਿਕਸਿਤ ਕਰਨ ਅਤੇ ਸਮਾਜ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਬਹੁਤ ਲਾਭਦਾਇਕ ਹਨ।

ਈ-ਰਿਕਸ਼ਾ ਤੋਂ ਡਰਾਈਵਰ ਵਾਲੇ ਪਾਸਿਓਂ ਧਿਆਨ ਨਾਲ ਉਤਰਿਓ !

ਗੁਰਦਾਸਪੁਰ (ਜਨਕ ਮਹਾਜਨ)- ਈ-ਰਿਕਸ਼ਾ ਡਰਾਈਵਰ ਸਾਈਡ ਤੋਂ ਸਵਾਰੀਆਂ ਉਤਰਨ-ਚੜ੍ਹਨ ਵੇਲੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇਸ ਪਾਸੇ ਟਰੈਫਿਕ ਪੁਲਸ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਗੌਰਤਲਬ ਹੈ ਕਿ ਗੁਰਦਾਸਪੁਰ ਸ਼ਹਿਰ ਅੰਦਰ ਪਹਿਲਾਂ ਹੀ ਟਰੈਫਿਕ ਦੀ ਸਮੱਸਿਆ ਗੰਭੀਰ ਬਣੀ ਹੋਈ ਹੈ ਅਤੇ ਹੁਣ ਈ ਰਿਕਸ਼ਾ ਦੀ ਵੱਧਦੀ ਗਿਣਤੀ ਨਾਲ ਡਰਾਈਵਰ ਸਾਈਡ ਪਾਸਿਓਂ ਸਵਾਰੀਆਂ ਉਤਰਨ-ਚੜ੍ਹਨ ਕਾਰਨ ਅਕਸਰ ਹੀ ਹਾਦਸੇ ਵਾਪਰਦੇ ਰਹਿੰਦੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਈ ਰਿਕਸ਼ਾ ਵਿੱਚ ਸਵਾਰ ਹੋਣ ਵੇਲੇ ਲੋਕ ਦੋਵਾਂ ਸਾਈਡਾਂ ਤੋਂ ਸਵਾਰ ਹੁੰਦੇ ਹਨ ਜਦਕਿ ਹਾਦਸੇ ਤੋਂ ਬਚਣ ਲਈ ਖੱਬੇ ਪਾਸਿਓਂ ਸਵਾਰ ਹੋਣਾ ਚਾਹੀਦਾ ਹੈ। ਈ-ਰਿਕਸ਼ਾ ਚਾਲਕਾਂ ਨੂੰ ਡਰਾਈਵਰ ਸਾਈਡ ਵਾਲੇ ਪਾਸੇ ਲੱਗੀ ਖਿੜਕੀ ਵਿਚ ਕਿਸੇ ਤਰ੍ਹਾਂ ਦੀ ਰੋਕ ਲਗਾਉਣੀ ਚਾਹੀਦੀ ਹੈ ਤਾਂ ਜੋ ਸਵਾਰੀ ਡਰਾਈਵਰ ਸਾਈਡ ਤੋਂ ਨਾ ਸਵਾਰ ਹੋ ਸਕੇ ਅਤੇ ਨਾ ਹੀ ਉੱਤਰ ਸਕੇ। ਸ਼ਹਿਰ ਵਿੱਚ ਵੱਧਦੀ ਈ ਰਿਕਸ਼ਾ ਦੀ ਗਿਣਤੀ ਨਾਲ ਜਿੱਥੇ ਲੋਕਾਂ ਨੂੰ ਆਵਾਜਾਈ ਵਿੱਚ ਫਾਇਦਾ ਮਿਲ ਰਿਹਾ ਹੈ ਉਥੇ ਹੀ ਇਨ੍ਹਾਂ ਈ ਰਿਕਸ਼ਾ ਚਾਲਕਾਂ ਵੱਲੋਂ ਅਚਾਨਕ ਬਰੇਕ ਲਗਾਉਣ ਨਾਲ ਐਕਸੀਡੈਂਟ ਵੀ ਹੋ ਜਾਂਦਾ ਹੈ ਜਿਸ ਨਾਲ ਸਵਾਰੀਆਂ ਦੇ ਸੱਟਾਂ ਵਗੈਰਾ ਲੱਗ ਜਾਂਦੀਆਂ ਹਨ।

ਅਮਿੱਟ ਯਾਦਾਂ ਛੱਡ ਗਿਆ ਪੀਰ ਬਾਬਾ ਸ਼ਾਹੂ ਸ਼ਾਹ ਜੀ ਦਾ ਸਾਲਾਨਾ ਜੋੜ ਮੇਲਾ

ਚੋਹਲਾ ਸਾਹਿਬ (ਰਮਨ ਚੱਢਾ)- ਪੀਰ ਬਾਬਾ ਸ਼ਾਹੂ ਸ਼ਾਹ ਜੀ ਦਾ ਸਾਲਾਨਾ ਜੋੜ ਮੇਲਾ ਜੋ ਹਰ ਸਾਲ ਦੀ ਤਰ੍ਹਾਂ ਪਿੰਡ ਚੋਹਲਾ ਸਾਹਿਬ ਬੱਸ ਸਟੈਂਡ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪੰਜਾਬ ਦੇ ਮਸ਼ਹੂਰ ਲੋਕ ਦੋਗਾਣਾ ਜੋੜੀ ਕੁਲਦੀਪ ਰਸੀਲਾ ਐਂਡ ਪਾਰਟੀ. ਦੀਪਕ ਹੰਸ, ਰਜਿੰਦਰ ਹੰਸ, ਲੱਕੀ ਚੋਹਲਾ ਵੱਲੋਂ ਸੰਗਤਾਂ ਨੂੰ ਗੀਤਾਂ ਰਾਹੀ ਭਰਪੂਰ ਮਨੋਰੰਜਨ ਕੀਤਾ ਗਿਆ। ਮੇਲਾ ਪ੍ਰਬੰਧਕ ਕਮੇਟੀ ਦੇ ਸਰਬਜੀਤ ਸਿੰਘ ਸਾਬੀ, ਰਾਕੇਸ਼ ਕੁਮਾਰ ਬਿੱਲਾ ਸ਼ਾਹ, ਮਨਮੋਹਨ ਸਿੰਘ ਠਾਣੇਦਾਰ, ਨਿਸ਼ਾਨ ਸਿੰਘ ਭਿਖੀਕੇ, ਬਲਵਿੰਦਰ ਸਿੰਘ ਸ਼ਿਮਲਾ, ਵਰਿੰਦਰ ਕੁਮਾਰ ਮੋਨੂੰ, ਵਿਨੋਦ ਕੁਮਾਰ ਕੈਨੇਡਾ, ਮਨਪ੍ਰੀਤ ਸਿੰਘ ਜੱਜ ਕੈਨੇਡਾ, ਰੂਪਾ ਤੁੜ, ਲੱਕੀ ਤੁੜ, ਮੋਤੀ ਆਸਟਰੇਲੀਆ, ਰਘੂ ਆਸਟਰੇਲੀਆ, ਵਿਜੇ ਕੁਮਾਰ ਕੁੰਦਰਾ ਬੇਕਰੀ, ਪ੍ਰਵੀਨ ਕੁਮਾਰ, ਮਿੰਟੂ ਇਟਲੀ, ਸੋਨਾ ਸਿੰਘਾਪੁਰ, ਰਣਜੀਤ ਕੈਨੇਡਾ, ਹੈਰੀ ਇਟਲੀ, ਕਾਲਾ ਮਿਊਜ਼ਿਕ ਸੈਂਟਰ ਵਾਲੇ, ਪਵਨ ਪੁਰਤਕਾਲ, ਮਲਕੀਤ ਸਿੰਘ, ਟ੍ਰਾਂਸਪੋਰਟਰ ਕਵਲ ਦੁਬਈ, ਹੈਪੀ ਦੁਬਈ, ਸੋਨੋ ਦੁਬਈ, ਜੱਜ ਦੁਬਈ, ਜੱਗੀ ਕੈਨੇਡਾ, ਸਰਪੰਚ ਕੇਵਲ ਕ੍ਰਿਸ਼ਨ, ਵਿਰਸਾ ਸਿੰਘ ਪ੍ਰਧਾਨ, ਸੁਖਬੀਰ ਸਿੰਘ ਪੰਨੂ ਆੜਤੀਆ, ਪ੍ਰਦੀਪ ਕੁਮਾਰ ਢਿੱਲੋਂ ਖਾਦ ਸਟੋਰ, ਬਾਬਾ ਸਤਨਾਮ ਸਿੰਘ, ਪੱਤਰਕਾਰ ਰਾਕੇਸ਼ ਨਈਅਰ, ਪੱਤਰਕਾਰ,ਮਨਜੀਤ ਸਿੰਘ, ਪੱਤਰਕਾਰ ਬਲਵਿੰਦਰ, ਜੀਨਾ ਮੈਂਬਰ ਪੰਚਾਇਤ, ਕਾਕਾ ਸ਼ਾਹ ਫਾਇਨਾਂਸ ਵਾਲੇ, ਸਰਬਜੀਤ ਸਿੰਘ ਰਾਜਾ ਖੇਤੀ ਸਟੋਰ ਵਾਲੇ, ਪੀਤਾ ਲਾਲੀ

ਡਿਪੂ ਹੋਲਡਰ, ਨਿਸ਼ਾਨ ਸਿੰਘ ਡਿੱਪੂ ਹੋਲਡਰ, ਪਿੰਟੂ ਕੁੰਦਰਾ, ਦੀਪਕ ਸਾਜਨ ਜੂਸ ਬਾਰ ਵਾਲੇ, ਕੁਲਬੀਰ ਸਿੰਘ, ਤਰਸੇਮ ਨਈਅਰ, ਬਿੱਟੂ ਮਨਿਆਰੀ ਵਾਲੇ, ਜਸਮੀਤ ਸਿੰਘ ਬੇਕਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ, ਗੁਰੂ ਕਾ ਲੰਗਰ ਸਾਰਾ ਦਿਨ ਅਟੁੱਟ ਵਰਤਾਇਆ ਗਿਆ। ਸ਼ਾਮ ਨੂੰ ਕਬੱਡੀ ਦੇ ਮੈਚ ਬਾਬਾ ਬਲਵਿੰਦਰ ਸਿੰਘ ਕੱਬਡੀ ਕਲੱਬ ਖਡੂਰ ਸਾਹਿਬ ਅਤੇ ਗੁਰੂ ਅਰਜਨ ਦੇਵ ਕਬੱਡੀ ਕਲੱਬ ਚੋਹਲਾ ਸਾਹਿਬ ਵਿਚਕਾਰ ਕਰਾਏ ਗਏ।

ਲਾਈਫ ਕੇਅਰ ਫਾਊਂਡੇਸ਼ਨ ਵੱਲੋਂ ਚੈਰੀਟੇਬਲ ਲੈਬਾਰਟਰੀ ਦਾ ਮੁਫ਼ਤ ਕੈਂਪ 25 ਨੂੰ

ਬਿਆਸ (ਪਰਮਜੀਤ ਸਿੰਘ ਰੱਖੜਾ) ਮਾਈ ਭਾਗੋ ਇੰਟਰਨੈਸ਼ਨਲ ਪਬਲਿਕ ਸਕੂਲ (ਨੇੜੇ ਉਸਮਾਂ ਟੋਲ ਪਲਾਜ਼ਾ) ਉਸਮਾਂ, ਜ਼ਿਲ੍ਹਾ ਤਰਨ ਤਾਰਨ ਵਿਖੇ 'ਮਿਸ਼ਨ ਸਿਹਤਮੰਦ ਪੰਜਾਬ' ਲਾਈਫ ਕੇਅਰ ਫਾਊਂਡੇਸ਼ਨ ਵੱਲੋਂ 25 ਜੁਲਾਈ (ਸ਼ਨੀਵਾਰ) ਨੂੰ ਚੈਰੀਟੇਬਲ ਲੈਬਾਰਟਰੀ ਕੈਂਪ ਲਗਾਇਆ ਜਾ ਰਿਹਾ ਹੈ। ਲਾਈਫ ਕੇਅਰ ਫਾਊਂਡੇਸ਼ਨ ਦੇ ਮੈਨੇਜਰ ਰਜਿੰਦਰ ਸਿੰਘ ਨੇ ਦੱਸਿਆ ਕਿ ਇਹ ਕੈਂਪ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਲੱਗੇਗਾ। ਇਸ ਕੈਂਪ ਵਿੱਚ ਕਿਡਨੀ ਦੇ 6 ਟੈਸਟ, ਜਿਵੇਂ ਕਿ ਬਲੱਡ ਯੂਰੀਆ, ਬਲੱਡ ਯੂਰੀਆ ਨਾਈਟ੍ਰੋਜਨ, ਕ੍ਰਿਏਟੀਨਿਨ, ਬਲੱਡ ਯੂਰੀਆ ਕ੍ਰਿਏਟੀਨਿਨ ਰੇਸ਼ੋ, ਗੁਰਦਿਆਂ ਦੇ ਟੈਸਟ, ਯੂਰਿਕ ਐਸਿਡ ਦਾ ਟੈਸਟ, ਬਲੱਡ ਗਲੂਕੋਜ਼ / ਸ਼ੂਗਰ ਦਾ ਟੈਸਟ ਬਿਲਕੁਲ ਮੁਫ਼ਤ ਕੀਤੇ ਜਾਣਗੇ। ਬਾਕੀ ਟੈਸਟ ਵੀ 75 ਪ੍ਰਤੀਸ਼ਤ ਘੱਟ ਰੇਟ 'ਤੇ ਕੀਤੇ ਜਾਣਗੇ। ਟੈਸਟ ਕਰਾਉਣ ਲਈ ਖ਼ਾਲੀ ਪੇਟ ਹੀ ਆਇਆ ਜਾਵੇ।

ਹਾਦਸਾਗ੍ਰਸਤ ਕਾਰ 'ਚੋਂ 220 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ



ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ-ਰਾਜਪੁਰਾ ਜੀ. ਟੀ. ਰੋਡ 'ਤੇ ਸਥਿਤ ਮੁਲਤਾਨੀ ਢਾਬੇ ਨਜ਼ਦੀਕ ਹਾਦਸਾਗ੍ਰਸਤ ਹੋਈ ਇੱਕ ਹੁੰਡਈ ਵਰਨਾ ਕਾਰ ਵਿੱਚੋਂ ਕਾਫੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਬਰਾਮਦ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਨਬੀਪੁਰ ਚੌਕੀ ਦੀ ਪੁਲਸ ਨੂੰ ਕਿਸੇ ਰਾਹਗੀਰ ਨੇ ਫੋਨ ਕਰਕੇ ਦੱਸਿਆ ਕਿ ਨੈਸ਼ਨਲ ਹਾਈਵੇ 'ਤੇ ਮੁਲਤਾਨੀ ਢਾਬੇ ਨੇੜੇ ਇੱਕ ਕਾਰ ਸੜਕ 'ਤੇ ਰੱਖੇ ਖੰਭਿਆਂ ਵਿੱਚ ਵੱਜ ਕੇ ਹਾਦਸਾਗ੍ਰਸਤ ਹੋਈ ਖੜ੍ਹੀ ਹੈ, ਜਿਸ ਵਿੱਚੋਂ ਸ਼ਰਾਬ ਦੀ ਮੁਸ਼ਕ ਆ ਰਹੀ ਹੈ।ਸੂਚਨਾ ਮਿਲਣ 'ਤੇ ਆਬਕਾਰੀ ਵਿਭਾਗ ਦੀ ਟੀਮ ਸਮੇਤ ਮੌਕੇ 'ਤੇ ਪੁੱਜੀ ਪੁਲਸ ਪਾਰਟੀ ਵੱਲੋਂ ਜਦੋਂ ਉਕਤ ਕਾਰ ਨੂੰ ਚੈੱਕ ਕੀਤਾ ਗਿਆ ਤਾਂ ਉਸ ਵਿੱਚੋਂ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 220 ਬੋਤਲਾਂ ਬਰਾਮਦ ਹੋਈਆਂ।ਕਾਰ ਵਿੱਚੋਂ ਮਿਲੇ ਦਸਤਾਵੇਜ਼ਾਂ 'ਤੇ ਇਸ ਸਬੰਧੀ ਕੀਤੀ ਗਈ ਮੁੱਢਲੀ ਪੜਤਾਲ ਦੇ ਅਧਾਰ 'ਤੇ ਮਾਮਲੇ ਦੀ ਤਫ਼ਤੀਸ਼ ਕਰ ਰਹੀ ਨਬੀਪੁਰ ਚੌਕੀ ਦੀ ਪੁਲਸ ਵੱਲੋਂ ਇਸ ਮਾਮਲੇ ਵਿੱਚ ਥਾਣਾ ਸਰਹਿੰਦ ਵਿਖੇ ਦਰਜ ਕਰਵਾਏ ਗਏ ਕੇਸ ਵਿੱਚ ਗੁਰਵਿੰਦਰ ਸਿੰਘ ਵਾਸੀ ਪੱਖੋਵਾਲ (ਲੁਧਿਆਣਾ) ਨੂੰ ਨਾਮਜ਼ਦ ਕੀਤਾ ਗਿਆ ਹੈ।ਪੁਲਸ ਦੇ ਸੂਤਰਾਂ ਮੁਤਾਬਕ ਉਕਤ ਕਾਰ ਨੂੰ ਗੁਰਵਿੰਦਰ ਸਿੰਘ ਨਾਮਕ ਵਿਅਕਤੀ ਚਲਾ ਰਿਹਾ ਸੀ, ਜਿਸ ਦੇ ਇਸ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋ ਜਾਣ ਕਾਰਨ ਇਸ ਸਮੇਂ ਕਿਸੇ ਹਸਪਤਾਲ ਵਿੱਚ ਜ਼ੇਰੇ ਇਲਾਜ ਹੋਣ ਦੀ ਸੂਚਨਾ ਹੈ।

ਰਾਜਿੰਦਰ ਬਿੱਲਾ ਪਰਜਾਪਤ ਸਮਾਜ ਵੈੱਲਫੇਅਰ ਬੋਰਡ ਦੇ ਚੇਅਰਮੈਨ ਬਣੇ

ਕੋਟਕਪੂਰਾ (ਰਛਪਾਲ ਭੁੱਲਰ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜਿੰਦਰ ਬਿੱਲਾ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਰਜਾਪਤ ਸਮਾਜ ਵੈੱਲਫੇਅਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਇਲਾਕੇ ਵਿੱਚ ਖ਼ੁਸ਼ੀ ਦੀ ਲਹਿਰ ਹੈ।ਸਮਾਜਿਕ, ਧਾਰਮਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਵੱਲੋਂ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।ਵਧਾਈ ਸੰਦੇਸ਼ ਜਾਰੀ ਕਰਦਿਆਂ ਪਰਜਾਪਤ ਸਮਾਜ ਦੇ ਆਗੂਆਂ ਪ੍ਰਧਾਨ ਕਰਮ ਚੰਦ ਪੱਪੀ, ਰਮੇਸ਼ ਬਾਗੋਰੀਆ ਜਲਾਲਾਬਾਦ, ਹੰਸ ਰਾਜ ਪਰਜਾਪਤ ਜਲਾਲਾਬਾਦ, ਗੁਰਮੀਤ ਸਿੰਘ ਪ੍ਰਜਾਪਤੀ, ਅਸ਼ੋਕ ਕੁਮਾਰ ਡਾਭੋਵੀਆ ਮੋਗਾ, ਜੈ ਚੰਦ ਬੇਵਾਲ ਮੋਗਾ, ਐਡਵੋਕੇਟ ਅਜੀਤ ਵਰਮਾ ਮੋਗਾ, ਪਵਨ ਪਰਜਾਪਤੀ ਮੁਕਤਸਰ ਸਾਹਿਬ, ਵਿਸ਼ਾਲ ਪਰਜਾਪਤੀ ਜਲਾਲਾਬਾਦ, ਲੈਫ. ਰਤਨ ਸਿੰਘ ਬਠਿੰਡਾ, ਪ੍ਰਧਾਨ ਤਾਰਾ ਚੰਦ ਕੋਟਕਪੂਰਾ, ਪ੍ਰਧਾਨ ਚਿਰੰਜੀ ਲਾਲ ਕੋਟਕਪੂਰਾ, ਟਿੰਕੂ ਕੁਮਾਰ ਕੋਟਕਪੂਰਾ, ਰਘਬੀਰ ਸਿੰਘ ਸਾਹਿਦ, ਡਾ. ਧਰਮ ਪ੍ਰਵਾਨਾ ਫ਼ਰੀਦਕੋਟ, ਟਿੰਕੂ ਵਰਮਾ ਬਠਿੰਡਾ, ਮਹਿੰਦਰਪਾਲ ਮੋਗਾ, ਬਸੰਤ ਕੁਮਾਰ ਪ੍ਰਜਾਪਤੀ ਕੋਟਕਪੂਰਾ ਆਦਿ ਨੇ ਕਿਹਾ ਕਿ ਰਾਜਿੰਦਰ ਬਿੱਲਾ ਨੇ ਹਮੇਸ਼ਾ ਲੋਕ ਭਲਾਈ, ਸਮਾਜ ਸੇਵਾ ਤੇ ਪਾਰਟੀ ਦੀ ਮਜ਼ਬੂਤੀ ਲਈ ਨਿਸ਼ਕਾਮ ਭਾਵਨਾ ਨਾਲ ਕੰਮ ਕੀਤਾ ਹੈ। ਉਨ੍ਹਾਂ ਦੀ ਨਿਯੁਕਤੀ ਨਾਲ ਪਰਜਾਪਤ ਸਮਾਜ ਦੀ ਭਲਾਈ ਤੇ ਵਿਕਾਸ ਨੂੰ ਹੋਰ ਗਤੀ ਮਿਲੇਗੀ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਜਤਾਇਆ ਕਿ ਰਾਜਿੰਦਰ ਬਿੱਲਾ ਆਪਣੀ ਨਵੀਂ ਜ਼ਿੰਮੇਵਾਰੀ ਪੂਰੀ ਇਮਾਨਦਾਰੀ, ਮਿਹਨਤ ਤੇ ਸਮਰਪਣ ਨਾਲ ਨਿਭਾਉਣਗੇ।

ਹੱਕ ਮੰਗਦੇ ਮਜ਼ਦੂਰਾਂ 'ਤੇ ਪੁਲਸ ਤਸ਼ੱਦਦ ਲੋਕਤੰਤਰ ਦਾ ਕਤਲ : ਬੰਬ, ਘਰਖਣਾਂ

ਸਮਰਾਲਾ (ਸੁਰਜੀਤ ਸਿੰਘ)-ਜ਼ਿਲ੍ਹਾ ਕਾਂਗਰਸ ਕਮੇਟੀ ਖੰਨਾ ਦੇ ਐੱਸ ਸੀ ਵਿੰਗ ਦੇ ਚੇਅਰਮੈਨ ਬਲਵਿੰਦਰ ਸਿੰਘ ਬੰਬ ਤੇ ਪ੍ਰਦੀਪ ਸਿੰਘ ਘਰਖਣਾਂ ਨੇ ਆਰੋਪ ਲਾਇਆ ਹੈ ਕਿ ਪੰਚਾਇਤ ਮੰਤਰੀ ਦੀ ਕਥਿਤ ਸ਼ਹਿ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਖੰਨਾ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਮਨਰੇਗਾ ਦੇ ਮਜ਼ਦੂਰ ਤੇ ਮੁਲਾਜ਼ਮਾਂ 'ਤੇ ਸੁੱਟੇ ਗਏ ਅੱਥਰੂ ਗੈਸ ਦੇ ਗੋਲੇ ਅਤੇ ਲਾਠੀਚਾਰਜ ਲੋਕਤੰਤਰ ਦਾ ਕਤਲ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਨਰੇਗਾ ਕਾਮਚਾਰੀਆਂ ਨੂੰ ਪਿਛਲੇ 8 ਮਹੀਨਿਆਂ ਤੋਂ ਤਨਖਾਹਾਂ ਨਹੀਂ ਦਿੱਤੀਆਂ ਗਈਆਂ, ਜਿਸ ਕਾਰਨ ਉਨ੍ਹਾਂ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਿਆ। ਜਿਸ ਦੇ ਇਵਜ਼ ਵਿੱਚ ਉਨ੍ਹਾਂ 'ਤੇ ਪੁਲਸ ਵੱਲੋਂ ਅੰਨ੍ਹਾ ਤਸ਼ੱਦਦ ਕੀਤਾ ਗਿਆ।ਦੋਹਾਂ ਆਗੂਆਂ ਨੇ ਪੁਲਿਸ ਦੀ ਇਸ ਨਾਦਰਸ਼ਾਹੀ ਕਰਤੂਤ ਦੀ ਸਖ਼ਤ ਨਿਖੇਧੀ ਕਰਦਿਆਂ ਇਨਸਾਫ ਦੀ ਮੰਗ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਕਾਮਚਾਰੀਆਂ ਦੀ ਤਨਖਾਹਾਂ ਦੀ ਤੁਰੰਤ ਅਦਾਇਗੀ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੇ ਵਾਅਦੇ ਅਨੁਸਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ ਤੇ ਉਨ੍ਹਾਂ ਨੂੰ ਪੂਰਾ ਮਿਹਨਤਾਨਾ ਦਿੱਤਾ ਜਾਵੇ ਤੇ ਜ਼ਖ਼ਮੀ ਮੁਲਾਜ਼ਮਾਂ ਅਤੇ ਮਜ਼ਦੂਰਾਂ ਦਾ ਸਰਕਾਰੀ ਖ਼ਰਚ 'ਤੇ ਇਲਾਜ ਕਰਵਾਇਆ ਜਾਵੇ।ਉਨ੍ਹਾਂ ਕਿਹਾ ਕਿ ਮੁਲਾਜ਼ਮਾਂ/ਮਜ਼ਦੂਰਾਂ 'ਤੇ ਕੀਤੇ ਗਏ ਅੰਨ੍ਹੇ ਤਸ਼ੱਦਦ ਦੀ ਇੱਕ ਇੱਕ ਡਾਂਗ ਅਤੇ ਦਾਗੇ ਗਏ ਅੱਥਰੂ ਗੈਸ ਦੇ ਗੋਲਿਆਂ ਦਾ ਹਿਸਾਬ ਆਮ ਆਦਮੀ ਪਾਰਟੀ ਤੋਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਆਪਣੀ ਵੋਟ ਦੀ ਤਾਕਤ ਨਾਲ ਲੈਣਗੇ।

ਆਊਟਸੋਰਸ ਮੁਲਾਜ਼ਮਾਂ ਦੀ ਤਨਖਾਹ ਰੁਕਣ ਦੇ ਰੋਸ ਵਜੋਂ ਹੜਤਾਲ ਦਾ ਐਲਾਨ

ਜਲਾਲਾਬਾਦ (ਜੀਤ ਕੁਮਾਰ)-ਜਲ ਸਪਲਾਈ ਤੇ ਸੈਨੀਟੇਸ਼ਨ ਡਵੀਜ਼ਨ ਅਧੀਨ ਸੇਵਾਵਾਂ ਦੇ ਰਹੇ ਆਊਟਸੋਰਸ ਮੁਲਾਜ਼ਮਾਂ ਨੂੰ ਜੂਨ ਮਹੀਨੇ ਦੀ ਤਨਖਾਹ ਨਹੀਂ ਮਿਲੀ ਹੈ, ਜਿਸਦੇ ਚੱਲਦੇ ਆਊਟਸੋਰਸ ਮੁਲਾਜ਼ਮਾਂ ਨੂੰ ਘਰ ਚਲਾਉਣ ਲਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਰੋਸ ਵਜੋਂ ਆਊਟਸੋਰਸ ਵਰਕਰਾਂ ਵੱਲੋਂ ਜ਼ਿਲ੍ਹਾ ਪੱਧਰ 'ਤੇ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਫਾਜ਼ਿਲਕਾ ਸਟਾਫ ਸਬ ਕਮੇਟੀ ਦੇ ਆਗੂ ਸੁਖਚੈਨ ਸਿੰਘ ਸੋਢੀ ਤੇ ਪਵਨ ਕੁਮਾਰ ਨੇ ਦੱਸਿਆ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਡਵੀਜ਼ਨ ਫ਼ਾਜ਼ਿਲਕਾ 'ਤੇ ਇਸਦੇ ਅਧੀਨ ਆਉਂਦੀਆਂ ਸਬ ਡਵੀਜ਼ਨ ਫ਼ਾਜ਼ਿਲਕਾ ਤੇ ਜਲਾਲਾਬਾਦ ਵਿੱਚ ਦਫ਼ਤਰਾਂ ਤੇ ਫੀਲਡ ਵਿੱਚ ਸੇਵਾਵਾਂ ਦੇ ਰਹੇ ਆਊਟਸੋਰਸ ਮੁਲਾਜ਼ਮਾਂ ਨੂੰ ਜੂਨ 2026 ਮਹੀਨੇ ਦੀ ਤਨਖਾਹ ਨਹੀਂ ਮਿਲੀ ਹੈ, ਜਿਸਦੇ ਕਾਰਨ ਆਊਟਸੋਰਸ ਮੁਲਾਜ਼ਮਾਂ ਨੂੰ ਆਪਣੇ ਘਰ ਚਲਾਉਣ ਵਿੱਚ ਔਖਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਆਊਟਸੋਰਸ ਵਰਕਰਾਂ ਦੀ ਰੁਕੀ ਤਨਖਾਹ ਜਾਰੀ ਕਰਨ ਦੀ ਮੰਗ ਲਈ 20 ਜੁਲਾਈ ਨੂੰ ਇੱਕ ਦਿਨ ਦੀ ਹੜਤਾਲ ਕਰਕੇ ਮੁਕੰਮਲ ਕੰਮ ਬੰਦ ਕੀਤੇ ਜਾਣਗੇ ਤੇ ਜੇਕਰ ਫਿਰ ਵੀ ਆਊਟਸੋਰਸ ਵਰਕਰਾਂ ਦੀ ਤਨਖਾਹ ਤੁਰੰਤ ਜਾਰੀ ਨਾ ਕੀਤੀ ਗਈ ਤਾਂ ਲੋੜ ਪੈਣ 'ਤੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਲਈ ਸਾਡੀ ਮੰਗ ਹੈ ਕਿ ਆਊਟਸੋਰਸ ਮੁਲਾਜ਼ਮਾਂ ਦੀ ਰੁਕੀ ਤਨਖਾਹ ਜਾਰੀ ਕੀਤੀ ਜਾਵੇ।

ਨਿਸ਼ਾਨ ਅਕੈਡਮੀ ਵਿਖੇ ਭਾਈ ਤਾਰੂ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਨਿਸ਼ਾਨ ਅਕੈਡਮੀ ਸੀਨੀਅਰ ਸੈਕੰਡਰੀ ਸਕੂਲ ਔਲਖ ਵਿਖੇ ਵੀਰ ਫਤਹਿ ਸਿੰਘ ਜੀ ਹਾਊਸ ਵੱਲੋਂ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਭਾਈ ਤਾਰੂ ਸਿੰਘ ਜੀ ਦੇ ਜੀਵਨ, ਬਹਾਦਰੀ ਤੇ ਅਦੁੱਤੀ ਸ਼ਹਾਦਤ ਨਾਲ ਸੰਬੰਧਤ ਇੱਕ ਪ੍ਰਭਾਵਸ਼ਾਲੀ ਡਾਕੂਮੈਂਟਰੀ ਫ਼ਿਲਮ ਵਿਖਾਈ ਗਈ।ਇਸ ਤੋਂ ਬਾਅਦ ਵਿਦਿਆਰਥੀਆਂ ਨਾਲ ਪ੍ਰਸ਼ਨ-ਉੱਤਰ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲੈਂਦਿਆਂ ਸਹੀ ਜਵਾਬ ਦਿੱਤੇ।ਇਸ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ, ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਆਪਣੇ ਅਮੀਰ ਵਿਰਸੇ ਨਾਲ ਜੋੜਨਾ ਸੀ।ਇਸ ਮੌਕੇ ਸਕੂਲ ਦੇ ਚੇਅਰਮੈਨ ਕਸ਼ਮੀਰ ਸਿੰਘ, ਡਾਇਰੈਕਟਰ ਇਸ਼ ਓਅੰਕਾਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਕੌਰ, ਵਾਇਸ ਪ੍ਰਿੰਸੀਪਲ ਵੀਰਪਾਲ ਕੌਰ ਤੇ ਸਮੂਹ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਭਾਈ ਤਾਰੂ ਸਿੰਘ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੱਚ, ਧਰਮ, ਨਿੱਡਰਤਾ ਤੇ ਮਨੁੱਖਤਾ ਦੀ ਸੇਵਾ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਵੀਰ ਫਤਹਿ ਸਿੰਘ ਜੀ ਹਾਊਸ ਵੱਲੋਂ ਕਰਵਾਏ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਬੀ ਬੀ ਐੱਸ ਬੀ ਕਾਨਵੈਂਟ 'ਚ ਇਨਵੈਸਟਰ ਸੈਰੇਮਨੀ ਕਰਾਈ

ਜਗਰਾਉਂ (ਅਮਿਤ ਖੰਨਾ)-ਬੀ.ਬੀ.ਐੱਸ.ਬੀ ਕਾਨਵੈਂਟ ਸਕੂਲ ਵਿੱਚ ਇਨਵੈਸਟਰ ਸੈਰਮਨੀ ਕਰਾਈ ਗਈ।ਸਭ ਤੋਂ ਪਹਿਲਾਂ ਸਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਪ੍ਰਾਰਥਨਾ ਸਭਾ ਵਿੱਚ ਇਕੱਠਾ ਕੀਤਾ ਗਿਆ ਤੇ ਸੀਨੀਆਰ ਵਿੰਗ ਦੇ ਬੱਚਿਆਂ ਵਿੱਚੋਂ ਤਨਵੀਰ ਸਿੰਘ ਨੂੰ ਹੈੱਡ ਬੁਆਏ ਲਈ ਚੁਣਿਆ ਗਿਆ ਤੇ ਇਸ਼ਨੀਤ ਕੌਰ ਨੂੰ ਹੈੱਡਗਰਲ ਲਈ ਚੁਣਿਆ ਗਿਆ। ਇਸੇ ਤਰ੍ਹਾਂ ਵਾਈਸ ਹੈੱਡ ਬੁਆਏ ਤੇ ਵਾਈਸ ਹੈੱਡ ਗਰਲ ਲਈ ਅਮਨਦੀਪ ਸਿੰਘ ਅਤੇ ਸਿਮਰਨਜੀਤ ਕੌਰ ਨੂੰ ਚੁਣਿਆ ਗਿਆ।ਨਵਰਾਜ ਸਿੰਘ ਨੂੰ ਖੇਡ ਕਪਤਾਨ ਲਈ ਓਹੁਦੇਦਾਰ ਬਣਾਇਆ ਗਿਆ।ਇਸ ਪ੍ਰਕਿਰਿਆ ਦੌਰਾਨ ਬੱਚਿਆਂ 'ਚ ਬਹੁਤ ਹੀ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਸਾਰੇ ਬੱਚਿਆਂ ਨੇ ਚੁਣੇ ਗਏ ਬੱਚਿਆਂ ਨੂੰ ਮੁਬਾਰਕਬਾਦ ਵੀ ਦਿੱਤੀਆਂ।ਸਕੂਲ ਪ੍ਰਿੰਸੀਪਲ ਮੈਡਮ ਸ੍ਰੀਮਤੀ ਮੋਨਾ ਠਾਕੁਰ ਨੇ ਵੀ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਸਕੂਲ ਪ੍ਰਤੀ ਜ਼ਿੰਮੇਵਾਰੀਆਂ ਬਾਰੇ ਦੱਸਿਆ ਕਿ ਉਨ੍ਹਾਂ ਨੂੰ ਇਹ ਆਹੁਦੇ ਕਿਸ ਕੰਮ ਲਈ ਦਿੱਤੇ ਗਏ ਹਨ ਤੇ ਉਸ ਨੂੰ ਕਿਸ ਤਰ੍ਹਾਂ ਨਿਭਾਉਣਾ ਹੈ।ਇਸ ਦੇ ਨਾਲ ਨਾਲ ਉਨ੍ਹਾਂ ਬੱਚਿਆਂ ਨੂੰ ਹੋਰ ਵੀ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਬੈਂਕ ਆਫ ਇੰਡੀਆ ਦੀ ਸ਼ਾਖਾ 'ਚ ਚੋਰੀ ਦੀ ਕੋਸ਼ਿਸ਼, ਮਾਮਲਾ ਦਰਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪਿੰਡ ਭੁੱਲਰ ਸਥਿਤ ਬੈਂਕ ਆਫ ਇੰਡੀਆ ਦੀ ਸ਼ਾਖਾ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਰਾਤ ਸਮੇਂ ਘਰ-ਭੇਦ ਕੇ ਦਾਖ਼ਲ ਹੋਣ 'ਤੇ ਚੋਰੀ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਘਟਨਾ ਦੌਰਾਨ ਬੈਂਕ ਦੀ ਜਾਇਦਾਦ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ।ਪੁਲਸ ਅਨੁਸਾਰ 15 ਤੇ 16 ਜੁਲਾਈ 2026 ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਵਿਅਕਤੀ ਬੈਂਕ ਆਫ ਇੰਡੀਆ, ਭੁੱਲਰ ਸ਼ਾਖਾ ਵਿੱਚ ਦਾਖ਼ਲ ਹੋਏ ਤੇ ਚੋਰੀ ਦੀ ਕੋਸ਼ਿਸ਼ ਕੀਤੀ।

ਇਸ ਸਬੰਧੀ ਸ਼ਾਖਾ ਪ੍ਰਬੰਧਕ ਗਜੇ ਕੁਮਾਰ ਦੀ ਸ਼ਿਕਾਇਤ 'ਤੇ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।ਪੁਲਸ ਵੱਲੋਂ ਘਟਨਾ ਸਥਾਨ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਮੁਲਜ਼ਮਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਜਲਦ ਕਾਬੂ ਕੀਤਾ ਜਾ ਸਕੇ।ਇਸ ਮਾਮਲੇ ਦੀ ਅਗਲੇਰੀ ਜਾਂਚ ਸਬ ਇੰਸਪੈਕਟਰ ਇਕਬਾਲ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

ਬਿਜਲੀ ਮੁਲਾਜ਼ਮਾਂ ਵੱਲੋਂ ਜ਼ੋਰਦਾਰ ਗੇਟ ਰੈਲੀ, 21-22 ਨੂੰ ਹੜਤਾਲ ਦਾ ਐਲਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਜੁਆਇੰਟ ਫੋਰਮ ਤੇ ਏਕਤਾ ਮੰਚ ਦੇ ਸੱਦੇ 'ਤੇ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ (ਏਟਕ) ਨਾਲ ਸਬੰਧਤ ਬਿਜਲੀ ਕਾਮਿਆਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸ਼ਹਿਰੀ ਮੰਡਲ ਫਿਰੋਜ਼ਪੁਰ ਦੇ ਮੁੱਖ ਗੇਟ ਸਾਹਮਣੇ ਇਕ ਵਿਸ਼ਾਲ ਰੋਸ ਰੈਲੀ ਕੀਤੀ ਗਈ। ਇਸ ਸਾਂਝੇ ਵਿਰੋਧ ਪ੍ਰਦਰਸ਼ਨ ਵਿਚ ਸਬ-ਅਰਬਨ ਮੰਡਲ ਤੇ ਸ਼ਹਿਰੀ ਮੰਡਲ ਫਿਰੋਜ਼ਪੁਰ ਦੇ ਬਿਜਲੀ ਕਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਗੇਟ ਰੈਲੀ ਦੀ ਪ੍ਰਧਾਨਗੀ ਸੀਨੀਅਰ ਆਗੂ ਰਾਕੇਸ਼ ਸੈਨੀ ਵੱਲੋਂ ਕੀਤੀ ਗਈ, ਜਦੋਂ ਕਿ ਸਟੇਜ ਦੀ ਕਾਰਵਾਈ ਨੂੰ ਸਬ-ਅਰਬਨ ਮੰਡਲ ਦੇ ਸਕੱਤਰ ਸਤੀਸ਼ ਕੁਮਾਰ ਨੇ ਸੁਚੱਜੇ ਢੰਗ ਨਾਲ ਚਲਾਇਆ। ਰੈਲੀ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਵੱਲ ਸਰਕਾਰ ਦਾ ਧਿਆਨ ਦਿਵਾਇਆ ਅਤੇ ਮੈਨੇਜਮੈਂਟ ਦੇ ਅੜੀਅਲ ਵਤੀਰੇ ਦੀ ਸਖ਼ਤ ਨਿਖੇਧੀ ਕੀਤੀ। ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੁਲਾਜ਼ਮ ਆਗੂਆਂ ਰਾਕੇਸ਼ ਸੈਨੀ, ਸਤੀਸ਼ ਕੁਮਾਰ, ਨੇ ਸਰਕਾਰ ਨੂੰ ਚਿਤਾਵਨੀ ਦਿੱਤੀ। ਉਨ੍ਹਾਂ ਆਪਣੀਆਂ ਮੁੱਖ ਮੰਗਾਂ ਜਿਵੇਂ ਕਿ 17 ਜੁਲਾਈ 2020 ਦਾ ਪੱਤਰ ਤੁਰੰਤ ਰੱਦ ਕੀਤਾ ਜਾਵੇ, ਮੁਲਾਜ਼ਮਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਪੁਰਾਣੇ ਨੋਟੀਫਿਕੇਸ਼ਨ ਨੂੰ ਵਾਪਸ ਲਿਆ ਜਾਵੇ, ਡੀਏ ਅਤੇ ਪੈਨਸ਼ਨ ਦੀ ਬਹਾਲੀ, ਮੁਲਾਜ਼ਮਾਂ ਦਾ ਰੋਕਿਆ ਹੋਇਆ 18 ਪ੍ਰਤੀਸ਼ਤ ਡੀਏ ਤੁਰੰਤ ਜਾਰੀ ਕੀਤਾ ਜਾਵੇ ਤੇ ਸਾਰੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਪਾਵਰਕਾਮ ਵਿਚ ਸਾਲਾਂ ਬੱਧੀ ਸੇਵਾਵਾਂ ਨਿਭਾ ਰਹੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ। ਖ਼ਾਸ ਕਰਕੇ ਪਾਰਟ-ਟਾਈਮ ਕੰਮ ਕਰ ਰਹੇ ਉਹ ਕਾਮੇ ਜੋ ਪਿਛਲੇ 30 ਸਾਲਾਂ ਤੋਂ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ। ਮੁਲਾਜ਼ਮ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਨੇ ਬਿਜਲੀ ਕਰਮਚਾਰੀਆਂ ਦੀਆਂ ਇਨ੍ਹਾਂ ਜਾਇਜ਼ ਮੰਗਾਂ ਨੂੰ ਤੁਰੰਤ ਨਾ ਮੰਨਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸੇ ਕੜੀ ਤਹਿਤ ਸਮੂਹ ਬਿਜਲੀ ਕਰਮਚਾਰੀ ਆਉਂਦੀ 21 ਤੇ 22 ਅਗਸਤ 2026 ਨੂੰ ਦੋ ਦਿਨਾਂ ਦੀ ਸਮੂਹਕ ਛੁੱਟੀ 'ਤੇ ਚਲੇ ਜਾਣਗੇ। ਆਗੂਆਂ ਨੇ ਸਪੱਸ਼ਟ ਕੀਤਾ ਕਿ ਇਸ ਹੜਤਾਲ ਕਾਰਨ ਜੇਕਰ ਆਮ ਜਨਤਾ ਨੂੰ ਬਿਜਲੀ ਸਪਲਾਈ ਜਾਂ ਹੋਰ ਸੇਵਾਵਾਂ ਵਿਚ ਕੋਈ ਪ੍ਰੇਸ਼ਾਨੀ ਆਉਂਦੀ ਹੈ, ਤਾਂ ਉਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਉੱਚ ਮੈਨੇਜਮੈਂਟ ਦੀ ਹੋਵੇਗੀ। ਇਸ ਮੌਕੇ ਅਸ਼ਵਨੀ ਕੁਮਾਰ, ਰੋਸ਼ਨ ਲਾਲ, ਪ੍ਰਦੀਪ, ਰਣਬੀਰ ਸਿੰਘ, ਬਲਵੰਤ ਸਿੰਘ ਬਿੱਟੂ, ਰਾਜੇਸ਼ ਦੱਤਾ ਤੇ ਨੰਦ ਲਾਲ ਤੋਂ ਇਲਾਵਾ ਹੋਰ ਬਿਜਲੀ ਕਰਮਚਾਰੀ ਹਾਜ਼ਰ ਸਨ।

5994 ਭਰਤੀ ਪੂਰੀ ਕਰਨ ਦੇ ਸਰਕਾਰ ਦੇ ਦਾਅਵੇ ਖੋਖਲੇ : ਅਸ਼ੋਕ ਬਾਵਾ

ਧੂਰੀ (ਸੁਖਦੇਵ ਧੂਰੀ)

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਈਟੀਟੀ ਕਾਡਰ ਦੀ 5994 ਭਰਤੀ ਪੂਰੀ ਕਰਨ ਦੇ ਕੀਤੇ ਜਾ ਰਹੇ ਝੂਠੇ ਦਾਅਵੇ ਖੋਖਲੇ ਹਨ, ਜਦਕਿ 5994 ਭਰਤੀ ਵਿੱਚੋਂ ਸਿਰਫ 3000 ਫਰੈਸ਼ ਅਸਾਮੀਆਂ ਉੱਪਰ ਹੀ ਅਧਿਆਪਕਾਂ ਨੂੰ ਜੁਆਇਨ ਕਰਾਇਆ ਗਿਆ ਹੈ, ਜਦਕਿ 2994 ਬੈਕਲਾਗ ਅਜੇ ਵੀ ਪੂਰੇ ਦਾ ਪੂਰਾ ਜੁਆਇਨ ਕਰਨ ਤੋਂ ਵਾਂਝਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਈਟੀਟੀ 5994 ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾਈ ਅਸ਼ੋਕ ਬਾਵਾ, ਕਰਨ ਕੰਬੋਜ, ਜਸਕਰਨ ਸਿੰਘ, ਨਵਦੀਪ ਸਿੰਘ ਨੇ ਕੀਤਾ।ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਜਾਣ-ਬੁੱਝ ਕੇ 5994 ਭਰਤੀ ਪੂਰੀ ਕਰਨ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਜਦਕਿ ਸੱਚਾਈ ਇਸ ਤੋਂ ਕੋਹਾਂ ਦੂਰ ਹੈ।ਉਨ੍ਹਾਂ ਆਖਿਆ ਕਿ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਈਟੀਟੀ ਕਾਡਰ ਦੀਆਂ 5994 ਅਸਾਮੀਆਂ ਸਾਲ 2022 ਵਿੱਚ ਕੱਢੀਆਂ ਗਈਆਂ ਸਨ, ਜਿਨ੍ਹਾਂ ਵਿੱਚ 3000 ਅਸਾਮੀਆਂ ਫਰੈਸ਼ ਤੇ 2994 ਬੈਕਲਾਗ ਦੀਆਂ ਸਨ।ਪੰਜਾਬ ਸਰਕਾਰ ਨੇ 2023 ਵਿੱਚ ਉਕਤ 5994 ਅਸਾਮੀਆਂ ਸਬੰਧੀ ਪ੍ਰੀਖਿਆ ਲਈ ਸੀ, ਜਿਸ ਮਗਰੋਂ ਉਕਤ ਭਰਤੀ 'ਤੇ ਮਾਨਯੋਗ ਹਾਈਕੋਰਟ ਵਿੱਚ ਵੱਖ-ਵੱਖ ਤਰ੍ਹਾਂ ਦੇ ਕੋਰਟ ਕੇਸ ਲੱਗਣ ਕਰਕੇ ਭਰਤੀ ਲਟਕ ਗਈ।ਇਸ ਮਗਰੋਂ ਇੱਕ ਅਪ੍ਰੈਲ 2025 ਨੂੰ 3000 ਫਰੈਸ਼ ਅਸਾਮੀਆਂ 'ਚੋਂ 3000 ਦੇ ਕਰੀਬ ਯੋਗ ਅਧਿਆਪਕਾਂ ਨੂੰ ਜੁਆਇਨ ਕਰਾਇਆ ਗਿਆ, ਜਦਕਿ 2994 ਬੈਕਲਾਗ ਸਾਰੇ ਦਾ ਸਾਰਾ ਬਕਾਇਆ ਹੈ। ਆਗੂਆਂ ਨੇ ਮੰਗ ਕੀਤੀ ਹੈ ਕਿ 2994 ਬੈਕਲਾਗ ਨੂੰ ਡੀ-ਰਿਜ਼ਰਵ ਕਰਕੇ ਜਲਦ ਤੋਂ ਜਲਦ ਬਾਕੀ ਰਹਿੰਦੇ ਬੇਰੁਜ਼ਗਾਰ ਅਧਿਆਪਕਾਂ ਨੂੰ ਵੀ ਜੁਆਇਨ ਕਰਾਇਆ ਜਾਵੇ।ਆਗੂਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਸਰਕਾਰ ਨੇ ਟਾਲ ਮਟੋਲ ਵਾਲੀ ਨੀਤੀ ਅਪਣਾਈ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਬੇਰੁਜ਼ਗਾਰ ਅਧਿਆਪਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।

ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ 'ਚ ਕੇਸ ਦਰਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਥਾਣਾ ਕੋਟਭਾਈ ਪੁਲਸ ਨੇ ਨਾਬਾਲਗ ਲੜਕੀ ਨੂੰ ਵਰਗਲਾ ਕੇ ਆਪਣੇ ਨਾਲ ਲਿਜਾਣ ਦੇ ਦੋਸ਼ ਹੇਠ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਪੁਲਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ 11 ਜੁਲਾਈ 2026 ਨੂੰ ਪਿੰਡ ਖੁੰਨਣ ਖੁਰਦ ਦੀ ਰਹਿਣ ਵਾਲੀ ਕਰੀਬ 17 ਸਾਲਾ ਲੜਕੀ ਸਹਿਜਪ੍ਰੀਤ ਕੌਰ ਨੂੰ ਇੱਕ ਅਣਪਛਾਤੇ ਵਿਅਕਤੀ ਵੱਲੋਂ ਕਥਿਤ ਤੌਰ 'ਤੇ ਵਰਗਲਾ-ਫੁਸਲਾ ਕੇ ਆਪਣੇ ਨਾਲ ਲਿਜਾਇਆ ਗਿਆ।

ਸ਼ਿਕਾਇਤ ਦੇ ਆਧਾਰ 'ਤੇ ਥਾਣਾ ਕੋਟਭਾਈ ਪੁਲਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਸ ਵੱਲੋਂ ਲੜਕੀ ਦੀ ਭਾਲ ਤੇ ਮਾਮਲੇ ਦੀ ਅਗਲੇਰੀ ਜਾਂਚ ਸਬ ਇੰਸਪੈਕਟਰ ਪਲਵਿੰਦਰ ਸਿੰਘ ਦੀ ਨਿਗਰਾਨੀ ਹੇਠ ਕੀਤੀ ਜਾ ਰਹੀ ਹੈ।

ਲਾਇਨਜ਼ ਕਲੱਬ ਗੋਲਡ ਵੱਲੋਂ ਮੁਫ਼ਤ ਸ਼ੂਗਰ ਤੇ ਕਿਡਨੀ ਜਾਂਚ ਕੈਂਪ ਅੱਜ

ਜਲਾਲਾਬਾਦ (ਜੀਤ ਕੁਮਾਰ)-ਲਾਇਨਜ਼ ਕਲੱਬ ਗੋਲਡ ਜਲਾਲਾਬਾਦ ਵੱਲੋਂ ਪਿਛਲੇ ਦੋ ਸਾਲਾਂ ਤੋਂ ਹਰ ਐਤਵਾਰ ਹਨੂੰਮਾਨ ਮੰਦਰ ਨੇੜੇ ਤਹਿਸੀਲ ਕੰਪਲੈਕਸ ਵਿਖੇ ਸਵੇਰੇ 7 ਵਜੇ ਤੋਂ 8 ਵਜੇ ਤੱਕ ਮੁਫ਼ਤ ਸ਼ੂਗਰ ਚੈਕਅੱਪ ਕੈਂਪ ਲਗਾਤਾਰ ਲਗਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਦਿਨ ਐਤਵਾਰ 19 ਜੁਲਾਈ 2026 ਨੂੰ ਸ੍ਰੀ ਜਸਰਾਜ ਕਾਠਪਾਲ ਦੀ ਬਰਸੀ ਮੌਕੇ ਵਿਸ਼ੇਸ਼ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ ਜਾਵੇਗਾ। ਲਾਇਨਜ਼ ਕਲੱਬ ਗੋਲਡ ਜਲਾਲਾਬਾਦ ਦੇ ਪ੍ਰਧਾਨ ਗੌਰਵ ਠਠਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿਸ਼ੇਸ਼ ਕੈਂਪ ਦੌਰਾਨ ਸ਼ੂਗਰ ਦੇ ਮਰੀਜ਼ਾਂ ਦੀ ਤਿੰਨ ਮਹੀਨਿਆਂ ਦੀ ਸ਼ੂਗਰ, ਮੌਜੂਦਾ ਸ਼ੂਗਰ ਤੇ ਕਿਡਨੀ ਨਾਲ ਸਬੰਧਤ ਸਾਰੇ ਲੋੜੀਂਦੇ ਟੈਸਟ ਬਿਲਕੁਲ ਮੁਫ਼ਤ ਕੀਤੇ ਜਾਣਗੇ। ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਐਤਵਾਰ ਸਵੇਰੇ 7 ਵਜੇ ਤੋਂ 8 ਵਜੇ ਤੱਕ ਹਨੂੰਮਾਨ ਮੰਦਰ ਨੇੜੇ ਤਹਿਸੀਲ ਕੰਪਲੈਕਸ ਵਿਖੇ ਪਹੁੰਚ ਕੇ ਇਸ ਮੁਫ਼ਤ ਸਿਹਤ ਸੇਵਾ ਦਾ ਵੱਧ ਤੋਂ ਵੱਧ ਲਾਭ ਉਠਾਉਣ। ਇਸ ਮੌਕੇ ਕਲੱਬ ਦੇ ਸਕੱਤਰ ਸ਼ਹਿਜ਼ਾਦ ਦੀਵਾਨ ਅਤੇ ਕੈਸ਼ੀਅਰ ਅਨਮੋਲ ਵਰਮਾ ਵੀ ਹਾਜ਼ਰ ਸਨ।

ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਮੁਲਾਜ਼ਮ ਮਾਰੂ ਪੱਤਰ ਦੀਆਂ ਕਾਪੀਆਂ ਸਾੜੀਆਂ

ਲੁਧਿਆਣਾ (ਸਤੀਸ਼ ਸਚਦੇਵਾ)-ਸਾਂਝਾ ਮੁਲਾਜ਼ਮ ਮੰਚ ਦੇ ਸੂਬਾ ਪੱਧਰੀ ਸੱਦੇ 'ਤੇ ਪੀ ਐੱਸ ਐੱਮ ਐੱਸ ਯੂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਸਾਂਝੀ ਤਾਲਮੇਲ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਦਫਤਰਾਂ ਦੇ ਬਾਹਰ ਇਕੱਠੇ ਹੋ ਕੇ 17 ਜੁਲਾਈ 2020 ਦੇ ਮੁਲਾਜ਼ਮ ਮਾਰੂ ਪੱਤਰ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਦੌਰਾਨ ਮੀਟਿੰਗ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਆਪਣੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ।ਉਨ੍ਹਾਂ ਕਿਹਾ ਕਿ 18 ਫੀਸਦੀ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, ਏ.ਸੀ.ਪੀ. ਸਕੀਮ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, 17 ਜੁਲਾਈ 2020 ਦੇ ਪੱਤਰ ਰਾਹੀਂ ਲਾਗੂ ਕੀਤੇ ਕੇਂਦਰੀ ਤਨਖਾਹ ਕਮਿਸ਼ਨ ਨੂੰ ਰੱਦ ਕਰਨ, 15 ਜਨਵਰੀ 2015 ਦੇ ਪ੍ਰੋਬੇਸ਼ਨ ਪੀਰੀਅਡ ਵਿੱਚ ਵਾਧੇ ਵਾਲੇ ਪੱਤਰ ਨੂੰ ਵਾਪਸ ਲੈਣ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦੇਣ, ਕੱਚੇ ਕਾਮਿਆਂ ਨੂੰ ਪੱਕਾ ਕਰਨ ਤੇ ਮਾਣ-ਭੱਤੇ 'ਤੇ ਕੰਮ ਕਰਦੀਆਂ ਬੀਬੀਆਂ ਨੂੰ ਘੱਟੋ-ਘੱਟ ਉਜ਼ਰਤਾਂ ਲਾਗੂ ਕਰਨ ਵਰਗੀਆਂ ਮੰਗਾਂ ਲੰਬੇ ਸਮੇਂ ਤੋਂ ਅਣਸੁਣੀਆਂ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ 07 ਅਗਸਤ ਨੂੰ ਲੱਖਾਂ ਦੀ ਗਿਣਤੀ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਮੋਹਾਲੀ ਵੱਲ ਕੂਚ ਕਰਨਗੇ ਤੇ ਸਰਕਾਰ ਨੂੰ ਆਪਣੀਆਂ ਜਾਇਜ਼ ਮੰਗਾਂ ਮਨਵਾਉਣ ਲਈ ਮਜਬੂਰ ਕਰਨਗੇ।ਬੁਲਾਰਿਆਂ ਨੇ ਕਿਹਾ ਕਿ ਸੰਘਰਸ਼ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਤੱਕ ਨਾ ਸਿਰਫ਼ ਜਾਰੀ ਰਹੇਗਾ, ਸਗੋਂ ਹੋਰ ਵਧੇਰੇ ਵਿਸ਼ਾਲ ਤੇ ਤਿੱਖਾ ਰੂਪ ਧਾਰਨ ਕਰੇਗਾ।ਇਸ ਮੌਕੇ ਜ਼ਿਲ੍ਹੇ ਭਰ ਦੇ ਸਾਰੇ ਸਰਕਾਰੀ ਵਿਭਾਗਾਂ ਦੀਆਂ ਯੂਨੀਅਨਾਂ ਤੇ ਪੈਂਸ਼ਨਰਜ਼ ਯੂਨੀਅਨਾਂ ਦੇ ਆਗੂ ਵੱਡੀ ਗਿਣਤੀ 'ਚ ਹਾਜ਼ਰ ਸਨ।

ਕਾਲਾ ਦਿਵਸ ਮਨਾ ਕੇ ਪੈਨਸ਼ਨਰਾਂ ਨੇ ਕੀਤੀ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ

29 ਦੀ ਸੰਗਰੂਰ ਰੈਲੀ ਲਈ ਲਾਈਆਂ ਡਿਊਟੀਆਂ

ਭਵਾਨੀਗੜ੍ਹ (ਰਾਜ ਖੁਰਮੀ)

ਸਮੁੱਚੇ ਮੁਲਾਜ਼ਮ ਮੰਚ ਪੰਜਾਬ ਦੇ ਸੱਦੇ 'ਤੇ ਗੌਰਮਿੰਟ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਭਵਾਨੀਗੜ੍ਹ ਵੱਲੋਂ ਸਥਾਨਕ ਪੈਨਸ਼ਨਰ ਦਫ਼ਤਰ ਵਿਖੇ ਕਾਲਾ ਦਿਵਸ ਮਨਾਇਆ ਗਿਆ।ਇਸ ਮੌਕੇ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਪੇ-ਸਕੇਲ ਪੰਜਾਬ ਦੇ ਮੁਲਾਜ਼ਮਾਂ 'ਤੇ ਲਾਗੂ ਕਰਨ ਦੇ ਫ਼ੈਸਲੇ ਨੂੰ ਯਾਦ ਕਰਦਿਆਂ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਰੋਸ ਪ੍ਰਗਟਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਜਨਰਲ ਸਕੱਤਰ ਕੇਵਲ ਸਿੰਘ ਸਿੱਧੂ ਨੇ ਕੀਤੀ।ਉਨ੍ਹਾਂ ਕਾਲਾ ਦਿਵਸ ਮਨਾਉਣ ਦੇ ਮਕਸਦ ਬਾਰੇ ਜਾਣਕਾਰੀ ਦਿੱਤੀ ਤੇ ਪਿਛਲੇ ਦਿਨੀਂ ਵਿੱਛੜੇ ਗੌਰਮਿੰਟ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਇੰਦਰਪਾਲ ਸ਼ਰਮਾ, ਬਾਨੀ ਆਗੂ ਭਵਾਨੀਗੜ੍ਹ ਬ੍ਰਿਜ ਲਾਲ ਸਲਦੀ ਤੇ ਹੋਰ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ।

ਮੀਟਿੰਗ ਦੌਰਾਨ 29 ਜੁਲਾਈ 2026 ਨੂੰ ਪੈਨਸ਼ਨਰ ਮੰਚ ਪੰਜਾਬ ਵੱਲੋਂ ਸੰਗਰੂਰ ਵਿਖੇ ਕੀਤੀ ਜਾਣ ਵਾਲੀ ਰੈਲੀ ਨੂੰ ਸਫ਼ਲ ਬਣਾਉਣ ਲਈ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਵੱਖ-ਵੱਖ ਆਗੂਆਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਇਸ ਮੌਕੇ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਜ਼ਿਲ੍ਹਾ ਜਨਰਲ ਸਕੱਤਰ ਸੁਖਦੇਵ ਸਿੰਘ, ਮੁੱਖ ਸਰਪ੍ਰਸਤ ਚਰਨ ਸਿੰਘ ਚੋਪੜਾ, ਵਿੱਤ ਸਕੱਤਰ ਬਲਕਾਰ ਸਿੰਘ, ਸਾਬਕਾ ਪ੍ਰਧਾਨ ਗੋਪਾਲ ਕ੍ਰਿਸ਼ਨ, ਸਹਾਇਕ ਸਕੱਤਰ ਸੁਰਿੰਦਰ ਕੁਮਾਰ, ਮੁੱਖ ਸਲਾਹਕਾਰ ਗੁਰਚਰਨ ਸਿੰਘ ਮਣਕੂ, ਪ੍ਰੈੱਸ ਸਕੱਤਰ ਚਮਨ ਲਾਲ ਲਾਲਕਾ, ਗੁਰਨਾਮ ਸਿੰਘ, ਗੁਰਚਰਨ ਸਿੰਘ ਪੰਨਵਾਂ, ਪ੍ਰੀਤਮ ਸਿੰਘ, ਸੋਮ ਦੱਤ ਸਮੇਤ ਕਈ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਜਲਦ ਪ੍ਰਵਾਨ ਕਰਨ ਦੀ ਮੰਗ ਕੀਤੀ।

ਮੀਟਿੰਗ ਦੇ ਅੰਤ ਵਿੱਚ ਰੋਸ ਪ੍ਰਗਟਾਵੇ ਵਜੋਂ ਸਰਕਾਰ ਦੀਆਂ ਨੀਤੀਆਂ ਦੇ ਪ੍ਰਤੀਕ ਵਜੋਂ ਕਾਪੀਆਂ ਸਾੜੀਆਂ ਗਈਆਂ ਤੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਜਲਦੀ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਐੱਸ ਆਈ ਆਰ-2026 ਤਹਿਤ ਅੱਜ ਵਿਸ਼ੇਸ਼ ਕੈਂਪ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਸ੍ਰੀ ਅਮਿਤ ਕੁਮਾਰ ਪੰਚਾਲ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਚਲਾਈ ਜਾ ਰਹੀ ਸਪੈਸ਼ਲ ਇੰਟੈਂਸਿਵ ਰਿਵੀਜਨ (ਐੱਸ.ਆਈ.ਆਰ)-2026 ਮੁਹਿੰਮ ਤਹਿਤ 19 ਜੁਲਾਈ (ਐਤਵਾਰ) ਨੂੰ ਵੋਟਰਾਂ ਦੀ ਸਹੂਲਤ ਲਈ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ, ਜਿੱਥੇ ਵੋਟਰ ਇਸ ਵਿਸ਼ੇਸ਼ ਕੈਂਪ ਵਿੱਚ ਪਹੁੰਚ ਕੇ ਆਪਣੇ ਵੋਟਰ ਵੇਰਵਿਆਂ ਦੀ ਤਸਦੀਕ ਤੇ ਨਿਰਧਾਰਤ ਗਣਨਾ ਫਾਰਮ ਜ਼ਰੂਰ ਜਮ੍ਹਾਂ ਕਰਵਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਵਿਧਾਨ ਸਭਾ ਹਲਕਾ 83-ਲੰਬੀ, 84-ਗਿੱਦੜਬਾਹਾ, 85-ਮਲੋਟ, 86-ਮੁਕਤਸਰ ਵਿੱਚ ਬਣੇ ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ, ਤਾਂ ਜੋ ਇਨ੍ਹਾਂ ਗਣਨਾ ਫਾਰਮਾਂ ਦੀ ਡਿਜੀਟਾਈਜੇਸ਼ਨ ਦਾ ਕੰਮ ਜਲਦੀ ਮੁਕੰਮਲ ਕੀਤਾ ਜਾ ਸਕੇ।

ਜ਼ਿਲ੍ਹਾ ਚੋਣ ਅਫਸਰ ਨੇ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਵੱਲੋਂ ਨਿਯੁਕਤ ਬੂਥ ਲੈਵਲ ਏਜੰਟ ਇਨ੍ਹਾਂ ਦੋ ਦਿਨਾਂ ਕੈਂਪ ਵਿੱਚ ਬੀ.ਐੱਲ.ਓਜ਼ ਨੂੰ ਪੂਰਨ ਸਹਿਯੋਗ ਦੇਣ।

ਨਜਾਇਜ਼ ਲਾਹਣ ਸਮੇਤ ਕਾਬੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਬੂੜਾ ਗੁੱਜਰ ਰੋਡ ਇਲਾਕੇ ਵਿੱਚ ਕਾਰਵਾਈ ਕਰਦਿਆਂ ਇੱਕ ਵਿਅਕਤੀ ਨੂੰ ਨਜਾਇਜ਼ ਲਾਹਣ ਸਮੇਤ ਕਾਬੂ ਕੀਤਾ ਹੈ।ਪੁਲਸ ਅਨੁਸਾਰ ਚੈਕਿੰਗ ਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ ਦੌਰਾਨ ਪੁਲਸ ਪਾਰਟੀ ਨੂੰ ਗੁਪਤ ਸੂਚਨਾ ਮਿਲੀ ਕਿ ਹਰਜੀਤ ਸਿੰਘ ਉਰਫ਼ ਬੀਤਾ, ਪੁੱਤਰ ਪਾਲਾ ਸਿੰਘ, ਵਾਸੀ ਗਾਂਧੀ ਨਗਰ (ਡੀਸੀ-ਐੱਮਸੀ ਵਾਲੀ ਗਲੀ), ਆਪਣੇ ਘਰ ਵਿੱਚ ਨਜਾਇਜ਼ ਸ਼ਰਾਬ ਤਿਆਰ ਕਰਕੇ ਵੇਚਣ ਦਾ ਆਦੀ ਹੈ।ਸੂਚਨਾ ਦੇ ਆਧਾਰ 'ਤੇ ਤੁਰੰਤ ਛਾਪੇਮਾਰੀ ਕੀਤੀ ਗਈ।

ਰੇਡ ਦੌਰਾਨ ਮੁਲਜ਼ਮ ਦੇ ਕਬਜ਼ੇ ਵਿੱਚੋਂ 35 ਲੀਟਰ ਲਾਹਣ ਬਰਾਮਦ ਹੋਈ।ਇਸ ਤੋਂ ਬਾਅਦ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵਿੱਚ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।ਮਾਮਲੇ ਦੀ ਅਗਲੇਰੀ ਜਾਂਚ ਸਬ ਇੰਸਪੈਕਟਰ ਬਲਵੰਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

ਲਾਲਾ ਮੰਗਤ ਰਾਏ ਨੇ ਨਗਰ ਕੌਂਸਲ ਦੇ ਪ੍ਰਧਾਨ ਵਜੋਂ ਸੰਭਾਲਿਆ ਅਹੁਦਾ



ਸਮਰਾਲਾ (ਸੁਰਜੀਤ ਸਿੰਘ)

ਸਥਾਨਕ ਨਗਰ ਕੌਂਸਲ ਦੀ ਕਮਾਨ ਪਹਿਲੀ ਵਾਰ ਆਮ ਆਦਮੀ ਪਾਰਟੀ ਦੇ ਹਿੱਸੇ ਆਈ ਹੈ।ਸਮਰਾਲਾ ਨਗਰ ਕੌਂਸਲ ਅਧੀਨ ਪੈਂਦੇ 15 ਵਾਰਡਾਂ ਵਿੱਚੋਂ 8 ਵਾਰਡਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕਰਕੇ ਪੂਰਨ ਬਹੁਮੱਤ ਹਾਸਲ ਕਰ ਲਿਆ ਸੀ। ਬਹੁਮੱਤ ਮਿਲਣ ਕਾਰਨ ਸ਼ੁੱਕਰਵਾਰ ਆਮ ਆਦਮੀ ਪਾਰਟੀ ਵੱਲੋਂ ਜੇਤੂ ਰਹੇ ਕੌਂਸਲਰ ਲਾਲਾ ਮੰਗਤ ਰਾਏ ਨੇ ਬਤੌਰ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ।ਇਸ ਤੋਂ ਇਲਾਵਾ ਸੀਨੀ: ਵਾਈਸ ਪ੍ਰਧਾਨ ਵਜੋਂ ਡਾ. ਸਿਕੰਦਰ ਸਿੰਘ ਤੇ ਵਾਈਸ ਪ੍ਰਧਾਨ ਵਜੋਂ ਕੁਲਦੀਪ ਕੌਰ ਨੇ ਵੀ ਆਪੋ ਆਪਣੇ ਅਹੁਦੇ ਸੰਭਾਲੇ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸਮੂਹ ਕੌਂਸਲਰ, ਜਿਨ੍ਹਾਂ ਵਿੱਚ ਇੰਦਰਜੀਤ ਸਿੰਘ, ਰਾਜਿੰਦਰ ਕੌਰ, ਜਸਪ੍ਰੀਤ ਕੌਰ, ਰੁਪਿੰਦਰ ਕੌਰ, ਅੰਮ੍ਰਿਤਾ ਪੁਰੀ ਵੀ ਹਾਜ਼ਰ ਸਨ।ਨਵੇਂ ਪ੍ਰਧਾਨ ਦਾ ਅਹੁਦਾ ਸੰਭਾਲਣ ਮੌਕੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੋਂ ਇਲਾਵਾ ਮੋਹਿਤ ਕੁੰਦਰਾ ਪ੍ਰਧਾਨ ਨਗਰ ਕੌਂਸਲ ਮਾਛੀਵਾੜਾ, ਮੇਜਰ ਸਿੰਘ ਬਾਲਿਓਂ ਚੇਅਰਮੈਨ ਮਾਰਕੀਟ ਕਮੇਟੀ ਸਮਰਾਲਾ ਵੀ ਹਾਜ਼ਰ ਸਨ।

ਅਹੁਦਾ ਸੰਭਾਲਣ ਉਪਰੰਤ ਹਲਕਾ ਵਿਧਾਇਕ ਦਿਆਲਪੁਰਾ ਨੇ ਕਿਹਾ ਪਿਛਲੇ ਅਰਸੇ ਦੌਰਾਨ ਸਮਰਾਲਾ ਵਿਕਾਸ ਪੱਖੋਂ ਬਹੁਤ ਜ਼ਿਆਦਾ ਪੱਛੜ ਚੁੱਕਾ ਹੈ, ਜਿਸ ਦਾ ਮੁੱਖ ਕਾਰਨ ਪਿਛਲੇ ਪੰਜ ਸਾਲਾਂ ਵਿੱਚ ਸਮਰਾਲਾ ਦੇ ਵਿਕਾਸ ਵੱਲ ਉੱਕਾ ਧਿਆਨ ਨਹੀਂ ਦਿੱਤਾ ਗਿਆ। ਸਮਰਾਲਾ ਸ਼ਹਿਰ ਦੀ ਹੱਦ ਅੰਦਰ ਸੜਕਾਂ, ਸਫਾਈ ਤੇ ਹੋਰ ਕਾਫੀ ਸਮੱਸਿਆਵਾਂ ਦਾ ਵਾਧਾ ਹੋਇਆ, ਜਿਸ ਦਾ ਛੇਤੀ ਹੱਲ ਕਰ ਲਿਆ ਜਾਵੇਗਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਜੋ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਸਨ, ਉਹ ਸਾਰੇ ਵਾਅਦੇ ਪੂਰੇ ਹੋ ਚੁੱਕੇ ਹਨ, ਸਮਰਾਲਾ ਹਲਕੇ ਅੰਦਰ ਵੀ ਦੋ ਹਾਈਟੈਕ ਹਾਕੀ ਗਰਾਊਂਡ ਬਣਾਏ ਜਾ ਰਹੇ ਹਨ।ਉਨ੍ਹਾਂ ਦੂਸਰੀਆਂ ਪਾਰਟੀਆਂ ਦੇ ਕੌਂਸਲਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਾਡਾ ਪੂਰਾ ਸਹਿਯੋਗ ਕਰਨ ਤਾਂ ਜੋ ਸਮਰਾਲਾ ਦਾ ਵਿਕਾਸ ਹੋ ਸਕੇ।ਇਸ ਮੌਕੇ ਲਾਲਾ ਮੰਗਤ ਰਾਏ ਨੇ ਕਿਹਾ ਕਿ ਨਗਰ ਕੌਂਸਲ ਦੇ ਦਫਤਰ ਦੀ ਨੁਹਾਰ ਬਦਲਣ ਲਈ 10 ਲੱਖ ਰੁਪਏ ਦੀ ਗ੍ਰਾਂਟ ਦਾ ਮਤਾ ਪਾਇਆ ਗਿਆ।ਉਨ੍ਹਾਂ ਸਮਰਾਲਾ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਜੋ ਵੀ ਸਮੱਸਿਆ ਪੇਸ਼ ਆ ਰਹੀ ਹੈ, ਉਸ ਸਬੰਧੀ ਤੁਰੰਤ ਕੌਂਸਲਰ ਦੇ ਧਿਆਨ ਵਿੱਚ ਲਿਆਉਣ, ਜੇਕਰ ਫਿਰ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਇਸ ਸਬੰਧੀ ਉਹ ਕਿਸੇ ਸਮੇਂ ਵੀ ਮੈਨੂੰ ਮਿਲ ਸਕਦੇ ਹਨ।

ਤਰਕਸ਼ੀਲ ਸੁਸਾਇਟੀ ਦਾ ਦੋ ਮਾਸਕ ਮੈ.ਗਜ਼ੀਨ ਰਿਲੀਜ਼

ਭੀਖੀ (ਗੁਰਿੰਦਰ ਸਿੰਘ ਔਲਖ)-ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਦੀ ਅਹਿਮ ਮੀਟਿੰਗ ਹੋਈ, ਜਿਸ ਨੂੰ ਸੰਬੋਧਨ ਕਰਦਿਆਂ ਆਗੂ ਭੁਪਿੰਦਰ ਫ਼ੌਜੀ ਨੇ ਕਿਹਾ ਕਿ ਦੇਸ਼ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ।ਲੋਕਾਂ ਦੀਆਂ ਭਾਵਨਾਵਾਂ ਨਾਲ਼ ਖੇਡਿਆ ਜਾ ਰਿਹਾ ਹੈ।ਨੀਟ ਦਾ ਪੇਪਰ ਲੀਕ ਹੋਇਆ ਨੌਜਵਾਨਾਂ ਦੀ ਮਿਹਨਤ ਤੇ ਪਾਣੀ ਫੇਰ ਦਿੱਤਾ।ਪਿਛਲੇ ਸਮੇਂ ਦੌਰਾਨ ਜੰਤਰ-ਮੰਤਰ 'ਤੇ ਪ੍ਰਦਰਸ਼ਨ ਚੱਲ ਰਿਹਾ ਹੈ। ਦੇਸ਼ ਲਈ ਆਪਣੇ ਆਪ ਨੂੰ ਸਮਰਪਣ ਕਰਨ ਵਾਲੇ ਸੋਨਮ ਵਾਂਗਚੁਕ ਭੁੱਖ ਹੜਤਾਲ 'ਤੇ ਬੈਠੇ ਹਨ। ਉਨ੍ਹਾਂ ਦੀ ਸਿਹਤ ਦਿਨ ਪ੍ਰਤੀ ਦਿਨ ਵਿਗੜ ਰਹੀ ਹੈ।ਭਾਜਪਾ ਦੇ ਨੇਤਾ ਹਰ ਦਿਨ ਬੇਤੁਕੇ ਬਿਆਨ ਦੇ ਰਹੇ ਹਨ। ਇਹ ਉਨ੍ਹਾਂ ਦਾ ਹੰਕਾਰ ਬੋਲਦਾ ਹੈ।ਤਰਕਸ਼ੀਲ ਸੁਸਾਇਟੀ ਪੰਜਾਬ ਕੇਂਦਰ ਸਰਕਾਰ ਦੀ ਘੋਰ ਨਿੰਦਾ ਕਰਦੀ ਹੈ ਤੇ ਚੱਲ ਰਹੇ ਅੰਦੋਲਨ ਦੀ ਹਮਾਇਤ ਕਰਦੀ ਹੈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦਾ ਦੋ ਮਾਸਿਕ ਮੈਗਜ਼ੀਨ ਵੀ ਜਾਰੀ ਕੀਤਾ ਗਿਆ।

ਮੁੱਖ ਮੰਤਰੀ ਨੂੰ ਧਾਰਮਿਕ ਸਥਾਨਾਂ ਦੇ ਬਿਜਲੀ ਬਿੱਲਾਂ 'ਚ ਛੋਟ ਦੇਣ ਲਈ ਲਿਖਿਆ ਪੱਤਰ

ਰਾਜਪੁਰਾ (ਰਮੇਸ਼ ਕਟਾਰੀਆ)-ਮਾਰਕੀਟ ਕਮੇਟੀ ਦੇ ਚੇਅਰਮੈਨ ਸ੍ਰੀ ਦੀਪਕ ਸੂਦ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਪੰਜਾਬ ਰਾਜ ਅੰਦਰ ਪੈਂਦੇ ਸਾਰਿਆਂ ਧਾਰਮਿਕ ਸਥਾਨਾਂ ਨੂੰ ਬਿਜਲੀ ਬਿੱਲਾਂ ਵਿੱਚ ਛੋਟ ਦਿੱਤੀ ਜਾਵੇ।ਚੇਅਰਮੈਨ ਸ੍ਰੀ ਸੂਦ ਨੇ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿੱਚ ਮੰਗ ਕੀਤੀ ਹੈ ਕਿ ਪੰਜਾਬ ਰਾਜ ਅੰਦਰ ਪੈਂਦੇ ਸਾਰੇ ਧਾਰਮਿਕ ਸਥਾਨਾਂ ਨੂੰ ਜੋ ਬਿਜਲੀ ਦੀ ਸਪਲਾਈ ਮਿਲ ਰਹੀ ਹੈ, ਸਰਕਾਰ ਇਸ ਸਬੰਧੀ ਇੱਕ ਨਵੀਂ ਨੀਤੀ ਬਣਾਏ ਤਾਂ ਜੁ ਧਾਰਮਿਕ ਸਥਾਨਾਂ ਨੂੰ ਮਿਲ ਰਹੀ ਕਮਰਸ਼ੀਅਲ ਬਿਜਲੀ ਦੇ ਬਿੱਲਾਂ ਦੀ ਦਰ ਘੱਟ ਤੋਂ ਘੱਟ ਵਸੂਲ ਕੀਤੀ ਜਾਵੇ।ਨਾਲ ਹੀ ਉਨ੍ਹਾਂ ਮੰਗ ਕੀਤੀ ਕਿ ਧਾਰਮਿਕ ਸਥਾਨਾਂ ਉੱਪਰ ਸਰਕਾਰ ਵੱਲੋਂ ਸੋਲਰ ਪੈਨਲ ਲਗਵਾਏ ਜਾਣ ਤਾਂ ਜੋ ਸੋਲਰ ਪੈਨਲਾਂ ਰਾਹੀਂ ਤਿਆਰ ਹੁੰਦੀ ਬਿਜਲੀ ਦਾ ਲਾਹਾ ਜਿੱਥੇ ਧਾਰਮਿਕ ਸਥਾਨਾਂ ਨੂੰ ਮਿਲ ਸਕੇ, ਉਥੇ ਵਾਧੂ ਬਿਜਲੀ ਪੰਜਾਬ ਬਿਜਲੀ ਨਿਗਮ ਦੇ ਖਾਤੇ 'ਚ ਜਮ੍ਹਾਂ ਹੋ ਸਕੇ।ਇਸ ਤਰ੍ਹਾਂ ਕਰਨ ਨਾਲ ਇੱਕ ਪੰਥ ਦੋ ਕਾਜ ਵਾਲੀ ਗੱਲ ਹੋਵੇਗੀ।ਉਨ੍ਹਾਂ ਕਿਹਾ ਕਿ ਅਜਿਹੀਆਂ ਪਾਲਸੀਆਂ ਲਿਆਉਣ ਨਾਲ ਧਾਰਮਿਕ ਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਸਰਕਾਰ ਪ੍ਰਤੀ ਧੰਨਵਾਦੀ ਹੋਣਗੀਆਂ ਤੇ ਸ਼ਰਧਾਲੂਆਂ ਨੂੰ ਵੀ ਇਨ੍ਹਾਂ ਪਾਲਸੀਆਂ ਨਾਲ ਬਿਜਲੀ ਬਿੱਲਾਂ ਦੇ ਰੂਪ ਵਿੱਚ ਭਰੇ ਜਾਂਦੇ ਪੈਸੇ ਦੀ ਬੱਚਤ ਹੋਣ ਨਾਲ ਮਿਲਣ ਵਾਲੀਆਂ ਸਹੂਲਤਾਂ ਵਿੱਚ ਵਾਧਾ ਹੋਵੇਗਾ।

ਝਾੜ ਸਾਹਿਬ ਕਾਲਜ 'ਚ ਬੇਕਰੀ ਵਰਕਸ਼ਾਪ ਲੱਗੀ

ਸਮਰਾਲਾ (ਸੁਰਜੀਤ ਸਿੰਘ)-ਗੁਰੂ ਗੋਬਿੰਦ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦੇ ਹੋਮ ਸਾਇੰਸ ਵਿਭਾਗ ਦੀ ਬੇਕਰੀ ਲੈਬ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ, ਪੀਏਯੂ ਲੁਧਿਆਣਾ ਦੀ ਅਸਿਸਟੈਂਟ ਡਾ. ਸੁਖਦੀਪ ਕੌਰ ਆਪਣੇ ਸਿਖਿਆਰਥੀਆਂ ਸਮੇਤ ਵਿਦਿਅਕ ਦੌਰੇ 'ਤੇ ਪਹੁੰਚੇ।ਸਿਖਿਆਰਥੀਆਂ ਨੂੰ ਬੇਕਰੀ ਉਤਪਾਦਾਂ ਦੀ ਪ੍ਰੈਕਟੀਕਲ ਸਿਖਲਾਈ ਦਿੱਤੀ ਗਈ।ਟ੍ਰੇਨਿੰਗ ਦੌਰਾਨ ਸਿਖਿਆਰਥੀਆਂ ਨੇ ਆਟੇ ਦੇ ਬਿਸਕੁਟ, ਨਾਰੀਅਲ ਦੀਆਂ ਕੂਕੀਜ਼ ਤੇ ਰਾਗੀ ਦੀਆਂ ਕੂਕੀਜ਼ ਤਿਆਰ ਕਰਨ ਦੀ ਵਿਧੀ ਸਿੱਖੀ।ਇਸ ਤੋਂ ਇਲਾਵਾ ਉਨ੍ਹਾਂ ਨੂੰ ਬੇਕਰੀ ਉਤਪਾਦਾਂ ਦੀ ਗੁਣਵੱਤਾ, ਸਫ਼ਾਈ, ਪੈਕਿੰਗ, ਗੁਣਵੱਤਾ ਨਿਯੰਤਰਣ ਤੇ ਆਧੁਨਿਕ ਬੇਕਿੰਗ ਤਕਨੀਕਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਕਾਲਜ ਦੀ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਸਿਖਲਾਈ ਪ੍ਰੋਗਰਾਮ ਵਿਦਿਆਰਥੀਆਂ ਤੇ ਸਿਖਿਆਰਥੀਆਂ ਦੇ ਹੁਨਰ ਵਿਕਾਸ ਅਤੇ ਸਵੈ-ਰੁਜ਼ਗਾਰ ਨੂੰ ਉਤਸ਼ਾਹਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਹੋਮ ਸਾਇੰਸ ਵਿਭਾਗ ਦੀ ਡਾ. ਰਣਜੀਤ ਕੌਰ, ਅਸਿਸਟੈਂਟ ਪ੍ਰੋਫੈਸਰ ਨੇ ਬੇਕਰੀ ਉਤਪਾਦਾਂ ਦੀ ਤਿਆਰੀ ਦੀ ਪ੍ਰੈਕਟੀਕਲ ਸਿਖਲਾਈ ਦਿੱਤੀ ਤੇ ਸਿਖਿਆਰਥੀਆਂ ਨਾਲ ਆਪਣੇ ਤਜਰਬੇ ਸਾਂਝੇ ਕੀਤੇ।

ਜ਼ਿਲ੍ਹੇ ਦੇ ਸਮੂਹ ਬੱਸ ਸਟੈਂਡਾਂ 'ਤੇ ਪੁਲਸ ਵੱਲੋਂ ਵਿਸ਼ੇਸ਼ ਸਰਚ ਅਪ੍ਰੇਸ਼ਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਦੀ ਗੈਂਗਸਟਰਾਂ ਤੇ ਵਾਰ ਮੁਹਿੰਮ ਤਹਿਤ ਐੱਸ.ਐੱਸ.ਪੀ. ਅਭਿਮੰਨਿਊ ਰਾਣਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ ਦੇ ਬੱਸ ਸਟੈਂਡਾਂ 'ਤੇ ਵਿਸ਼ੇਸ਼ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਦੌਰਾਨ 150 ਤੋਂ ਵੱਧ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸ਼ੱਕੀ ਵਿਅਕਤੀਆਂ ਤੇ ਉਨ੍ਹਾਂ ਦੇ ਸਾਮਾਨ ਦੀ ਤਲਾਸ਼ੀ ਲਈ।ਪੀਏਆਈਐੱਸ ਐਪ ਰਾਹੀਂ ਅਪਰਾਧਿਕ ਰਿਕਾਰਡ ਤੇ ਵਾਹਨ ਐਪ ਨਾਲ ਵਾਹਨਾਂ ਦੀ ਤਸਦੀਕ ਕੀਤੀ ਗਈ।ਐਂਟੀ-ਸਾਬੋਟਾਜ਼ ਟੀਮਾਂ ਨੇ ਬੱਸ ਸਟੈਂਡਾਂ, ਵੇਟਿੰਗ ਹਾਲਾਂ ਤੇ ਪਾਰਕਿੰਗ ਇਲਾਕਿਆਂ ਦੀ ਵੀ ਜਾਂਚ ਕੀਤੀ।ਐੱਸ.ਐੱਸ.ਪੀ. ਅਭਿਮੰਨਿਊ ਰਾਣਾ ਨੇ ਕਿਹਾ ਕਿ ਅਪਰਾਧੀਆਂ, ਨਸ਼ਾ ਤਸਕਰਾਂ ਤੇ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਨਕੇਲ ਕੱਸਣ ਲਈ ਅਜਿਹੇ ਸਰਚ ਆਪ੍ਰੇਸ਼ਨ ਅੱਗੇ ਵੀ ਜਾਰੀ ਰਹਿਣਗੇ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸ਼ੱਕੀ ਵਿਅਕਤੀ ਜਾਂ ਗਤੀਵਿਧੀ ਬਾਰੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਜਾਵੇ।ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

ਦੇਵ ਮਾਨ ਵੱਲੋਂ ਛੱਜੂ ਭੱਟ 'ਚ ਲੋਕ ਮਿਲਣੀ



ਨਾਭਾ (ਅਮਨ ਗਰਗ)-ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪਿੰਡ ਛੱਜੂ ਭੱਟ ਵਿਖੇ ਲੋਕ ਮਿਲਣੀ ਕੀਤੀ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਵਿਧਾਇਕ ਦੇਵ ਮਾਨ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਲੋਕ ਮਿਲਣੀ ਦੌਰਾਨ ਵਿਧਾਇਕ ਦੇਵ ਮਾਨ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਦੇ ਤੁਰੰਤ ਹੱਲ ਲਈ ਲੋੜੀਂਦੇ ਨਿਰਦੇਸ਼ ਜਾਰੀ ਕੀਤੇ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ ਤੇ ਵਿਕਾਸ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ।ਇਸ ਮੌਕੇ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਧਰਮਿੰਦਰ ਸਿੰਘ ਸੁਖੇਵਾਲ ਸੀਨੀਅਰ ਆਗੂ, ਜਸਵਿੰਦਰ ਸਿੰਘ ਅਚੱਲ ਸਰਪੰਚ, ਮਨਜੀਤ ਸਿੰਘ ਸਰਪੰਚ ਫਤਿਹਪੁਰ, ਅਮਨਦੀਪ ਕੁਮਾਰ ਸਰਪੰਚ ਛੱਜੂ ਭੱਟ, ਅਮਨਦੀਪ ਸਿੰਘ ਸਰਪੰਚ ਕੋਟ ਕਲਾਂ, ਗੁਰਚਰਨ ਸਿੰਘ ਲੁਹਾਰਾ ਮਾਜਰਾ ਬਲਾਕ ਪ੍ਰਧਾਨ, ਰਵੀ, ਗੁਰਲਾਲ ਸਿੰਘ ਮੱਲੀ ਚੇਅਰਮੈਨ ਸਮੇਤ ਪਿੰਡ ਦੀ ਪੰਚਾਇਤ, ਪਾਰਟੀ ਆਗੂ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਗ੍ਰਾਮ ਪੰਚਾਇਤ ਜੌਲੀਆਂ ਵੱਲੋਂ ਪ੍ਰਾਇਮਰੀ ਸਕੂਲ ਨੂੰ ਇਨਵਰਟਰ ਭੇਟ

ਭਵਾਨੀਗੜ੍ਹ (ਰਾਜ ਖੁਰਮੀ)-ਇਥੋਂ ਦੇ ਨੇੜਲੇ ਪਿੰਡ ਜੌਲੀਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਗ੍ਰਾਮ ਪੰਚਾਇਤ ਵੱਲੋਂ ਇੱਕ ਸਾਦੇ ਸਮਾਗਮ ਦੌਰਾਨ ਸਕੂਲ ਨੂੰ ਇਨਵਰਟਰ ਭੇਟ ਕੀਤਾ ਗਿਆ।ਇਸ ਮੌਕੇ ਪਿੰਡ ਦੇ ਸਰਪੰਚ ਹਰਪ੍ਰੀਤ ਸਿੰਘ ਨੇ ਕਿਹਾ ਕਿ ਬੱਚਿਆਂ ਦਾ ਸਰਵਪੱਖੀ ਵਿਕਾਸ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ ਤੇ ਮੁੱਢਲੀ ਸਿੱਖਿਆ ਹੀ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਮਜ਼ਬੂਤ ਨੀਂਹ ਹੁੰਦੀ ਹੈ।ਉਨ੍ਹਾਂ ਕਿਹਾ ਕਿ ਅੱਜ ਦੇ ਬੱਚੇ ਹੀ ਭਵਿੱਖ ਵਿੱਚ ਵੱਖ-ਵੱਖ ਖੇਤਰਾਂ ਵਿੱਚ ਆਪਣੀ ਕਾਬਲੀਅਤ ਨਾਲ ਸਮਾਜ ਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ।ਇਸ ਮੌਕੇ ਗਰਮੀ ਦੇ ਵਧ ਰਹੇ ਪ੍ਰਕੋਪ ਤੇ ਬਿਜਲੀ ਦੇ ਕੱਟਾਂ ਨੂੰ ਧਿਆਨ ਵਿੱਚ ਰੱਖਦਿਆਂ ਗ੍ਰਾਮ ਪੰਚਾਇਤ ਵੱਲੋਂ ਸਕੂਲ ਦੇ ਵਿਦਿਆਰਥੀਆਂ ਤੇ ਸਟਾਫ ਦੀ ਸਹੂਲਤ ਲਈ ਇਨਵਰਟਰ ਭੇਟ ਕੀਤਾ ਗਿਆ।ਸਕੂਲ ਦੇ ਸੈਂਟਰ ਹੈੱਡ ਟੀਚਰ ਗੁਰਜੀਤ ਸਿੰਘ ਨੇ ਗ੍ਰਾਮ ਪੰਚਾਇਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਹਿਯੋਗ ਨਾਲ ਸਕੂਲ ਦੇ ਵਿਦਿਆਰਥੀਆਂ ਨੂੰ ਕਾਫ਼ੀ ਲਾਭ ਮਿਲੇਗਾ ਤੇ ਪੜ੍ਹਾਈ ਦਾ ਮਾਹੌਲ ਹੋਰ ਬਿਹਤਰ ਬਣੇਗਾ।ਇਸ ਮੌਕੇ ਬੇਅੰਤ ਸਿੰਘ (ਪੰਚ), ਪਰਵਿੰਦਰ ਸਿੰਘ (ਪੰਚ), ਗੁਰਪ੍ਰੀਤ ਸਿੰਘ, ਜਗਤਾਰ ਸਿੰਘ, ਮਾਸਟਰ ਸੁਰਿੰਦਰ ਸਿੰਘ ਤੇ ਹੈੱਡ ਮਾਸਟਰ ਅੰਮ੍ਰਿਤਪਾਲ ਸਿੰਘ ਹਾਜ਼ਰ ਸਨ।

ਸ.ਫਾਈ ਮੁਲਾਜ਼ਮਾਂ ਨੇ ਹੱਥਾਂ 'ਚ ਝਾੜੂ ਤੇ ਝੰਡੀਆਂ ਲੈ ਕੇ ਸ਼ਹਿਰ 'ਚ ਕੱਢੀ ਰੋਸ ਰੈਲੀ

ਸ਼ਹਿਰ 'ਚ ਕੂੜੇ ਦੇ ਲੱਗੇ ਢੇਰ, ਬਿਮਾਰੀਆਂ ਫੈਲਣ ਦਾ ਖ਼ਦਸ਼ਾ

ਮਾਲੇਰਕੋਟਲਾ (ਅਸਗਰ ਪਰਿਹਾਰ)
ਸਫ਼ਾਈ ਮੁਲਾਜ਼ਮਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖ਼ਿਲਾਫ਼ ਸ਼ੁਰੂ ਕੀਤੀ ਗਈ ਅਣਮਿੱਥੇ ਸਮੇਂ ਦੀ ਹੜਤਾਲ ਲਗਾਤਾਰ ਜਾਰੀ ਹੈ। ਸਰਕਾਰ ਵੱਲੋਂ ਮੰਗਾਂ ਨਾ ਮੰਨੇ ਜਾਣ ਦੇ ਰੋਸ ਵਜੋਂ ਅੱਜ ਵੱਡੀ ਗਿਣਤੀ ਵਿੱਚ ਸਫ਼ਾਈ ਮੁਲਾਜ਼ਮਾਂ ਨੇ ਹੱਥਾਂ ਵਿੱਚ ਝਾੜੂ ਤੇ ਯੂਨੀਅਨ ਦੀਆਂ ਝੰਡੀਆਂ ਲੈ ਕੇ ਸ਼ਹਿਰ ਦੇ ਬਾਜ਼ਾਰਾਂ ਵਿੱਚ ਜ਼ੋਰਦਾਰ ਰੋਸ ਰੈਲੀ ਕੱਢੀ ਅਤੇ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।ਰੈਲੀ ਦੌਰਾਨ ਸਫ਼ਾਈ ਸੇਵਕ ਯੂਨੀਅਨ ਜ਼ਿਲ੍ਹਾ ਮਾਲੇਰਕੋਟਲਾ ਦੇ ਪ੍ਰਧਾਨ ਦੀਪਕ ਬੱਗਣ, ਸਫ਼ਾਈ ਸੇਵਕ ਯੂਨੀਅਨ ਅਹਿਮਦਗੜ੍ਹ ਦੇ ਪ੍ਰਧਾਨ ਸੰਦੀਪ ਭੱਟੀ ਤੇ ਅਮਰਗੜ੍ਹ ਯੂਨੀਅਨ ਦੇ ਪ੍ਰਧਾਨ ਬਲਕਾਰ ਸਿੰਘ ਨੇ ਸਾਂਝੇ ਤੌਰ 'ਤੇ ਸੰਬੋਧਨ ਕੀਤਾ।ਯੂਨੀਅਨ ਆਗੂਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ 06 ਮਈ ਨੂੰ ਪੂਰੇ ਪੰਜਾਬ ਵਿੱਚ ਅਣਮਿੱਥੇ ਸਮੇਂ ਲਈ ਹੜਤਾਲ ਕੀਤੀ ਗਈ ਸੀ।ਉਸ ਸਮੇਂ 15 ਦਿਨਾਂ ਦੀ ਹੜਤਾਲ ਤੋਂ ਬਾਅਦ ਸਰਕਾਰ ਦੇ ਨੁਮਾਇੰਦਿਆਂ ਨਾਲ ਹੋਈ ਮੀਟਿੰਗ ਵਿੱਚ ਮੰਗਾਂ ਨੂੰ ਹਮਦਰਦੀ ਨਾਲ ਵਿਚਾਰਨ ਤੇ ਜਲਦ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਜਿਸ ਮਗਰੋਂ 21 ਮਈ ਨੂੰ ਹੜਤਾਲ ਵਾਪਸ ਲਈ ਗਈ ਸੀ, ਪਰ ਸਰਕਾਰ ਨੇ ਆਪਣੇ ਵਾਅਦਿਆਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ।ਸਰਕਾਰ ਦੀ ਇਸੇ ਵਾਅਦਾ ਖ਼ਿਲਾਫ਼ੀ ਕਾਰਨ ਮਜਬੂਰ ਹੋ ਕੇ ਮੁਲਾਜ਼ਮਾਂ ਨੂੰ 08 ਜੁਲਾਈ ਤੋਂ ਮੁੜ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਣਾ ਪਿਆ ਹੈ।ਉਨ੍ਹਾਂ ਮੰਗ ਕੀਤੀ ਕਿ ਕੱਚੇ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕੀਤਾ ਜਾਵੇ ਤੇ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹੋਰਨਾਂ ਮੰਗਾਂ ਦਾ ਤੁਰੰਤ ਹੱਲ ਹੋਵੇ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦ ਕੋਈ ਠੋਸ ਕਦਮ ਨਾ ਚੁੱਕੇ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤੇ ਇਹ ਹੜਤਾਲ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਮੰਗਾਂ ਪੂਰੀਆਂ ਨਹੀਂ ਹੁੰਦੀਆਂ।

ਦੂਜੇ ਪਾਸੇ ਸਫ਼ਾਈ ਸੇਵਕਾਂ ਦੀ ਇਸ ਹੜਤਾਲ ਕਾਰਨ ਸ਼ਹਿਰ ਦੀ ਹਾਲਤ ਦਿਨ-ਬ-ਦਿਨ ਬਦਤਰ ਹੁੰਦੀ ਜਾ ਰਹੀ ਹੈ। ਸ਼ਹਿਰ ਦੇ ਮੁੱਖ ਬਾਜ਼ਾਰਾਂ, ਰਿਹਾਇਸ਼ੀ ਇਲਾਕਿਆਂ ਤੇ ਚੌਕਾਂ ਵਿੱਚ ਕੂੜੇ ਦੇ ਵੱਡੇ-ਵੱਡੇ ਢੇਰ ਪਹਾੜਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਬਾਰਿਸ਼ ਦੇ ਇਸ ਮੌਸਮ ਵਿੱਚ ਨਾਲੀਆਂ ਤੇ ਸੀਵਰੇਜ ਦੀ ਸਫ਼ਾਈ ਨਾ ਹੋਣ ਕਾਰਨ ਗੰਦਾ ਤੇ ਬਦਬੂਦਾਰ ਪਾਣੀ ਲੋਕਾਂ ਦੇ ਘਰਾਂ ਤੇ ਦੁਕਾਨਾਂ ਦੇ ਅੱਗੇ ਜਮ੍ਹਾਂ ਹੋ ਰਿਹਾ ਹੈ।ਇਸ ਕਾਰਨ ਸ਼ਹਿਰ ਵਿੱਚ ਡੇਂਗੂ, ਮਲੇਰੀਆ ਅਤੇ ਹੋਰ ਭਿਆਨਕ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਬਹੁਤ ਜ਼ਿਆਦਾ ਵਧ ਗਿਆ ਹੈ।ਇਸ ਰੋਸ ਰੈਲੀ ਵਿੱਚ ਯੂਨੀਅਨ ਦੇ ਸਰਪ੍ਰਸਤ ਅਸ਼ੋਕ ਕੁਮਾਰ, ਸੀਨੀਅਰ ਮੀਤ ਪ੍ਰਧਾਨ ਬਾਦਲ ਕਲਿਆਣ, ਮੀਤ ਪ੍ਰਧਾਨ ਪ੍ਰਿੰਸ ਬੱਗਨ, ਖ਼ਜ਼ਾਨਚੀ ਬੰਟੀ ਟਾਂਕ, ਜਨਰਲ ਸਕੱਤਰ ਕੁਲਦੀਪ, ਰਾਜਿੰਦਰ ਕੁਮਾਰ, ਰਵਿੰਦਰ ਕੁਮਾਰ, ਜਤਿਨ ਗਿੱਲ, ਰਿਸ਼ੀ ਮੱਟੂ, ਅਜੈ ਟਾਂਕ, ਵਿਕਰਮ ਬੱਗਨ, ਪਵਨ ਕੁਮਾਰ, ਰਾਕੇਸ਼ ਬੱਗਨ ਸਮੇਤ ਵੱਡੀ ਗਿਣਤੀ ਵਿੱਚ ਸਫ਼ਾਈ ਮੁਲਾਜ਼ਮ ਹਾਜ਼ਰ ਸਨ।

ਸਾਂਝਾ ਫਰੰਟ ਦੇ ਸੱਦੇ 'ਤੇ ਮੁਲਾਜ਼ਮਾਂ ਵੱਲੋਂ ਕਾਲੇ ਬਿੱਲੇ ਲਗਾ ਕੇ ਰੋਸ ਪ੍ਰਦਰਸ਼ਨ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾ ਕਮੇਟੀ ਦੇ ਸੱਦੇ 'ਤੇ ਐੱਸ.ਡੀ.ਐੱਮ. ਤੇ ਤਹਿਸੀਲ ਦਫ਼ਤਰ ਮਹਿਲ ਕਲਾਂ ਦੇ ਕਰਮਚਾਰੀਆਂ ਨੇ ਸੁਪਰਡੈਂਟ ਹਰਵਿੰਦਰ ਸਿੰਘ ਦੀ ਅਗਵਾਈ ਹੇਠ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਹੱਕੀ ਮੰਗਾਂ ਨੂੰ ਲੈ ਕੇ ਕਾਲੇ ਬਿੱਲੇ ਲਗਾ ਕੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ।ਆਗੂਆਂ ਕਿਹਾ ਕਿ ਜੇਕਰ ਹੱਕੀ, ਜਾਇਜ਼ ਮੰਗਾਂ ਨੂੰ ਜਲਦੀ ਲਾਗੂ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ 'ਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਲੰਬੇ ਸਮੇਂ ਤੋਂ ਸਰਕਾਰ ਦੇ ਧਿਆਨ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਲਿਆਂਦੀਆਂ ਜਾ ਰਹੀਆਂ ਹਨ, ਪਰ ਸਰਕਾਰ ਵੱਲੋਂ ਸਿਰਫ਼ ਭਰੋਸੇ ਹੀ ਦਿੱਤੇ ਜਾ ਰਹੇ ਹਨ।ਇਸ ਕਾਰਨ ਸਮੁੱਚੇ ਮੁਲਾਜ਼ਮ ਵਰਗ ਵਿੱਚ ਨਿਰਾਸ਼ਤਾ ਤੇ ਰੋਸ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ 12 ਜੁਲਾਈ ਨੂੰ ਪੰਜਾਬ ਭਵਨ ਵਿਖੇ ਮੁੱਖ ਮੰਤਰੀ ਦੇ ਮੁੱਖ ਪ੍ਰਿੰਸੀਪਲ ਸਕੱਤਰ ਅਤੇ ਵਿੱਤ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਸਾਂਝਾ ਫਰੰਟ ਦੇ ਆਗੂਆਂ ਨੇ ਮੰਗਾਂ ਸਬੰਧੀ ਵਿਸਥਾਰ ਨਾਲ ਗੱਲਬਾਤ ਕੀਤੀ ਸੀ।ਮੀਟਿੰਗ ਵਿੱਚ ਕਈ ਮਸਲਿਆਂ ਦੇ ਹੱਲ ਦਾ ਭਰੋਸਾ ਦਿੱਤਾ ਗਿਆ, ਪਰ ਅਜੇ ਤੱਕ ਕੋਈ ਵੀ ਠੋਸ ਜਾਂ ਲਿਖਤੀ ਫ਼ੈਸਲਾ ਸਾਹਮਣੇ ਨਹੀਂ ਆਇਆ। ਇਸ ਲਈ ਸੂਬਾ ਕਮੇਟੀ ਨੇ ਪਹਿਲਾਂ ਤੋਂ ਐਲਾਨੇ ਪ੍ਰੋਗਰਾਮ ਅਨੁਸਾਰ ਅੱਜ ਪੰਜਾਬ ਭਰ 'ਚ ਥਾਂ ਥਾਂ ਰੋਸ ਪ੍ਰਦਰਸ਼ਨ ਕੀਤੇ।ਬੁਲਾਰਿਆਂ ਨੇ ਕਿਹਾ ਕਿ ਇਹ ਲੜਾਈ ਸਿਰਫ਼ ਤਨਖ਼ਾਹਾਂ ਜਾਂ ਭੱਤਿਆਂ ਦੀ ਨਹੀਂ, ਸਗੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕਾਂ, ਸਨਮਾਨ ਤੇ ਸਮਾਜਿਕ ਸੁਰੱਖਿਆ ਨਾਲ ਜੁੜੀ ਹੋਈ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਉਹ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰਕੇ ਹੋਏ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਤੁਰੰਤ ਲਾਗੂ ਕਰੇ। ਜੇਕਰ ਸਰਕਾਰ ਨੇ ਅਜੇ ਵੀ ਗੰਭੀਰਤਾ ਨਾ ਦਿਖਾਈ ਤਾਂ ਪੰਜਾਬ ਭਰ ਵਿੱਚ ਸੰਘਰਸ਼ ਨੂੰ ਹੋਰ ਵਿਸ਼ਾਲ ਤੇ ਤਿੱਖਾ ਕੀਤਾ ਜਾਵੇਗਾ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਜੈਕਾਰਿਆਂ ਦੀ ਗੂੰਜ 'ਚ ਆਰੰਭ ਹੋਈ ਛੇਵੀਂ ਭਗਵਾਨ ਜਗਨਨਾਥ ਰੱਥ ਯਾਤਰਾ

ਹਜ਼ਾਰਾਂ ਦੀ ਗਿਣਤੀ 'ਚ ਇਕੱਤਰ ਸ਼ਰਧਾਲੂਆਂ ਨੇ ਖਿੱਚੇ ਰੱਥ ਦੇ ਰੱਸੇ

ਮੋਗਾ (ਇਕਬਾਲ ਸਿੰਘ ਖਹਿਰਾ)-ਧਰਮ, ਆਸਥਾ ਤੇ ਭਗਤੀ ਦਾ ਅਦਭੁੱਤ ਨਜ਼ਾਰਾ ਉਸ ਵੇਲੇ ਦੇਖਣ ਨੂੰ ਮਿਲਿਆ, ਜਦੋਂ ਇਸਕਾਨ ਸੁਸਾਇਟੀ ਮੋਗਾ ਵੱਲੋਂ ਭਗਵਾਨ ਸ੍ਰੀ ਜਗਨਨਾਥ ਜੀ, ਭੈਣ ਸੁਭਦਰਾ ਜੀ ਤੇ ਭਰਾ ਬਲਰਾਮ ਜੀ ਦੀ ਛੇਵੀਂ ਵਿਸ਼ਾਲ ਰੱਥ ਯਾਤਰਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕੱਢੀ ਗਈ।ਇਸ ਮੌਕੇ ਚੇਅਰਮੈਨ ਦੇਵ ਪ੍ਰਿਯ ਤਿਆਗੀ, ਪ੍ਰਧਾਨ ਨਵਦੀਪ ਗੁਪਤਾ ਨੇ ਦਸਿਆ ਕਿ ਰੱਥ ਯਾਤਰਾ ਤੋਂ ਪਹਿਲਾਂ ਮੁੱਖ ਯਜਮਾਨ ਪ੍ਰਮੁੱਖ ਉਦਯੋਗਪਤੀ ਤੇ ਸਮਾਜ ਸੇਵੀ ਸੰਜੀਵ ਸੈਣੀ ਵੱਲੋਂ ਵਿਧੀਵਤ ਪੂਜਾ-ਅਰਚਨਾ ਕੀਤੀ ਗਈ।ਇਸ ਮੌਕੇ ਹਜ਼ਾਰਾ ਸ਼ਰਧਾਲੂਆਂ ਨੇ ਹਰੇ ਕ੍ਰਿਸ਼ਨਾ ਜੈ ਜਗਨਨਾਥ ਦੇ ਗੂੰਜਦੇ ਜੈਕਾਰਿਆਂ ਤੇ ਭਗਤੀ ਭਰੇ ਕੀਰਤਨ ਨਾਲ ਸਮੁੱਚਾ ਮੋਗਾ ਸ਼ਹਿਰ ਗੂੰਜਣ ਲਾ ਦਿੱਤਾ।ਰਥ ਯਾਤਰਾ ਦੌਰਾਨ ਸ਼ਰਧਾਲੂਆਂ ਵੱਲੋਂ ਨੇ ਫੁੱਲਾ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ ਅਤੇ ਰੱਥ ਦੇ ਰੱਸਿਆਂ ਨੂੰ ਖਿੱਚ ਕੇ ਆਪਣੀ ਹਾਜ਼ਰੀ ਲਗਵਾਈ।

ਇਸ ਛੇਵੀਂ ਭਗਵਾਨ ਜਗਨਨਾਥ ਰੱਥ ਯਾਤਰਾ ਦਾ ਆਯੋਜਨ ਇਸਕਾਨ ਸੁਸਾਇਟੀ ਮੋਗਾ ਵੱਲੋਂ ਕੀਤਾ ਗਿਆ ਰੱਥ ਯਾਤਰਾ ਦੌਰਾਨ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਵਿਧੀਵਤ ਪੂਜਾ ਅਰਚਨਾ ਕਰਕੇ ਰਥ ਯਾਤਰਾ ਦਾ ਸ਼ੁਭ ਆਰੰਭ ਕੀਤਾ।ਇਸ ਮੌਕੇ ਉਨ੍ਹਾਂ ਭਗਵਾਨ ਸ੍ਰੀ ਜਗਨਨਾਥ ਜੀ ਅੱਗੇ ਇਲਾਕੇ ਦੀ ਸੁੱਖ-ਸ਼ਾਂਤੀ, ਤਰੱਕੀ ਤੇ ਲੋਕ ਭਲਾਈ ਲਈ ਅਰਦਾਸ ਕੀਤੀ।ਇਸ ਮੌਕੇ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਵੀ ਮੌਜੂਦ ਰਹੀਆਂ।ਇਸ ਮੌਕੇ ਨਗਰ ਨਿਗਮ ਮੋਗਾ ਦੀ ਮੇਅਰ ਬਿਨੇਪਾਲ ਕੌਰ, ਕਾਂਗਰਸ ਦੀ ਹਲਕਾ ਇੰਚਾਰਜ ਮਾਲਵੇ ਕਾ ਸੂਦ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਹਰਜੋਤ ਕਮਲ, ਸੀਨੀਅਰ ਭਾਜਪਾ ਆਗੂ ਡਾ. ਸਿਮੰਤ ਗਰਗ, ਸੀਨੀਅਰ ਕਾਂਗਰਸੀ ਆਗੂ ਵਿਨੋਦ ਬਾਂਸਲ, ਮੁਸਕੁਰਾਹਟ ਸੇਵਾ ਟਰਸਟ ਦੀ ਪ੍ਰਧਾਨ ਨੀਰਾ ਪੁਨੀਤ ਅਗਰਵਾਲ, ਭਾਜਪਾ ਆਗੂ ਰਾਕੇਸ਼ ਸ਼ਰਮਾ, ਅਗਰਵਾਲ ਮਹਿਲਾ ਸਭਾ ਦੀ ਪ੍ਰਧਾਨ ਭਾਵਨਾ ਬਾਂਸਲ, ਕੌਂਸਲਰ ਮਨਜੀਤ ਸਿੰਘ ਮਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਸੰਸਥਾਵਾਂ ਦੇ ਆਗੂ ਹਾਜ਼ਰ ਸਨ।

ਰੱਥ ਯਾਤਰਾ ਦੌਰਾਨ ਵੱਖ-ਵੱਖ ਥਾਵਾਂ 'ਤੇ ਆਤਿਸ਼ਬਾਜ਼ੀ ਨੇ ਸਮਾਗਮ ਦੀ ਰੌਣਕ ਨੂੰ ਹੋਰ ਵਧਾ ਦਿੱਤਾ।ਭਗਵਾਨ ਸ੍ਰੀ ਜਗਨਨਾਥ ਜੀ ਦੇ ਵਿਸ਼ੇਸ਼ ਸ਼ਿੰਗਾਰ ਲਈ ਕੋਲਕਾਤਾ ਤੋਂ ਮੰਗਵਾਏ ਗਏ ਦਸ ਕਿਸਮਾਂ ਦੇ ਸੁਗੰਧਤ ਫੁੱਲਾਂ ਨਾਲ ਰੱਥ ਤੇ ਵਿਗ੍ਰਾ ਨੂੰ ਸਜਾਇਆ ਗਿਆ, ਜਿਸ ਦੀ ਸੁੰਦਰਤਾ ਹਰ ਦਰਸ਼ਕ ਲਈ ਖਿੱਚ ਦਾ ਕੇਂਦਰ ਬਣੀ ਰਹੀ।

ਕਾਤਰਾਂ

ਸੁਮਨ ਗਰਗ ਨਮਿਤ ਪਾਠ ਦਾ ਭੋਗ ਅੱਜ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਇਲਾਕੇ ਦੇ ਪ੍ਰਸਿੱਧ ਗਰਗ ਗੰਨ ਹਾਊਸ ਦੇ ਮਾਲਕ ਰਾਮ ਜੀ ਦਾਸ ਗਰਗ ਦੀ ਧਰਮਪਤਨੀ ਸੁਮਨ ਗਰਗ, ਜੋ 7 ਜੁਲਾਈ ਨੂੰ ਸੰਖੇਪ ਬਿਮਾਰੀ ਮਗਰੋਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਅਕਾਲ ਚਲਾਣਾ ਕਰ ਗਏ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪਾਠ ਜੀ ਦਾ ਭੋਗ 19 ਜੁਲਾਈ (ਐਤਵਾਰ) ਨੂੰ ਸਨਾਤਨ ਸਭਾ ਆਸ਼ਰਮ ਧੂਰੀ ਪਿੰਡ ਰੋਡ ਧੂਰੀ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਪਵੇਗਾ।ਇਸ ਮੌਕੇ ਰਾਜਨੀਤਕ, ਸਮਾਜਿਕ, ਧਾਰਮਿਕ ਤੇ ਵਪਾਰਕ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਸੱਜਣ-ਮਿੱਤਰ ਹਾਜ਼ਰ ਹੋ ਕੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

ਐਂਟੀ-ਮਲੇਰੀਆ ਕੈਂਪ ਲਗਾਇਆ

ਹਠੂਰ (ਲਵਲੀ ਕੁਮਾਰ)-ਜ਼ਿਲ੍ਹਾ ਲੁਧਿਆਣਾ ਦੇ ਸਿਵਲ ਸਰਜਨ ਡਾਕਟਰ ਰਮਨਦੀਪ ਕੌਰ ਆਹਲੂਵਾਲੀਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸਰਕਾਰੀ ਹਸਪਤਾਲ ਹਠੂਰ ਦੇ ਐੱਸ ਐਮ ਓ ਡਾ: ਗੁਰਬਿੰਦਰ ਕੌਰ ਦੀ ਅਗਵਾਈ ਹੇਠ ਹਠੂਰ ਵਿਖੇ ਐਂਟੀ-ਮਲੇਰੀਆ ਕੈਂਪ ਲਗਾਇਆ ਗਿਆ।ਇਸ ਮੌਕੇ ਹੈਲਥ ਇੰਸਪੈਕਟਰ ਪ੍ਰਕਾਸ਼ ਸਿੰਘ ਬੀਹਲਾ ਨੇ ਕਿਹਾ ਕਿ ਬੁਖਾਰ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਖੜ੍ਹੇ ਤੇ ਸਾਫ਼ ਪਾਣੀ ਵਿੱਚ ਪੈਦਾ ਹੁੰਦੇ ਹਨ, ਇਹ ਮੱਛਰ ਰਾਤ ਤੇ ਸਵੇਰ ਵੇਲੇ ਕੱਟਦੇ ਹਨ, ਮਲੇਰੀਆ ਬੁਖਾਰ ਦੇ ਲੱਛਣ ਠੰਢ ਤੇ ਕਾਂਬੇ ਨਾਲ ਬੁਖਾਰ ਸਿਰ ਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਕਮਜ਼ੋਰੀ ਹੋਣਾ ਤੇ ਸਰੀਰ ਨੂੰ ਪਸੀਨਾ ਆਉਣਾ ਆਦਿ ਹਨ।ਇਸ ਮੌਕੇ ਡਾ: ਗੁਰਵਿੰਦਰ ਕੌਰ ਢਿੱਲੋਂ, ਹੈਲਥ ਇੰਸਪੈਕਟਰ ਸਵਰਨ ਸਿੰਘ ਡੱਲਾ, ਹੈਲਥ ਇਸਪੈਕਟਰ ਗੁਰਮੇਲ ਸਿੰਘ, ਲਾਡੀ ਲੋਪੋ, ਹਰਮਿੰਦਰ ਸਿੰਘ, ਬੂਟਾ ਸਿੰਘ, ਜਸਵਿੰਦਰ ਕੌਰ ਮੱਲ੍ਹਾ, ਅਮਨਦੀਪ ਸਿੰਘ, ਏ ਐੱਨ ਐੱਮ ਸਵਰਨਜੀਤ ਕੌਰ, ਸੀ ਐੱਚ ਓ ਜਸਪ੍ਰੀਤ ਕੌਰ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।

ਮੁੱਖ ਗ੍ਰੰਥੀ ਭਾਈ ਗੁਰਜੀਤ ਸਿੰਘ ਦੀ ਮਾਤਾ ਦਾ ਦੇਹਾਂਤ

ਸਮਰਾਲਾ (ਸੁਰਜੀਤ ਸਿੰਘ)-ਸ਼੍ਰੋਮਣੀ ਗੁਰਮਤਿ ਪ੍ਰਚਾਰ ਸਭਾ ਸਮਰਾਲਾ ਵੱਲੋਂ ਗੁਰਦੁਆਰਾ ਸ੍ਰੀ ਸੰਗਤ ਸਾਹਿਬ ਮਾਛੀਵਾੜਾ ਰੋਡ ਦੇ ਮੁੱਖ ਗ੍ਰੰਥੀ ਭਾਈ ਗੁਰਜੀਤ ਸਿੰਘ ਹਰਿਉਂ ਖੁਰਦ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਮਾਤਾ ਬਲਵੀਰ ਕੌਰ ਦਾ ਅਚਾਨਕ ਦੇਹਾਂਤ ਹੋ ਗਿਆ।ਬੀਬੀ ਬਲਵੀਰ ਕੌਰ ਪਿਛਲੇ ਕੁਝ ਸਮੇਂ ਤੋਂ ਬੀਮਾਰ ਚੱਲ ਰਹੇ ਸਨ।ਉਨ੍ਹਾਂ ਦੇ ਸਦੀਵੀ ਵਿਛੋੜੇ ਤੇ ਇਲਾਕੇ ਦੀਆਂ ਵੱਖ ਵੱਖ ਸ਼ਖ਼ਸੀਅਤਾਂ, ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਮਤਿ ਪ੍ਰਚਾਰ ਸਭਾ ਸਮਰਾਲਾ ਦੇ ਮੁੱਖ ਸੇਵਾਦਾਰ ਲਖਬੀਰ ਸਿੰਘ ਬਲਾਲਾ, ਭਾਈ ਪਰਮਜੀਤ ਸਿੰਘ ਖੜਗ, ਡਾਕਟਰ ਤੇਜਿੰਦਰ ਸਿੰਘ, ਪ੍ਰਿੰਸੀਪਲ ਡਾਕਟਰ ਪਰਮਿੰਦਰ ਸਿੰਘ ਬੈਨੀਪਾਲ, ਹਰਜਿੰਦਰ ਪਾਲ ਸਿੰਘ, ਹਰਪ੍ਰੀਤ ਸਿੰਘ ਖਾਲਸਾ, ਮਾਸਟਰ ਲਖਵਿੰਦਰਪਾਲ ਸਿੰਘ ਤੇ ਗੁਰਦੁਆਰਾ ਸ੍ਰੀ ਸੰਗਤ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਜੀਤ ਸਿੰਘ ਗੋਸਲਾਂ, ਮੈਂਬਰਾਨ ਹਿੰਮਤ ਸਿੰਘ, ਹਰਦੀਪ ਸਿੰਘ ਦੀਪੀ, ਡਾ. ਕੁਲਦੀਪ ਸਿੰਘ ਬਾਲਿਓਂ, ਸਮਸ਼ੇਰ ਸਿੰਘ ਰਾਣਵਾਂ ਸਾਬਕਾ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ, ਨੰਬਰਦਾਰ ਕੁਲਬੀਰ ਸਿੰਘ, ਹਰਜੀਤ ਸਿੰਘ ਗੜ੍ਹੀ ਤੇ ਸਵਰਨ ਸਿੰਘ ਉਪਲਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਮਾਤਾ ਬਲਵੀਰ ਕੌਰ ਨਮਿੱਤ ਸਾਹਿਜ ਪਾਠ ਦੇ ਭੋਗ 24 ਜੁਲਾਈ ਨੂੰ 12 ਤੋਂ 2 ਵਜੇ ਤੱਕ ਪਿੰਡ ਹਰਿਉਂ ਖੁਰਦ ਗੁਰਦੁਆਰਾ ਸਾਹਿਬ ਵਿਖੇ ਪਾਏ ਜਾ ਰਹੇ ਹਨ।

ਮੋਬਾਈਲ ਫੋਨ ਹੈਕ ਕਰਕੇ ਮਾਰੀ 5 ਲੱਖ ਦੀ ਠੱਗੀ, ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਇੱਕ ਮਹਿਲਾ ਡਾਕਟਰ ਦਾ ਫੋਨ ਹੈਕ ਕਰਕੇ ਉਸ ਨਾਲ ਕਰੀਬ ਪੰਜ ਲੱਖ ਰੁਪਏ ਦੀ ਠੱਗੀ ਮਾਰੇ ਜਾਣ ਦੇ ਕਥਿਤ ਮਾਮਲੇ ਵਿੱਚ ਸਾਈਬਰ ਕ੍ਰਾਈਮ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਡਾ. ਗੁਰਪ੍ਰੀਤ ਕੌਰ ਵਾਸੀ ਮੰਡੀ ਗੋਬਿੰਦਗੜ੍ਹ ਨੇ ਪੁਲਸ ਨੂੰ ਕੀਤੀ ਸ਼ਿਕਾਇਤ ਵਿੱਚ ਦੱਸਿਆ ਕਿ ਆਪਣਾ ਚੈੱਕਅਪ ਕਰਵਾਉਣ ਲਈ ਉਨ੍ਹਾਂ ਨੇ ਲੁਧਿਆਣਾ ਦੇ ਇੱਕ ਡਾਕਟਰ ਦੀ ਅਪਾਇੰਟਮੈਂਟ ਬੁੱਕ ਕਰਵਾਉਣੀ ਸੀ, ਜਿਸ ਸਬੰਧੀ ਗੂਗਲ ਤੋਂ ਮਿਲੇ ਇੱਕ ਫ਼ੋਨ ਨੰਬਰ 'ਤੇ ਉਨ੍ਹਾ ਜਦੋਂ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਕਤ ਮੋਬਾਈਲ ਨੰਬਰ ਤੋਂ ਉਸ ਦੇ ਫੋਨ 'ਤੇ ਇੱਕ ਏਪੀਕੇ ਫਾਈਲ ਭੇਜ ਦਿੱਤੀ ਗਈ, ਜਿਸ ਨੂੰ ਜਦੋਂ ਉਸ ਨੇ ਖੋਲ੍ਹਿਆ ਤਾਂ ਉਸ ਦਾ ਫੋਨ ਹੈਕ ਹੋ ਗਿਆ ਤੇ ਉਸ ਦੇ ਬੈਂਕ ਖਾਤਿਆਂ ਵਿੱਚੋਂ ਨਾਮਾਲੂਮ ਵਿਅਕਤੀ ਦੇ ਬੈਂਕ ਖਾਤੇ ਵਿੱਚ 4,97,000/- ਰੁਪਏ ਟਰਾਂਸਫਰ ਹੋ ਗਏ।ਡਾ. ਗੁਰਪ੍ਰੀਤ ਕੌਰ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਥਾਣਾ ਸਾਈਬਰ ਕ੍ਰਾਈਮ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਇਸਰੋ ਦੇ 120 ਵਿਗਿਆਨੀਆਂ ਵੱਲੋਂ ਅਸਤੀਫਾ

ਕੀ ਭਾਰਤ ਸਰਕਾਰ ਇਸਰੋ ਨੂੰ ਖੁਦ ਹੀ ਖਤਮ ਕਰਨਾ ਚਾਹੁੰਦੀ ਹੈ : ਸੀ ਪੀ ਆਈ

ਲੁਧਿਆਣਾ (ਐੱਮ ਐੱਸ ਭਾਟੀਆ)-120 ਤੋਂ ਵੱਧ ਅਤਿਅੰਤ ਮਹੱਤਵਪੂਰਨ ਪੁਲਾੜ ਵਿਗਿਆਨੀਆਂ ਦਾ ਇਸਰੋ ਤੋਂ ਅਸਤੀਫਾ ਦੇਣਾ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਹੈ।ਇੱਕ ਪਾਸੇ ਸਰਕਾਰ ਵਿਸ਼ਵ ਗੁਰੂ ਬਣਨ ਦੀਆਂ ਗੱਲਾਂ ਕਰਦੀ ਹੈ ਤੇ ਪ੍ਰਧਾਨ ਮੰਤਰੀ ਗਗਨ ਯਾਨ ਜਾਂ ਚੰਦਰ ਯਾਨ ਦੀ ਸਫਲਤਾ 'ਤੇ ਆਪਣੀ ਪਿੱਠ ਥਾਪੜ ਰਹੇ ਹਨ, ਪਰ ਦੂਜੇ ਪਾਸੇ ਮਹੱਤਵਪੂਰਨ ਵਿਗਿਆਨੀ ਇਸਰੋ ਛੱਡ ਰਹੇ ਹਨ।ਸੀਪੀਆਈ ਦੀ ਲੁਧਿਆਣਾ ਜ਼ਿਲ੍ਹਾ ਇਕਾਈ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ, ਜ਼ਿਲ੍ਹਾ ਸਹਾਇਕ ਸਕੱਤਰ ਚਮਕੌਰ ਸਿੰਘ, ਐੱਮ ਐੱਸ ਭਾਟੀਆ ਤੇ ਡਾਕਟਰ ਰਜਿੰਦਰ ਪਾਲ ਸਿੰਘ ਔਲਖ, ਡਾ. ਅਰੁਣ ਮਿੱਤਰਾ, ਰਮੇਸ਼ ਰਤਨ, ਵਿਜੇ ਕੁਮਾਰ ਤੇ ਕੇਵਲ ਸਿੰਘ ਬਨਵੈਤ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ 2018 ਵਿੱਚ ਸਰਕਾਰ ਨੇ ਪੁਲਾੜ ਦੇ ਪ੍ਰੋਗਰਾਮ ਨੂੰ ਨਿੱਜੀ ਕੰਪਨੀਆਂ ਲਈ ਖੋਲ੍ਹ ਦਿੱਤਾ ਸੀ।ਅੱਜ ਉਹੀ ਨਿੱਜੀ ਕੰਪਨੀਆਂ ਇਨ੍ਹਾਂ ਵਿਗਿਆਨੀਆਂ ਨੂੰ ਉੱਚੀਆਂ ਤਨਖਾਹਾਂ 'ਤੇ ਨੌਕਰੀਆਂ ਦੇ ਕੇ ਆਪਣੇ ਵੱਲ ਖਿੱਚ ਰਹੀਆਂ ਹਨ। ਇਹ ਚੇਤੇ ਰਹੇ ਕਿ ਇਸਰੋ ਸਾਡੇ ਦੇਸ਼ ਦਾ ਮਾਣ ਸਨਮਾਨ ਹੈ ਤੇ ਆਜ਼ਾਦੀ ਉਪਰੰਤ ਸਾਡੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਇੱਕ ਵੱਡਾ ਸੁਪਨਾ ਸੀ, ਜੋ ਕਿ ਕਾਮਯਾਬੀ ਹਾਸਲ ਕਰਦਾ ਗਿਆ ਅਤੇ ਉਸ ਨੇ ਅਮਰੀਕਾ ਦੇ ਦਬਾਅ ਦੀ ਵੀ ਪ੍ਰਵਾਹ ਨਹੀਂ ਕੀਤੀ।ਪਰ ਮੌਜੂਦਾ ਸਰਕਾਰ ਦੀਆਂ ਨੀਤੀਆਂ ਤਾਂ ਖੁੱਲ੍ਹਮ-ਖੁੱਲ੍ਹਾ ਕਾਰਪੋਰੇਟ ਪੱਖੀ ਹਨ ਤੇ ਅੱਜ ਉਸ ਦਾ ਨਤੀਜਾ ਸਾਨੂੰ ਦਿਖਾਈ ਦੇ ਰਿਹਾ ਹੈ।ਇਹੋ ਕੁਝ ਪ੍ਰਮਾਣੂ ਪ੍ਰੋਗਰਾਮ ਵਿੱਚ ਵੀ ਨਿੱਜੀ ਖੇਤਰ ਨੂੰ ਖੋਲ੍ਹਣ ਦੀ ਨੀਤੀ ਵਿੱਚ ਹੋਵੇਗਾ। ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਵੱਲੋਂ ਅਸੀਂ ਮੰਗ ਕਰਦੇ ਹਾਂ ਕਿ ਇਸਰੋ ਨੂੰ ਹੋਰ ਮਜ਼ਬੂਤ ਕੀਤਾ ਜਾਏ।ਵਿਗਿਆਨੀਆਂ ਨੂੰ ਵਿਸ਼ੇਸ਼ ਸੁਵਿਧਾਵਾਂ ਦੇ ਕੇ ਆਪਣੇ ਅਦਾਰੇ ਵਿੱਚ ਰਹਿਣ ਲਈ ਪ੍ਰੇਰਿਤ ਕੀਤਾ ਜਾਏ ਤੇ ਨਾਲ ਹੀ ਜਿਹੜੀ ਲਾਲ ਫੀਤਾਸ਼ਾਹੀ ਹੈ, ਉਸ ਨੂੰ ਸਮਾਪਤ ਕੀਤਾ ਜਾਏ।ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਸਰਕਾਰ ਆਪਣੀ ਨੀਤੀ ਇਨ੍ਹਾਂ ਦੇਸ਼ ਦੇ ਮਹਾਨਤਮ ਕੇਂਦਰਾਂ ਪ੍ਰਤੀ ਸਪੱਸ਼ਟ ਕਰੇ ਕਿ ਉਨ੍ਹਾਂ ਨੂੰ ਰੱਖਣਾ ਚਾਹੁੰਦੀ ਹੈ ਜਾਂ ਨਹੀਂ।ਇਹ ਮੰਨਣ ਵਾਲੀ ਗੱਲ ਨਹੀਂ ਕਿ ਵਿਗਿਆਨੀਆਂ ਦੇ ਛੱਡਣ ਦਾ ਸਰਕਾਰ ਨੂੰ ਹੁਣੇ ਹੀ ਪਤਾ ਲੱਗਿਆ ਹੈ।ਹੁਣ ਕਿਉਂਕਿ ਰੌਲਾ ਪੈ ਗਿਆ ਹੈ, ਇਸ ਲਈ ਸਰਕਾਰ ਉਨ੍ਹਾਂ ਦੇ ਛੱਡਣ 'ਤੇ ਪਾਬੰਦੀਆਂ ਲਗਾ ਰਹੀ ਹੈ।

ਜਸਵਿੰਦਰ ਸਿੰਘ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਅੱਜ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਬਾਰ ਐਸੋਸੀਏਸ਼ਨ ਗਿੱਦੜਬਾਹਾ ਦੇ ਮੈਂਬਰ ਐਡਵੋਕੇਟ ਬ੍ਰਹਮਜੀਤ ਸਿੰਘ ਨੂੰ ਉਸ ਸਮੇਂ ਭਾਰੀ ਸਦਮਾ ਲੱਗਿਆ ਜਦੋਂ ਉਹਨਾਂ ਦੇ ਪਿਤਾ ਸਾਬਕਾ ਪੰਚਾਇਤ ਅਫ਼ਸਰ ਜਸਵਿੰਦਰ ਸਿੰਘ ਦਾ ਬੀਤੇ ਦਿਨੀਂ ਅਚਾਨਕ ਦੇਹਾਂਤ ਹੋ ਗਿਆ।ਜਸਵਿੰਦਰ ਸਿੰਘ ਦੇ ਦੇਹਾਂਤ 'ਤੇ ਬਾਰ ਐਸੋਸੀਏਸ਼ਨ ਗਿੱਦੜਬਾਹਾ, ਮਲੋਟ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਵਕੀਲ ਭਾਈਚਾਰਾ, ਕੋਰਟ ਦੇ ਸਮੂਹ ਕਰਮਚਾਰੀਆਂ ਤੋਂ ਇਲਾਵਾ ਵੱਖ-ਵੱਖ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਐਡਵੋਕੇਟ ਬ੍ਰਹਮਜੀਤ ਸਿੰਘ ਨਾਲ ਡੂੰਘੇ ਦੁੱਖ ਦਾ ਪ੍ਰਗਟ ਕੀਤਾ। ਜਸਵਿੰਦਰ ਸਿੰਘ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 19 ਜੁਲਾਈ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਗੁਰਦੁਆਰਾ ਸਾਹਿਬ ਪਿੰਡ ਮਾਨ (ਹਲਕਾ ਲੰਬੀ) ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਵੇਗੀ।

ਬਿਜਲੀ ਕੱਟਾਂ ਤੋਂ ਤੰਗ ਸ਼ਹਿਰ ਵਾਸੀਆਂ ਅੱਧੀ ਰਾਤ ਨੂੰ ਲਾਇਆ ਧਰਨਾ

ਜਗਰਾਉਂ (ਸੰਜੀਵ ਅਰੋੜਾ)-ਸ਼ਹਿਰ ਵਿੱਚ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਲੱਗ ਰਹੇ ਬਿਜਲੀ ਕੱਟਾਂ ਤੋਂ ਅੱਕੇ ਸ਼ਹਿਰ ਵਾਸੀਆਂ ਦਾ ਗੁੱਸਾ ਬੀਤੀ ਰਾਤ ਸੜਕਾਂ 'ਤੇ ਫੁੱਟ ਪਿਆ। ਬਿਜਲੀ ਸਪਲਾਈ ਵਿੱਚ ਵਾਰ-ਵਾਰ ਆ ਰਹੀਆਂ ਰੁਕਾਵਟਾਂ ਦੇ ਵਿਰੋਧ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸਥਾਨਕ ਝਾਂਸੀ ਰਾਣੀ ਚੌਕ ਵਿਖੇ ਧਰਨਾ ਦੇ ਕੇ ਰੋਸ ਪ੍ਰਦਰਸ਼ਨ ਕੀਤਾ ਤੇ ਬਿਜਲੀ ਵਿਭਾਗ ਖਿਲਾਫ ਨਾਅਰੇਬਾਜ਼ੀ ਕਰਦਿਆਂ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ ਕੀਤੀ। ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਲੋਕਾਂ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਦਿਨ ਤੇ ਰਾਤ ਦੋਵੇਂ ਸਮਿਆਂ ਦੌਰਾਨ ਵਾਰ-ਵਾਰ ਬਿਜਲੀ ਕੱਟ ਲੱਗ ਰਹੇ ਹਨ, ਜਿਸ ਕਾਰਨ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਜਲੀ ਨਾ ਹੋਣ ਕਾਰਨ ਵਪਾਰਕ ਗਤੀਵਿਧੀਆਂ ਪ੍ਰਭਾਵਿਤ ਹੋ ਰਹੀਆਂ ਹਨ, ਜਦਕਿ ਰਾਤ ਸਮੇਂ ਅੱਤ ਦੀ ਗਰਮੀ ਵਿੱਚ ਛੋਟੇ ਬੱਚਿਆਂ, ਬਜ਼ੁਰਗਾਂ ਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਲੋਕ ਨਿਯਮਿਤ ਬਿਜਲੀ ਬਿੱਲ ਅਦਾ ਕਰਦੇ ਹਨ, ਇਸ ਦੇ ਬਾਵਜੂਦ ਉਨ੍ਹਾਂ ਨੂੰ ਨਿਰਵਿਧਨ ਬਿਜਲੀ ਸਪਲਾਈ ਨਹੀਂ ਮਿਲ ਰਹੀ।

ਉਨ੍ਹਾਂ ਮੰਗ ਕੀਤੀ ਕਿ ਬਿਜਲੀ ਵਿਭਾਗ ਦੇ ਅਧਿਕਾਰੀ ਇਸ ਸਮੱਸਿਆ ਦਾ ਜਲਦ ਤੋਂ ਜਲਦ ਸਥਾਈ ਹੱਲ ਕੱਢਣ ਤਾਂ ਜੋ ਲੋਕਾਂ ਨੂੰ ਗਰਮੀ ਦੇ ਮੌਸਮ ਵਿੱਚ ਰਾਹਤ ਮਿਲ ਸਕੇ। ਧਰਨੇ ਦੀ ਸੂਚਨਾ ਮਿਲਣ ਉਪਰੰਤ ਥਾਣਾ ਸਿਟੀ ਦੇ ਮੁਖੀ ਇੰਸਪੈਕਟਰ ਪਰਮਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ। ਉਨ੍ਹਾਂ ਧਰਨਾਕਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਪ੍ਰਦਰਸ਼ਨਕਾਰੀ ਆਪਣੀਆਂ ਮੰਗਾਂ ਦੇ ਹੱਲ ਦੀ ਮੰਗ 'ਤੇ ਡਟੇ ਰਹੇ ਤੇ ਬਿਜਲੀ ਸਪਲਾਈ ਵਿੱਚ ਸੁਧਾਰ ਦੀ ਮੰਗ ਕਰਦੇ ਰਹੇ। ਮੌਕੇ ਦੀਆਂ ਤਸਵੀਰਾਂ ਵਿੱਚ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਝਾਂਸੀ ਰਾਣੀ ਚੌਕ ਵਿੱਚ ਇਕੱਠੇ ਹੋ ਕੇ ਧਰਨਾ ਦਿੰਦੇ ਤੇ ਆਪਣਾ ਰੋਸ ਜ਼ਾਹਰ ਕਰਦੇ ਦੇਖਿਆ ਗਿਆ। ਪ੍ਰਦਰਸ਼ਨ ਸ਼ਾਂਤੀਪੂਰਨ ਢੰਗ ਨਾਲ ਕੀਤਾ ਗਿਆ, ਜਦਕਿ ਪੁਲਸ ਵੱਲੋਂ ਸਥਿਤੀ 'ਤੇ ਨਜ਼ਰ ਰੱਖੀ ਗਈ।

ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਤੋਂ ਲੋਕਾਂ ਦੇ ਪੱਲੇ ਨਿਰਾਸ਼ਾ ਹੀ ਪਈ : ਸੇਖੋਂ

ਮੋਦੀ ਨੇ ਪੰਜਾਬੀਆਂ ਦੀਆਂ ਮੁੱਖ ਮੰਗਾਂ ਤੇ ਦੁੱਖ-ਦਰਦਾਂ ਤੋਂ ਮੂੰਹ ਮੋੜਿਆ

ਲੁਧਿਆਣਾ (ਰੈਕਟਰ ਕਥੂਰੀਆ)-ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਤੋਂ ਰਾਜ ਦੇ ਲੋਕਾਂ ਨੂੰ ਕਾਫ਼ੀ ਉਮੀਦਾਂ ਸਨ, ਪਰ ਉਨ੍ਹਾਂ ਪੰਜਾਬ ਦੇ ਲੋਕਾਂ ਦੇ ਦਰਦਾਂ ਨੂੰ ਅੱਖੋਂ ਪਰੋਖੇ ਕੀਤਾ ਹੈ, ਜਿਸ ਕਰਕੇ ਸੂਬੇ ਦੇ ਲੋਕਾਂ ਦੇ ਪੱਲੇ ਨਿਰਾਸ਼ਤਾ ਹੀ ਪਈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਦਾ ਚਿਹਰਾ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਗਿਆ ਹੈ।ਕਾ: ਸੇਖੋਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਹੋਣ ਕਰਕੇ ਸੂਬੇ ਦੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੁੱਖ ਮੰਗਾਂ ਬਾਰੇ ਕੋਈ ਵਿਸ਼ੇਸ਼ ਐਲਾਨ ਕੀਤੇ ਜਾਣ ਦੀ ਵੱਡੀ ਉਮੀਦ ਸੀ। ਪੰਜਾਬ ਦਾ ਖੇਤੀਬਾੜੀ ਵਿੱਚ ਭਾਰੀ ਮਹੱਤਵ ਹੋਣ ਸਦਕਾ ਲੋਕਾਂ ਨੂੰ ਉਮੀਦ ਸੀ ਕਿ ਪ੍ਰਧਾਨ ਮੰਤਰੀ ਫ਼ਸਲਾਂ ਦੇ ਘੱਟੋ ਘੱਟ ਸਮਰਥਨ ਭਾਅ ਦਾ ਐਲਾਨ ਕਰਨਗੇ, ਉਨ੍ਹਾਂ ਅਜਿਹਾ ਜ਼ਿਕਰ ਤਾਂ ਕੀਤਾ, ਪਰ ਐਲਾਨ ਕਰਨ ਤੋਂ ਪਾਸਾ ਵੱਟ ਗਏ।ਇਸੇ ਤਰ੍ਹਾਂ ਪੰਜਾਬ ਦੀ ਆਰਥਿਕ ਮੰਦਹਾਲੀ ਕਾਰਨ ਕਰਜ਼ ਦੀ ਮਾਰ ਝੱਲ ਰਹੇ ਕਿਸਾਨ ਦਹਾਕਿਆਂ ਤੋਂ ਕਰਜ਼ਾ ਮੁਆਫ਼ੀ ਦੀ ਮੰਗ ਕਰ ਰਹੇ ਹਨ।ਹੁਣ ਕਿਸਾਨ ਨੂੰ ਆਸ ਸੀ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਅਜਿਹਾ ਐਲਾਨ ਕਰ ਸਕਦੇ ਹਨ, ਪਰ ਉਨ੍ਹਾਂ ਚੁੱਪ ਹੀ ਧਾਰ ਲਈ।ਕਮਿਊਨਿਸਟ ਆਗੂ ਨੇ ਕਿਹਾ ਕਿ ਕਿਸਾਨਾਂ ਦੀਆਂ ਇਨ੍ਹਾਂ ਮੰਗਾਂ ਬਾਰੇ ਕੋਈ ਐਲਾਨ ਨਾ ਕਰਨ ਤੋਂ ਭਾਜਪਾ ਤੇ ਕੇਂਦਰ ਦੀ ਮੋਦੀ ਸਰਕਾਰ ਦਾ ਕਿਸਾਨ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ।ਕਾ: ਸੇਖੋਂ ਨੇ ਕਿਹਾ ਕਿ ਸ੍ਰੀ ਮੋਦੀ ਨੇ ਪੰਜਾਬ ਵਿੱਚ ਆਪਣੀ ਪਾਰਟੀ ਦੀ ਚੋਣ ਮੁਹਿੰਮ ਦੀ ਇੱਕ ਤਰ੍ਹਾਂ ਸ਼ੁਰੂਆਤ ਕਰਦਿਆਂ ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਦੀ ਅਪੀਲ ਤਾਂ ਕੀਤੀ, ਪਰ ਪੰਜਾਬ ਦੀਆਂ ਹੱਕੀ ਮੰਗਾਂ ਬਾਰੇ ਐਲਾਨ ਕਰਨ ਤੋਂ ਮੂੰਹ ਮੋੜ ਲਿਆ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਜਾਗਰੂਕ ਹੋ ਚੁੱਕੇ ਹਨ ਤੇ ਫੋਕੀਆਂ ਗੱਲਾਂ 'ਤੇ ਵਿਸਵਾਸ਼ ਨਹੀਂ ਕਰਨਗੇ।

ਕੋਆਪ੍ਰੇਟਿਵ ਬੈਂਕ ਕਰਮਚਾਰੀਆਂ ਵੱਲੋਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ

ਮਾਨਸਾ (ਆਤਮਾ ਸਿੰਘ ਪਮਾਰ)-ਦੀ ਮਾਨਸਾ ਸੈਂਟਰਲ ਕੋਆਪ੍ਰੇਟਿਵ ਬੈਂਕ ਇੰਪਲਾਈਜ਼ ਯੂਨੀਅਨ ਮਾਨਸਾ ਵੱਲੋਂ ਮੁੱਖ ਦਫਤਰ ਦੇ ਬਾਹਰ ਸਾਂਝਾ ਮੁਲਾਜ਼ਮ ਮੰਚ ਦੇ ਸੱਦੇ ਤਹਿਤ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ।ਜਥੇਬੰਦੀ ਦੇ ਪ੍ਰਧਾਨ ਸੁਖਜਿੰਦਰ ਸਿੰਘ ਸਿੱਧੂ ਤੇ ਜਨਰਲ ਸਕੱਤਰ ਭੁਪਿੰਦਰ ਸਿੰਘ ਸਿੱਧੂ ਦੀ ਅਗਵਾਈ 'ਚ ਹੋਏ ਇਸ ਪ੍ਰਦਰਸ਼ਨ ਦੌਰਾਨ ਕਰਮਚਾਰੀਆਂ ਨੇ 17-07-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਕੇਂਦਰ ਸਰਕਾਰ ਦਾ ਤਨਖਾਹ ਸਕੇਲ ਲਾਗੂ ਕਰਨ ਸਬੰਧੀ ਜਾਰੀ ਨੋਟੀਫਿਕੇਸ਼ਨ ਦਾ ਸਖਤ ਵਿਰੋਧ ਕਰਦਿਆਂ ਨੋਟੀਫਿਕੇਸ਼ਨ ਦੀਆਂ ਕਾਪੀਆਂ ਵੀ ਸਾੜੀਆਂ।ਉਨ੍ਹਾਂ ਦੱਸਿਆ ਕੇ 17 ਜੁਲਾਈ 2020 ਰਾਹੀਂ ਨਵੇਂ ਭਰਤੀ ਹੋਣ ਵਾਲੇ ਕਰਮਚਾਰੀਆਂ 'ਤੇ ਲਗਾਏ ਕੇਂਦਰ ਸਰਕਾਰ ਦੇ ਤਨਖਾਹ ਸਕੇਲ ਅਨੁਸਾਰ ਬਣਦੀ ਤਨਖਾਹ ਬਹੁਤ ਘੱਟ ਹੈ, ਜਿਸ ਨਾਲ ਅੱਜ ਦੀ ਮਹਿੰਗਾਈ ਦੌਰਾਨ ਗੁਜ਼ਾਰਾ ਕਰਨਾ ਬਹੁਤ ਹੀ ਮੁਸ਼ਕਲ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰੈੱਸ ਸਕੱਤਰ ਮਹਿੰਦਰ ਸਿੰਘ ਨੇ ਦੱਸਿਆ ਕਿ ਮਾਨਸਾ ਕੇਂਦਰੀ ਸਹਿਕਾਰੀ ਬੈਂਕ ਕਰਮਚਾਰੀ ਯੂਨੀਅਨ ਸਾਂਝਾ ਮੁਲਾਜ਼ਮ ਫਰੰਟ ਵੱਲੋਂ ਉਲੀਕੇ ਗਏ ਸੰਘਰਸ਼ ਦਾ ਪੂਰਨ ਸਮੱਰਥਨ ਕਰਦੀ ਹੈ ਤੇ ਯੂਨੀਅਨ ਦੇ ਨੁਮਾਇੰਦੇ 7 ਅਗਸਤ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਮਹਾਂ ਰੈਲੀ 'ਚ ਵੀ ਭਰਵੀਂ ਸ਼ਮੂਲੀਅਤ ਕਰਨਗੇ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਨਵੇਂ ਭਰਤੀ ਹੋਣ ਵਾਲੇ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦਾ ਤਨਖਾਹ ਸਕੇਲ ਦਿੱਤਾ ਜਾਵੇ ਤੇ ਨਾਲ ਹੀ 6ਵੇਂ ਤਨਖਾਹ ਕਮਿਸ਼ਨ ਦੇ ਲਾਭ ਦੇਣ ਲਈ ਲਗਾਈ ਗਈ ਆਪ੍ਰੇਟਿੰਗ ਪ੍ਰੋਫਿਟ ਦੀ ਸ਼ਰਤ ਤੁਰੰਤ ਖਤਮ ਕੀਤੀ ਜਾਵੇ ਅਤੇ ਮੌਜੂਦਾ ਸਹਾਇਕ ਮੈਨੇਜਰਾਂ, ਲੇਖਾਕਾਰਾਂ ਤੇ ਕਲਰਕਾਂ ਦੀਆਂ ਪੈਂਡਿੰਗ ਤਰੱਕੀਆਂ 'ਚ ਹੋ ਰਹੀ ਬੇਲੋੜੀ ਦੇਰੀ ਨੂੰ ਹੱਲ ਕਰਨ ਦੀ ਮੰਗ ਵੀ ਦਹੁਰਾਈ।ਆਗੂ ਨੇ ਕਿਹਾ ਕਿ ਜੇਕਰ ਸਰਕਾਰ ਤੇ ਬੈਂਕ ਮੈਨੇਜਮੈਂਟ ਵੱਲੋਂ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦਾ ਜਲਦ ਨਿਪਟਾਰਾ ਨਾ ਕੀਤਾ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ, ਕੈਸ਼ੀਅਰ ਦੀਪਕ ਗਰਗ, ਸਰਬਜੀਤ ਸਿੰਘ, ਮੋਹਿਤ ਗਰਗ, ਲਵਲੀ ਗਰਗ, ਹਨੀ ਗਰਗ, ਮਨਪ੍ਰੀਤ ਸਿੰਘ, ਸਾਹਿਲ ਗਰਗ, ਗਨੇਸ਼ ਕੁਮਾਰ ਸ਼ਾਹ, ਮਨਦੀਪ ਸਿੰਘ, ਸਿਮਰਨਜੀਤ ਕੌਰ, ਗਗਨਦੀਪ ਕੌਰ ਤੇ ਹੋਰ ਕਰਮਚਾਰੀ ਹਾਜ਼ਰ ਸਨ।

ਸ਼ਹਿਰ 'ਚ ਫਲੈਕਸਾਂ ਦੀ ਭਰਮਾਰ, ਪ੍ਰਸ਼ਾਸਨ ਖਾਮੋਸ਼

ਬਰੇਟਾ (ਰੀਤਵਾਲ)-ਸ਼ਹਿਰ ਦੇ ਬਾਜ਼ਾਰਾਂ, ਚੌਂਕਾਂ ਤੇ ਮੁੱਖ ਸੜਕਾਂ 'ਤੇ ਅੱਜਕੱਲ੍ਹ ਫਲੈਕਸਾਂ ਤੇ ਹੋਰਡਿੰਗਾਂ ਦੀ ਭਰਮਾਰ ਦੇਖਣ ਨੂੰ ਮਿਲ ਰਹੀ ਹੈ।ਸਿਆਸੀ ਆਗੂਆਂ ਦੇ ਜਨਮ ਦਿਨ, ਧਾਰਮਿਕ ਸਮਾਗਮਾਂ ਤੇ ਵਪਾਰਕ ਇਸ਼ਤਿਹਾਰਾਂ ਲਈ ਲਾਏ ਜਾ ਰਹੇ ਇਹ ਫਲੈਕਸ ਬਿਜਲੀ ਦੇ ਖੰਭਿਆਂ, ਟ੍ਰੈਫਿਕ ਸਿਗਨਲਾਂ, ਦਰੱਖਤਾਂ ਤੇ ਸਰਕਾਰੀ ਇਮਾਰਤਾਂ 'ਤੇ ਵੀ ਬਿਨਾਂ ਕਿਸੇ ਰੋਕ-ਟੋਕ ਤੋਂ ਲਗਾਏ ਜਾ ਰਹੇ ਹਨ।ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਫਲੈਕਸਾਂ ਕਾਰਨ ਨਾ ਸਿਰਫ਼ ਸ਼ਹਿਰ ਦੀ ਖ਼ੂਬਸੂਰਤੀ ਖ਼ਰਾਬ ਹੋ ਰਹੀ ਹੈ, ਸਗੋਂ ਟ੍ਰੈਫਿਕ ਸਿਗਨਲਾਂ ਤੇ ਸੜਕ ਦੇ ਸਾਈਨ ਬੋਰਡਾਂ ਦੀ ਦਿੱਖ ਵੀ ਢਕੀ ਜਾ ਰਹੀ ਹੈ, ਜਿਸ ਨਾਲ ਹਾਦਸਿਆਂ ਦਾ ਖ਼ਤਰਾ ਵਧ ਗਿਆ ਹੈ।ਤੇਜ਼ ਹਵਾ ਚੱਲਣ 'ਤੇ ਕਈ ਵਾਰ ਢਿੱਲੇ ਲੱਗੇ ਫਲੈਕਸ ਸੜਕ 'ਤੇ ਡਿੱਗ ਪੈਂਦੇ ਹਨ, ਜਿਸ ਨਾਲ ਵਾਹਨ ਚਾਲਕਾਂਅਤੇ ਰਾਹਗੀਰਾਂ ਲਈ ਖ਼ਤਰਾ ਪੈਦਾ ਹੁੰਦਾ ਹੈ।ਵਾਤਾਵਰਣ ਪ੍ਰੇਮੀਆਂ ਨੇ ਵੀ ਇਸ ਮੁੱਦੇ 'ਤੇ ਚਿੰਤਾ ਜ਼ਾਹਰ ਕੀਤੀ ਹੈ।ਭਾਵੇਂ ਨਗਰ ਕੌਂਸਲ ਵੱਲੋਂ ਬਿਨਾਂ ਇਜਾਜ਼ਤ ਫਲੈਕਸ ਲਾਉਣ 'ਤੇ ਪਾਬੰਦੀ ਦੇ ਨਿਯਮ ਬਣਾਏ ਗਏ ਹਨ ਤੇ ਜੁਰਮਾਨੇ ਦਾ ਵੀ ਪ੍ਰਬੰਧ ਹੈ, ਪਰ ਜ਼ਮੀਨੀ ਪੱਧਰ 'ਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਹੁੰਦੀ ਨਜ਼ਰ ਨਹੀਂ ਆ ਰਹੀ।ਸ਼ਹਿਰ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਬਿਨਾਂ ਇਜਾਜ਼ਤ ਲੱਗੇ ਫਲੈਕਸਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਇਸ਼ਤਿਹਾਰਬਾਜ਼ੀ ਲਈ ਤੈਅ ਥਾਵਾਂ ਬਣਾਈਆਂ ਜਾਣ, ਤਾਂ ਜੋ ਸ਼ਹਿਰ ਦੀ ਸੁੰਦਰਤਾ ਤੇ ਲੋਕਾਂ ਦੀ ਸੁਰੱਖਿਆ ਬਰਕਰਾਰ ਰਹਿ ਸਕੇ।

ਡੀ ਐੱਸ ਪੀ ਦੇ ਭਰੋਸੇ ਮਗਰੋਂ ਮਜ਼ਦੂਰਾਂ ਦਾ ਸੰਘਰਸ਼ ਸਮਾਪਤ, ਟੈਂਕੀ ਉੱਪਰ ਬੈਠੀਆਂ ਔਰਤਾਂ ਦਾ ਕੀਤਾ ਸਨਮਾਨ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)
ਲੋਕ ਕਵੀ ਸੰਤ ਰਾਮ ਉਦਾਸੀ ਦੇ ਜੱਦੀ ਪਿੰਡ ਰਾਏਸਰ ਪੰਜਾਬ ਵਿਖੇ ਇਨਸਾਫ ਲੈਣ ਲਈ ਪਾਣੀ ਵਾਲੀ ਟੈਂਕੀ ਉਪਰ ਚੜ੍ਹ ਕੇ ਤਿੰਨ ਦਿਨਾਂ ਤੋਂ ਲਗਾਤਾਰ ਰੋਸ ਪ੍ਰਦਰਸ਼ਨ ਕਰ ਰਹੇ ਮਜ਼ਦੂਰ ਪਰਵਾਰਾਂ ਦਾ ਮੋਰਚਾ ਮੰਗਾਂ ਮੰਨੇ ਜਾਣ 'ਤੇ ਸਫਲ ਹੋਣ ਉਪਰੰਤ ਨਾਅਰਿਆਂ ਦੀ ਗੂੰਜ 'ਚ ਸਮਾਪਤ ਹੋਇਆ।ਇਸ ਮੌਕੇ ਡੀ ਐੱਸ ਪੀ ਸਤਵਿੰਦਰ ਸਿੰਘ ਵਿਰਕ ਵੱਲੋਂ ਧਰਨੇ 'ਤੇ ਜਾ ਕੇ ਮਜ਼ਦੂਰ ਪਰਵਾਰਾਂ ਨੂੰ ਇਨਸਾਫ ਦਾ ਵਿਸ਼ਵਾਸ ਦੁਆਇਆ।ਉਨ੍ਹਾਂ ਸਪੱਸ਼ਟ ਕਿਹਾ ਕਿ ਰੂੜੀਆਂ ਵਾਲੀ ਥਾਂ ਉੱਪਰ ਕੋਈ ਪਾਰਕ ਜਾਂ ਗਰਾਊਂਡ ਨਹੀਂ ਬਣਾਇਆ ਜਾਵੇਗਾ, ਜਿੱਥੇ ਪਹਿਲਾਂ ਵਾਂਗ ਮਜ਼ਦੂਰ ਪਰਵਾਰ ਆਪਣੀਆਂ ਰੂੜੀਆਂ ਵਗੈਰਾ ਲਗਾ ਸਕਣਗੇ।ਉਨ੍ਹਾਂ ਨੂੰ ਕੋਈ ਰੋਕ ਟੋਕ ਨਹੀਂ ਹੋਵੇਗੀ।ਉਨ੍ਹਾਂ ਮਜ਼ਦੂਰ ਪਰਵਾਰਾਂ ਨੂੰ ਆਪਣੇ ਵੱਲੋਂ ਸੰਭਵ ਸਹਿਯੋਗ ਦੁਆਏ ਜਾਣ ਤੋਂ ਬਾਅਦ ਮਜ਼ਦੂਰ ਪਰਵਾਰਾਂ ਨੇ ਸਹਿਮਤ ਹੁੰਦੇ ਹੋਏ ਆਪਣਾ ਧਰਨਾ, ਰੋਸ ਪ੍ਰਦਰਸ਼ਨ ਸਮਾਪਤ ਕਰਨ ਦਾ ਐਲਾਨ ਕੀਤਾ।ਪਾਣੀ ਵਾਲੀ ਟੈਂਕੀ ਉੱਪਰ ਬੀਤੇ ਬੁੱਧਵਾਰ ਤੋਂ ਕੜਕਦੀ ਗਰਮੀ 'ਚ ਧਰਨਾ ਦੇ ਰਹੀਆਂ ਮਜ਼ਦੂਰ ਔਰਤਾਂ ਨੂੰ ਹਾਰਾਂ ਨਾਲ ਸਨਮਾਨਤ ਕਰਕੇ ਹੇਠਾਂ ਉਤਾਰਿਆ ਗਿਆ।ਇਸ ਮੌਕੇ ਬਸਪਾ ਆਗੂਆਂ ਦਰਸ਼ਨ ਸਿੰਘ ਬਾਜਵਾ, ਸਰਬਜੀਤ ਸਿੰਘ ਖੇੜੀ, ਜਥੇਦਾਰ ਸਰਬਜੀਤ ਸਿੰਘ ਛੀਨੀਵਾਲ ਖੁਰਦ ਨੇ ਪਰਵਾਰਾਂ ਨੂੰ ਸਹਿਯੋਗ ਦਾ ਵਿਸ਼ਵਾਸ ਦੁਆਇਆ।ਆਪ ਆਗੂ ਨਿਰਮਲ ਸਿੰਘ ਨਿੰਮਾ ਛੀਨੀਵਾਲ ਨੇ ਪੀੜਤਾਂ ਨੂੰ ਹਰ ਸੰਭਵ ਸਹਿਯੋਗ ਦਾ ਐਲਾਨ ਕੀਤਾ।ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ ਨੇ ਮਜ਼ਦੂਰਾਂ ਦੇ ਸੰਘਰਸ਼ ਦੀ ਜਿੱਤ ਹੋਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਮਜ਼ਦੂਰ ਵਰਗ ਨਾਲ ਕਿਸੇ ਕਿਸਮ ਦੀ ਬੇਇਨਸਾਫੀ ਨਹੀਂ ਹੋਣ ਦਿੱਤੀ ਜਾਵੇਗੀ।ਉਨ੍ਹਾਂ ਮਜ਼ਦੂਰ ਪਰਵਾਰਾਂ ਨੂੰ ਆਪਣੀ ਜਥੇਬੰਦਕ ਸ਼ਕਤੀ ਨੂੰ ਹੋਰ ਮਜ਼ਬੂਤ ਬਣਾਉਣ ਦੀ ਅਪੀਲ ਕੀਤੀ।ਇਸ ਮੌਕੇ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਇੰਸਪੈਕਟਰ ਕੁਲਵਿੰਦਰ ਸਿੰਘ ਧਾਲੀਵਾਲ, ਸੰਮਤੀ ਮੈਂਬਰ ਜਸਵਿੰਦਰ ਕੌਰ, ਕੁਲਵਿੰਦਰ ਕੌਰ, ਸੁਖਦੀਪ ਕੌਰ, ਸਰਬਜੀਤ ਕੌਰ, ਰਾਜਵਿੰਦਰ ਕੌਰ, ਹਰਜਿੰਦਰ ਕੌਰ, ਬਲਜੀਤ ਕੌਰ, ਮਨਜੀਤ ਕੌਰ, ਗਿਆਨ ਕੌਰ, ਅਮਨਦੀਪ ਕੌਰ, ਲਖਵੀਰ ਕੌਰ, ਮਨਪ੍ਰੀਤ ਕੌਰ, ਜਥੇ: ਗੁਰਜੰਟ ਸਿੰਘ ਰਾਏਸਰ ਆਦਿ ਹਾਜ਼ਰ ਸਨ।

ਮਾਊਂਟ ਇੰਟਰਨੈਸ਼ਨਲ ਸਕੂਲ ਵਿਖੇ ਮਾਡਲ ਨਿਰਮਾਣ ਪ੍ਰਦਰਸ਼ਨੀ

ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਮੰਨੀ-ਪ੍ਰਮੰਨੀ ਵਿੱਦਿਅਕ ਸੰਸਥਾ ਮਾਊਂਟ ਇੰਟਰਨੈਸ਼ਨਲ ਸਕੂਲ ਬਾਘਾ ਪੁਰਾਣਾ ਵਿਖੇ ਵਿਦਿਆਰਥੀਆਂ ਦੀ ਮਾਡਲ ਨਿਰਮਾਣ ਪ੍ਰਦਰਸ਼ਨੀ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ।ਗਰਮੀ ਦੀਆਂ ਛੁੱਟੀਆਂ ਦੌਰਾਨ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਮਾਡਲਾਂ ਨੂੰ ਇਸ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤਾ ਗਿਆ।ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ 'ਤੇ ਮਾਡਲ ਤਿਆਰ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਬੱਚਿਆਂ ਨੇ ਵਿਗਿਆਨ, ਗਣਿਤ, ਕੰਪਿਊਟਰ, ਅੰਗਰੇਜ਼ੀ, ਪੰਜਾਬੀ, ਹਿੰਦੀ, ਸਮਾਜਿਕ ਵਿਗਿਆਨ, ਵਾਤਾਵਰਨ, ਪੁਲਾੜ ਵਿਗਿਆਨ, ਪੰਜਾਬੀ ਸੱਭਿਆਚਾਰ, ਇਤਿਹਾਸ, ਭੂਗੋਲ, ਸਿਹਤ ਤੇ ਸਫ਼ਾਈ ਸਮੇਤ ਕਈ ਵਿਸ਼ਿਆਂ ਨਾਲ ਸੰਬੰਧਤ ਬਹੁਤ ਹੀ ਸੁੰਦਰ, ਨਵੀਨਤਾਪੂਰਣ ਤੇ ਗਿਆਨਵਰਧਕ ਮਾਡਲ ਪੇਸ਼ ਕੀਤੇ। ਜੱਜ ਮੈਡਮ ਸੋਨੀਆ ਚਾਵਲਾ ਤੇ ਮੈਡਮ ਸੰਦੀਪ ਕੌਰ ਬਰਾੜ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਸ਼ਨ ਪੁੱਛੇ ਗਏ, ਜਿਨ੍ਹਾਂ ਦੇ ਜਵਾਬ ਉਨ੍ਹਾਂ ਨੇ ਪੂਰੇ ਆਤਮ-ਵਿਸ਼ਵਾਸ ਤੇ ਸਪਸ਼ਟਤਾ ਨਾਲ ਦਿੱਤੇ।ਇਸ ਮੌਕੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ, ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ, ਮਾਊਂਟ ਇੰਟਰਨੈਸ਼ਨਲ ਸਕੂਲ ਦੀ ਹੈੱਡ ਮੈਡਮ ਖੁਸ਼ਪ੍ਰੀਤ ਕੌਰ ਤੇ ਕਿਡਜ਼ੀ ਪ੍ਰੀ-ਸਕੂਲ ਦੀ ਡਾਇਰੈਕਟਰ ਮੈਡਮ ਸੁਧਾ ਮਹਿਤਾ ਨੇ ਵਿਦਿਆਰਥੀਆਂ ਦੇ ਮਾਡਲਾਂ ਦਾ ਨਿਰੀਖਣ ਕਰਦਿਆਂ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ।ਆਪਣੇ ਸੰਬੋਧਨ ਦੌਰਾਨ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਖੋਜੀ ਸੋਚ, ਵਿਗਿਆਨਕ ਦ੍ਰਿਸ਼ਟੀਕੋਣ, ਰਚਨਾਤਮਕਤਾ ਤੇ ਆਤਮ-ਵਿਸ਼ਵਾਸ ਦਾ ਵਿਕਾਸ ਕਰਦੀਆਂ ਹਨ।ਪ੍ਰਿੰਸੀਪਲ ਪਰਮਿੰਦਰ ਕੌਰ ਨੇ ਕਿਹਾ ਕਿ ਸਕੂਲ ਦਾ ਉਦੇਸ਼ ਹਰ ਬੱਚੇ ਦੀ ਅੰਦਰੂਨੀ ਪ੍ਰਤਿਭਾ ਨੂੰ ਨਿਖਾਰਨਾ ਤੇ ਉਸ ਨੂੰ ਵਿਹਾਰਕ ਗਿਆਨ ਨਾਲ ਜੋੜਨਾ ਹੈ।ਹੈੱਡ ਮੈਡਮ ਖੁਸ਼ਪ੍ਰੀਤ ਕੌਰ ਨੇ ਵਿਦਿਆਰਥੀਆਂ ਦੀ ਮਿਹਨਤ ਤੇ ਅਧਿਆਪਕਾਂ ਦੀ ਲਗਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ। ਕਿਡਜ਼ੀ ਪ੍ਰੀ-ਸਕੂਲ ਦੀ ਡਾਇਰੈਕਟਰ ਮੈਡਮ ਸੁਧਾ ਮਹਿਤਾ ਨੇ ਵੀ ਵਿਦਿਆਰਥੀਆਂ ਦੀ ਸਿਰਜਣਾਤਮਕ ਸੋਚ ਤੇ ਨਵੀਨਤਾ ਦੀ ਪ੍ਰਸ਼ੰਸਾ ਕੀਤੀ।ਇਸ ਮੌਕੇ ਕਾਊਂਸਲਰ ਮੈਡਮ ਨੇਹਾ ਮੋਲੜੀ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਵਿੱਚ ਆਤਮ-ਵਿਸ਼ਵਾਸ ਤੇ ਰਚਨਾਤਮਕ ਸੋਚ ਨੂੰ ਹੋਰ ਮਜ਼ਬੂਤ ਬਣਾਉਂਦੀਆਂ ਹਨ।ਅੰਤ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

ਦਿੱਲੀ 'ਚ ਧਰਨਾਕਾਰੀਆਂ ਖ਼ਿਲਾਫ਼ ਕਾਰਵਾਈ ਦੀ ਇਨਕਲਾਬੀ ਕੇਂਦਰ ਵੱਲੋਂ ਨਿੰਦਾ

ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਕੀਤੀ ਮੰਗ

ਰਾਏਕੋਟ (ਸੰਤੋਖ ਗਿੱਲ/ਇਕਬਾਲ ਸਿੰਘ)-ਇਨਕਲਾਬੀ ਕੇਂਦਰ ਪੰਜਾਬ ਨੇ ਦਿੱਲੀ ਦੇ ਜੰਤਰ-ਮੰਤਰ ਵਿੱਚ ਚੱਲ ਰਹੇ ਧਰਨੇ ਨੂੰ ਪੁਲਸ ਵੱਲੋਂ ਹਟਾਉਣ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਇਸ ਨੂੰ ਲੋਕਤੰਤਰੀ ਹੱਕਾਂ 'ਤੇ ਹਮਲਾ ਕਰਾਰ ਦਿੱਤਾ ਹੈ।ਜਥੇਬੰਦੀ ਨੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਤੋਂ ਅਸਤੀਫ਼ੇ ਦੀ ਮੰਗ ਵੀ ਦੁਹਰਾਈ ਹੈ।ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਹੇਠ 20 ਜੂਨ ਤੋਂ ਜੰਤਰ-ਮੰਤਰ 'ਤੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਲਈ ਧਰਨਾ ਚੱਲ ਰਿਹਾ ਸੀ।ਉਨ੍ਹਾਂ ਕਿਹਾ ਕਿ ਸ਼ਨੀਵਾਰ ਸਵੇਰੇ ਕਰੀਬ 7.30 ਵਜੇ ਦਿੱਲੀ ਪੁਲਿਸ ਨੇ ਧਰਨਾਕਾਰੀਆਂ ਨੂੰ ਜਬਰੀ ਹਟਾ ਦਿੱਤਾ ਹੈ ਅਤੇ ਅਣਮਿਥੇ ਸਮੇਂ ਦੀ ਭੁੱਖ ਹੜਤਾਲ 'ਤੇ ਬੈਠੇ ਸੋਨਮ ਵਾਂਗਚੁੱਕ ਨੂੰ ਸਫ਼ਦਰਜੰਗ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਜਦਕਿ ਮੌਕੇ 'ਤੇ ਮੌਜੂਦ ਕਈ ਹੋਰ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।ਆਗੂਆਂ ਨੇ ਕਿਹਾ ਕਿ ਪੁਲਸ ਨੇ ਦਿੱਲੀ ਹਾਈ ਕੋਰਟ ਦੇ ਹੁਕਮ ਅਤੇ ਸੋਨਮ ਵਾਂਗਚੁੱਕ ਦੀ ਵਿਗੜ ਰਹੀ ਸਿਹਤ ਦੇ ਨਾਮ ਹੇਠ ਆਪਣੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ।ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੰਘਰਸ਼ ਦੀ ਅਣਦੇਖੀ ਕੀਤੇ ਜਾਣ ਕਾਰਨ 20 ਜੁਲਾਈ ਨੂੰ ਸੰਸਦ ਵੱਲ ਮਾਰਚ ਦਾ ਐਲਾਨ ਕੀਤਾ ਗਿਆ ਸੀ।ਉਨ੍ਹਾਂ ਕਿਹਾ ਕਿ ਦੇਸ਼ ਦੇ ਹਰ ਨਾਗਰਿਕ ਤੇ ਜਥੇਬੰਦੀ ਨੂੰ ਆਪਣੇ ਹੱਕਾਂ ਲਈ ਸ਼ਾਂਤਮਈ ਢੰਗ ਨਾਲ ਆਵਾਜ਼ ਉਠਾਉਣ ਦਾ ਲੋਕਤੰਤਰੀ ਅਧਿਕਾਰ ਹੈ।ਉਨ੍ਹਾਂ ਧਰਨੇ ਨੂੰ ਜਬਰੀ ਖ਼ਤਮ ਕਰਨ ਤੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈਣ ਨੂੰ ਜਮਹੂਰੀ ਅਧਿਕਾਰਾਂ ਦੇ ਉਲਟ ਦੱਸਿਆ ਹੈ। ਉਨ੍ਹਾਂ ਸੋਨਮ ਵਾਂਗਚੁੱਕ ਸਮੇਤ ਵਿਦਿਆਰਥੀ ਆਗੂ ਆਮੀਨ, ਨੇਹਾ ਤੇ ਮੁਨੀਸ਼ ਨੂੰ ਹਿਰਾਸਤ ਵਿੱਚ ਲੈਣ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਮੰਗ ਕੀਤੀ ਕਿ ਪੇਪਰ ਲੀਕ ਦੇ ਮਾਮਲਿਆਂ ਦੀ ਸਮਾਂਬੱਧ ਤੇ ਨਿਰਪੱਖ ਜਾਂਚ ਕਰਵਾਈ ਜਾਵੇ, ਅਸਲ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਤੋਂ ਫ਼ੌਰੀ ਅਸਤੀਫ਼ੇ ਦੀ ਮੰਗ ਕੀਤੀ ਹੈ।

ਕੇਂਦਰ ਕਰ ਮੁਕਤ ਸਮਝੌਤਾ ਰੱਦ ਕਰੇ : ਐੱਸ ਕੇ ਐੱਮ

22 ਨੂੰ ਪਰਚੀ ਮੁਕਤ ਕਰਾਂਗੇ ਟੋਲ ਪਲਾਜ਼ੇ ਤੇ ਪ੍ਰਨੀਤ ਕੌਰ ਦੀ ਰਿਹਾਇਸ਼ ਅੱਗੇ ਦੇਵਾਂਗੇ ਧਰਨਾ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਪਟਿਆਲਾ ਦੀ ਮੀਟਿੰਗ ਧਰਮਪਾਲ ਸੀਲ ਦੀ ਅਗਵਾਈ ਹੇਠ ਪਟਿਆਲਾ ਵਿਖੇ ਹੋਈ, ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਵੱਡੀ ਗਿਣਤੀ ਜਥੇਬੰਦੀਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਟੋਲ ਪਲਾਜਾ ਧਰੇੜੀ ਜੱਟਾਂ ਤੇ ਟੋਲ ਪਲਾਜਾ ਪੈਂਦ 22 ਜੁਲਾਈ ਨੂੰ 12 ਤੋਂ 3 ਵਜੇ ਤੱਕ ਪਰਚੀ ਮੁਕਤ ਕੀਤੇ ਜਾਣਗੇ ਤੇ ਇਸ ਦੇ ਨਾਲ ਹੀ ਭਾਜਪਾ ਆਗੂ ਬੀਬੀ ਪ੍ਰਨੀਤ ਕੌਰ ਦੀ ਰਹਾਇਸ਼ ਅੱਗੇ ਇੱਕ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਖੇਤੀ, ਡੇਅਰੀ ਤੇ ਹੋਰ ਸਹਾਇਕ ਧੰਦਿਆਂ ਨੂੰ ਬਚਾਉਣ ਲਈ ਇਹ ਭਾਰਤ ਅਮਰੀਕਾ ਕਰ ਮੁਕਤ ਸਮਝੌਤਾ ਰੱਦ ਕਰਾਉਣਾ ਬਹੁਤ ਜ਼ਰੂਰੀ ਹੈ, ਪਰ ਕੇਂਦਰ ਸਰਕਾਰ ਅਮਰੀਕਾ ਅੱਗੇ ਗੋਡੇ ਟੇਕ ਗਈ ਹੈ, ਜਿਸ ਕਾਰਨ ਸਾਡੇ ਦੇਸ਼ ਦੀ ਕਿਸਾਨੀ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗੀ। ਉਨ੍ਹਾਂ ਸਮੁੱਚੇ ਲੋਕਾਂ ਨੂੰ ਇਨ੍ਹਾਂ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਲਈ ਅਪੀਲ ਕੀਤੀ ਤਾਂ ਕਿ ਸਰਕਾਰ ਦੀਆਂ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਨੂੰ ਮੋੜਾ ਦਿੱਤਾ ਜਾ ਸਕੇ। ਇਸ ਮੀਟਿੰਗ ਵਿੱਚ ਵੱਖ ਵੱਖ ਜਥੇਬੰਦੀਆਂ ਨਾਲ ਸਬੰਧਤ ਆਗੂ ਰਮਿੰਦਰ ਪਟਿਆਲਾ, ਸੁਰਿੰਦਰ ਸਿੰਘ ਕਿਰਤੀ ਕਿਸਾਨ ਯੂਨੀਅਨ, ਬਲਰਾਜ ਜੋਸ਼ੀ, ਜਸਵਿੰਦਰ ਸਿੰਘ ਬਰਾਸ ਭਾਰਤੀ ਕਿਸਾਨ ਏਕਤਾ ਯੂਨੀਅਨ ਉਗਰਾਹਾਂ, ਦਰਸ਼ਨ ਬੇਲੂ ਮਾਜਰਾ ਜਮਹੂਰੀ ਕਿਸਾਨ ਸਭਾ ਪੰਜਾਬ, ਕੁਲਵੰਤ ਸਿੰਘ ਮੌਲਵੀਵਾਲਾ ਆਲ ਇੰਡੀਆ ਕਿਸਾਨ ਸਭਾ 1936, ਪਾਵਨ ਕੁਮਾਰ ਸੋਗਲ ਪੁਰ ਆਲ ਇੰਡੀਆ ਕਿਸਾਨ ਫੈਡਰੇਸ਼ਨ, ਅਵਤਾਰ ਸਿੰਘ ਕੌਰਜੀ ਵਾਲਾ, ਕਰਮ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਗੁਰਬਚਨ ਸਿੰਘ, ਗੁਰਵਿੰਦਰ ਸਿੰਘ ਲੰਗ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਸੁਖਵਿੰਦਰ ਸਿੰਘ ਤੁੱਲੇਵਾਲ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬੁੱਟਰ, ਹਰਬੰਸ ਸਿੰਘ ਦਦਹੇੜਾ ਭਾਰਤੀ ਕਿਸਾਨ ਯੂਨੀਅਨ ਸਾਦੀਪੁਰ, ਰਮੇਸ਼ ਆਜ਼ਾਦ, ਗੁਰਮੀਤ ਸਿੰਘ ਛੱਜੂ ਭੱਟ ਕੁੱਲ ਹਿੰਦ ਕਿਸਾਨ ਸਭਾ ਆਦਿ ਆਗੂ ਸ਼ਾਮਲ ਹੋਏ। ਸ਼ਾਮਲ ਆਗੂਆਂ ਨੇ ਕਿਹਾ ਕਿ ਉਹ ਵੱਡੀ ਗਿਣਤੀ ਵਿੱਚ ਅਪਣੇ ਸਾਥੀਆਂ ਨਾਲ ਤਿੰਨੋਂ ਜਗ੍ਹਾ 'ਤੇ ਜੋ ਧਰਨੇ ਦਿੱਤੇ ਜਾ ਰਹੇ ਹਨ, ਉਨ੍ਹਾਂ ਵਿੱਚ ਆਪਣੇ ਝੰਡੇ, ਮਾਟੋ ਤੇ ਬੈਨਰਾਂ ਨਾਲ ਲੈਸ ਹੋ ਕੇ ਪੂਰੇ ਜੋਸ਼ੋ ਖਰੋਸ਼ ਨਾਲ ਸ਼ਾਮਲ ਹੋਣਗੇ ਤੇ ਸਰਕਾਰ ਦੀਆਂ ਇਹ ਲੋਕ ਵਿਰੋਧੀ ਨੀਤੀਆਂ ਨੂੰ ਮੋੜਾ ਦੇਣ ਲਈ ਡੱਟਵੀਂ ਲੜਾਈ ਲੜਨਗੇ।

ਡਿਪਟੀ ਸਪੀਕਰ ਵੱਲੋਂ ਹਿੰਦ-ਪਾਕ ਜੰਗ ਦੇ ਸ਼ਹੀਦ ਨਾਜਰ ਸਿੰਘ ਮੱਟੂ ਦੀ ਯਾਦ 'ਚ ਯਾਦਗਾਰੀ ਗੇਟ ਦਾ ਉਦਘਾਟਨ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ) 1971 ਦੀ ਹਿੰਦ-ਪਾਕ ਜੰਗ ਦੌਰਾਨ ਦੇਸ਼ ਦੀ ਰੱਖਿਆ ਕਰਦੇ ਹੋਏ ਕੁਰਬਾਨ ਹੋਏ ਪੰਜਾਬ ਦੇ ਮਹਾਨ ਸਪੂਤ 17 ਸਿੱਖ ਰੈਜੀਮੈਂਟ (ਟਾਈਗਰ ਪਲਟਨ) ਦੇ ਬਹਾਦਰ ਜਵਾਨ ਸ਼ਹੀਦ ਨਾਜਰ ਸਿੰਘ ਮੱਟੂ ਦੀ ਪਾਵਨ ਯਾਦ ਨੂੰ ਸਮਰਪਿਤ ਯਾਦਗਾਰੀ ਗੇਟ ਦਾ ਉਦਘਾਟਨ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਗੜ੍ਹਸ਼ੰਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ। ਇਸ ਮੌਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀ ਦੇਸ਼ਭਗਤੀ, ਬਹਾਦਰੀ ਅਤੇ ਕੁਰਬਾਨੀ ਨੂੰ ਨਮਨ ਕੀਤਾ ਗਿਆ।ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਿਆਂ ਆਪਣੇ ਪ੍ਰਾਣ ਨਿਛਾਵਰ ਕਰਨ ਵਾਲੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਸ਼ਹੀਦ ਨਾਜਰ ਸਿੰਘ ਮੱਟੂ ਵਰਗੇ ਸੂਰਮਿਆਂ ਨੇ ਆਪਣੇ ਲਹੂ ਨਾਲ ਦੇਸ਼ ਦੀ ਏਕਤਾ, ਅਖੰਡਤਾ ਅਤੇ ਸਨਮਾਨ ਦੀ ਰੱਖਿਆ ਕੀਤੀ, ਜਿਸ ਲਈ ਹਰ ਭਾਰਤੀ ਸਦਾ ਉਨ੍ਹਾਂ ਦਾ ਰਿਣੀ ਰਹੇਗਾ।ਉਨ੍ਹਾਂ ਕਿਹਾ ਕਿ ਯਾਦਗਾਰੀ ਗੇਟ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਦੇਸ਼-ਪ੍ਰੇਮ, ਬਹਾਦਰੀ ਅਤੇ ਦੇਸ਼ ਸੇਵਾ ਦੀ ਪ੍ਰੇਰਨਾ ਦਾ ਪ੍ਰਤੀਕ ਬਣੇਗਾ ਰਹੇਗਾ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਫੌਜੀ, ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਆਗੂ, ਵੱਖ-ਵੱਖ ਸੰਸਥਾਵਾਂ ਦੇ ਪ੍ਰਤੀਨਿਧੀ ਅਤੇ ਇਲਾਕਾ ਨਿਵਾਸੀ ਹਾਜ਼ਰ ਰਹੇ।ਸਮਾਗਮ ਦੇ ਅੰਤ ਵਿੱਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਸ਼ਹੀਦ ਪਰਿਵਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਸ਼ਹੀਦਾਂ ਅਤੇ ਉਨ੍ਹਾਂ ਦੇ ਪਰਵਾਰਾਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਸ਼ਹਾਦਤ ਸਾਡੇ ਲਈ ਸਦੀਵੀ ਪ੍ਰੇਰਨਾ ਹੈ ਅਤੇ ਉਨ੍ਹਾਂ ਦੇ ਆਦਰਸ਼ਾਂ 'ਤੇ ਚੱਲ ਕੇ ਹੀ ਅਸੀਂ ਇੱਕ ਮਜ਼ਬੂਤ ਅਤੇ ਖੁਸ਼ਹਾਲ ਪੰਜਾਬ ਅਤੇ ਦੇਸ਼ ਦਾ ਨਿਰਮਾਣ ਕਰ ਸਕਦੇ ਹਾਂ।ਇਸ ਮੌਕੇ ਸਰਪੰਚ ਅਮਨਦੀਪ ਕੌਰ, ਬੀਬੀ ਗੁਰਮੀਤ ਕੌਰ, ਪੰਚ ਤਜਿੰਦਰ ਸਿੰਘ, ਪੰਚ ਮਨਜੀਤ ਕੌਰ, ਪੰਚ ਸੁਰਜੀਤ ਕੌਰ, ਚੇਅਰਮੈਨ ਅਤੇ ਬਲਾਕ ਸੰਮਤੀ ਮੈਂਬਰ ਡਾ.ਪਰਮਜੀਤ ਪਾਲ ਮਡਾਰ, ਸਰਪੰਚ ਹਰਵਿੰਦਰ ਸਿੰਘ ਸਹਾਪੁਰ, ਗੁਰਜੀਤ ਕੌਰ ਖਾਨਪੁਰ, ਕਸਮੀਰ ਕੌਰ ਗੜ੍ਹੀ, ਸੁਖਜੀਤ ਕੌਰ ਮਹਿਤਾਬਪੁਰ, ਵਿਜੈ ਕੁਮਾਰ ਪਾਹਲੇਵਾਲ, ਸਰਪੰਚ ਸੁਮਨ ਥਾਣਾ, ਸੋਸ਼ਲ ਮੀਡਿਆ ਤੋ ਪ੍ਰਧਾਨ ਹਰਵਿੰਦਰ ਸਿੰਘ ਸੈਣੀ, ਸਰਪੰਚ ਗੁਰਨਾਮ ਸਿੰਘ ਮੋਜੀ, ਸਰਪੰਚ ਸੁਰਿੰਦਰ ਸਿੰਘ ਬੀਰਾਮਪੁਰ, ਹਰਨੇਕ ਸਿੰਘ, ਹਰਦੀਪ ਸਿੰਘ ਗੜ੍ਹਸ਼ੰਕਰ, ਦਰਸ਼ਨ ਸਿੰਘ ਮੱਟੂ, ਨੰਬਰਦਾਰ ਜਸਵੀਰ ਸਿੰਘ ਅਤੇ ਪਿੰਡ ਵਾਸੀ ਪਾਰਟੀ ਵਰਕਰ ਹਜ਼ਾਰ ਸਨ।

ਐੱਸ ਆਈ ਆਰ ਤਹਿਤ ਜ਼ਿਲ੍ਹੇ ਦੇ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਵਿਸ਼ੇਸ਼ ਕੈਂਪ ਅੱਜ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਮੁੱਖ ਚੋਣ ਅਫ਼ਸਰ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੋਟਰ ਸੂਚੀ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐਸ.ਆਈ.ਆਰ) 2026 ਤਹਿਤ ਜ਼ਿਲ੍ਹਾ ਜਲੰਧਰ ਦੇ ਸਾਰੇ ਪੋਲਿੰਗ ਸਟੇਸ਼ਨਾਂ 'ਤੇ 19 ਜੁਲਾਈ ਦਿਨ ਐਤਵਾਰ ਨੂੰ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਰਜੀਤ ਵਾਲੀਆ ਨੇ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਵਿਸ਼ੇਸ਼ ਕੈਂਪ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਏ ਜਾਣਗੇ, ਜਿੱਥੇ ਸਮੂਹ ਬੂਥ ਲੈਵਲ ਅਫ਼ਸਰ (ਬੀ.ਐਲ.ਓ.) ਆਪਣੇ ਸਬੰਧਤ ਪੋਲਿੰਗ ਬੂਥਾਂ 'ਤੇ ਨਿੱਜੀ ਤੌਰ 'ਤੇ ਮੌਜੂਦ ਰਹਿਣਗੇ ਅਤੇ ਵੋਟਰਾਂ ਨੂੰ ਗਣਨਾ (ਐਨਿਊਮੀਰੇਸ਼ਨ) ਫਾਰਮ ਭਰਨ ਤੇ ਜਮ੍ਹਾ ਕਰਨ ਵਿੱਚ ਸਹਾਇਤ ਪ੍ਰਦਾਨ ਕਰਨਗੇ।ਸ੍ਰੀ ਵਾਲੀਆ ਨੇ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਜਿਨ੍ਹਾਂ ਬੀ ਐਲ ਓਜ਼ ਨੇ ਗਣਨਾ ਫਾਰਮ ਦੀ ਡਿਜੀਟਾਈਜ਼ੇਸ਼ਨ ਦਾ ਕੰਮ ਮੁਕੰਮਲ ਕਰ ਲਿਆ ਹੈ, ਉਹ ਬੀ.ਐਲ.ਏਜ਼ ਨਾਲ ਮੀਟਿੰਗਾਂ ਅਤੇ ਤਰੁੱਟੀਆਂ ਨੂੰ ਦੂਰ ਕਰਨ 'ਤੇ ਧਿਆਨ ਦੇਣਗੇ।

ਜਿਨ੍ਹਾਂ ਬੂਥਾਂ 'ਤੇ ਫਾਰਮਾਂ ਦੀ ਡਿਜੀਟਾਈਜ਼ੇਸ਼ਨ ਦਾ ਕੰਮ ਅਜੇ ਬਾਕੀ ਹੈ, ਉਥੇ ਡਿਜੀਟਾਈਜ਼ੇਸ਼ਨ ਵਿੱਚ ਤੇਜ਼ੀ ਲਿਆਉਣ ਦੇ ਨਾਲ-ਨਾਲ ਬਾਕੀ ਰਹਿੰਦੇ ਫਾਰਮ ਵੀ ਇਕੱਤਰ ਕੀਤੇ ਜਾਣ।

ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

ਤਲਵਾੜਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਦੇ ਫੈਸਲੇ ਅਨੁਸਾਰ ਤਹਿਸੀਲ ਦਫ਼ਤਰ ਤਲਵਾੜਾ ਦੇ ਗੇਟ ਅੱਗੇ ਬਲਾਕ ਪ੍ਰਧਾਨ ਰਾਜੀਵ ਸ਼ਰਮਾ ਦੀ ਅਗਵਾਈ ਹੇਠ ਰੋਸ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਪ ਸ ਸ ਫ ਬਲਾਕ ਸਕੱਤਰ ਵਰਿੰਦਰ ਬਿੱਕੀ, ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਦੇ ਸੂਬਾ ਕਨਵੀਨਰ ਜਸਬੀਰ ਸਿੰਘ ਤਲਵਾੜਾ, ਦਵਿੰਦਰ ਸਿੰਘ, ਨਰੇਸ਼ ਮਿਡਾ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਤੋਂ ਸ਼ਾਮ ਸਿੰਘ ਅਤੇ ਪੈਨਸ਼ਨਰਾਂ ਵੱਲੋਂ ਸ਼ਿਵ ਕੁਮਾਰ, ਮੇਲਾ ਸਿੰਘ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਮਤਰੇਈ ਮਾਂ ਵਰਗਾ ਵਿਵਹਾਰ ਕਰ ਰਹੀ ਹੈ। ਇਸ ਸਰਕਾਰ ਦੇ ਪਿਛਲੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਕੋਈ ਵੀ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਮੁੱਖ ਮੰਤਰੀ ਅੱਜ ਤੱਕ ਮੁਲਾਜ਼ਮ ਜਥੇਬੰਦੀਆਂ ਨਾਲ ਇੱਕ ਵੀ ਮੀਟਿੰਗ ਕਰਨ ਵਿੱਚ ਅਸਫਲ ਰਿਹਾ ਹੈ, ਜਿਸ ਕਾਰਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ। ਸਪੀਕਰਾਂ ਨੇ ਕਿਹਾ ਕਿ 17 ਜੁਲਾਈ 2020 ਦੇ ਨੋਟੀਫਿਕੇਸ਼ਨ ਰਾਹੀਂ ਕੇਂਦਰੀ ਸਕੇਲ ਲਾਗੂ ਕੀਤੇ ਗਏ ਸਨ। ਇਸ ਦੇ ਵਿਰੋਧ ਵਿੱਚ ਸ਼ੁੱਕਰਵਾਰ ਉਸ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਕੇਂਦਰੀ ਸਕੇਲ ਤੁਰੰਤ ਰੱਦ ਕਰਕੇ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣ। ਇਸ ਦੇ ਨਾਲ ਹੀ ਸਾਰੇ ਕੱਚੇ, ਐਨਲਿਸਟਮੈਂਟ, ਆਊਟਸੋਰਸ ਅਤੇ ਠੇਕਾ ਮੁਲਾਜ਼ਮਾਂ ਨੂੰ ਵਿਭਾਗ ਅੰਦਰ ਲੈ ਕੇ ਪੱਕੇ ਕੀਤਾ ਜਾਵੇ। ਮਾਣ ਭੱਤੇ 'ਤੇ ਕੰਮ ਕਰ ਰਹੇ ਆਸ਼ਾ, ਫੈਸੀਲੀਟੇਟਰ, ਮਿਡ-ਡੇ-ਮੀਲ ਅਤੇ ਆਂਗਨਵਾੜੀ ਮੁਲਾਜ਼ਮਾਂ 'ਤੇ ਕਿਰਤ ਵਿਭਾਗ ਦੇ ਰੇਟ ਲਾਗੂ ਕੀਤੇ ਜਾਣ। ਬਕਾਇਆ ਮਹਿੰਗਾਈ ਭੱਤਾ ਜਾਰੀ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਅਤੇ ਪੈਨਸ਼ਨਰਾਂ 'ਤੇ 2.59 ਫੈਕਟਰ ਲਗਾ ਕੇ ਪੈਨਸ਼ਨ ਦੁਬਾਰਾ ਨਿਰਧਾਰਤ ਕੀਤੀ ਜਾਵੇ। ਵਿਭਾਗਾਂ ਵਿੱਚ ਪਈਆਂ ਖਾਲੀ ਅਸਾਮੀਆਂ 'ਤੇ ਰੈਗੂਲਰ ਭਰਤੀ ਕੀਤੀ ਜਾਵੇ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਹਨਾਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ 7 ਅਗਸਤ ਨੂੰ ਪੰਜਾਬ ਦੇ ਸਾਰੇ ਮੁਲਾਜ਼ਮ ਅਤੇ ਪੈਨਸ਼ਨਰ ਇਕੱਠੇ ਹੋ ਕੇ ਚੰਡੀਗੜ੍ਹ ਵਿਖੇ ਵੱਡੀ ਰੈਲੀ ਕਰਨਗੇ ਅਤੇ ਪੂਰੇ ਪੰਜਾਬ ਨੂੰ ਜਾਮ ਕਰਨ ਲਈ ਮਜਬੂਰ ਹੋਣਗੇ। ਇਸਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਅੱਜ ਦੀ ਇਸ ਰੋਸ ਰੈਲੀ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਕੇਂਦਰੀ ਸਕੇਲ ਲਾਗੂ ਕਰਨ ਦਾ ਪੱਤਰ ਫੂਕਿਆ ਗਿਆ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਪੇਂਡੂ ਮਜ਼ਦੂਰ ਯੂਨੀਅਨ ਇਲਾਕਾ ਨੂਰਮਹਿਲ ਦੀ ਮੀਟਿੰਗ ਜਥੇਬੰਦੀ ਦੇ ਜ਼ਿਲ੍ਹਾ ਆਗੂ ਸਾਥੀ ਹੰਸ ਰਾਜ ਪੱਬਵਾਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਪੁਲਸ ਪ੍ਰਸ਼ਾਸਨ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਖੰਨਾ ਵਿਖੇ ਮਨਰੇਗਾ ਕਾਮਿਆਂ 'ਤੇ ਲਾਠੀਚਾਰਜ ਕਰਕੇ ਮਜ਼ਦੂਰਾਂ ਨੂੰ ਜਖ਼ਮੀ ਕੀਤਾ ਗਿਆ, ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਸੰਗਰੂਰ ਵਿੱਚ ਕੱਚੇ ਕਾਮਿਆਂ ਨੂੰ ਪੱਕੇ ਕਰਨ ਦੀ ਮੰਗ ਕਰ ਰਹੇ ਸਫਾਈ ਕਾਮਿਆਂ 'ਤੇ ਵੀ ਲਾਠੀਚਾਰਜ ਕੀਤਾ ਗਿਆ।ਸਰਕਾਰ ਦੇ ਵੱਧ ਰਹੇ ਫਾਸ਼ੀ ਹਮਲਿਆਂ ਖਿਲਾਫ ਮਜਦੂਰ ਜਮਾਤ ਨੂੰ ਲਾਮਬੰਦ ਕਰਨ ਦਾ ਸੱਦਾ ਦਿੱਤਾ ਗਿਆ। ਮੀਟਿੰਗ ਵਿੱਚ ਮੰਗ ਕੀਤੀ ਗਈ ਕਿ ਮੰਨੀਆਂ ਗਈਆਂ ਮੰਗਾਂ ਨੂੰ ਫੌਰੀ ਲਾਗੂ ਕੀਤਾ ਜਾਵੇ। ਮੀਟਿੰਗ ਵਿੱਚ ਸਾਥੀ ਚੰਨਣ ਸਿੰਘ ਬੁੱਟਰ, ਦਰਸ਼ਨਪਾਲ ਬੰਡਾਲਾ, ਅਜੀਤ ਸਿੰਘ, ਸੱਤੀ ਧਨੀ ਪਿੰਡ, ਸੰਭੂ ਕੁਮਾਰ ਜੰਡਿਆਲਾ ਆਦਿ ਸਾਥੀ ਹਾਜ਼ਰ ਹੋਏ।ਇਸ ਮੌਕੇ ਪੁਲਸ ਪ੍ਰਸ਼ਾਸਨ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

ਮਨਰੇਗਾ ਕਮਰਚਾਰੀਆਂ 'ਤੇ ਲਾਠੀਚਾਰਜ ਦੀ ਨਿਖੇਧੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਬੀਤੇ ਦਿਨ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਖੰਨਾ 'ਚ ਪੁਲਸ ਦੀ ਕੁੱਟਮਾਰ ਦਾ ਸ਼ਿਕਾਰ ਹੋਏ ਮਨਰੇਗਾ ਕਰਮਚਾਰੀ ਯੂਨੀਅਨ ਦੇ ਹੱਕ 'ਚ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ, ਪੰਚਾਇਤ ਵਿਭਾਗ ਯੂਨੀਅਨ ਤੇ ਮਨਰੇਗਾ ਵਰਕਰ ਯੂਨੀਅਨ ਨੇ ਹਾਅ ਦਾ ਨਾਅਰਾ ਮਾਰਿਆ ਹੈ। ਜਥੇਬੰਦੀਆਂ ਨੇ ਪੁਲਸ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਹੈ। ਪੰਚਾਇਤ ਯੂਨੀਅਨ ਤੋਂ ਨਵਲ ਕਿਸ਼ੋਰ ਮਹਿਤਾ, ਮਨਰੇਗਾ ਵਰਕਰ ਯੂਨੀਅਨ ਤੋਂ ਦੀਪਕ ਤਲਵਾੜਾ, ਪਰਮਜੀਤ ਕੌਰ ਆਸਫ਼ਪੁਰ ਅਤੇ ਬਲਵਿੰਦਰ ਕੌਰ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੋਂ ਨਿਰਮਲ ਬੱਧਣ ਤੇ ਮਨੋਮਹਨ ਸਿੰਘ, ਪੰਜਾਬ ਅਤੇ ਜਨਤਕ ਜਥੇਬੰਦੀਆਂ ਦੇ ਸਾਂਝਾ ਮੋਰਚਾ (ਜੇ ਪੀ ਐੱਮ ਓ) ਤੋਂ ਰਾਜੀਵ ਸ਼ਰਮਾ, ਕੁੰਦਨ ਸਿੰਘ ਤੇ ਵਰਿੰਦਰ ਵਿੱਕੀ ਆਦਿ ਨੇ ਮਨਰੇਗਾ ਕਰਮਚਾਰੀਆਂ ਦੇ ਹੱਕ 'ਚ ਸਾਂਝਾ ਬਿਆਨ ਜਾਰੀ ਕੀਤਾ ਹੈ। ਆਗੂਆਂ ਨੇ ਕਿਹਾ ਕਿ ਮਨਰੇਗਾ ਕਰਮਚਾਰੀ ਆਪਣੀਆਂ ਰੁਕੀਆਂ ਤਨਖਾਹਾਂ ਜ਼ਾਰੀ ਅਤੇ ਸੇਵਾਵਾਂ ਪੰਚਾਇਤੀ ਵਿਭਾਗ ਵਿੱਚ ਮਰਜ ਕਰਵਾਉਣ ਦੀ ਮੰਗ ਨੂੰ ਲੈ ਕੇ ਪਿਛਲੇ ਕਰੀਬ ਇੱਕ ਮਹੀਨੇ ਤੋਂ ਵਧ ਸਮੇਂ ਤੋਂ ਹੜਤਾਲ 'ਤੇ ਹਨ। ਬੀਤੇ ਦਿਨੀ ਮਨਰੇਗਾ ਮੁਲਾਜ਼ਮ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੇ ਹਲਕਾ ਖੰਨਾ 'ਚ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਨ, ਪਰ ਪੁਲਸ ਦੀ ਮਦਦ ਨਾਲ ਕਰਮਚਾਰੀਆਂ ਦੇ ਸੰਘਰਸ਼ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ, ਬਿਨ੍ਹਾਂ ਉਕਸਾਵੇ ਤੋਂ ਪ੍ਰਦਰਸ਼ਨ ਕਰ ਰਹੇ ਅੰਦੋਲਨਕਾਰੀਆਂ 'ਤੇ ਅੱਥਰੂ ਗੈਸ ਦੇ ਗੋਲੇ ਛੱਡੇ, ਪਾਣੀ ਦੀਆਂ ਬਾਛੜਾਂ ਮਾਰੀਆਂ ਤੇ ਲਾਠੀਚਾਰਜ ਕੀਤਾ ਜਿਸ ਵਿੱਚ ਇੱਕ ਮੁਲਾਜਮ ਦੀ ਲੱਤ ਟੁੱਟ ਗਈ ਤੇ ਕਈ ਜ਼ਖ਼ਮੀ ਹੋ ਗਏ। ਆਗੂਆਂ ਨੇ ਸਰਕਾਰ ਤੋਂ ਕਰਮਚਾਰੀਆਂ ਦੀਆਂ ਮੰਗਾਂ ਮੰਨਣ ਅਤੇ ਉਨ੍ਹਾਂ ਦੀਆਂ ਰੁਕੀਆਂ ਤਨਖਾਹਾਂ ਤੁਰੰਤ ਜਾਰੀ ਕਰਨ, ਜ਼ਖ਼ਮੀ ਕਰਮਚਾਰੀਆਂ ਨੂੰ ਬਣਦਾ ਯੋਗ ਮੁਆਵਜ਼ਾ ਅਤੇ ਇਲਾਜ ਮੁਫ਼ਤ ਕਰਵਾਉਣ ਦੀ ਮੰਗ ਕੀਤੀ ਹੈ। ਉਧਰ ਮਨਰੇਗਾ ਕਰਮਚਾਰੀਆਂ ਦਾ ਧਰਨਾ ਜਾਰੀ ਹੈ।ਮਨਰੇਗਾ ਕਰਮਚਾਰੀਆਂ ਨੇ ਬੀ ਡੀ ਪੀ ਓ ਦਫ਼ਤਰਾਂ ਮੂਹਰੇ ਧਰਨਾ ਦਿੱਤਾ। ਜ਼ਿਕਰਯੋਗ ਹੈ ਕਰਮਚਾਰੀਆਂ ਦੇ ਹੜਤਾਲ 'ਤੇ ਹੋਣ ਕਾਰਨ ਪਿੰਡਾਂ 'ਚ ਮਨਰੇਗਾ ਹੁਣ ਵੀਬੀ ਜੀ ਰਾਮ ਜੀ ਤਹਿਤ ਕੰਮ ਠੱਪ ਪਏ ਹੋਏ ਹਨ, ਪੇਂਡੂ ਮਜ਼ਦੂਰ ਵਿਹਲੇ ਬੈਠੇ ਹੋਏ ਹਨ।

ਗੁਰੂ ਨਾਨਕ ਦੇਵ 'ਵਰਸਿਟੀ ਕਨਵੋਕੇਸ਼ਨ ਸਮਾਰੋਹ

ਜਲੰਧਰ (ਸ਼ੈਲੀ ਐਲਬਰਟ)- ਹੰਸ ਰਾਜ ਮਹਿਲਾ ਮਹਾਵਿਦਿਆਲਿਆ, ਜਲੰਧਰ ਨੇ ਆਪਣੇ ਸ਼ਾਨਦਾਰ ਸੌ ਸਾਲਾ ਸਫ਼ਰ ਵਿੱਚ ਮਹਾਵਿਦਿਆਲਿਆ ਨੇ ਇੱਕ ਹੋਰ ਅਧਿਆਇ ਜੋੜਦਿਆਂ 12 ਜੁਲਾਈ ਨੂੰ ਆਯੋਜਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਲਾਨਾ ਕਨਵੋਕੇਸ਼ਨ ਸਮਾਰੋਹ 'ਚ ਵਿਦਿਆਰਥਣਾਂ ਨੇ ਸੋਨ ਤਗਮੇ ਹਾਸਲ ਕੀਤੇ। ਇਹ ਮਹਾਨ ਸਨਮਾਨ ਐਚ.ਐਮ.ਵੀ. ਦੀ ਵਿਰਾਸਤ ਦਾ ਪ੍ਰਤੀਕ ਹਨ। ਸੋਨ ਤਗਮਾ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਵਿੱਚ ਖੁਸ਼ੀ ਕੁਮਾਰੀ, ਜੈਸਨੂਰ ਕੌਰ, ਮਾਂਚਲ, ਤਾਨਿਆ ਸੂਰੀ, ਨੀਰੂ ਸ਼ਰਮਾ, ਰਿਤਿਕਾ, ਰੀਆ ਸ਼ਰਮਾ, ਕੋਮਲ, ਈਸ਼ਾ ਅਰੋੜਾ, ਸਹਿਜਦੀਪ ਸੈਣੀ, ਭਾਵਿਆ ਜੈਨ, ਸ਼ਵੇਤਾ, ਰੀਆ ਭਾਸੀਅਨ, ਤਾਨੀਆ ਸੇਠੀ, ਅੰਮ੍ਰਿਤਾ, ਮਨਪ੍ਰੀਤ ਕੌਰ, ਸਨਾ, ਸਮ੍ਰਿੱਧੀ ਜੈਨ, ਅਰਸ਼ਦੀਪ ਕੌਰ, ਤਨੀਸ਼ੀਆ, ਜਸਲੀਨ ਕੌਰ, ਸ਼ਾਮਲੀ ਸ਼ਰਮਾ, ਜਾਹਨਵੀ ਮਹਾਜਨ, ਸੁਜੈਨਪ੍ਰੀਤ ਕੌਰ, ਰਮਨਪ੍ਰੀਤ ਕੌਰ, ਅਦਿਤੀ, ਸਾਹਿਬਪ੍ਰੀਤ ਕੌਰ, ਰਾਜਨੀ ਰਾਣੀ ਅਤੇ ਲਵਲੀਨ ਕੌਰ ਸ਼ਾਮਲ ਹਨ। ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੇ ਇਸ ਸ਼ਾਨਦਾਰ ਉਪਲਬਧੀ 'ਤੇ ਸੋਨ ਤਗਮਾ ਜੇਤੂਆਂ ਨੂੰ ਵਧਾਈ ਦਿੱਤੀ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ 22 ਨੂੰ ਰੋਸ ਪ੍ਰਦਰਸ਼ਨ

ਫਿਲੌਰ (ਨਿਰਮਲ)- ਸੰਯੁਕਤ ਕਿਸਾਨ ਮੋਰਚੇ ਦੀ ਕਾਲ ਹੇਠ 22 ਜੁਲਾਈ ਦਿਨ ਬੁੱਧਵਾਰ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਸਾਰੇ ਭਾਰਤ ਦੇ ਟੋਲ ਪਲਾਜ਼ਾ 3 ਘੰਟੇ ਲਈ ਫ੍ਰੀ ਕੀਤੇ ਜਾਣਗੇ ਅਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਭਾਜਪਾ ਦੇ ਜਿਲ੍ਹਾ ਹੈਡ ਕੁਆਟਰ ਅੱਗੇ ਧਰਨੇ ਲਗਾਏ ਜਾਣਗੇ। ਇਹ ਧਰਨਾ ਅਮਰੀਕਾ ਨਾਲ ਹੋ ਰਹੇ ਵਪਾਰਕ ਸਮਝੌਤੇ ਨੂੰ ਰੱਦ ਕਰਾਉਣ ਲਈ, ਲੈਂਡ - ਪੂਲਿੰਗ ਪਾਲਿਸੀ ਨੂੰ ਰੱਦ ਕਰਾਉਣ ਲਈ ਅਤੇ ਸੀਡ ਬਿੱਲ 2025 ਰੱਦ ਕਰਾਉਣ ਲਈ ਲਗਾਇਆ ਜਾ ਰਿਹਾ ਹੈ।

ਚਿੱਟੇ ਮੋਤੀਆ ਦੀ ਜਾਂਚ ਲਈ ਅੱਖਾਂ ਦਾ ਕੈਂਪ

ਨਕੋਦਰ (ਮਨਜੀਤ ਮਾਨ) ਪੀ ਐੱਚ ਸੀ ਮਹਿਤਪੁਰ ਵਿਖੇ ਚਿੱਟੇ ਮੋਤੀਆ ਦੀ ਸਕ੍ਰੀਨਿੰਗ ਲਈ ਵਿਸ਼ੇਸ਼ ਅੱਖਾਂ ਦਾ ਕੈਂਪ ਆਯੋਜਿਤ ਕੀਤਾ ਗਿਆ।ਕੈਂਪ ਦੌਰਾਨ ਆਏ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਚਿੱਟੇ ਮੋਤੀਆ ਤੋਂ ਪੀੜਤ ਮਰੀਜ਼ਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਅਗਲੇ ਇਲਾਜ ਅਤੇ ਲੋੜ ਅਨੁਸਾਰ ਆਪ੍ਰੇਸ਼ਨ ਲਈ ਮਾਰਗਦਰਸ਼ਨ ਦਿੱਤਾ ਗਿਆ।ਨਾਲ ਹੀ ਲੋਕਾਂ ਨੂੰ ਅੱਖਾਂ ਦੀ ਸਿਹਤ ਸੰਬੰਧੀ ਜਾਗਰੂਕ ਕੀਤਾ ਗਿਆ। ਕੈਂਪ ਵਿੱਚ ਡਾ. ਗੁਰਵਿੰਦਰ ਕੌਰ, ਡਾ. ਪ੍ਰਭਲੀਨ, ਡਾ. ਪੁਨੀਤ ਕੌਰ, ਡਾ. ਸੋਨੀਆ ਅਤੇ ਕਾਊਂਸਲਰ ਸੰਦੀਪ ਸਿੰਘ ਨੇ ਮਹੱਤਵਪੂਰਨ ਭੂਮਿਕਾ ਨਿਭਾਈ।ਸੀਨੀਅਰ ਮੈਡੀਕਲ ਅਫ਼ਸਰ ਡਾ. ਸੰਤਮੀਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਨਜ਼ਰ ਧੁੰਦਲੀ ਹੋਣ, ਰੌਸ਼ਨੀ ਵਿੱਚ ਤਕਲੀਫ਼ ਜਾਂ ਅੱਖਾਂ ਨਾਲ ਸੰਬੰਧਿਤ ਕੋਈ ਵੀ ਸਮੱਸਿਆ ਮਹਿਸੂਸ ਹੋਵੇ ਤਾਂ ਨੇੜਲੇ ਸਰਕਾਰੀ ਸਿਹਤ ਕੇਂਦਰ ਵਿੱਚ ਮੁਫ਼ਤ ਜਾਂਚ ਜ਼ਰੂਰ ਕਰਵਾਉਣ, ਤਾਂ ਜੋ ਸਮੇਂ ਸਿਰ ਇਲਾਜ ਕਰਕੇ ਨਜ਼ਰ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਗੁਰਮੀਤ ਸਿੰਘ ਚੋਪੜਾ ਪ੍ਰੈੱਸ ਕਲੱਬ ਦੇ ਪ੍ਰਧਾਨ ਬਣੇ

ਮੋਰਿੰਡਾ (ਨਿਹਾਲ ਸਿੰਘ ਕਲਸੀ) ਮੋਰਿੰਡਾ ਪ੍ਰੈਸ ਕਲੱਬ (ਰਜਿ) ਮੋਰਿੰਡਾ ਦੀ ਮੀਟਿੰਗ ਕਲੱਬ ਦੇ ਪ੍ਰਧਾਨ ਕਰਨੈਲ ਸਿੰਘ ਜੀਤ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ, ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੈਸ ਕਲੱਬ ਦੇ ਜਨਰਲ ਸਕੱਤਰ ਕਮਲਜੀਤ ਸਿੰਘ ਅਰਨੌਲੀ ਨੇ ਦੱਸਿਆ ਕਿ ਸਰਬ ਸੰਮਤੀ ਨਾਲ ਸੀਨੀਅਰ ਪੱਤਰਕਾਰ ਗੁਰਮੀਤ ਸਿੰਘ ਚੋਪੜਾ ਨੂੰ ਪ੍ਰੈਸ ਕਲੱਬ ਦਾ ਪ੍ਰਧਾਨ ਚੁਣਿਆ ਗਿਆ ਇਸ ਤੋਂ ਇਲਾਵਾ ਗਿਆਨ ਸਿੰਘ ਸਰੋਆ ਨੂੰ ਸੀਨੀਅਰ ਮੀਤ ਪ੍ਰਧਾਨ, ਹਰਵਿੰਦਰ ਸਿੰਘ ਜੌਲੀ ਨੂੰ ਮੀਤ ਪ੍ਰਧਾਨ, ਰਾਜਕੁਮਾਰ ਦਸੌੜ ਨੂੰ ਜਰਨਲ ਸਕੱਤਰ, ਕਮਲਜੀਤ ਸਿੰਘ ਅਰਨੌਲੀ ਨੂੰ ਸਕੱਤਰ, ਪ੍ਰਿਤਪਾਲ ਸਿੰਘ ਖਾਲਸਾ ਨੂੰ ਖਜਾਨਚੀ, ਰਾਧੇ ਸ਼ਾਮ ਸ਼ਰਮਾ ਨੂੰ ਸਹਾਇਕ ਖ਼ਜ਼ਾਨਚੀ, ਅਰਵਿੰਦਰ ਸਿੰਘ ਬੱਬੂ ਨੂੰ ਪ੍ਰੈਸ ਸਕੱਤਰ, ਨਿਹਾਲ ਸਿੰਘ ਕਲਸੀ ਜਥੇਬੰਦਕ ਸਕੱਤਰ ਤੋਂ ਇਲਾਵਾ ਜੈ ਸਿੰਘ ਛਿੱਬਰ, ਗਗਨ ਸ਼ੁਕਲਾ, ਗਗਨਦੀਪ ਘੜੂੰਆਂ ਤੇ ਹਰਜਿੰਦਰ ਸਿੰਘ ਛਿੱਬਰ ਨੂੰ ਮੁੱਖ ਸਲਾਹਕਾਰ ਲਗਾਇਆ ਗਿਆ ਜਦਕਿ ਬਲਵੀਰ ਸਿੰਘ ਚਲਾਕੀ, ਵਰੁਣ ਸ਼ੁਕਲਾ, ਜਸਵੀਰ ਸਿੰਘ ਸ਼ਾਂਤਪੁਰੀ, ਗੁਰਦਿੱਤ ਸਿੰਘ ਛਿੱਬਰ ਨੂੰ ਮੈਂਬਰ ਕਾਰਜਕਾਰਨੀ ਕਮੇਟੀ ਨਿਯੁਕਤ ਕੀਤਾ ਗਿਆ। ਇਸ ਮੌਕੇ ਸਮੂਹ ਮੈਂਬਰਾਂ ਵੱਲੋਂ ਕਰਨੈਲ ਸਿੰਘ ਜੀਤ ਨੂੰ ਕਲੱਬ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਚੋਪੜਾ ਨੇ ਕਿਹਾ ਕਿ ਮੋਰਿੰਡਾ ਪ੍ਰੈਸ ਕਲੱਬ ਗੈਰ ਸਿਆਸੀ ਅਤੇ ਪੂਰੀ ਨਿਰਪੱਖਤਾ ਦੇ ਨਾਲ ਕੰਮ ਕਰੇਗਾ।

ਗੁਰਦੁਆਰਾ ਮਿੱਠਾ ਟਿਵਾਣਾ ਵਿਖੇ ਤਿੰਨ ਰੋਜ਼ਾ ਸਾਲਾਨਾ ਯੱਗ ਸਮਾਗਮ ਸੰਪੰਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸੇਵਾ ਪੰਥੀ ਸੰਪਰਦਾ ਦੇ ਪ੍ਰਸਿੱਧ ਅਸਥਾਨ ਡੇਰਾ ਹਰੀ ਭਗਤਪੁਰਾ ਗੁਰਦੁਆਰਾ ਮਿੱਠਾ ਟਿਵਾਣਾ ਹੁਸ਼ਿਆਰਪੁਰ ਵਿਖੇ ਸੱਚਖੰਡ ਵਾਸੀ ਮਹੰਤ ਬਾਬਾ ਹਰੀ ਸਿੰਘ ਜੀ ਤੇ ਮਹੰਤ ਬਾਬਾ ਭਗਤ ਸਿੰਘ ਦੀ 131ਵੀਂ ਤੇ 119ਵੀਂ ਯਾਦ ਵਿੱਚ ਤਿੰਨ ਰੋਜ਼ਾ ਸਲਾਨਾ ਯੱਗ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਸੰਪੰਨ ਹੋ ਗਿਆ। ਜਾਣਕਾਰੀ ਦਿੰਦਿਆਂ ਸੰਤ ਬਾਬਾ ਅਜੀਤ ਸਿੰਘ ਮਿੱਠਾ ਟਿਵਾਣਾ ਨੇ ਦੱਸਿਆ ਕਿ ਸੇਵਾ ਪੰਥੀ ਸ੍ਰੀਮਾਨ ਮਹੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ ਦੀ ਦੇਖ ਰੇਖ ਹੇਠ ਕਰਵਾਏ ਗਏ ਇਸ ਸਲਾਨਾ ਯੱਗ ਸਮਾਗਮ ਵਿੱਚ ਦੇਸ਼ ਅਤੇ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਸ੍ਰੀ ਅਖੰਡ ਪਾਠ ਸਾਹਿਬਾਨ ਦੀ ਲੜੀ ਦੇ ਭੋਗ ਉਪਰੰਤ ਸਜਾਏ ਗਏ ਵਿਸ਼ੇਸ਼ ਕੀਰਤਨ ਦੀਵਾਨ ਵਿੱਚ ਪੰਥ ਪ੍ਰਸਿੱਧ ਕੀਰਤਨੀ ਜਥਿਆਂ ਨੇ ਧੁਰ ਕੀ ਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਸੰਤ ਬਾਬਾ ਸਰਬਜੋਤ ਸਿੰਘ ਊਨਾ ਸਾਹਿਬ ਵਾਲੇ, ਸੰਤ ਸੇਵਾ ਸਿੰਘ ਰਾਮਪੁਰ ਖੇੜਾ, ਸੰਤ ਰਣਜੀਤ ਸਿੰਘ ਸੇਵਾਪੰਥੀ, ਸੰਤ ਕਰਮਜੀਤ ਸਿੰਘ ਸੇਵਾਪੰਥੀ, ਸੰਤ ਅਮਰਜੀਤ ਸਿੰਘ ਹਰਖੋਵਾਲ, ਸੰਤ ਬਲਵੰਤ ਸਿੰਘ ਜੀ ਹਰਖੋਵਾਲ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਮਹਿੰਤ ਰਾਮਿੰਦਰ ਦਾਸ ਬਹਾਦਰਪੁਰ, ਸੰਤ ਹਰਪ੍ਰੀਤ ਸਿੰਘ ਟਾਹਲੀ ਸਾਹਿਬ, ਸੰਤ ਅਮਨਦੀਪ ਸਿੰਘ ਸੇਵਾਪੰਥੀ, ਸੁਆਮੀ ਸ਼ਾਂਤਾਨੰਦ ਜਲੰਧਰ, ਬਾਬਾ ਪਰਮਜੀਤ ਸਿੰਘ ਹੰਸਾਲੀ ਵਾਲੇ, ਸੰਤ ਰਣਜੀਤ ਸਿੰਘ ਤਲਵੰਡੀ ਅਰਾਈਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਬਾਬਾ ਸਰਬਜੋਤ ਸਿੰਘ ਊਨਾ ਸਾਹਿਬ ਵਾਲਿਆਂ ਨੇ ਸੇਵਾਪੰਥੀ ਸੰਪਰਦਾ ਦੇ ਮਹਾਂਪੁਰਖਾਂ ਸੰਤ ਬਾਬਾ ਹਰੀ ਸਿੰਘ ਜੀ ਦੀ 131ਵੀਂ ਅਤੇ ਮਹੰਤ ਬਾਬਾ ਭਗਤ ਸਿੰਘ ਜੀ ਦੀ 119ਵੀਂ ਯਾਦ ਮਨਾਉਂਦਿਆਂ ਸੇਵਾਪੰਥੀ ਸੰਪਰਦਾ ਦੇ ਮਹਾਂਪੁਰਖਾਂ ਦੀ ਸੇਵਾ ਸਿਮਰਨ ਅਤੇ ਅਣਥੱਕ ਬੰਦਗੀ ਅਤੇ ਕਮਾਈ ਦੀਆਂ ਬਰਕਤਾਂ ਨਾਲ ਸੰਗਤਾਂ ਨੂੰ ਸ਼ਰਸ਼ਾਰ ਕੀਤਾ। ਡੇਰਾ ਮੁਖੀ ਸ੍ਰੀਮਾਨ ਮਹੰਤ ਬਾਬਾ ਪ੍ਰਿਤਪਾਲ ਸਿੰਘ ਸੇਵਾ ਪੰਥੀ ਨੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਅਹਿਮ ਸ਼ਖ਼ਸ਼ੀਅਤਾਂ ਦਾ ਸਨਮਾਨ ਕੀਤਾ। ਇਸ ਮੌਕੇ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਗੁਰਪ੍ਰੀਤ ਸਿੰਘ ਅਤੇ ਦੋਆਬਾ ਯੂਥ ਕਲੱਬ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਹਰਕਮਲ ਸਿੰਘ ਦੀ ਅਗਵਾਈ ਵਿੱਚ ਗੁਰੂ ਕੇ ਲੰਗਰਾਂ ਦੀਆਂ ਸੇਵਾਵਾਂ ਨਿਭਾਈਆਂ। ਬਾਬਾ ਜਵਾਹਰ ਸਿੰਘ ਸੇਵਾ ਸੁਸਾਇਟੀ ਵੱਲੋਂ ਵੀ ਵੱਖ ਵੱਖ ਸਿੰਘ ਸੇਵਾਵਾਂ ਵਿੱਚ ਸਹਿਯੋਗ ਦਿੱਤਾ ਗਿਆ।

86ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ) ਬੀਤੇ ਦਿਨੀਂ ਦੁਆਬੇ ਇਲਾਕੇ ਦੀ ਸਿਰਮੌਰ ਸੰਸਥਾ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਵੱਲੋਂ ਧੰਨ ਧੰਨ ਸ਼ਹੀਦ ਬਾਬਾ ਮੱਤੀ ਸਾਹਿਬ ਮਹਾਰਾਜ ਦਾ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਹੀਦਾਂ ਨੌਜਵਾਨ ਸਭਾ ਪਿੰਡ ਬੱਡਲਾ ਅਤੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਸੈਕਟਰੀ ਰਣਬੀਰ ਪਾਲ ਸਿੰਘ ਲੰਬੜਦਾਰ ਜਤਿੰਦਰ ਸਿੰਘ ਘੁੰਮਣ ਦੇ ਵੱਡੇ ਉਦਮਾਂ ਸਦਕਾ ਲਗਾਇਆ ਗਿਆ।ਜਿਸ ਵਿੱਚ 26 ਪ੍ਰਾਣੀਆਂ ਨੇ ਖ਼ੂਨਦਾਨ ਕੀਤਾ ਗਿਆ।ਜਿਨ੍ਹਾਂ ਨੂੰ ਪਸਰੀਚਾ ਬਲੱਡ ਬੈਂਕ ਦੇ ਮਾਲਕ ਮੋਹਿਤ ਕਪੂਰ ਵੱਲੋਂ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਡਾ. ਸੀਮਾ ਗਰਗ ਵੱਲੋਂ ਸਿਹਤ ਕਰਮਚਾਰੀਆ ਨਾਲ ਮੀਟਿੰਗ

ਮਾਹਿਲਪੁਰ (ਸ਼ਫ਼ਰੀ) ਪਾਲਦੀ ਹੁਸ਼ਿਆਰਪੁਰ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਪੱਧਰ 'ਤੇ ਜ਼ਿਲ੍ਹਾ ਟੀਕਾਕਰਨ ਅਫਸਰ ਸੀਮਾ ਗਰਗ ਅਤੇ ਐਸ ਐਮ ਓ ਪਾਲਦੀ ਡਾ. ਪਰਮਵੀਰ ਰਾਹੇ ਵੱਲੋਂ ਪਾਲਦੀ ਦੇ ਸਮੂਹ ਸਟਾਫ ਨਾਲ ਮੀਟਿੰਗ ਕੀਤੀ ਗਈ ਮੀਟਿੰਗ ਦੌਰਾਨ ਉਹਨਾਂ ਨੇ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਅਤੇ ਸਰਕਾਰੀ ਸਕੀਮਾਂ ਦੀ ਪ੍ਰਗਤੀ ਦਾ ਜਾਇਜਾ ਲਿਆ ਪਰ ਇਹਨਾਂ ਦੇ ਪ੍ਰਭਾਸ਼ਾਲੀ ਲਾਗੂ ਕਰਨ ਲਈ ਜਰੂਰੀ ਦਿਸ਼ਾ ਨਿਰਦੇਸ ਦਿੱਤੇ ਡਾ. ਸੀਮਾ ਗਰਗ ਸਟਾਫ ਨੂੰ ਰੂਟੀਨ ਟੀਕਾਕਰਨ ਮਾਤਾ ਅਤੇ ਬੱਚਾ ਸਿਹਤ ਸੇਵਾਵਾ ਟੀ ਬੀ ਪ੍ਰੋਗਰਾਮ ਹੈਪਾਟਾਈਟਸ ਕੰਟਰੋਲ ਐਨ ਸੀ ਡੀ ਰੋਗਾਂ ਦੀ ਸਕੀਨਿੰਗ ਪਰਿਵਾਰ ਭਲਾਈ ਸੇਵਾਵਾਂ ਅਤੇ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਅਮਿਤਾ ਬੰਗਾ, ਡਾ. ਸੋਫੀਆ, ਕੁਲਵਿੰਦਰ ਕੌਰ ਮੌਜੂਦ ਸਨ।

ਮੁਲਾਜ਼ਮਾਂ ਤੇ ਪੈਨਸਨਰਾਂ ਨੇ ਕੇਂਦਰੀ ਸਕੇਲ ਲਾਗੂ ਕਰਨ ਦਾ ਪੱਤਰ ਫੂਕਿਆ

ਗੁਰਾਇਆ (ਬਿੰਦਰ ਸੁਮਨ) ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਵੱਲੋਂ ਫਿਲੌਰ ਸ਼ਹਿਰ ਵਿੱਚ ਮਾਰਚ ਕਰਕੇ ਤਹਿਸੀਲ ਕੰਪਲੈਕਸ ਫਿਲੌਰ ਦੇ ਸਾਹਮਣੇ ਸੁਰਿੰਦਰ ਕੁਮਾਰ ਪੁਆਰੀ, ਬਲਵਿੰਦਰ ਕੁਮਾਰ, ਅਵਤਾਰ ਲਾਲ, ਮੁਕੇਸ਼ ਕੁਮਾਰ ਦੀ ਅਗਵਾਈ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਧਰਨੇ ਉਪਰੰਤ ਕੇਂਦਰੀ ਸਕੇਲ ਲਾਗੂ ਕਰਨ ਦਾ ਪੱਤਰ ਫੂਕਿਆ ਗਿਆ।ਇਸ ਸਮੇਂ ਧਰਨੇ ਨੂੰ ਸੰਬੋਧਨ ਕਰਦਿਆਂ, ਕਰਨੈਲ ਸਿੰਘ ਫਿਲੌਰ, ਕੁਲਦੀਪ ਸਿੰਘ ਕੌੜਾ, ਹਰਮੇਸ਼ ਰਾਹੀ, ਜਸਪਾਲ ਸੰਧੂ ਆਦਿ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਕੇਂਦਰੀ ਸਕੇਲ ਲਾਗੂ ਕਰਨ ਦੀ ਨਿਖੇਧੀ ਕੀਤੀ।ਜਦੋਂ ਕਿ ਕੇਂਦਰ ਸਰਕਾਰ ਵਲੋਂ ਐਲਾਨ ਕੀਤੀਆਂ ਜਾਂਦੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇਣ ਤੋਂ ਪੰਜਾਬ ਸਰਕਾਰ ਮੁਕਰ ਰਹੀ ਹੈ। ਆਗੂਆਂ ਨੇ 29 ਜੁਲਾਈ ਨੂੰ ਜੁਆਇੰਟ ਪੈਨਸ਼ਨਰ ਫਰੰਟ ਵੱਲੋਂ ਸੰਗਰੂਰ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਅਤੇ 7 ਅਗਸਤ ਨੂੰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਵੱਲੋਂ ਦਾਨਾ ਮੰਡੀ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਸਾਬਕਾ ਚੇਅਰਮੈਨ ਸਤਨਾਮ ਜਲਾਲਪੁਰ ਦੇ ਹੱਕ 'ਚ ਬਾਗੋਵਾਲ 'ਚ ਭਰਵਾਂ ਇਕੱਠ

ਬਲਾਚੌਰ (ਜਸਵਿੰਦਰ ਬੈਂਸ)- ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਹਲਕਾ ਬਲਾਚੌਰ ਵਿੱਚ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ। ਇਸੇ ਲੜੀ ਤਹਿਤ ਸਾਬਕਾ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਹਲਕੇ ਦੇ ਹਰੇਕ ਪਿੰਡ ਵਿੱਚ ਜਾ ਕੇ ਮੀਟਿੰਗਾਂ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ। ਪਿੰਡ ਬਾਗੋਵਾਲ ਵਿਖੇ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਇਲਾਕਾ ਨਿਵਾਸੀਆਂ ਦਾ ਇੱਕ ਬਹੁਤ ਵੱਡਾ ਅਤੇ ਭਰਵਾਂ ਇਕੱਠ ਦੇਖਣ ਨੂੰ ਮਿਲਿਆ। ?ਮੀਟਿੰਗ ਦੌਰਾਨ ਇਕੱਠੇ ਹੋਏ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ, ਜਿਸ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਜਨਤਾ ਨਾਲ ਕੀਤੇ ਆਪਣੇ ਸਾਰੇ ਵੱਡੇ ਵਾਅਦੇ ਪੂਰੇ ਕਰ ਦਿੱਤੇ ਹਨ। ਉਨ੍ਹਾਂ ਸਰਕਾਰ ਦੀਆਂ ਮੁੱਖ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕੇ ਪੰਜਾਬ ਦੇ ਲਗਭਗ 90 ਫੀਸਦੀ ਤੋਂ ਵੱਧ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ, ਜਿਸ ਨਾਲ ਹਰ ਵਰਗ ਨੂੰ ਵੱਡੀ ਆਰਥਿਕ ਰਾਹਤ ਮਿਲੀ ਹੈ।ਬਿਨਾਂ ਕਿਸੇ ਸਿਫ਼ਾਰਸ਼ ਅਤੇ ਰਿਸ਼ਵਤਖ਼ੋਰੀ ਦੇ, ਹਜ਼ਾਰਾਂ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।

ਸਤਨਾਮ ਜਲਾਲਪੁਰ ਨੇ ਕਿਹਾ ਕਿ ਇਨ੍ਹਾਂ ਨੁੱਕੜ ਮੀਟਿੰਗਾਂ ਦਾ ਮੁੱਖ ਉਦੇਸ਼ ਹਲਕਾ ਬਲਾਚੌਰ ਦੇ ਹਰੇਕ ਪਿੰਡ ਦੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨਾ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਘਰ-ਘਰ ਜਾ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਰਹੇ ਹਨ ਅਤੇ ਉਨ੍ਹਾਂ ਨੂੰ ਹੱਲ ਕਰਵਾਉਣ ਲਈ ਹਮੇਸ਼ਾ ਤਤਪਰ ਰਹਿਣਗੇ। ?ਪਿੰਡ ਬਾਗੋਵਾਲ ਵਿਖੇ ਹੋਏ ਇਸ ਪ੍ਰਭਾਵਸ਼ਾਲੀ ਇਕੱਠ ਦੌਰਾਨ ਪਿੰਡ ਵਾਸੀਆਂ ਨੇ ਸਾਬਕਾ ਚੇਅਰਮੈਨ ਸਤਨਾਮ ਜਲਾਲਪੁਰ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ, ਮਹਿੰਦਰ ਪਾਲ ਭੂੱਬਲਾ, ਰਾਮ ਸ਼ਾਹ ਭੂੱਬਲਾ, ਰਾਮ ਸਰੂਪ ਠੇਕੇਦਾਰ ਰਾਜਪੁਰਾ, ਤੀਰਥ ਰਾਮ ਭੂੱਬਲਾ, ਹਰਬੰਸ ਲਾਲ ਭੂੱਬਲਾ, ਸੁਭਾਸ਼ ਚੰਦਰ ਬਜਾੜ, ਹਿਮ ਰਾਜ ਬਜਾੜ, ਰਾਮ ਬਜਾੜ, ਧਨੀਰਾਮ ਭਗਤ, ਰਾਮ ਪਾਲ ਚੇਚੀ, ਰੋਸ਼ਨ ਲਾਲ ਭੂੱਬਲਾ, ਅਬੀਨਾਸ਼ ਚੇਚੀ, ਸਰਜੀਤ ਕੁਮਾਰ ਚੇਚੀ, ਚਮਨ ਲਾਲ ਬਜਾੜ, ਹੁਸਨ ਲਾਲ ਭੂੱਬਲਾ, ਚਮਨ ਲਾਲ ਬਜਾੜ, ਰਾਮ ਸ਼ਾਹ ਭੂੱਬਲਾ ਪ੍ਰਧਾਨ ਟੁੰਡੇਵਾਲ ਨੌਜਵਾਨ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

'ਉਫ਼ ਇਹ ਜ਼ਿੰਦਗੀ' ਦਾ ਲੋਕ ਅਰਪਣ

ਚੰਡੀਗੜ੍ਹ (ਸੁਰਜੀਤ ਸੁਮਨ), ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ ਕਰਵਾਏ ਇੱਕ ਭਰਵੇਂ ਸਮਾਗਮ ਦੌਰਾਨ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਹਰਬੰਸ ਸੋਢੀ ਦੀ ਪੰਜਾਬੀ ਤੇ ਹਿੰਦੀ ਵਾਰਤਕ ਪੁਸਤਕ 'ਉਫ਼ ਇਹ ਜ਼ਿੰਦਗੀ' ਦਾ ਲੋਕ ਅਰਪਣ ਕੀਤਾ ਗਿਆ।ਇਸ ਸਮਾਰੋਹ ਦੀ ਪ੍ਰਧਾਨਗੀ ਮਨਮੋਹਨ ਸਿੰਘ ਦਾਊਂ ਨੇ ਕੀਤੀ ਅਤੇ ਸੁਭਾਸ਼ ਭਾਸਕਰ ਇਸ ਮੌਕੇ ਮੁੱਖ ਮਹਿਮਾਨ ਸਨ।ਸਭਾ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ ਨੇ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ ਹਰਬੰਸ ਸੋਢੀ ਕਮਾਲ ਦਾ ਲੇਖਕ ਹੈ ਜੋ ਵੱਡੇ ਤੋਂ ਵੱਡਾ ਕਟਾਕਸ਼ ਵੀ ਸਹਿਜ ਰੂਪ ਵਿੱਚ ਕਰ ਜਾਂਦਾ ਹੈ। ਉਨ੍ਹਾਂ ਲੇਖਕ ਨੂੰ ਪੁਸਤਕ ਦੀ ਵਧਾਈ ਦਿੰਦਿਆਂ ਸਭਾ ਵੱਲੋਂ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਸਭਾ ਦੇ ਸਕੱਤਰ ਸੁਖਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਹ ਪੁਸਤਕ ਪਾਠਕਾਂ ਨੂੰ ਜ਼ਿੰਦਗੀ ਦੀਆਂ ਉਨ੍ਹਾਂ ਤਲਖ਼ ਹਕੀਕਤਾਂ ਤੋਂ ਜਾਣੂੰ ਕਰਵਾਉਂਦੀ ਹੈ ਜੋ ਅਕਸਰ ਸਾਡੀ ਨਜ਼ਰ ਤੋਂ ਓਹਲੇ ਰਹਿ ਜਾਂਦੀਆਂ ਨੇ। ਡਾ. ਅਵਤਾਰ ਸਿੰਘ ਪਤੰਗ ਨੇ ਪਰਚਾ ਪੜ੍ਹਦਿਆਂ ਕਿਹਾ ਕਿ ਕਿਤਾਬ ਦਾ ਥੀਮ ਬਾਕਮਾਲ ਹੈ ਤੇ ਇਸ ਦੀ ਤਰਤੀਬਵਾਰ ਸਿਰਜਣਾ ਲਈ ਲੇਖਕ ਵਧਾਈ ਦਾ ਪਾਤਰ ਹੈ। ਇਹ ਕਿਤਾਬ ਪਾਠਕ ਨੂੰ ਜ਼ਿੰਦਗੀ ਦੇ ਕੌੜੇ ਅਤੇ ਮਿੱਠੇ ਅਨੁਭਵਾਂ ਦੇ ਰੂਬਰੂ ਕਰਾਉਂਦੀ ਹੈ। ਹਿੰਦੀ ਵਾਲੀ ਪੁਸਤਕ ਦਾ ਪਰਚਾ ਪੜ੍ਹਦਿਆਂ ਡਾ. ਸੱਤਿਆਪਾਲ ਸਹਿਗਲ ਨੇ ਕਿਹਾ ਕਿ ਇਹ ਕਿਤਾਬ ਸਮਾਜਿਕ ਜੀਵਨ ਦੀਆਂ ਵੱਖ-ਵੱਖ ਪਰਤਾਂ ਨੂੰ ਫਰੋਲਦੀ ਹੋਈ ਸਚਾਈ ਪਾਠਕਾਂ ਦੇ ਸਨਮੁੱਖ ਰੱਖਦੀ ਹੈ। ਸੁਭਾਸ਼ ਭਾਸਕਰ ਨੇ ਕਿਹਾ ਕਿ ਇਹ ਕਿਤਾਬ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਦੀ ਹੈ ਅਤੇ ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਤੁਸੀਂ ਇਸ ਨੂੰ ਕਿਤੋਂ ਵੀ ਖੋਲ੍ਹ ਕੇ ਪੜ੍ਹ ਸਕਦੇ ਹੋ। ਇਸਦੀ ਰੌਚਿਕਤਾ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ।ਸਭਾ ਦੇ ਸਾਬਕਾ ਪ੍ਰਧਾਨ ਬਲਕਾਰ ਸਿੱਧੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਸਮਾਗਮ ਵਿੱਚ ਮਨਜੀਤ ਕੌਰ ਮੀਤ, ਸ਼ਾਇਰ ਵਿੰਦਰ ਮਾਝੀ, ਦਲਜੀਤ ਸਿੰਘ ਪਲਸੌਰਾ, ਦਲਜੀਤ ਕੌਰ ਦਾਊਂ, ਡਾ. ਗੁਰਦੇਵ ਸਿੰਘ ਗਿੱਲ, ਹਰਭਜਨ ਕੌਰ ਢਿੱਲੋਂ, ਸ਼ਾਮ ਸਿੰਘ ਅੰਗ ਸੰਗ, ਗੁਰਦਰਸ਼ਨ ਸਿੰਘ ਮਾਵੀ, ਜਗਦੀਪ ਕੌਰ ਨੂਰਾਨੀ, ਨਾਟਕਕਾਰ ਦਵਿੰਦਰ ਦਮਨ, ਏਂਜਲ ਕੌਰ, ਆਰ ਐਸ ਲਬਰੇਟ, ਹਰਜੀਤ ਸਿੰਘ, ਡਾ. ਪੰਨਾ ਲਾਲ ਮੁਸਤਫਾਬਾਦੀ, ਧਿਆਨ ਸਿੰਘ ਕਾਹਲੋਂ ਸਮੇਤ ਵੱਡੀ ਗਿਣਤੀ ਵਿੱਚ ਲੇਖਕ ਮੌਜੂਦ ਸਨ।

ਕਰਮਚਾਰੀਆਂ 'ਤੇ ਲਾਠੀਚਾਰਜ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਸੰਗਰੂਰ ਵਿੱਚ ਆਪਣੇ ਹੱਕਾਂ ਲਈ ਲੜਦੇ ਸਫਾਈ ਸੇਵਕਾਂ ਅਤੇ ਖੰਨਾ ਵਿੱਚ ਮਨਰੇਗਾ ਕਰਮਚਾਰੀਆਂ ਤੇ ਕੀਤੇ ਲਾਠੀ ਚਾਰਜ ਦੇ ਵਿਰੋਧ ਵਿੱਚ ਮਹਿਤਪੁਰ ਸ਼ਹਿਰ ਵਿੱਚ ਸਫਾਈ ਸੇਵਕਾਂ ਨੇ ਭਾਰੀ ਰੋਸ ਪ੍ਰਦਰਸ਼ਨ ਕਰਦਿਆਂ ਸ਼ਹਿਰ ਦੇ ਮੁੱਖ ਚੌਂਕ ਵਿੱਚ ਮਹਿਤਪੁਰ ਜਗਰਾਵਾਂ ਰੋਡ ਤੇ ਆਵਾਜਾਈ ਕੁਝ ਸਮੇਂ ਲਈ ਠੱਪ ਕਰਕੇ ਸਰਕਾਰ ਦਾ ਪੁਤਲਾ ਫੂਕਿਆ। ਇਸ ਪ੍ਰਦਰਸ਼ਨ ਦਾ ਸਮਰਥਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਨੌਜਵਾਨ ਭਾਰਤ ਸਭਾ ਨੇ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਇਸ ਮੌਕੇ ਸਫਾਈ ਸੇਵਕਾਂ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸਫਾਈ ਸੇਵਕ ਯੂਨੀਅਨ ਪੰਜਾਬ ਜਿਲਾ ਆਗੂ ਸੁਭਾਸ਼ ਵਾਲਮੀਕ ਮਹਿਤਪੁਰ ਦੇ ਪ੍ਰਧਾਨ ਪੱਪੂ, ਰਾਮਚਰਨ, ਓਮ ਪ੍ਰਕਾਸ਼, ਸਲੀਮ ਮਹਿਤਪੁਰੀ, ਕੇਵਲ ਕਿਸ਼ੋਰ, ਨਸੀਬ ਤੋਂ ਇਲਾਵਾ ਪੇਂਡੂ ਸਫਾਈ ਕਰਮਚਾਰੀਆਂ ਦੇ ਸੂਬਾਈ ਪ੍ਰਧਾਨ ਪ੍ਰੇਮ ਸਾਰਸਰ, ਕਿਰਤੀ ਕਿਸਾਨ ਯੂਨੀਅਨ ਦੇ ਰਜਿੰਦਰ ਮੰਡ, ਸਾਬਕਾ ਸਰਪੰਚ ਬਚਨ ਸਿੰਘ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਜ਼ਿਲ੍ਹਾ ਆਗੂ ਕਸ਼ਮੀਰ ਮੰਡਿਆਲਾ, ਨੌਜਵਾਨ ਭਾਰਤ ਸਭਾ ਦੇ ਆਗੂ ਸੁਖਵਿੰਦਰ ਸੁੱਖਾ ਨੇ ਸੰਬੋਧਨ ਕੀਤਾ।

ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ

ਹੁਸ਼ਿਆਰਪੁਰ (ਓ ਪੀ ਰਾਣਾ)- ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀ ਵੱਲੋਂ ਬੱਸਾਂ ਵਿਚ ਸਾਰੇ ਨਾਰਮਜ਼/ਸ਼ਰਤਾਂ ਦੀ ਪਾਲਣਾ ਕਰਨੀ ਅਤਿ ਜ਼ਰੂਰੀ ਹੈ।

ਇਸ ਸਬੰਧੀ 16 ਅਤੇ 17 ਜੁਲਾਈ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਸੇਫ ਸਕੂਲ ਵਾਹਨ ਪਲਿਸੀ ਤਹਿਤ ਬੱਸਾਂ ਚੈੱਕ ਕੀਤੀਆਂ ਗਈਆਂ।

ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 16 ਅਤੇ 17 ਜੁਲਾਈ ਨੂੰ ਔਕਸਫੋਰਡ ਇੰਟਰਨੈਸ਼ਨਲ ਸਕੂਲ ਅੱਤੋਵਾਲ, ਬਲਿਸ ਪਬਲਿਕ ਸਕੂਲ ਅਤੇ ਨਵਯੁੱਗ ਮਾਡਲ ਅੱਤੋਵਾਲ ਅਤੇ ਦਿੱਲੀ ਇੰਟਰਨੈਸ਼ਨਲ ਸਕੂਲ ਚੱਬੇਵਾਲ ਵਿਖੇ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੁੱਲ 29 ਸਕੂਲ ਬੱਸਾਂ ਚੈੱਕ ਕੀਤੀਆਂ ਗਈਆਂ ਅਤੇ 10 ਚਲਾਨ ਕੱਟੇ ਗਏ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਬੱਸਾਂ ਨਾਲ ਅਕਸਰ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਕਿ ਸਾਰੇ ਡਰਾਇਵਰਾਂ ਦਾ ਸਮੇਂ ਸਿਰ ਮੈਡੀਕਲ ਚੈੱਕਅੱਪ ਕਰਵਾਇਆ ਜਾਵੇ, ਸਾਰੀਆਂ ਬੱਸਾਂ ਦੇ ਡਰਾਈਵਰ ਅਤੇ ਅਟੈਂਡੈਂਟ ਆਪਣੀ ਯੂਨੀਫਾਰਮ ਜ਼ਰੂਰ ਪਾਉਣ, ਬੱਸਾਂ ਵਿਚ ਸਫਰ ਕਰਨ ਵਾਲੇ ਛੋਟੇ ਬੱਚਿਆਂ ਦਾ ਖਾਸ ਧਿਆਨ ਰੱਖਣ, ਉਹਨਾਂ ਨੂੰ ਬੱਸ ਤੋਂ ਚੜ੍ਹਨ ਅਤੇ ਉਤਰਨ ਸਮੇਂ ਸਹੀ ਤਰੀਕੇ ਨਾਲ ਰੋਡ ਕਰਾਸ ਕਰਵਾਉਣ ਅਤੇ ਜਿਨ੍ਹਾਂ ਸਕੂਲੀ ਬੱਸਾਂ ਵਿਚ ਜੋ ਵੀ ਕਮੀਆਂ ਪਾਈਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਦੂਰ ਕੀਤਾ ਜਾਵੇ। ਸਮੂਹ ਟੀਮ ਵਲੋਂ ਵੱਖ-ਵੱਖ ਸਕੂਲਾਂ ਵਿੱਚ ਸੇਫ ਸਕੂਲ ਵਾਹਨ ਪਾਲਸੀ ਬਾਰੇ ਜਾਗਰੂਕਤਾ ਵੀ ਕੀਤੀ ਗਈ।

ਅੰਮ੍ਰਿਤਾ ਪ੍ਰੀਤਮ ਦੀਆਂ ਯਾਦਾਂ ਦੇ ਰੰਗਾਂ 'ਚ ਰੰਗਿਆ ਸਾਹਿਤਕ ਸਮਾਗਮ

ਫਗਵਾੜਾ (ਡਾ. ਰਮਨ)- ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ, ਪੰਜਾਬ ਦੀ ਰਹਿਨੁਮਾਈ ਹੇਠ ਅੱਜ ਜ਼ਿਲ੍ਹਾ ਭਾਸ਼ਾ ਦਫ਼ਤਰ, ਕਪੂਰਥਲਾ ਵੱਲੋਂ ਲਿਟਲ ਏਂਜਲ ਕੋ-ਐੱਡ ਸਕੂਲ, ਕਪੂਰਥਲਾ ਦੇ ਵਿਹੜੇ ਇੱਕ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ। ਸਦੀਵੀ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਤ ਇਹ ਸਾਵਣ ਕਵੀ ਦਰਬਾਰ 'ਅੰਮ੍ਰਿਤਾ ਦੇ ਰੰਗ-ਸਾਵਣ ਦੇ ਸੰਗ' ਜੋ ਕਿ ਸਰੋਤਿਆਂ ਲਈ ਇੱਕ ਯਾਦਗਾਰੀ ਅਨੁਭਵ ਹੋ ਨਿੱਬੜਿਆ।ਸਮਾਗਮ ਦੌਰਾਨ ਜਸਪ੍ਰੀਤ ਕੌਰ, ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਅਤੇ ਪ੍ਰਿੰਸੀਪਲ ਇੰਦਰਜੀਤ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਪੌਦਿਆਂ ਨਾਲ ਸਵਾਗਤ ਕੀਤਾ ਅਤੇ ਕਵਿੱਤਰੀਆਂ, ਸਰੋਤਿਆਂ ਅਤੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ। ਮੁਨੱਜ਼ਾ ਇਰਸ਼ਾਦ ਵੱਲੋਂ ਮੁਸ਼ਾਇਰਾ ਅੰਮ੍ਰਿਤਾ ਪ੍ਰੀਤਮ ਦੇ ਜੀਵਨ, ਉਨ੍ਹਾਂ ਦੀ ਲੇਖਣੀ ਅਤੇ ਪੰਜਾਬੀ ਸਾਹਿਤ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਵਿਚਾਰ ਸਾਂਝੇ ਕੀਤੇ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਲੋਕ ਗਾਇਕਾ ਗਲੋਰੀ ਬਾਵਾ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਆਪਣੇ ਲੋਕ ਗਾਇਕੀ ਨਾਲ ਸਮਾਗਮ ਵਿੱਚ ਰੰਗ ਬੰਨ੍ਹਿਆ। ਅਰਵਿੰਦ ਭੁੱਲਰ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਭਰੀ ਅਤੇ ਪ੍ਰੋਗਰਾਮ ਦੀ ਪ੍ਰਧਾਨਗੀ ਉੱਘੀ ਸਾਹਿਤਕਾਰਾ ਅਰਤਿੰਦਰ ਸੰਧੂ ਵੱਲੋਂ ਕੀਤੀ ਗਈ।ਕਵੀ ਦਰਬਾਰ ਦੌਰਾਨ ਪੰਜਾਬ ਭਰ ਤੋਂ ਆਈਆਂ ਕਵਿੱਤਰੀਆਂ ਪ੍ਰੋਮਿਲਾ ਅਰੋੜਾ, ਨੀਤ ਨਰਿੰਦਰ, ਮੁਨੱਜ਼ਾ ਇਰਸ਼ਾਦ, ਕੁਲਵਿੰਦਰ ਕੰਵਲ, ਡਾ. ਜਸਦੀਪ ਕੌਰ, ਡਾ. ਨਵਰੂਪ, ਡਾ. ਸੰਦੀਪ ਕੌਰ, ਸ਼ੁਭਕਿਰਨ ਕੌਰ, ਕੰਵਲਪ੍ਰੀਤ ਕੌਰ, ਸਤਿੰਦਰਜੀਤ ਕੌਰ, ਪਰਜਿੰਦਰ ਕੌਰ, ਰਿਤੂ ਵਾਸੂਦੇਵ, ਬਬੀਤਾ ਚੌਹਾਨ ਨੇ ਖ਼ੂਬਸੂਰਤ ਰਚਨਾਵਾਂ ਪੇਸ਼ ਕੀਤੀਆਂ। ਸਮਾਗਮ ਦੇ ਅੰਤ ਵਿੱਚ ਜਸਪ੍ਰੀਤ ਕੌਰ, ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਨੇ ਅੰਮ੍ਰਿਤਾ ਪ੍ਰੀਤਮ ਦੀਆਂ ਪ੍ਰਸਿੱਧ ਰਚਨਾਵਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਦੀ ਨਿਡਰ ਲੇਖਣੀ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਹਨਾਂ ਆਏ ਹੋਏ ਮਹਿਮਾਨਾਂ, ਕਵਿੱਤਰੀਆਂ, ਪ੍ਰਬੰਧਨ ਸਟਾਫ਼ ਅਤੇ ਵਿਸ਼ੇਸ਼ ਤੌਰ 'ਤੇ ਸਕੂਲ ਦਾ ਧੰਨਵਾਦ ਕੀਤਾ। ਪ੍ਰੀਤ ਖਿੰਡਾ ਨੇ ਕਿਹਾ ਕਿ ਅਜਿਹੇ ਸਾਹਿਤਿਕ ਸਮਾਗਮ ਵਿਦਿਆਰਥੀਆਂ ਨੂੰ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਕਰਦੇ ਹਨ । ਉਹਨਾਂ ਗਲੋਰੀ ਬਾਵਾ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਇਸ ਸਾਹਿਤਕ ਇਕੱਠ ਦਾ ਇੱਕ ਮੁੱਖ ਆਕਰਸ਼ਣ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਵਡਮੁੱਲੇ ਸਾਹਿਤ ਦੀ ਪੁਸਤਕ ਪ੍ਰਦਰਸ਼ਨੀ ਰਿਹਾ।

ਹਰੇਕ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਐਕਟੀਵਿਟੀ ਕੀਤੀ

ਬਲਾਚੌਰ (ਜਸਵਿੰਦਰ ਬੈਂਸ)- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾ. ਗੁਰਿੰਦਰਜੀਤ ਸਿੰਘ ਅਤੇ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾ. ਜਤਿੰਦਰ ਸਿੰਘ ਦੀ ਅਗਵਾਈ ਹੇਠ ਪਿੰਡ ਮਾਲੇਵਾਲ ਵਿਖੇ ਨੈਸ਼ਨਲ ਬੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ ਅਧੀਨ ਹਰੇਕ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਸੰਬੰਧੀ ਐਕਟੀਵਿਟੀ ਕੀਤੀ ਗਈ, ਜਿਸ ਦੌਰਾਨ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੌੜੀ ਅਤੇ ਆਸ਼ਾ ਵਰਕਰ ਵਲੋਂ ਘਰ ਘਰ ਵਿੱਚ ਜਾ ਕੇ ਲਾਰਵੇ ਸਬੰਧੀ ਚੈਕਿੰਗ ਕੀਤੀ ਅਤੇ ਲਾਰਵਾ ਮਿਲਣ ਤੇ ਮੌਕੇ 'ਤੇ ਨਸ਼ਟ ਕਰਵਾਇਆ ਗਿਆ ਅਤੇ ਮਲੇਰੀਆ ਡੇਂਗੂ ਦੇ ਲੱਛਣਾਂ ਅਤੇ ਬਚਾਓ ਸੰਬੰਧੀ ਦੱਸਿਆ ਕਿ ਡੇਂਗੂ ਇਕ ਵਾਇਰਲ ਬਿਮਾਰੀ ਹੈ ਜੋ ਕਿ ਏਡੀਜ਼ ਮੱਛਰ ਦੇ ਕੱਟਣ ਨਾਲ ਫੈਲਦੀ ਹੈ, ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਇਸ ਲਈ ਸਾਨੂੰ ਹਫਤੇ ਵਿਚ ਇਕ ਦਿਨ ਆਪਣੇ ਕੂਲਰਾਂ, ਫਰਿਜ ਦੀਆਂ ਟ੍ਰੇਆਂ, ਪੁਰਾਣੇ ਟਾਇਰਾਂ, ਗਮਲਿਆਂ ਵਿੱਚ ਖੜ੍ਹੇ ਪਾਣੀ ਨੂੰ ਜ਼ਰੂਰ ਸਾਫ ਕਰਨਾ ਚਾਹੀਦਾ ਹੈ ਕਿਉਂਕਿ ਡੇਂਗੂ ਦਾ ਮੱਛਰ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਉਨਾਂ ਨੂੰ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਸੰਬੰਧੀ ਜਾਣਕਾਰੀ ਦਿੱਤੀ ਗਈ। ਅਗਰ ਕਿਸੇ ਨੂੰ ਸਿਹਤ ਸੰਬੰਧੀ ਕੋਈ ਮੁਸ਼ਕਲ ਹੋਵੇ ਤਾਂ ਨੇੜੇ ਦੇ ਸਰਕਾਰੀ ਹਸਪਤਾਲ ਨਾਲ ਸੰਪਰਕ ਕਰੇ। ਡੇਂਗੂ ਦਾ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਫਰੀ ਕੀਤਾ ਜਾਂਦਾ ਹੈ। ਇਸ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਪੂਰੀ ਤਰ੍ਹਾਂ ਕਵਰ ਕਰ ਕੇ ਅਤੇ ਸੌਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕ੍ਰੀਮਾਂ ਦੀ ਵਰਤੋਂ ਕੀਤੀ ਜਾਵੇ।

ਹਰਿਆਣਾ ਸਰਕਾਰ ਬਿਹਤਰੀਨ ਕੰਮ ਕਰ ਰਹੀ : ਮੋਦੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਕਾਰਜਪ੍ਰਣਾਲੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰਿਆਣਾ ਦੀ ਡਬਲ ਇੰਜਣ ਸਰਕਾਰ 'ਸਬਕਾ ਸਾਥ-ਸਬਕਾ ਵਿਕਾਸ' ਦੇ ਮੰਤਰ 'ਤੇ ਚੱਲ ਰਹੀ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਦੀ ਅਗਵਾਈ ਹੇਠ ਹਰਿਆਣਾ ਸਰਕਾਰ, ਇੱਥੋਂ ਦੇ ਨੌਜਵਾਨਾਂ, ਕਿਸਾਨਾਂ, ਭੈਣਾਂ-ਧੀਆਂ, ਸਭ ਲਈ ਬਿਹਤਰੀਨ ਕੰਮ ਕਰ ਰਹੀ ਹੈ। ਬਿਨਾਂ ਖਰਚੀ-ਪਰਚੀ ਦੇ ਨੌਕਰੀ ਦੇਣ ਦਾ ਜੋ ਰਸਤਾ ਹਰਿਆਣਾ ਸਰਕਾਰ ਨੇ ਦਿਖਾਇਆ ਹੈ, ਉਹ ਇਨਾ ਆਸਾਨ ਨਹੀਂ ਸੀ, ਪਰ ਇਹ ਭਾਜਪਾ ਸਰਕਾਰ ਨੇ ਕਰਕੇ ਦਿਖਾਇਆ ਹੈ। ਪ੍ਰਧਾਨ ਮੰਤਰੀ ਜੀਂਦ ਵਿੱਚ ਦੇਸ਼ ਦੀ ਪਹਿਲੀ ਹਾਈਡ੍ਰੋਜਨ ਟ੍ਰੇਨ ਨੂੰ ਝੰਡੀ ਦਿਖਾ ਕੇ ਰਵਾਨਾ ਕਰਨ ਤੋਂ ਬਾਅਦ ਜੀਂਦ ਵਿੱਚ ਆਯੋਜਿਤ ਵਿਸ਼ਾਲ ਜਨਸਭਾ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼, ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਕੇਂਦਰੀ ਰੇਲ ਮੰਤਰੀ ਸ੍ਰੀ ਅਸ਼ਵਨੀ ਵੈਸ਼ਨਵ ਅਤੇ ਹਰਿਆਣਾ ਡਿਪਟੀ ਸਪੀਕਰ ਡਾ ਕ੍ਰਿਸ਼ਨ ਮਿੱਢਾ ਵੀ ਮੌਜੂਦ ਸਨ।

ਵਿਵੇਕ ਭਾਰਗਵ ਬ੍ਰਾਹਮਣ ਵੈੱਲਫੇਅਰ ਬੋਰਡ ਕਰਤਾਰਪੁਰ ਦੇ ਚੇਅਰਮੈਨ ਨਿਯੁਕਤ

ਕਿਸ਼ਨਗੜ੍ਹ (ਸੁਖਜੀਤ ਕੁਮਾਰ) ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਵੱਲੋਂ ਜਾਰੀ ਕੀਤੇ ਗਏ ਇਕ ਜਨਤਕ ਨੋਟਿਸ ਰਾਹੀਂ ਪਿੰਡ ਬੱਲਾਂ ਨਿਵਾਸੀ

ਵਿਵੇਕ ਭਾਰਗਵ ਨੂੰ ਵਿਧਾਨ ਸਭਾ ਹਲਕਾ ਕਰਤਾਰਪੁਰ ਤੋਂ ਬ੍ਰਾਹਮਣ ਵੈਲਫੇਅਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਵਿਵੇਕ ਭਾਰਗਵ ਨੇ ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਬਲਕਾਰ ਸਿੰਘ ਵਿਧਾਇਕ ਕਰਤਾਰਪੁਰ, ਹਲਕਾ ਇੰਚਾਰਜ ਤੇ ਮੈਡਮ ਹਰਪ੍ਰੀਤ ਕੌਰ ਅਤੇ ਸਮੂਹ ਪਾਰਟੀ ਹਾਈਕਮਾਨ ਦਾ ਧੰਨਵਾਦ ਪ੍ਰਗਟ ਕੀਤਾ ਹੈ।ਨਵਨਿਯੁਕਤ ਚੇਅਰਮੈਨ ਵਿਵੇਕ ਭਾਰਗਵ ਦਾ ਵਿਧਾਇਕ ਬਲਕਾਰ ਸਿੰਘ ਅਤੇ ਸਾਬਕਾ ਸਰਪੰਚ ਸੰਮਤੀ ਮੈਂਬਰ ਜਸਵਿੰਦਰ ਬੱਲ ਵਲੋਂ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ।ਇਸ ਮੌਕੇ ਵਿਵੇਕ ਭਾਰਗਵ ਨੇ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਗਈ ਇਸ ਜਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਉਨਾਂ ਕਿਹਾ ਕਿ ਬ੍ਰਾਹਮਣ ਵੈਲਫੇਅਰ ਬੋਰਡ ਦੇ ਚੇਅਰਮੈਨ ਦੀ ਜਿੰਮੇਵਾਰੀ ਜੋ ਹਲਕਾ ਕਰਤਾਰਪੁਰ ਤੋਂ ਮਿਲੀ ਹੈ, ਉਸ ਵਿਚ ਬ੍ਰਾਹਮਣ ਵਰਗ ਦੀਆਂ ਸਮੱਸਿਆਵਾਂ ਤੇ ਬ੍ਰਾਹਮਣਾਂ ਦੇ ਉਥਾਨ ਲਈ ਉਹ ਜੀ-ਜਾਨ ਨਾਲ ਤੇ ਸਭ ਨੂੰ ਨਾਲ ਲੈ ਕੇ ਚੱਲਣਗੇ।ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂਆਂ, ਵਰਕਰਾਂ, ਬ੍ਰਾਹਮਣ ਭਾਈਚਾਰੇ ਤੇ ਵੱਖ-ਵੱਖ ਵਰਗਾਂ ਦੇ ਧਾਰਮਿਕ ਤੇ ਸਮਾਜਿਕ ਸਖਸ਼ੀਅਤਾਂ ਵਲੋਂ ਵਧਾਈਆਂ ਦਿੱਤੀਆਂ ਗਈਆਂ।

ਵਨੀਤ ਦੂਹੜਾ ਦੀ ਬੈਟਿੰਗ ਨੇ ਦਾਦੇ ਹਰਦੀਪ ਦੂਹੜੇ ਦੀ ਯਾਦ ਤਾਜ਼ਾ ਕਰਵਾਈ

ਲੰਡਨ (ਨ ਜ਼ ਸ):- 'ਨਵਾਂ ਜ਼ਮਾਨਾ' ਦੇ ਪਰਮ ਸਨੇਹੀ ਅਤੇ ਬ੍ਰਿਟੇਨ ਵਿੱਚ ਸੀ ਪੀ ਆਈ ਦੇ ਦੋਸਤਾਂ ਦੀ ਸੰਸਥਾ ਦੇ ਲੰਮਾ ਸਮਾਂ ਮੁਖੀ ਰਹੇ ਹਰਦੀਪ ਦੂਹੜਾ ਕਈ ਸਾਲ ਪਹਿਲਾਂ ਕੈਂਸਰ ਦੇ ਮਾਰੂ ਰੋਗ ਕਾਰਨ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਸਾਥ ਮਾਨਣ ਵਾਲੇ ਸਾਰੇ ਲੋਕ ਇਹ ਜਾਣਦੇ ਸਨ ਕਿ ਉਹ ਨਾ ਸਿਰਫ ਇੱਕ ਚੰਗੇ ਕ੍ਰਿਤੀ ਵਜੋਂ ਆਪਣੇ ਅਦਾਰੇ ਨਾਲ ਵਫਦਾਰੀ ਕਰਦੇ ਅਤੇ ਟਰੇਡ ਯੂਨੀਅਨ ਆਗੂ ਵਜੋਂ ਕ੍ਰਿਤੀਆਂ ਦੇ ਹੱਕਾਂ ਦੀ ਗੱਲ ਕਰਦੇ ਸਨ, ਉਹ ਸਮਾਜ ਦੇ ਹਰ ਵਰਗ ਦੀ ਸੇਵਾ ਵਾਸਤੇ ਵੀ ਇੱਕ ਵੱਖਰੀ ਸ਼ਖਸੀਅਤ ਵਜੋਂ ਸਤਿਕਾਰੇ ਜਾਂਦੇ ਸਨ। ਦੂਸਰੀ ਗੱਲ ਉਨ੍ਹਾਂ ਬਾਰੇ ਇਹ ਹੈ ਕਿ ਉਹ ਕ੍ਰਿਕਟ ਦੇ ਬਹੁਤ ਸ਼ੌਕੀਨ ਸਨ ਅਤੇ ਏਸੇ ਲਈ ਉਨ੍ਹਾਂ ਦੀ ਯਾਦ ਮਨਾਉਣ ਲਈ ਉਨ੍ਹਾਂ ਦੇ ਅਦਾਰੇ ਵਿਚਲੇ ਉਨ੍ਹਾਂ ਦੇ ਸਾਥੀ ਐਂਸ ਵੀ ਹਰ ਸਾਲ ਕ੍ਰਿਕਟ ਟੂਰਨਾਮੈਂਟ ਕਰਵਾਉਂਦੇ ਤੇ ਕੈਂਸਰ ਦੇ ਇਲਾਜ ਦੀ ਚੈਰਿਟੀ ਲਈ ਬਣਦੀ ਮਦਦ ਭੇਜਦੇ ਰਹਿੰਦੇ ਹਨ। ਹਰਦੀਪ ਦੂਹੜਾ ਦਾ ਕ੍ਰਿਕਟ ਦਾ ਸ਼ੌਕ ਅੱਜ-ਕੱਲ੍ਹ ਉਨ੍ਹਾਂ ਦਾ ਪੋਤਾ ਅਵਨੀਤ ਆਪਣੇ ਪਿਤਾ ਹਰਮਿੰਦਰ ਦੂਹੜਾ ਦੀ ਅਗਵਾਈ ਹੇਠ ਅੱਗੇ ਵਧਾ ਰਿਹਾ ਹੈ।

ਅਵਨੀਤ ਅੰਜਕੱਲ ਸਟੇਕ ਗਰੀਨ ਕ੍ਰਿਕਟ ਕਲੱਬ ਦੀ ਅੰਡਰ-13 ਟੀਮ ਵੱਲੋਂ ਖੇਡ ਰਿਹਾ ਹੈ।

ਇਸ ਟੀਮ ਦੇ ਮੈਨੇਜਰ ਉਸ ਦੇ ਪਿਤਾ ਹਰਮਿੰਦਰ ਦੂਹੜਾ ਹਨ। ਪਿਛਲੇ ਦਿਨੀਂ ਉਨ੍ਹਾਂ ਦੀ ਟੀਮ ਨੇ ਅੰਡਰ-13 ਮੁਕਾਬਲਿਆਂ ਵਿੱਚ ਜਿੱਤ ਪ੍ਰਾਪਤ ਕੀਤੀ ਅਤੇ ਅਵਨੀਤ ਨੇ ਸ਼ਾਨਦਾਰ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ, ਉਹ ਸਥਾਨਕ ਮੀਡੀਏ ਦੀਆਂ ਖ਼ਬਰਾਂ ਦਾ ਹਿੱਸਾ ਵੀ ਬਣਿਆ ਹੈ।

ਬਹਿਰਿੰਗਾ ਵਾਸੀ ਪਾਣੀ ਦੀ ਬੂੰਦ-ਬੂੰਦ ਲਈ ਤਰਸੇ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਇੱਥੇ ਕਸਬਾ ਕਮਾਹੀ ਦੇਵੀ ਅਧੀਨ ਆਉਂਦੇ ਨੀਮ ਪਹਾੜੀ ਪਿੰਡ ਬਹਿਰਿੰਗਾ ਦੇ ਨਿਵਾਸੀ ਪਿਛਲੇ ਲੰਮੇ ਸਮੇਂ ਤੋਂ ਪੀਣ ਵਾਲੇ ਪਾਣੀ ਦੀ ਬੂੰਦ ਬੂੰਦ ਨੂੰ ਤਰਸ ਰਹੇ ਹਨ। ਪਿੰਡ ਵਾਸੀ ਜਗਜੀਤ ਕੁਮਾਰ, ਸੁਸ਼ੀਲ ਕੁਮਾਰ, ਗੁਰਦੇਵ ਸਿੰਘ, ਜੋਗਿੰਦਰ ਸਿੰਘ, ਰਣਧੀਰ ਸਿੰਘ ਆਦਿ ਨੇ ਦਸਿਆ ਕਿ ਪਾਣੀ ਦੀ ਕਿਲੱਤ ਨੂੰ ਲੈ ਕੇ ਉਨ੍ਹਾਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਸਨ। ਵਿਧਾਇਕ ਕਰਮਬੀਰ ਸਿੰਘ ਘੁੰਮਣ ਨੇ ਵੀ ਪਿੰਡ ਵਾਸੀਆਂ ਦੀ ਸਮਸਿਆ ਦਾ ਨੋਟਿਸ ਲਿਆ ਸੀ, ਸਬੰਧਤ ਵਿਭਾਗ ਦੇ ਐੱਸ ਡੀ ਓ ਨੂੰ ਜ਼ਰੂਰੀ ਨਿਰਦੇਸ਼ ਵੀ ਦਿੱਤੇ ਸਨ। ਪਰ ਇਸ ਦੇ ਬਾਵਜੂਦ ਪਾਣੀ ਦੀ ਸਪਲਾਈ 'ਚ ਕੋਈ ਸੁਧਾਰ ਨਹੀਂ ਹੋਇਆ, ਪਿੰਡ ਵਾਸੀ ਅੱਤ ਦੀ ਗਰਮੀ 'ਚ ਪੀਣ ਵਾਲੇ ਪਾਣੀ ਲਈ ਤਰਸ ਰਹੇ ਹਨ। ਪਿੰਡ ਵਾਸੀਆਂ ਨੇ ਸਬੰਧਤ ਵਿਭਾਗ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਤੇ ਪੰਜਾਬ ਸਰਕਾਰ ਨੂੰ ਪਿੰਡ 'ਚ ਪਾਣੀ ਦੀ ਰੈਗੂਲਰ ਸਪਲਾਈ ਬਹਾਲ ਕਰਨ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਲੋਕਾਂ ਦੀ ਸਮਸਿਆ ਦਾ ਹੱਲ ਨਾ ਹੋਣ 'ਤੇ ਉਨ੍ਹਾਂ ਸੰਘਰਸ਼ ਨੂੰ ਤੇਜ਼ ਕਰਨ ਦੀ ਚੇਤਾਵਨੀ ਦਿੱਤੀ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਐੱਸਡੀਓ ਅਨੁਜ ਸ਼ਰਮਾ ਨੇ ਦੱਸਿਆ ਕਿ ਪਾਣੀ ਦੀ ਕਿਲੱਤ ਮੋਟਰ ਖਰਾਬੀ ਕਾਰਨ ਆਈ ਹੈ। ਮੋਟਰ ਰਿਪੇਅਰ ਲਈ ਭੇਜੀ ਹੋਈ ਹੈ। ਦੋ ਕੁ ਦਿਨਾਂ ਅੰਦਰ ਮੋਟਰ ਠੀਕ ਹੋਣ ਉਪਰੰਤ ਪਾਣੀ ਦੀ ਸਪਲਾਈ ਬਹਾਲ ਹੋਣ ਦੀ ਸੰਭਾਵਨਾ ਹੈ।

ਲੋਕਾਂ ਨੂੰ ਸਵੱਛ ਭਾਰਤ ਮੁਹਿੰਮ ਨਾਲ ਜੁੜਨ ਲਈ ਕੀਤਾ ਪ੍ਰੇਰਿਤ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚਲਾਈ ਗਈ ਸਵੱਛ ਭਾਰਤ ਮੁਹਿੰਮ ਦੇ ਤਹਿਤ ਪੰਜਾਬ ਦੇ ਸਾਰੇ ਭਾਜਪਾ ਵਰਕਰਾਂ ਨੇ ਪੰਜਾਬ ਵਿੱਚ ਸਫ਼ਾਈ ਅਭਿਆਨ ਚਲਾਇਆ ਹੋਇਆ ਹੈ ਤਾਂ ਜੋ ਸਵੱਛ ਭਾਰਤ ਮੁਹਿੰਮ ਨੂੰ ਕਾਮਯਾਬ ਕੀਤਾ ਜਾ ਸਕੇ। ਇਸ ਸਬੰਧ ਵਿੱਚ ਪੰਜਾਬ ਭਾਜਪਾ ਦੇ ਐਗਜੈਕਟਿਵ ਮੈਂਬਰ ਸੁਰਿੰਦਰ ਜਾਜਾ ਨੇ ਸਰਕਾਰੀ ਹਾਈ

ਸਕੂਲ ਜਾਜਾ ਦੇ ਨਾਲ ਪੈਂਦੀ ਸੜਕ ਦੀ ਸਫ਼ਾਈ ਕੀਤੀ। ਇਸ ਮੌਕੇ ਤੇ ਸੰਜੀਵ ਮਿਨਹਾਸ ਤੋਂ ਇਲਾਵਾ ਹਾਜ਼ਰ ਸੂਰਜ ਸੈਣੀ, ਸਤਪਾਲ ਸਿੰਘ, ਸੁਨੀਲ ਜਾਜਾ, ਸੁਰਜੀਤ ਰਾਜਾ, ਪਵਨਦੀਪ, ਦੀਪ ਸਿੰਘ, ਅਵਤਾਰ ਸਿੰਘ, ਨਰਿੰਦਰ ਸਿੰਘ, ਅਮਨਦੀਪ ਰਾਜਾ, ਰਵਿੰਦਰ ਕੁਮਾਰ ਨੰਦੂ, ਸੰਨੀ ਮੱਟੂ, ਸਤਪਾਲ, ਮੰਨੂ, ਸਾਗਰ ਸਿੰਘ, ਗੁਰਨਾਮ ਸਿੰਘ, ਅਜੇ ਸਿੰਘ ਸੈਣੀ, ਬਲਬੀਰ ਸਿੰਘ, ਨਵਜੀਵਨ ਅਤੇ ਅਜੇ ਕੁਮਾਰ ਤੋਂ ਇਲਾਵਾ ਹੋਰ ਭਾਜਪਾ ਵਰਕਰਾਂ ਨੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸੜਕ ਤੇ ਪਏ ਗੰਦੀਆਂ ਝਾੜੀਆਂ ਨੂੰ ਪੁੱਟ ਕੇ ਸੜਕ ਦੀ ਸਫਾਈ ਕੀਤੀ ਤਾਂ ਜੋ ਸਕੂਲ ਆਉਣ ਜਾਣ ਵਾਲੇ ਵਿਦਿਆਰਥੀਆਂ ਨੂੰ ਮੋਦੀ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਦੀ ਮਹੱਤਵਤਾ ਸਬੰਧੀ ਜਾਣਕਾਰੀ ਮਿਲ ਸਕੇ।

'ਦ ਨੋਬੇਲ ਸਕੂਲ' ਪ੍ਰੀਖਿਆਵਾਂ 'ਚ ਟਾਪਰ ਵਿਦਿਆਰਥੀਆਂ ਦਾ ਸਨਮਾਨ

'ਕਰਤਾਰਪੁਰ (ਰਹੇਜਾ ਦੱਤ) 'ਦ ਨੋਬੇਲ ਸਕੂਲ' ਹਮੇਸ਼ਾ ਹੀ ਵਿਦਿਆਰਥੀਆਂ ਵਿੱਚ ਅਕਾਦਮਿਕ ਉਤਕ੍ਰਿਸ਼ਟਤਾ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਲਈ ਖੁਸ਼ਹਾਲ ਤੇ ਪ੍ਰੇਰਣਾਦਾਇਕ

ਸਿੱਖਣ ਦਾ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਰਿਹਾ ਹੈ।ਇਸੇ ਸ਼ਾਨਦਾਰ ਪਰੰਪਰਾ ਨੂੰ ਜਾਰੀ ਰੱਖਦਿਆਂ ਸਕੂਲ ਵੱਲੋਂ ਹਰ ਮਹੀਨੇ ਹੋਣ ਵਾਲੀਆਂ ਸਕੂਲੀ ਪ੍ਰੀਖਿਆਵਾਂ ਵਿੱਚ ਆਪਣੀ-ਆਪਣੀ ਜਮਾਤ ਵਿੱਚ ਪਹਿਲਾ ਅਤੇ ਦੂਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮਹੀਨਾਵਾਰ ਵਜ਼ੀਫ਼ਾ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਜਾਂਦਾ ਹੈ। ਇਹ ਸਨਮਾਨ ਵਿਦਿਆਰਥੀਆਂ ਦੀ ਮਿਹਨਤ, ਲਗਨ ਅਤੇ ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ ਦੀ ਕਦਰ ਦਾ ਪ੍ਰਤੀਕ ਹੈ।ਇਹ ਵਜ਼ੀਫ਼ੇ ਸਕੂਲ ਦੇ ਚੇਅਰਮੈਨ ਪ੍ਰੋ. ਸੀ. ਐਲ. ਕੋਛੜ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਭੇਟ ਕੀਤੇ ਗਏ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰੋ. ਸੀ. ਐਲ. ਕੋਛੜ ਨੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਸਿੱਖਿਆ ਸਭ ਤੋਂ ਵੱਡੀ ਪੂੰਜੀ ਹੈ। ਉਨ੍ਹਾਂ ਨੇ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਹਰ ਬੱਚੇ ਨੂੰ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਕੋਈ ਵੀ ਯੋਗ ਵਿਦਿਆਰਥੀ ਆਰਥਿਕ ਤੰਗੀ ਕਾਰਨ ਸਿੱਖਿਆ ਤੋਂ ਵਾਂਝਾ ਨਾ ਰਹੇ।

ਸ਼ਾਮਚੁਰਾਸੀ 'ਚ ਹਰਗੜ੍ਹ ਤੇ ਡਡਿਆਣਾ ਦੇ ਚੋਆਂ 'ਤੇ ਬਣਨਗੇ ਦੋ ਨਵੇਂ ਪੁਲ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)- ਪੰਜਾਬ ਦੇ ਜੇਲ੍ਹ ਤੇ ਐਨ ਆਰ ਆਈ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਲੋਕਾਂ ਲਈ ਵੱਡੀ ਖੁਸ਼ਖਬਰੀ ਦਿੰਦਿਆਂ ਦੱਸਿਆ ਕਿ ਹਲਕੇ ਵਿੱਚ ਹਰਗੜ੍ਹ ਅਤੇ ਡਡਿਆਣਾ ਦੇ ਚੋਆਂ ਉੱਤੇ ਦੋ ਨਵੇਂ ਪੁਲਾਂ ਦੀ ਉਸਾਰੀ ਨੂੰ ਮਨਜ਼ੂਰੀ ਮਿਲ ਗਈ ਹੈ ਤੇ ਪੀ ਡਬਲਿਊ ਡੀ ਵਿਭਾਗ ਵੱਲੋਂ ਟੈਂਡਰ ਲਗਾ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪੁਲਾਂ ਦੇ ਨਿਰਮਾਣ ਨਾਲ ਇਲਾਕੇ ਦੇ ਹਜ਼ਾਰਾਂ ਲੋਕਾਂ ਨੂੰ ਆਵਾਜਾਈ ਵਿੱਚ ਆ ਰਹੀਆਂ ਮੁਸ਼ਕਲਾਂ ਤੋਂ ਸਥਾਈ ਰਾਹਤ ਮਿਲੇਗੀ ਤੇ ਪਿੰਡਾਂ ਦੇ ਵਿਕਾਸ ਨੂੰ ਨਵੀਂ ਗਤੀ ਪ੍ਰਾਪਤ ਹੋਵੇਗੀ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਹਰਗੜ੍ਹ ਦੇ ਚੋਅ 'ਤੇ ਬਣਨ ਵਾਲੇ ਪੁਲ ਦੀ ਲੰਬਾਈ 80 ਮੀਟਰ ਹੋਵੇਗੀ, ਜਦਕਿ ਡਡਿਆਣਾ ਦੇ ਚੋਅ 'ਤੇ 102.36 ਮੀਟਰ ਆਧੁਨਿਕ ਤਕਨੀਕ ਨਾਲ ਮਜ਼ਬੂਤ ਪੁਲ ਦਾ ਨਿਰਮਾਣ ਕੀਤਾ

ਜਾਵੇਗਾ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਦੌਰਾਨ ਇਨ੍ਹਾਂ ਚੋਆਂ ਵਿੱਚ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਲੋਕਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪੁੱਲ ਬਣਨ ਤੋਂ ਬਾਅਦ ਸਕੂਲੀ ਵਿਦਿਆਰਥੀਆਂ, ਕਿਸਾਨਾਂ, ਵਪਾਰੀਆਂ ਅਤੇ ਆਮ ਲੋਕਾਂ ਲਈ ਆਵਾਜਾਈ ਸੁਖਾਲੀ ਅਤੇ ਸੁਰੱਖਿਅਤ ਹੋ ਜਾਵੇਗੀ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਨ੍ਹਾਂ ਦੋਵੇਂ ਪੁਲਾਂ ਦੇ ਬਣਨ ਨਾਲ ਨਾ ਸਿਰਫ਼ ਰੋਜ਼ਾਨਾ ਦੀ ਆਵਾਜਾਈ ਆਸਾਨ ਹੋਵੇਗੀ, ਸਗੋਂ ਐਮਰਜੈਂਸੀ ਸੇਵਾਵਾਂ, ਸਿਹਤ ਸਹੂਲਤਾਂ ਅਤੇ ਖੇਤੀਬਾੜੀ ਨਾਲ ਜੁੜੇ ਕੰਮਾਂ ਵਿੱਚ ਵੀ ਵੱਡੀ ਸਹੂਲਤ ਮਿਲੇਗੀ।

ਲੋਕਾਂ ਨੂੰ ਪਰਵਾਰ ਨਿਯੋਜਨ ਤੇ ਮਾਂ-ਬੱਚੇ ਦੀ ਸਿਹਤ ਪ੍ਰਤੀ ਕੀਤਾ ਜਾਗਰੂਕ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਸਿਵਲ ਸਰਜਨ ਡਾ. ਮਨਦੀਪ ਕਮਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐਸ.ਐਮ.ਓ. ਡਾ. ਕਰਨ ਕੁਮਾਰ ਸੈਣੀ ਦੀ ਅਗਵਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਟਾਂਡਾ ਵਿਖੇ ਵਿਸ਼ਵ ਆਬਾਦੀ ਦਿਵਸ ਮਨਾਇਆ ਗਿਆ। ਇਸ ਮੌਕੇ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਵਧ ਰਹੀ ਆਬਾਦੀ ਦੇ ਪ੍ਰਭਾਵਾਂ, ਪਰਵਾਰ ਨਿਯੋਜਨ ਦੇ ਮਹੱਤਵ ਅਤੇ ਮਾਂ-ਬੱਚੇ ਦੀ ਸਿਹਤ ਸੰਬੰਧੀ ਜਾਗਰੂਕ ਕੀਤਾ ਗਿਆ। ਡਾ. ਕਰਨ ਕੁਮਾਰ ਸੈਣੀ ਨੇ ਕਿਹਾ ਕਿ ਛੋਟਾ ਅਤੇ ਖੁਸ਼ਹਾਲ ਪਰਵਾਰ ਹੀ ਸਿਹਤਮੰਦ ਸਮਾਜ ਦੀ ਨੀਂਹ ਹੈ। ਉਨ੍ਹਾਂ ਦੱਸਿਆ ਕਿ ਪਰਵਾਰ ਨਿਯੋਜਨ ਦੇ ਸਾਧਨਾਂ ਨੂੰ ਅਪਣਾ ਕੇ ਮਾਂ ਅਤੇ ਬੱਚੇ ਦੀ ਸਿਹਤ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ ਅਤੇ ਪਰਵਾਰ ਦੀ ਸਮਾਜਿਕ ਤੇ ਆਰਥਿਕ ਸਥਿਤੀ ਵੀ ਮਜ਼ਬੂਤ ਹੁੰਦੀ ਹੈ। ਉਨ੍ਹਾਂ ਯੋਗ ਦੰਪਤੀਆਂ ਨੂੰ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਉਪਲਬਧ ਮੁਫ਼ਤ ਪਰਵਾਰ ਨਿਯੋਜਨ ਸੇਵਾਵਾਂ ਦਾ ਲਾਭ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸਿਹਤ ਕਰਮਚਾਰੀਆਂ ਵੱਲੋਂ ਲੋਕਾਂ ਨੂੰ ਪਰਵਾਰ ਨਿਯੋਜਨ ਦੇ ਅਸਥਾਈ ਅਤੇ ਸਥਾਈ ਸਾਧਨਾਂ, ਜਨਮਾਂ ਵਿੱਚ ਉਚਿਤ ਅੰਤਰ ਰੱਖਣ ਦੇ ਫਾਇਦਿਆਂ ਅਤੇ ਮਾਂ-ਬੱਚੇ ਦੀ ਸੁਰੱਖਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ 22 ਨੂੰ ਟੋਲ ਪਲਾਜ਼ਾ 4 ਘੰਟੇ ਲਈ ਫਰੀ ਕਰਨ ਦਾ ਫੈਸਲਾ

ਮੋਰਿੰਡਾ (ਨਿਹਾਲ ਸਿੰਘ ਕਲਸੀ)- ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਬਲਾਕ ਮੋਰਿੰਡਾ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਮੁੰਡੀਆਂ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ਼ਹੀਦ ਗੰਜ ਮੋਰਿੰਡਾ ਵਿਖੇ ਕੀਤੀ ਗਈ ਜਿਸ ਵਿੱਚ ਦਲਜੀਤ ਸਿੰਘ ਚਲਾਕੀ ਤੇ ਜ਼ਿਲ੍ਹੇ ਦੇ ਸਮੂਹ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਇਸ ਸੰਬੰਧੀ ਜਾਣਕਾਰੀ ਦਿੰਦਿਆ ਯੂਨੀਅਨ ਦੇ ਸੀਨੀਅਰ ਆਗੂ ਨੰਬਰਦਾਰ ਰਣਧੀਰ ਸਿੰਘ ਮਾਜਰੀ ਤੇ ਜਸਵਿੰਦਰ ਸਿੰਘ ਕਾਈਨੌਰ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਕਿਸਾਨੀ ਮਸਲਿਆਂ ਤੇ ਵਿਚਾਰਾਂ ਬਾਰੇ ਗੱਲਬਾਤ ਕੀਤੀ ਗਈ। ਭਾਰਤ ਖਾਣ ਪੀਣ ਦੀਆਂ ਵਸਤੂਆਂ ਵਪਾਰ ਦਾ ਸਮਝੌਤੇ ਦਾ ਵਿਰੋਧ ਕਰਨ ਅਤੇ ਪੰਜਾਬ ਸਰਕਾਰ ਵਿੱਚ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਕੇ ਬੰਦ ਕਰਵਾਈ ਜਾਵੇ। ਇਸ ਮੌਕੇ ਭੁਪਿੰਦਰ ਸਿੰਘ ਮੁੰਡੀਆਂ, ਨੰਗਰ ਸਿੰਘ ਰੱਲੀ, ਮਹਿੰਦਰ ਸਿੰਘ ਰੱਲੀ, ਸੀਨੀਅਰ ਆਗੂ ਜਸਵਿੰਦਰ ਸਿੰਘ ਕਾਈਨੌਰ, ਰਣਧੀਰ ਸਿੰਘ ਕਾਈਨੌਰ,

ਭਾਖੜਾ ਨਹਿਰ ਵਿੱਚ ਦਰਖਤਾਂ ਦੀ ਸਮੱਸਿਆ ਅਤੇ ਮੋਰਿੰਡਾ ਏਰੀਏ ਵਿੱਚ ਰਿਪੇਅਰ ਦੀ ਮੰਗ ਕੀਤੀ ਗਈ। ਡੀ ਏ ਪੀ ਖਾਦ ਦੀ ਘਾਟ ਬਾਰੇ ਦੱਸਿਆ ਗਿਆ। ਕੋਆਪਰੇਟਿਵ ਬੈਂਕਾਂ ਵਿੱਚ ਖਾਤੇ ਬੰਦ ਹੋਣਾ ਚਿੰਤਾ ਦਾ ਵਿਸ਼ਾ ਹੈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਚਲਾਕੀ ਨੇ 22 ਜੁਲਾਈ ਨੂੰ ਸੋਲਖੀਆਂ ਟੋਲ ਪਲਾਜਾ 11 ਵਜੇ ਸਵੇਰੇ ਤੋਂ ਲੈ ਕੇ 3 ਵਜੇ ਤੱਕ ਫਰੀ ਕਰਨ ਲਈ ਵੱਧ ਤੋਂ ਵੱਧ ਕਿਸਾਨਾਂ ਨੂੰ ਸੱਦਾ ਦਿੱਤਾ ਤਾਂ ਕਿ ਕਿਸਾਨ ਸੁਖਜੰਤ ਸਿੰਘ ਕੋਟਲੀ, ਪਰਮਜੀਤ ਸਿੰਘ ਲੁਠੇੜੀ, ਕਰਨੈਲ ਸਿੰਘ ਡੂਮਛੇੜੀ, ਜਗਤਾਰ ਸਿੰਘ ਖੈਰਪੁਰ, ਰਣਧੀਰ ਸਿੰਘ ਮਾਜਰੀ, ਤਰਲੋਚਨ ਸਿੰਘ ਤਾਜਪੁਰ, ਬਲਜੀਤ ਸਿੰਘ ਦੁੱਮਣਾ, ਨਛੱਤਰ ਸਿੰਘ ਖੈਰਪੁਰ ਢੰਗਰਾਲੀ, ਕੇਵਲ ਸਿੰਘ ਉਇੰਦ, ਜਸਪਾਲ ਸਿੰਘ ਭਾਗੋਵਾਲ, ਚਰਨਜੀਤ ਸਿੰਘ ਚੱਕਲਾਂ, ਮੇਜਰ ਸਿੰਘ, ਅਜੈਬ ਸਿੰਘ ਚੱਕਲਾਂ, ਦਰਸ਼ਨ ਸਿੰਘ ਬੰਗੀਆਂ, ਹਰਚੰਦ ਸਿੰਘ ਰਤਨਗੜ੍ਹ, ਸੰਤੋਖ ਸਿੰਘ ਕਲਹੇੜੀ ਆਦਿ ਹਾਜ਼ਰ ਸਨ।

ਸੰਤ ਅਮਰ ਦਾਸ ਦੇ ਬਰਸੀ ਸਮਾਗਮ ਸ਼ਰਧਾਪੂਰਵਕ ਮਨਾਏ

ਹੁਸ਼ਿਆਰਪੁਰ, ਜੇਜੋ ਦੁਆਬਾ (ਓ ਪੀ ਰਾਣਾ, ਨਿਰਮਲ ਸਿੰਘ ਮੁਗੋਵਾਲ) ਸੱਚਖੰਡ ਵਾਸੀ, ਬ੍ਰਹਮਲੀਨ ਸੰਤ ਅਮਰਦਾਸ ਦੀ 17ਵੀਂ ਬਰਸੀ, ਸੰਤ ਰਾਮ ਕਿਸ਼ਨ ਦੀ 5ਵੀਂ ਬਰਸੀ ਅਤੇ ਸੰਤ ਬੀਬੀ ਜੁਆਲੀ ਰਾਮ ਦੀ 24ਵੀਂ ਬਰਸੀ ਸਮਾਗਮ ਡੇਰਾ ਸੰਤ ਨਰਾਇਣ ਦਾਸ ਕੱਲਰਾਂ ਸ਼ੇਰਪੁਰ ਢੱਕੋ ਵਿਖੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਮੌਜੂਦਾ ਗੱਦੀ ਨਸ਼ੀਨ ਸੰਤ ਰਮੇਸ਼ ਦਾਸ ਪ੍ਰਚਾਰ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਅਗਵਾਈ ਹੇਠ ਸ਼ਰਧਾ ਪੂਰਵਕ ਮਨਾਏ ਗਏ।ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ ਜਿਸ ਵਿੱਚ ਪ੍ਰਸਿੱਧ ਰਾਗੀ ਜਥਿਆਂ ਅਤੇ ਸੰਤਾਂ ਮਹਾਂਪੁਰਖਾਂ ਵਲੋਂ ਸੰਗਤਾਂ ਨੂੰ ਗੁਰਬਾਨੀ ਰਾਹੀਂ ਨਿਹਾਲ ਕੀਤਾ।ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ, ਜਨਰਲ਼ ਸਕੱਤਰ ਸੰਤ ਇੰਦਰ ਦਾਸ ਸੇਖੈ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਪ੍ਰਧਾਨ,ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਪ੍ਰੇਮ ਦਾਸ ਭੂਰੀ ਵਾਲੇ, ਸੰਤ

ਧਰਮਪਾਲ ਸ਼ੇਰਗੜ,ਸੰਤ ਸਤਨਾਮ ਦਾਸ ਗੱਜਰ ਮਹਿਦੂਦ,ਸੰਤ ਵਿਨੈ ਮੁਨੀ ਜੰਮੂ, ਸੰਤ ਬੀਬੀ ਗੰਗਾ ਦੇਵੀ ਮੈਲੀ, ਸੰਤ ਬੀਬੀ ਨਿਸ਼ਾ ਦੇਵੀ, ਸੰਤ ਬੀਬੀ ਸ਼ੀਲਾ ਦੇਵੀ, ਸੰਤ ਬੀਬੀ ਇੰਦੂ, ਸੰਤ ਜਗਦੀਸ਼ ਬਿੱਲਾ, ਸੰਤ ਟਹਿਲ ਦਾਸ ਫਗਵਾੜਾ, ਸੰਤ ਹਰੀ ਓਮ ਮਾਹਿਲਪੁਰ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਭੈਣ ਸੰਤੋਸ਼ ਕੁਮਾਰੀ, ਸੰਤ ਗੁਰਮੇਲ ਰਾਮ ਰਹੀਮਪੁਰ, ਸੰਤ ਸੰਤੋਖ ਦਾਸ ਭਾਰਟਾ ਗਣੇਸ਼ਪੁਰ,ਬਾਬਾ ਬਲਕਾਰ ਸਿੰਘ ਵਡਾਲਾ, ਡੇਰਾ ਬੋਹਣ ਦੇ ਸੇਵਾਦਾਰ ਲਵਪ੍ਰੀਤ ਦੇ ਜਥੇ ਵਲੋਂ ਕਥਾ ਕੀਰਤਨ ਰਾਹੀਂ ਸੰਤਾਂ ਮਹਾਂਪੁਰਸ਼ਾਂ ਦੇ ਜੀਵਨ ਸਬੰਧੀ ਸੰਗਤਾਂ ਨੂੰ ਜਾਣੂ ਕਰਾਇਆ ਅਤੇ ਸ਼ਰਧਾ ਸੁਮਨ ਭੇਟ ਕੀਤੇ।ਇਸ ਮੌਕੇ ਹਲਕਾ ਚੱਬੇਵਾਲ ਵਿਧਾਇਕ ਡਾ. ਇਸ਼ਾਂਕ ਕੁਮਾਰ, ਸੇਵਾ ਮੁਕਤ ਜੱਜ ਹਰਭਜਨ ਸਿੰਘ ਸਿੱਧੂ ਨੇ ਵੀ ਹਾਜਰੀ ਭਰੀ।ਸਟੇਜ ਸਕੱਤਰ ਦੀ ਸੇਵਾ ਅਮਰਜੀਤ ਸਿੰਘ ਨੇ ਨਿਭਾਈ। ਇਸ ਮੌਕੇ ਸੰਤ ਰਮੇਸ਼ ਦਾਸ, ਸੰਤ ਨਿਰੰਜਨ ਦਾਸ, ਸੰਤ ਸੋਮ ਨਾਥ ਵਲੋਂ ਸੰਤਾਂ ਮਹਾਂਪੁਰਸ਼ਾਂ,ਧਾਰਮਿਕ, ਸਮਾਜਿਕ, ਰਾਜਨੀਤਕ ਸਖਸ਼ੀਅਤਾਂ ਨੂੰ ਵਿਸ਼ੇਸ਼ ਸਨਮਾਨਿਤ ਕੀਤਾ। ਸਿੱਧ ਜੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾ. ਜੇ ਐਸ ਥਿੰਦ, ਡਾ. ਪ੍ਰਭ ਹੀਰ ਅਤੇ ਆਰੋਗਿਆ ਆਯੁਰਵੈਦਿਕ ਕਲੀਨਿਕ ਵੈਦ ਬਲਜਿੰਦਰ ਰਾਮ ਖੜਕਾਂ ਦੀ ਅਗਵਾਈ ਹੇਠ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ।

ਨਗਰ ਕੌਂਸਲ ਦਾ ਤੀਸਰੀ ਵਾਰ ਪ੍ਰਧਾਨ ਬਣਨ 'ਤੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

ਅਸੀਂ ਅਸ਼ਵਨੀ ਸੈਨੀ ਪੁੱਤਰ ਬਿਸ਼ੰਬਰ ਦਾਸ ਅਤੇ ਮੰਜੂ ਸੈਨੀ ਪਤਨੀ ਅਸ਼ਵਨੀ ਸੈਨੀ ਵਾਸੀਆਨ ਗਲੀ ਨੰਬਰ 3, ਹਰਗੋਬਿੰਦ ਐਵੀਨਿਊ, ਸ਼ੇਰ ਸ਼ਾਹ ਸੂਰੀ ਰੋਡ, ਛੇਹਰਟਾ ਅੰਮ੍ਰਿਤਸਰ ਆਪਣੇ ਲੜਕੇ ਕੇਸ਼ਵ ਸੈਨੀ, ਸ਼ਾਦੀਸ਼ੁਦਾ ਹੈ, ਜੋ ਸਾਡੇ ਕਹਿਣੇ ਵਿੱਚ ਨਹੀ ਹਨ, ਸਾਡੀ ਕੋਈ ਗੱਲ ਨਹੀਂ ਮੰਨਦੇ, ਆਪਣੀ ਮਰਜ਼ੀ ਕਰਦੇ ਹਨ, ਨੂੰ ਆਪਣੀ ਚੱਲ-ਅਚੱਲ, ਝੁੱਕਵੀ-ਅਣਝੁਕਵੀ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ-ਚੰਗੇ ਕੰਮ ਨਫ਼ੇ-ਨੁਕਸਾਨ, ਲੈਣ-ਦੇਣ, ਲੜਾਈ-ਝਗੜੇ ਦੇ ਲਈ ਅਸੀ ਅਤੇ ਸਾਡਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ। ਸਾਡਾ ਕੇਸ਼ਵ ਸੈਨੀ ਦੇ ਨਾਲ ਕੋਈ ਸਬੰਧ ਨਹੀ ਹੈ।

ਮੈਂ ਪਰਮੋਦ ਕੁਮਾਰ ਪੁੱਤਰ ਕਸਤੂਰੀ ਲਾਲ ਵਾਸੀ ਮਕਾਨ ਨੰ. 93, ਗਲੀ ਨੰ. 5, ਰਾਮਬਲੀ ਚੌਂਕ, ਸੰਧੂ ਕਲੋਨੀ, ਬਟਾਲਾ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਅੰਜ਼ਲੀ ਸੋਨੀ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਿਵਾਰ ਇਸ ਦੇ ਕਿਸੇ ਵੀ ਲੈਣ ਦੇਣ ਦਾ ਜਿੰਮੇਵਾਰ ਨਹੀਂ ਹੋਵੇਗਾ।

ਨਾਂਅ ਦੀ ਬਦਲੀ

ਮੈਂ, ਪ੍ਰਕਾਸ਼ ਚੰਦ ਜਿੰਦਲ, ਸ੍ਰੀ ਤੋਤਾ ਰਾਮ ਵਾਸੀ ਗਿਲਕੋ ਵੈਲੀ, ਖਰੜ, ਜ਼ਿਲ੍ਹਾ ਮੋਹਾਲੀ, ਪੰਜਾਬ, ਆਪਣਾ ਨਾਂਅ ਬਦਲ ਕੇ ਪ੍ਰਕਾਸ਼ ਚੰਦ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਜੈਸਮੀਨ ਅਰੋੜਾ ਪੁੱਤਰੀ ਪ੍ਰਭਜੋਤ ਸਿੰਘ ਵਾਸੀ 8, ਰਾਣੀ ਕਾ ਬਾਗ, ਕਾਲਜ ਲੇਨ, ਅੰਮ੍ਰਿਤਸਰ ਨੇ ਆਪਣਾ ਨਾਮ ਜੈਸਮਿਨ ਅਰੋੜਾ ਤੋਂ ਬਦਲ ਕੇ ਜੈਸਮੀਨ ਕੌਰ ਅਰੋੜਾ ਕਰ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਮੀਰਾ (Meera) ਪਤਨੀ ਮੋਹਿਤ ਖੁਰਾਨਾ ਵਾਸੀ ਵਾਰਡ ਨੰ. 5, ਸ਼ਿਵਾਜੀ ਗਲੀ, ਉੜਮੁੜ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਂਅ ਮੀਰਾ (Meera) ਤੋਂ ਬਦਲ ਕੇ ਮੀਰਾ ਖੁਰਾਨਾ (Meera Khurana) ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

CHANGE OF NAME

I, Paramjeet Singh S/o Attar Singh R/o 81, Patel Nagar, Bathinda, Punjab have changed my name from PARAMJEET SINGH to PARAMJIT SINGH. Please All Concerned Note.

I, Harsimranjot Singh S/o Sarwan Singh R/o VPO Othian, Tehsil Ajnala, Distt. Amritsar, Punjab-143102 have changed my name from Harsimranjot Singh to Singh is my surname and Harsimranjot is my given name.

I, Sukhdip Kaur W/o Arvinder Singh R/o Patti Gau Ki, VPO Rurka Kalan, Tehsil Phillaur, Jalandhar, Punjab 144031 have changed my name from Sukhdip Kaur to Sukhdeep Kaur. All Concerned Note.

I, Anil Kumar S/O Om Parkash Mahajan R/O 13,Gali No.7A,Sunder Nagar, Amritsar, Punjab have changed my name from Anil Kumar to Anil Mahajan.Concerned note.

I Kuldeep Kaur W/O Satnam Singh Sandhu R/O ward number D Patran (Patiala) have changed my name to Kuldeep Kaur Sandhu.

I, Mukesh S/o Sukhdev Kumar R/o M2/1297, 02, Tarn Taran Road Purani Chungi, Guru Nanak Colony, Amritsar-1, Amritsar Punjab have changed my name from Mukesh to Mukesh Kumar. Concerned note.

I, Pinky W/o Mukesh Kumar R/o M2/1297, 02, Tarn Taran Road Purani Chungi, Guru Nanak Colony, Amritsar-1, Amritsar Punjab have changed my name from Pinky to Pinki. Concerned note.

I, Anjali D/o Kewal Ram, resident at Village Talwandi Araian, PO Talwandi Araian, Distt Hoshiarpur, punjab-Punjab have changed my name from Anjali to Anjali Kaur. Concerned note.

I, Rajbir Kaur W/o Satinder Pal Singh R/o Village Moure Khurd Tehsil Ajnala Distt Amritsar have declare that Rajbir is my Given name and Kaur is my Surname name

I, Hargurbir Singh Sandhu S/o Manohar Singh Sandhu R/o AD/BIG, Link Road, Abadi Tirath Nagar, Verka, Amritsar declare that my daughter Gunreet Sandhu and Gunreet Kaur Sandhu are one and same person from today onwards i.e on 18th July, 2026

ਗੋਵਰਧਨ ਗੱਬੀ ਨਾਲ ਮੁਲਾਕਾਤ
(ਆਖਰੀ ਸਫ਼ੇ 'ਤੇ)

ਨਵਾਂ ਜ਼ਮਾਨਾ ਐਤਵਾਰਤਾ

ਸੰਨਾਟਾ ਛਾ ਗਿਆ ਦਰਬਾਰ ਵਿੱਚ,
ਤਨਵੀਰ ਉਸ ਵੇਲੇ।
ਜਦੋਂ ਪਰਵਾਨ ਕੀਤਾ ਨਾ,
ਅਸੀਂ ਭਰੀਆਂ ਪਰਾਤਾਂ ਨੂੰ।
- ਅਜੈ ਤਨਵੀਰ

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 19 ਜੁਲਾਈ 2026
www.nawanzamana.in
ਕੀਮਤ 5.00 ਰੁਪਏ

ਖ਼ੁਫ਼ੀਆ ਏਜੰਸੀਆਂ ਦੀ ਦ੍ਰਿਸ਼ਟੀ ਤੋਂ ਗ਼ਦਰ ਸਾਜ਼ਿਸ਼ ਦਾ ਬਿਰਤਾਂਤ

'ਨਵਾਂ ਜ਼ਮਾਨਾ' ਦੇ ਪਾਠਕਾਂ ਲਈ ਗ਼ਦਰੀਆਂ ਦੀ ਖ਼ੁਫ਼ੀਆ ਜਾਣਕਾਰੀ ਨੂੰ ਪੇਸ਼ ਕਰਦੀ ਕਿਤਾਬ 'ਗ਼ਦਰ ਸਾਜਿਸ਼ ਦਾ ਬਿਰਤਾਂਤ' ਦੀ ਅਮਰੀਕ ਖੰਡਾਲੀਆ ਵੱਲੋਂ ਲਿਖੀ ਭੂਮਿਕਾ, ਅਨੁਵਾਦਕ ਨੇਹਾ ਨਾਯਾਬ ਦੀ ਕਿਤਾਬ 'ਤੇ ਕੀਤੀ ਟਿੱਪਣੀ ਅਤੇ ਸੀ ਆਰ ਕਲੀਵਲੈਂਡ ਵੱਲੋਂ ਕਿਤਾਬ ਦੀ ਵਿਉਂਤਬੰਦੀ ਬਾਰੇ ਲਿਖੇ ਲੇਖ ਅਤੇ ਡਾ. ਹਰਪ੍ਰੀਤ ਸਿੰਘ ਵੱਲੋਂ ਕਿਤਾਬ ਦਾ ਕੀਤਾ ਰੀਵਿਊ ਪ੍ਰਕਾਸ਼ਤ ਕਰ ਰਹੇ ਹਾਂ। ਜੋ ਕਿ ਕਿਤਾਬ ਨੂੰ ਸਮਝਣ ਲਈ ਮਹੱਤਵਪੂਰਨ ਹਨ। -ਸੰਪਾਦਕ



ਬਾਬਾ ਗੁਰਦਿੱਤ ਸਿੰਘ

ਰੂਸੀ ਇਨਕਲਾਬ ਤੋਂ ਚਾਰ ਸਾਲ ਪਹਿਲਾਂ ਤੇ ਮਹਾਤਮਾ ਗਾਂਧੀ ਜੀ ਦੇ ਨਾ-ਮਿਲਵਰਤਣ ਅੰਦੋਲਨ ਤੋਂ ਅੱਠ ਸਾਲ ਪਹਿਲਾਂ ਉੱਤਰੀ ਅਮਰੀਕਾ ਵਿੱਚ ਮਜ਼ਦੂਰੀ ਕਰਨ ਗਏ ਭਾਰਤੀਆਂ ਨੇ ਅੰਗਰੇਜ਼ੀ ਰਾਜ ਖ਼ਿਲਾਫ਼ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਹੋਕਾ ਦੇ ਦਿੱਤਾ ਸੀ। ਇਹਨਾਂ ਦੇਸ਼ ਭਗਤਾਂ ਨੇ ਪਹਿਲੀ ਵਾਰੀ ਗ਼ਦਰ ਨਾਂਅ ਦਾ ਸਪਤਾਹਿਕ ਪਰਚਾ ਸ਼ੁਰੂ ਕੀਤਾ ਤੇ ਇਸ ਪਰਚੇ ਨੂੰ ਭਾਰਤ ਦੀਆਂ ਕਈ ਭਾਸ਼ਾਵਾਂ ਵਿੱਚ ਛਾਪਣਾ ਸ਼ੁਰੂ ਕੀਤਾ। ਇਸ ਪਰਚੇ ਦੀ ਲਖਾਈ, ਛਪਾਈ ਕਰਨ ਵਾਲੇ ਨੌਜਵਾਨ ਕਰਤਾਰ ਸਿੰਘ ਸਰਾਭਾ ਉੱਘੇ ਆਜ਼ਾਦੀ ਘੁਲਾਟੀਏ ਲਾਲਾ ਹਰਦਿਆਲ, ਭਾਈ ਸੰਤੋਖ ਸਿੰਘ, ਵਿਸ਼ਨੂੰ ਦਾਸ ਪਿੰਗਲੇ ਤੇ ਬਰਕਤਉਲਾ ਵਰਗੇ ਸਿਰੜੀ ਲੋਕ ਸਨ। ਗ਼ਦਰ ਪਾਰਟੀ ਦਾ ਨਾਂਅ ਵੀ ਇਸੇ ਅਖ਼ਬਾਰ 'ਗ਼ਦਰ' ਵਿੱਚੋਂ ਨਿਕਲਿਆ ਤੇ ਗ਼ਦਰ ਪਾਰਟੀ ਦਾ ਜਨਮ ਹੋਇਆ।

ਇਹਨਾਂ ਦੇਸ਼ ਭਗਤਾਂ ਦਾ ਮੁੱਖ ਮਕਸਦ ਦੇਸ਼ ਨੂੰ ਆਜ਼ਾਦ ਕਰਵਾ ਕੇ ਇਕ ਧਰਮ ਨਿਰਪੱਖ ਸਭਨਾਂ ਭਾਰਤੀਆਂ ਲਈ ਨਿਆਂ 'ਤੇ ਆਧਾਰਤ ਇਕ ਸਮਾਜ ਦੀ ਸਿਰਜਣਾ ਕਰਨਾ ਸੀ। ਇਸ ਵੱਡੇ ਸਾਰੇ ਸੁਪਨੇ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਵਿਦੇਸ਼ਾਂ ਦੀ ਆਰਾਮ ਭਰੀ ਜ਼ਿੰਦਗੀ ਛੱਡ ਕੇ ਭਾਰਤ ਵੱਲ ਚਾਲੇ ਪਾ ਦਿੱਤੇ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਅੰਗਰੇਜ਼ ਹਕੂਮਤ ਖ਼ਿਲਾਫ਼ ਲੜਦੇ ਸ਼ਹੀਦ ਹੋ ਗਏ ਤੇ ਜੋ ਬਚ ਗਏ, ਉਹ ਆਪਣੇ ਆਖ਼ਰੀ ਦਮ ਤੱਕ ਇਸੇ ਨੂੰ ਪੂਰਾ ਕਰਨ ਲਈ ਲੜਦੇ ਰਹੇ। ਇਹ ਕਿਤਾਬ ਅਸਲ ਵਿੱਚ ਬ੍ਰਿਟਿਸ਼ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਦੀ ਇਕ ਰਿਪੋਰਟ ਹੈ, ਜੋ ਕਿ ਅੰਗਰੇਜ਼ੀ ਸਰਕਾਰ ਨੂੰ ਬਚਾਉਣ ਵਾਸਤੇ ਮਹਾਰਾਣੀ ਦੇ ਚਾਕਰਾਂ ਨੂੰ ਸਾਵਧਾਨ ਕਰਨ ਲਈ ਲਿਖੀ ਗਈ ਸੀ। ਇਸੇ ਲਈ ਗ਼ਦਰੀ ਦੇਸ਼ ਭਗਤਾਂ ਨੂੰ ਇਸ ਕਿਤਾਬ ਵਿੱਚ ਚੋਰ, ਡਾਕੂ, ਗੁੰਡੇ ਵਰਗੇ ਲਫ਼ਜ਼ਾਂ ਨਾਲ ਉਚਾਰਿਆ ਗਿਆ ਹੈ।ਗ਼ਦਰੀ ਬਾਬੇ ਭਾਰਤੀਆਂ ਲਈ ਦੇਸ਼ ਭਗਤ ਸਨ ਤੇ ਅੰਗਰੇਜ਼ਾਂ ਲਈ ਦੁਸ਼ਮਣ। ਇਸ ਕਿਤਾਬ ਨੂੰ ਅੰਗਰੇਜ਼ ਸਰਕਾਰ ਦੇ ਪੱਖ ਤੋਂ ਹੀ ਪੜ੍ਹਿਆ ਜਾਵੇ। ਹਾਲਾਂਕਿ ਅੰਗਰੇਜ਼ਾਂ ਨੇ ਇਹ ਸੀ.ਆਈ.ਡੀ. ਦੀ ਰਿਪੋਰਟ 1919 ਵਿੱਚ ਛਾਪੀ ਸੀ, ਪਰ ਪ੍ਰਸਿੱਧ ਲੇਖਕ ਅਤੇ ਅਨੁਵਾਦਕ ਵੇਦ ਪ੍ਰਕਾਸ਼ ਵਟੁਕ ਤੇ ਮਹਾਰਾਜ ਕੌਲ ਦੇ ਉੱਦਮ ਨਾਲ ਇਹ ਕਿਤਾਬ ਅੰਗਰੇਜ਼ੀ ਵਿਚ ਭਾਰਤੀਆਂ ਨੂੰ ਗਦਰ ਪਾਰਟੀ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਪ੍ਰਕਾਸ਼ਤ ਕੀਤੀ ਗਈ ਹੈ।

- ਅਮਰੀਕ ਖੰਡਾਲੀਆ

ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦਾ ਦਸਤਾਵੇਜ਼

'ਗ਼ਦਰ ਸਾਜ਼ਿਸ਼ ਦਾ ਬਿਰਤਾਂਤ' ਇਹ ਮਹਿਜ਼ ਇਕ ਕਿਤਾਬ ਨਹੀਂ, ਸਗੋਂ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੇ ਉਸ ਅਧਿਆਇ ਦਾ ਦਸਤਾਵੇਜ਼ ਹੈ, ਜੋ ਸੱਤ ਸਮੁੰਦਰੋਂ ਪਾਰ ਵਿਦੇਸ਼ੀ ਧਰਤੀ 'ਤੇ ਲਿਖਿਆ ਗਿਆ ਸੀ। ਬ੍ਰਿਟਿਸ਼ ਹਕੂਮਤ ਦੇ ਦੌਰਾਨ ਲਿਖੀ ਗਈ ਇਹ ਕਿਤਾਬ ਉਸ ਸਮੇਂ ਦੀਆਂ ਸਿਆਸੀ ਹਾਲਤਾ, ਕ੍ਰਾਂਤੀਕਾਰੀਆਂ ਦੀਆਂ ਰਣਨੀਤੀਆਂ ਅਤੇ ਉਨ੍ਹਾਂ ਦੇ ਅਟੁੱਟ ਸਾਹਸ ਨੂੰ ਦਰਸਾਉਂਦੀ ਹੈ।

ਗ਼ਦਰ ਅੰਦੋਲਨ ਦੀਆਂ ਜੜ੍ਹਾਂ ਪੰਜਾਬ ਦੀ ਮਿੱਟੀ ਅਤੇ ਇੱਥੋਂ ਦੇ ਸੂਰਬੀਰਾਂ ਦੇ ਜਜ਼ਬੇ ਨਾਲ ਜੁੜੀਆਂ ਹੋਈਆਂ ਸਨ। ਇਹ ਵੀ ਇੱਕ ਮਸਲਾ ਹੈ ਕਿ ਜਿਸ ਇਤਿਹਾਸ ਨੂੰ ਪੰਜਾਬੀ ਵਿਚ ਸਭ ਤੋਂ ਪਹਿਲਾਂ ਅਤੇ ਵਿਸਥਾਰ ਨਾਲ ਪੜ੍ਹਿਆ ਜਾਣਾ ਚਾਹੀਦਾ, ਉਸ ਦਾ ਇਕ ਵੱਡਾ ਹਿੱਸਾ ਅੰਗਰੇਜ਼ੀ ਫਾਈਲਾਂ ਅਤੇ ਕਿਤਾਬਾਂ ਵਿੱਚ ਹੀ ਦੱਬਿਆ ਰਿਹਾ। ਇਸ ਅਨੁਵਾਦ ਦਾ ਮੁੱਖ ਮਕਸਦ ਉਸ ਇਤਿਹਾਸਕ ਤੱਥਾਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਵਿਚ ਆਮ ਪਾਠਕਾਂ ਤੱਕ ਪਹੁੰਚਾਉਣਾ ਹੈ, ਤਾਂ ਜੋ ਨਵੀਂ ਪੀੜ੍ਹੀ ਜਾਣ ਸਕੇ ਕਿ ਵਿਦੇਸ਼ੀ ਧਰਤੀ 'ਤੇ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਉਨ੍ਹਾਂ 'ਗਦਰੀਆਂ' ਦਾ ਨਜ਼ਰੀਆ ਕੀ ਸੀ ਜਾਂ ਫਿਰ ਅਸੀਂ ਇਹ ਕਹਿ ਸਕਦੇ ਹਾਂ ਕਿ ਸਮੇਂ ਦੀ ਹਕੂਮਤ ਦਾ ਉਹਨਾਂ 'ਗ਼ਦਰੀਆਂ' ਪ੍ਰਤੀ ਕੀ ਰਵੱਈਆ ਸੀ ?

ਇਸ ਨੂੰ ਅਨੁਵਾਦ ਕਰਨਾ ਮੇਰੇ ਲਈ ਕਾਫ਼ੀ ਮੁਸ਼ਕਿਲ ਭਰਿਆ ਵੀ ਸੀ, ਪਰ ਮੈਂ ਇਸ ਨੂੰ ਇੱਕ ਮਹੱਤਵਪੂਰਨ ਕੰਮ ਸਮਝਦੇ ਹੋਏ ਆਪਣੀ ਪੂਰੀ ਊਰਜਾ ਲਗਾ ਕੇ ਨੇਪਰੇ ਚਾੜ੍ਹਿਆ ਹੈ।

- ਨੇਹਾ ਨਾਯਾਬ

ਗ਼ਦਰ ਡਾਇਰੈਕਟਰੀ : ਜਾਣ-ਪਹਿਚਾਣ

ਪਿਛਲੇ ਕਈ ਸਾਲਾਂ ਤੋਂ ਇਹ ਵਿਭਾਗ ਨੇ ਭਾਰਤੀਆਂ ਦੀਆਂ ਦੇਸ਼ਧ੍ਰੋਹੀ ਗਤੀਵਿਧੀਆਂ ਨੂੰ ਅਮਰੀਕਾ ਅਤੇ ਦੂਰ ਪੂਰਬ ਵਿੱਚ ਦੇਖਿਆ। ਪਰ 1913 ਤੱਕ ਉਸ ਦੇ ਬਹੁਤ ਹੀ ਛੋਟੇ ਸਪੱਸ਼ਟ ਨਤੀਜੇ ਨਿਕਲੇ ਸਨ। 23 ਦਸੰਬਰ 1912 ਨੂੰ ਦਿੱਲੀ ਵਿੱਚ ਬੰਬ ਸੁੱਟਣ ਤੋਂ ਬਾਅਦ ਇਹ ਸੁਣਨ ਵਿੱਚ ਆਇਆ ਸੀ ਕਿ ਹਰਦਿਆਲ, ਜੋ ਕਿ ਅਮਰੀਕਾ ਵਿੱਚ ਭਾਰਤੀ ਲਹਿਰ ਦੀ ਅਗਵਾਈ ਸੰਭਾਲ ਰਹੇ ਸਨ, ਉਨ੍ਹਾਂ ਨੇ ਇਸ ਪ੍ਰਾਪਤੀ ਦਾ ਸਾਰਾ ਸਿਹਰਾ ਨੌਜਵਾਨਾਂ ਦੇ ਸਿਰ ਮੜ੍ਹਿਆ, ਪਰ ਇਸ ਤੋਂ ਕੁਝ ਸਮੇਂ ਬਾਅਦ ਵੀ ਅਸੀਂ ਇਸ ਦਾਅਵੇ ਨੂੰ ਅਤਿਕਥਨੀ ਅਤੇ ਸ਼ੇਖੀਬਾਜ਼ੀ ਹੀ ਸਮਝਦੇ ਰਹੇ। ਥੋੜ੍ਹੇ ਸਮੇਂ ਬਾਅਦ ਅਸੀਂ ਇਹ ਜਾਣਿਆ ਕਿ ਦਿੱਲੀ-ਲਾਹੌਰ ਦੇ ਸਾਜਿਸ਼ ਕਰਨ ਵਾਲੇ ਹਰਦਿਆਲ ਤੋਂ ਬਹੁਤ ਜ਼ਿਆਦਾ ਪ੍ਰੇਰਿਤ ਸਨ।

ਬੰਤਾ ਸਿੰਘ ਸੰਘਵਾਲ

'ਗ਼ਦਰ' ਅਖ਼ਬਾਰ ਦਾ ਪਹਿਲਾ ਅੰਕ 1 ਨਵੰਬਰ 1913 ਨੂੰ ਸਾਨ ਫਰਾਂਸਿਸਕੋ ਵਿੱਚ ਪ੍ਰਕਾਸ਼ਿਤ ਹੋਇਆ ਸੀ। 7 ਦਸੰਬਰ ਨੂੰ ਇਸ ਅਖ਼ਬਾਰ ਦੀਆਂ ਕਾਪੀਆਂ ਵਿਦੇਸ਼ੀ ਆਦਮੀਆਂ ਦੁਆਰਾ ਭਾਰਤ ਵਿੱਚ ਪਹੁੰਚਾਈਆਂ ਗਈਆਂ ਅਤੇ ਉਦੋਂ ਤੋਂ ਅਸੀਂ ਲਗਾਤਾਰ ਹਫ਼ਤਾਵਾਰੀ ਅੰਕਾਂ ਨੂੰ ਵੱਡੀ ਗਿਣਤੀ ਵਿੱਚ ਰੋਕਦੇ ਆ ਰਹੇ ਹਾਂ।

1914 ਦੇ ਸ਼ੁਰੂਆਤੀ ਮਹੀਨਿਆਂ ਵਿੱਚ, ਜੋ ਸਬੂਤ ਇਕੱਠੇ ਹੋਏ ਉਹ ਦਰਸਾਉਂਦੇ ਨੇ ਕਿ ਹਰਦਿਆਲ ਅਤੇ ਉਸ ਦੇ ਸਾਥੀਆਂ ਨੇ ਪਿਛਲੇ ਸਾਲ ਦੇ ਖਿੱਲਰੇ ਹੋਏ ਦੇਸ਼ਧ੍ਰੋਹੀ ਉੱਦਮਾਂ ਨੂੰ ਇੱਕ ਵੱਡੇ ਉਦੇਸ਼ ਵਿੱਚ ਸਫ਼ਲਤਾਪੂਰਵਕ ਮਿਲਾ ਦਿੱਤਾ ਸੀ, ਜਿਸ ਨੂੰ ਸੁਵਿਧਾਜਨਕ ਤੌਰ 'ਤੇ ਗ਼ਦਰ ਲਹਿਰ ਕਿਹਾ ਜਾ ਸਕਦਾ ਹੈ, ਜਿਸ ਦਾ ਐਲਾਨ ਕਰਨ ਦਾ ਉਦੇਸ਼ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਮਜਬੂਰ ਕਰਨਾ ਸੀ।ਇਸ ਸਾਜਿਸ਼ ਦੇ ਨਤੀਜੇ ਬਹੁਤ ਵਿਸ਼ਾਲ ਸਨ, ਪਰ ਅਮਰੀਕਾ ਵਿੱਚ ਕੇਂਦਰੀ ਕੰਟਰੋਲ ਅਤੇ ਮਾਰਗਦਰਸ਼ਨ ਹਰਦਿਆਲ ਅਤੇ ਉਸ ਦੇ ਸਹਾਇਕਾਂ ਕੋਲ ਰਿਹਾ। ਜੰਗ ਛਿੜਨ ਤੋਂ ਪਹਿਲਾਂ ਸਾਜ਼ਿਸ਼ਕਾਰਾਂ ਨੇ ਆਪਣਾ ਸਾਰਾ ਜ਼ੋਰ ਭਰਤੀ ਕਰਨ ਅਤੇ ਸੰਗਠਨ ਵੱਲ ਲਾਇਆ ਅਤੇ ਭਾਰਤ ਅਤੇ ਹੋਰ ਥਾਵਾਂ 'ਤੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਲਈ ਵੱਡੀ ਗਿਣਤੀ ਵਿੱਚ ਗ਼ਦਰ ਅਖ਼ਬਾਰ, ਜੋ ਲਹਿਰ ਅਤੇ ਪਾਰਟੀ ਦਾ ਅਧਿਕਾਰਤ ਅੰਗ ਸੀ, ਉਸ ਨੂੰ ਜ਼ਿਆਦਾ ਮਾਤਰਾ ਵਿੱਚ ਵੰਡਣ 'ਤੇ ਲਗਾ ਦਿੱਤਾ ਸੀ।

ਬਾਬੂ ਮੰਗੂ ਰਾਮ ਮੁਗੋਵਾਲ

ਜਦੋਂ ਯੁੱਧ ਖ਼ਤਮ ਹੋਇਆ ਸੀ ਤਾਂ ਹਰਦਿਆਲ ਅਮਰੀਕਾ ਛੱਡ ਕੇ ਸਵਿਟਜ਼ਰਲੈਂਡ ਪਹੁੰਚ ਗਿਆ ਸੀ, ਪਰ ਉਹ ਫਿਰ ਵੀ ਆਪਣੇ ਸਾਥੀਆਂ ਨਾਲ ਨਜ਼ਦੀਕੀ ਸੰਪਰਕ ਵਿੱਚ ਸਰਵ-ਵਿਆਪਕ ਤੌਰ 'ਤੇ ਪ੍ਰਵਾਨਿਤ ਨੇਤਾ ਸੀ। ਯੁੱਧ ਦੀ ਸਥਿਤੀ ਨੂੰ ਦੇਖਦੇ ਹੋਏ ਪਾਰਟੀ ਨੇ ਉਸ ਨੂੰ ਇੱਕ ਵੱਡੇ ਮੌਕੇ ਵਜੋਂ ਸਵੀਕਾਰ ਕਰ ਲਿਆ ਸੀ, ਹਾਲਾਂਕਿ ਪਾਰਟੀ ਨੂੰ ਕਿਸੇ ਨੌਜਵਾਨ ਨੂੰ ਚੁਣਨਾ ਜ਼ਿਆਦਾ ਬਿਹਤਰ ਲੱਗਣਾ ਸੀ। ਉਨ੍ਹਾਂ ਨੂੰ ਜਿੱਥੇ ਹਮਦਰਦ ਮਿਲ ਸਕਦੇ ਸਨ ਅਤੇ ਜਿੱਥੇ ਗ਼ਦਰ ਦੇ ਪ੍ਰਚਾਰ ਦਾ ਪੂਰਾ ਪ੍ਰਭਾਵ ਸੀ, ਉਨ੍ਹਾਂ ਵਿਦੇਸ਼ੀ ਬੰਦਰਗਾਹਾਂ 'ਤੇ ਜਾਣ ਦੀ ਬਜਾਏ, ਉਨ੍ਹਾਂ ਨੇ ਮਹਿਸੂਸ ਕੀਤਾ ਕਿ ਅਧਿਕਾਰੀਆਂ ਦੀ ਦਖ਼ਲਅੰਦਾਜ਼ੀ ਨੂੰ ਘੱਟ ਤੋਂ ਘੱਟ ਕਰਨ ਦਾ ਸਮਾਂ ਆ ਗਿਆ ਹੈ। ਪਾਰਟੀ ਨੇ ਫ਼ੈਸਲਾ ਕੀਤਾ ਕਿ ਕ੍ਰਾਂਤੀ ਲਿਆਉਣ ਦਾ ਸਮਾਂ ਆ ਚੁੱਕਾ ਹੈ, ਉਨ੍ਹਾਂ ਨੇ ਸਾਰੇ ਮੈਂਬਰਾਂ ਨੂੰ ਸਲਾਹ ਦਿੱਤੀ ਕਿ ਉਹ ਭਾਰਤ ਵਾਪਸ ਜਾਣ ਅਤੇ ਉੱਥੇ ਜਾ ਕੇ ਆਪਣੇ ਆਗੂਆਂ ਦੁਆਰਾ ਮਿਲੇ ਨਿਰਦੇਸ਼ਾਂ 'ਤੇ ਕੰਮ ਕਰਨ। ਪਿਛਲੇ ਅਗਸਤ ਵਿੱਚ ਕੈਨੇਡਾ, ਯੂ.ਐੱਸ.ਏ. ਅਤੇ ਦੂਰ ਪੂਰਬ ਤੋਂ ਭਾਰਤੀ ਪਰਵਾਸੀਆਂ ਦਾ ਵੱਡੀ ਗਿਣਤੀ ਵਿੱਚ ਮੁੜਨ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ, ਸਤੰਬਰ ਦੇ ਅੰਤ ਤੋਂ ਬਾਅਦ ਭਰੇ ਹੋਏ ਜਹਾਜ਼ ਰੰਗੂਨ, ਕਲਕੱਤਾ ਅਤੇ ਕੋਲੰਬੋ ਵਿਖੇ ਪਹੁੰਚ ਰਹੇ ਸੀ। ਗ਼ਦਰ ਪਾਰਟੀ ਵਿੱਚ ਬਹੁ-ਗਿਣਤੀ ਵਿੱਚ ਭਰਤੀ ਕੀਤੇ ਗਏ ਲੋਕਾਂ ਵਿੱਚੋਂ ਪੰਜਾਬ ਦੇ ਸਿੱਖ ਸਨ ਅਤੇ ਪਿਛਲੇ ਚਾਰ ਜਾਂ ਪੰਜ ਮਹੀਨਿਆਂ ਤੋਂ ਪੰਜਾਬ ਵਿੱਚ ਗ਼ਦਰ ਪਾਰਟੀ ਅਤੇ ਸਰਕਾਰ ਵਿਚਾਲੇ ਇੱਕ ਮੁਹਿੰਮ ਚਲਾਈ ਗਈ ਸੀ। ਸਿੱਖਾਂ ਤੋਂ ਇਲਾਵਾ, ਵਾਪਸ ਆਏ ਪਰਵਾਸੀਆਂ ਵਿੱਚੋਂ ਕੁਝ ਹਿੰਦੂ ਅਤੇ ਮੁਸਲਿਮ ਵੀ ਸਨ, ਜੋ ਕਿ ਕੰਮ ਕਰਨ ਵਾਲੇ ਅਤੇ ਵਪਾਰੀ ਵਰਗ ਨਾਲ ਸੰਬੰਧ ਰੱਖਦੇ ਸਨ ਅਤੇ ਕੁਝ ਕੁ ਗਿਣਤੀ ਵਿੱਚ ਜ਼ਿਆਦਾ ਪੜ੍ਹੇ-ਲਿਖੇ ਭਾਰਤੀ ਵੀ ਸਨ, ਜੋ ਯੂਨੀਵਰਸਿਟੀ ਵਿੱਚ ਪੜ੍ਹਨ ਅਤੇ ਡਿਗਰੀਆਂ ਹਾਸਲ ਕਰਨ ਲਈ ਵਿਦੇਸ਼ ਗਏ ਸਨ। ਗ਼ਦਰ ਪਾਰਟੀ ਨੂੰ ਪੰਜਾਬ ਵਿੱਚ ਕਤਲਾਂ ਅਤੇ ਡਕੈਤੀਆਂ ਅਤੇ ਹੋਰ ਹਿੰਸਕ ਅਪਰਾਧਾਂ ਦੀ ਇੱਕ ਵੱਡੀ ਸੂਚੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ, ਪਰ ਹੁਣ ਤੱਕ ਕਈ ਆਗੂਆਂ ਦੀ ਗ੍ਰਿਫ਼ਤਾਰੀ ਅਤੇ ਕੈਦ ਦੇ ਨਾਲ ਕਾਫ਼ੀ ਵੱਡੀ ਗਿਣਤੀ ਵਿੱਚ ਆਮ ਕਾਰਕੁਨਾਂ ਨੂੰ ਇੰਡੀਅਨ ਆਰਡੀਨੈਂਸ ਜਾਂ ਪੀਨਲ ਕੋਡ ਦੇ ਦੁਆਰਾ ਕੈਦ ਕੀਤੇ ਜਾਣ ਕਾਰਨ ਉਹ ਬਹੁਤ ਬੁਰੇ ਤਰੀਕੇ ਨਾਲ ਕਮਜ਼ੋਰ ਪੈ ਗਏ ਸਨ। ਕਈ ਮਾਮਲਿਆਂ ਵਿੱਚ ਹਥਿਆਰ, ਬੰਬ ਅਤੇ ਵਿਸਫੋਟਕ ਪੰਜਾਬ ਦੇ ਪਾਰਟੀ ਮੈਂਬਰਾਂ ਦੇ ਕਬਜ਼ੇ ਵਿੱਚੋਂ ਮਿਲੇ ਸਨ, ਜਦਕਿ ਭਾਰਤੀ ਫ਼ੌਜੀਆਂ ਨੂੰ ਬਗ਼ਾਵਤ ਲਈ ਉਕਸਾਉਣ ਦੀਆਂ ਤਮਾਮ ਕੋਸ਼ਿਸ਼ਾਂ ਵੀ ਅੱਗੇ ਆਈਆਂ ਸਨ। ਠੋਸ ਸਬੂਤ ਇਹ ਵੀ ਮਿਲੇ ਸਨ ਕਿ ਗ਼ਦਰ ਦੇ ਲੋਕਾਂ ਦਾ ਬੰਗਾਲੀ ਕ੍ਰਾਂਤੀਕਾਰੀਆਂ ਅਤੇ ਪੁਰਾਣੀ ਬਾਗ਼ੀ ਪਾਰਟੀ ਨਾਲ ਵੀ ਸੰਬੰਧ ਸੀ, ਜਿਸ ਨੇ 1907 ਵਿੱਚ ਪੰਜਾਬ ਵਿੱਚ ਬਹੁਤ ਮੁਸ਼ਕਿਲ ਖੜ੍ਹੀ ਕੀਤੀ ਸੀ।

ਇਹ ਸੂਚੀ ਉਨ੍ਹਾਂ ਵਿਅਕਤੀਆਂ ਦੀ ਪਹਿਚਾਣ ਕਰਨ ਵਿੱਚ ਮਦਦ ਕਰਨ ਦੇ ਇਰਾਦੇ ਨਾਲ ਤਿਆਰ ਕੀਤੀ ਗਈ ਸੀ, ਜੋ ਗ਼ਦਰ ਦੀ ਮੁਹਿੰਮ ਵਿੱ ਸ਼ਾਮਲ ਸਨ। ਉਂਝ ਇਹ ਲਾਜ਼ਮੀ ਤੌਰ 'ਤੇ ਅਧੂਰੀ ਹੈ, ਕਿਉਂਕਿ ਬਹੁਤ ਸਾਰੇ ਵਿਅਕਤੀ, ਜਿਨ੍ਹਾਂ ਦਾ ਇਸ ਵਿੱਚ ਜ਼ਿਕਰ ਕੀਤਾ ਗਿਆ ਹੈ, ਦੇਸ਼ ਛੱਡਣ ਸਮੇਂ ਆਪਣੇ ਬਾਰੇ ਅਣਜਾਣ ਅਤੇ ਗ਼ੈਰ-ਮਹੱਤਵਪੂਰਨ ਸਨ, ਜਦ ਕਿ ਵਿਦੇਸ਼ ਵਿੱਚ ਰਹਿੰਦੇ ਹੋਏ ਉਨ੍ਹਾਂ ਦੀ ਪਹਿਚਾਣ ਅਤੇ ਕੰਮ ਸਿਰਫ਼ ਉਨ੍ਹਾਂ ਦੇ ਆਪਣੇ ਵੱਖਰੇ ਭਾਈਚਾਰੇ ਨੂੰ ਹੀ ਪਤਾ ਸਨ। ਇਸ ਕਰਕੇ ਬਹੁਤ ਸਾਰੇ ਲੋਕ ਭਾਰਤ ਪਹੁੰਚਣ ਵੇਲੇ ਕਿਸੇ ਦਾ ਵੀ ਧਿਆਨ ਆਪਣੇ ਵੱਲ ਖਿੱਚਣ ਵਿੱਚ ਅਸਫ਼ਲ ਰਹੇ ਅਤੇ ਉਨ੍ਹਾਂ ਨੇ ਆਪਣੇ ਅਸਲੀ ਰੰਗ ਪੰਜਾਬ ਵਿੱਚ ਆ ਕੇ ਹੀ ਦਿਖਾਏ। ਸਾਡੇ ਕੋਲ ਕਾਫ਼ੀ ਜਾਣਕਾਰੀ, ਕੁਝ ਸਹਿ-ਸਾਜਿਸ਼ਕਾਰਾਂ ਦੇ ਪੂਰੇ ਖੁਲਾਸਿਆਂ ਦੇ ਰੋਕੇ ਗਏ ਪੱਤਰਵਿਹਾਰ ਦੁਆਰਾ ਬਿਲਕੁਲ ਭਰੋਸੇਯੋਗ ਕਿਸਮ ਦੀ ਸੀ, ਪਰ ਬਾਕੀ ਘੱਟ-ਭਰੋਸੇਯੋਗ ਜਾਣਕਾਰੀ ਸਾਨੂੰ ਉਨ੍ਹਾਂ ਵਿਅਕਤੀਆਂ ਤੋਂ ਹਾਸਲ ਹੋਈ, ਜਿਨ੍ਹਾਂ ਲਈ ਪਰਵਾਸੀਆਂ ਦੇ ਅਸਲ ਨਾਂਅ ਅਣਜਾਣ ਅਤੇ ਰਹੱਸਮਈ ਸਨ।

ਸਾਰੀ ਜਾਣਕਾਰੀ ਨੂੰ ਇਕੱਠਾ ਕਰਨ, ਜਾਂਚ ਕਰਨ ਅਤੇ ਪ੍ਰਦਰਸ਼ਿਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਗਈ ਸੀ, ਪਰ ਇਹ ਮਹਿਸੂਸ ਕੀਤਾ ਗਿਆ ਕਿ ਏਨੀ ਵੱਡੀ ਗਿਣਤੀ ਵਿੱਚ ਵਿਅਕਤੀਆਂ ਬਾਰੇ ਲਏ ਨੋਟਿਸ, ਜੋ ਭੇਤ-ਭਰੇ ਰੂਪ ਵਿੱਚ ਵਿਦੇਸ਼ੀ ਹਿੱਸਿਆਂ ਵਿੱਚ ਇੱਕ ਨਜ਼ਦੀਕੀ ਭਾਈਚਾਰੇ ਦੇ ਅੰਦਰ ਸਾਜ਼ਿਸ਼ਾਂ ਕਰ ਰਹੇ ਹਨ, ਉਹ ਅਕਸਰ ਪੂਰੇ ਹੋਣ ਤੋਂ ਬਹੁਤ ਦੂਰ ਸਨ।

ਇਸ ਕੰਮ ਦਾ ਉਦੇਸ਼ ਇਤਿਹਾਸ ਨੂੰ ਦਰਜ ਕਰਨ ਦੇ ਨਾਲ ਨਵੇਂ ਖੇਤਰਾਂ ਦੀ ਪੜਤਾਲ ਲਈ ਸੁਝਾਅ ਦੇਣਾ ਵੀ ਹੈ ਅਤੇ ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਸਾਰੇ ਸੂਬਿਆਂ ਦੀ ਪੁਲਸ ਇਨ੍ਹਾਂ ਪੰਨਿਆਂ ਵਿੱਚ ਉਪਲੱਬਧ ਜਾਣਕਾਰੀ ਨੂੰ ਫੈਲਾਉਣ ਦੀ ਕੋਸ਼ਿਸ਼ ਕਰੇਗੀ। ਇਹ ਕੰਮ ਅਸਲ ਵਿੱਚ ਇੱਕ ਆਰਜ਼ੀ ਉਤਪਾਦਨ ਹੈ ਅਤੇ ਸੰਭਵ ਹੈ ਕਿ ਇਹ ਕਈ ਵਾਰੀ ਸੋਧਿਆ ਅਤੇ ਮੁੜ ਪ੍ਰਕਾਸ਼ਿਤ ਕੀਤਾ ਜਾਵੇਗਾ।

ਮੈਂ ਉਨ੍ਹਾਂ ਵਿਅਕਤੀਆਂ ਦੇ ਨਾਂਅ ਸ਼ਾਮਲ ਕੀਤੇ ਹਨ, ਜੋ ਮਿਲੀਆਂ-ਜੁਲੀਆਂ ਲਹਿਰਾਂ ਨਾਲ ਸੰਬੰਧਤ ਹਨ, ਜਿਨ੍ਹਾਂ ਦੇ ਪੁਰਾਣੇ ਇਤਿਹਾਸ ਤੋਂ ਇਹ ਸੰਭਾਵਨਾ ਬਣਦੀ ਹੈ ਕਿ ਉਹ ਇਸ ਵਿੱਚ ਸ਼ਾਮਲ ਹਨ, ਖ਼ਾਸ ਕਰ ਕਿਉਂਕਿ ਹਰਦਿਆਲ ਦੀ ਅਗਵਾਈ ਹੇਠਲੀ ਗ਼ਦਰ ਲਹਿਰ ਨੇ ਉਨ੍ਹਾਂ ਸਾਰੀਆਂ ਛੋਟੀਆਂ ਇਨਕਲਾਬੀ ਲਹਿਰਾਂ ਨੂੰ ਆਪਣੇ ਵਿੱਚ ਸਮਾ ਲਿਆ, ਜੋ ਉਸ ਦੇ ਸਮੇਂ ਤੋਂ ਪਹਿਲਾਂ ਮੌਜੂਦ ਸਨ।

ਇੱਕ ਵਿਸ਼ਵ ਨਕਸ਼ਾ, ਜੋ ਗ਼ਦਰ ਲਹਿਰ ਦੇ ਮੁੱਖ ਕੇਂਦਰਾਂ ਨੂੰ ਦਰਸਾਉਂਦਾ ਹੈ, ਜਿੱਥੋਂ ਤੱਕ ਸਾਨੂੰ ਪਤਾ ਹੈ, ਇਸ ਜਿਲਦ ਦੇ ਨਾਲ ਫੈਲਾਇਆ ਗਿਆ ਹੈ। ਇਸ ਜਿਲਦ ਨੂੰ ਤਿਆਰ ਕਰਨ ਵਿੱਚ, ਸਾਨੂੰ ਪੰਜਾਬ ਦੇ ਸੀ.ਆਈ.ਡੀ. ਅਫ਼ਸਰਾਂ ਤੋਂ ਬਹੁਤ ਕੀਮਤੀ ਸਹਾਇਤਾ ਮਿਲੀ ਹੈ, ਜਿਨ੍ਹਾਂ ਨੇ ਉਨ੍ਹਾਂ ਦੁਆਰਾ ਇਕੱਠੀਆਂ ਕੀਤੀਆਂ ਗਈਆਂ ਜਾਂਚਾਂ ਅਤੇ ਪੜਤਾਲਾਂ ਦੀ ਕੀਮਤੀ ਜਾਣਕਾਰੀ ਨੂੰ ਖੁੱਲ੍ਹੇਆਮ ਸਾਡੇ ਸਾਹਮਣੇ ਰੱਖਿਆ।

— ਸੀ. ਆਰ. ਕਲੀਵਲੈਂਡ
ਡਾਇਰੈਕਟਰ ਕ੍ਰਿਮੀਨਲ ਇੰਟੈਲੀਜੈਂਸ ਦਿੱਲੀ, 11 ਮਾਰਚ, 1915

ਗ਼ਦਰ ਸਾਜ਼ਿਸ਼ ਦਾ ਬਿਰਤਾਂਤ : ਸੀ ਆਈ ਡੀ ਦੇ ਪੱਖ ਤੋਂ

ਐੱਫ ਸੀ ਆਈਸਮੋਂਗਰ ਅਤੇ ਜੇ. ਸਲੈਟਰੀ
ਸੰਪਾਦਕ-ਡਾ. ਵੇਦ ਪ੍ਰਕਾਸ਼ ਵਟੁਕ
ਪੰਜਾਬੀ ਅਨੁ.-ਨੇਹਾ ਨਾਯਾਬ
ਸਫੇ-292, ਮੁੱਲ-495
ਚੇਤਨਾ ਪ੍ਰਕਾਸ਼ਨ, ਲੁਧਿਆਣਾ

'ਗ਼ਦਰ ਸਾਜ਼ਿਸ਼ ਦਾ ਬਿਰਤਾਂਤ (ਸੀ.ਆਈ.ਡੀ. ਦੇ ਪੱਖ ਤੋਂ 1913-15)' ਕਿਤਾਬ ਅਸਲ ਵਿੱਚ ਬ੍ਰਿਟਿਸ਼ ਸਰਕਾਰ ਦੀਆਂ ਖੁਫੀਆ ਏਜੰਸੀਆਂ ਦੀ ਇੱਕ ਰਿਪੋਰਟ ਹੈ, ਜੋ ਕਿ ਅੰਗਰੇਜ਼ੀ ਸਰਕਾਰ ਨੂੰ ਬਚਾਉਣ ਵਾਸਤੇ ਮਹਾਰਾਣੀ ਦੇ ਚਾਕਰਾਂ ਨੂੰ ਸਾਵਧਾਨ ਕਰਨ ਲਈ ਲਿਖੀ ਗਈ ਸੀ। ਇਸ ਦੇ ਮੂਲ ਲੇਖਕ ਐੱਫ.ਸੀ. ਆਈਸਮੋਂਗਰ ਅਤੇ ਜੇ. ਸਲੈਟਰੀ (ਭਾਰਤੀ ਪੁਲਸ, ਪੰਜਾਬ, 1919) ਹਨ। ਇਸੇ ਲਈ ਗ਼ਦਰੀ ਦੇਸ਼ ਭਗਤਾਂ ਨੂੰ ਇਸ ਕਿਤਾਬ ਵਿੱਚ ਚੋਰ, ਡਾਕੂ, ਗੁੰਡੇ ਵਰਗੇ ਲਫ਼ਜ਼ਾਂ ਨਾਲ ਉਚਾਰਿਆ ਗਿਆ ਹੈ। ਗ਼ਦਰੀ ਬਾਬੇ ਭਾਰਤੀਆਂ ਲਈ ਦੇਸ਼ ਭਗਤ ਸਨ ਤੇ ਅੰਗਰੇਜ਼ਾਂ ਲਈ ਦੁਸ਼ਮਣ। ਇਸ ਕਿਤਾਬ ਨੂੰ ਅੰਗਰੇਜ਼ ਸਰਕਾਰ ਦੇ ਪੱਖ ਤੋਂ ਹੀ ਪੜ੍ਹਿਆ ਜਾਵੇ। ਅੰਗਰੇਜ਼ਾਂ ਨੇ ਇਹ ਸੀ.ਆਈ.ਡੀ. ਦੀ ਰਿਪੋਰਟ 1919 ਵਿੱਚ ਛਾਪੀ ਸੀ । ਇਸ ਨੂੰ ਸੰਪਾਦਤ ਕੀਤਾ ਹੈ ਡਾ. ਵੇਦ ਪ੍ਰਕਾਸ਼ ਵਟੁਕ ਤੇ ਪੰਜਾਬੀ ਅਨੁਵਾਦ ਨੇਹਾ ਨਾਯਾਬ ਨੇ ਕੀਤਾ ਹੈ। ਇਹ ਪੁਸਤਕ 'ਦਾ ਗ਼ਦਰ ਹੈਰੀਟੇਜ ਫਾਊਂਡੇਸ਼ਨ ਆਫ ਕੈਲੀਫੋਰਨੀਆ' ਦੀ ਦੇਖ-ਰੇਖ ਹੇਠ ਅਨੁਵਾਦ ਹੋ ਕੇ ਲੋਕ ਅਰਪਣ ਹੋਈ ਹੈ।

ਅੰਗਰੇਜ਼ ਹਕੂਮਤ ਦੀ ਸੀ.ਆਈ.ਡੀ. ਨੇ ਗ਼ਦਰ ਲਹਿਰ ਨਾਲ ਸੰਬੰਧ ਰੱਖਣ ਵਾਲੇ ਇੱਕ ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਸ਼ਨਾਖਤ ਕੀਤੀ ਹੈ। ਗ਼ਦਰ ਡਾਇਰੈਕਟਰੀ ਦੇ ਪਹਿਲੇ ਐਡੀਸ਼ਨ ਵਿੱਚ ਸੀ.ਆਈ.ਡੀ. ਨੇ ਲਿਖਿਆ ਹੈ : '23 ਦਸੰਬਰ 1912 ਨੂੰ ਦਿੱਲੀ ਵਿੱਚ ਬੰਬ ਸੁੱਟਣ ਤੋਂ ਬਾਅਦ ਇਹ ਸੁਣਨ ਵਿੱਚ ਆਇਆ ਹੈ ਕਿ ਹਰਦਿਆਲ, ਜੋ ਕਿ ਅਮਰੀਕਾ ਵਿੱਚ ਭਾਰਤੀ ਲਹਿਰ ਦੀ ਅਗਵਾਈ ਸੰਭਾਲ ਰਹੇ ਸਨ, ਉਨ੍ਹਾਂ ਨੇ ਇਸ ਪ੍ਰਾਪਤੀ ਦਾ ਸਾਰਾ ਸਿਹਰਾ ਨੌਜਵਾਨਾਂ ਦੇ ਸਿਰ ਮੜ੍ਹਿਆ, ਪਰ ਇਸ ਤੋਂ ਕੁਝ ਸਮੇਂ ਬਾਅਦ ਵੀ ਅਸੀਂ ਇਸ ਦਾਅਵੇ ਨੂੰ ਅਤਿਕਥਨੀ ਅਤੇ ਸ਼ੇਖੀਬਾਜ਼ੀ ਹੀ ਸਮਝਦੇ ਰਹੇ। ਥੋੜ੍ਹੇ ਸਮੇਂ ਬਾਅਦ ਅਸੀਂ ਇਹ ਜਾਣਿਆ ਕਿ ਦਿੱਲੀ ਲਾਹੌਰ ਦੇ ਸਾਜ਼ਿਸ਼ ਕਰਨ ਵਾਲੇ ਹਰਦਿਆਲ ਤੋਂ ਜ਼ਿਆਦਾ ਪ੍ਰੇਰਿਤ ਸਨ'। (ਪੰਨਾ 11)

ਪੜਚੋਲ
ਡਾ. ਹਰਪ੍ਰੀਤ ਸਿੰਘ

ਹਰਦਿਆਲ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਗ਼ਦਰ ਲਹਿਰ ਬਣਾਈ, ਜਿਸ ਦਾ ਉਦੇਸ਼ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਮਜਬੂਰ ਕਰਨਾ ਸੀ। ਉਸ ਨੇ ਜੰਗ ਛੇੜਨ ਤੋਂ ਪਹਿਲਾਂ ਲੋਕਾਂ ਨੂੰ ਭਰਤੀ ਕੀਤਾ ਅਤੇ ਸੰਗਠਤ ਕੀਤਾ। ਭਾਰਤ ਤੇ ਹੋਰ ਥਾਵਾਂ 'ਤੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਲਈ ਵੱਡੀ ਗਿਣਤੀ ਵਿੱਚ ਗ਼ਦਰ ਅਖਬਾਰ ਜੋ ਲਹਿਰ ਦਾ ਅਤੇ ਪਾਰਟੀ ਦਾ ਅਧਿਕਾਰਤ ਅੰਗ ਸੀ, ਉਸ ਨੂੰ ਜ਼ਿਆਦਾ ਮਾਤਰਾ ਵਿੱਚ ਵੰਡਣ 'ਤੇ ਜ਼ੋਰ ਲਗਾ ਦਿੱਤਾ ਸੀ।

ਯੁੱਧ ਖਤਮ ਹੋਇਆ ਤਾਂ ਹਰਦਿਆਲ ਅਮਰੀਕਾ ਛੱਡ ਕੇ ਸਵਿਟਜ਼ਰਲੈਂਡ ਪਹੁੰਚ ਗਿਆ, ਪਰ ਉਹ ਫਿਰ ਵੀ ਆਪਣੇ ਸਾਥੀਆਂ ਨਾਲ ਨਜ਼ਦੀਕੀ ਸੰਪਰਕ ਵਿੱਚ ਸਰਵ ਵਿਆਪਕ ਤੌਰ 'ਤੇ ਪ੍ਰਵਾਨਿਤ ਨੇਤਾ ਸੀ। ਪਾਰਟੀ ਨੇ ਫੈਸਲਾ ਕੀਤਾ ਕਿ ਕ੍ਰਾਂਤੀ ਲਿਆਉਣ ਦਾ ਸਮਾਂ ਆ ਚੁੱਕਾ ਹੈ। ਉਹ ਭਾਰਤ ਵਾਪਸ ਜਾਣ ਅਤੇ ਆਪਣੇ ਆਗੂਆਂ ਦੇ ਮਿਲੇ ਨਿਰਦੇਸ਼ 'ਤੇ ਕੰਮ ਕਰਨ। ਗ਼ਦਰ ਪਾਰਟੀ ਵਿੱਚ ਬਹੁਗਿਣਤੀ ਵਿੱਚ ਭਰਤੀ ਕੀਤੇ ਗਏ ਲੋਕਾਂ ਵਿੱਚ ਪੰਜਾਬ ਦੇ ਸਿੱਖ ਸਨ। ਸਿੱਖਾਂ ਤੋਂ ਇਲਾਵਾ ਵਾਪਸ ਆਏ ਪਰਵਾਸੀਆਂ ਵਿੱਚ ਕੁਝ ਹਿੰਦੂ ਅਤੇ ਮੁਸਲਮਾਨ ਵੀ ਸਨ, ਜੋ ਕਿ ਕੰਮ ਕਰਨ ਵਾਲੇ ਅਤੇ ਵਪਾਰੀ ਵਰਗ ਨਾਲ ਸੰਬੰਧ ਰੱਖਦੇ ਸਨ ਅਤੇ ਕੁਝ ਕੁ ਗਿਣਤੀ ਵਿੱਚ ਜ਼ਿਆਦਾ ਪੜ੍ਹੇ-ਲਿਖੇ ਭਾਰਤੀ ਸਨ, ਜੋ ਯੂਨੀਵਰਸਿਟੀ ਵਿੱਚ ਪੜ੍ਹਨ ਅਤੇ ਡਿਗਰੀਆਂ ਹਾਸਲ ਕਰਨ ਲਈ ਵਿਦੇਸ਼ ਗਏ ਸਨ। ਗ਼ਦਰ ਪਾਰਟੀ ਨੂੰ ਪੰਜਾਬ ਵਿੱਚ ਕਤਲਾਂ, ਡਕੈਤੀਆਂ ਅਤੇ ਹੋਰ ਹਿੰਸਕ ਅਪਰਾਧਾਂ ਦੀ ਇੱਕ ਵੱਡੀ ਸੂਚੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

ਮਾਰਕਸ ਦਾ ਦਵੰਦਵਾਦੀ, ਪਦਾਰਥਵਾਦੀ ਦ੍ਰਿਸ਼ਟੀਕੋਣ

ਕਿਸ਼ਤ-7
ਜਗਰੂਪ

ਦਾਰਸ਼ਨਿਕ ਇਨਕਲਾਬ ; ਜਿਸ ਨਾਲ 'ਪਦਾਰਥ ਅਤੇ ਵਿਚਾਰ' ਦਾ ਰਿਸ਼ਤਾ ਪਦਾਰਥਵਾਦ-ਦਵੰਦਵਾਦੀ ਸਥਾਪਤ ਹੋਇਆ। ਪਦਾਰਥ ਪਹਿਲਾਂ ਹੈ, ਵਿਚਾਰ ਇਸ ਦੀ ਉਪਜ ਹੈ ਅਤੇ ਇਸ ਦਾ ਦਵੰਦਵਾਦੀ ਰਿਸ਼ਤਾ 'ਪਦਾਰਥ ਵਿਚਾਰ ਨਿਰਧਾਰਕ ਹੈ ਅਤੇ ਵਿਚਾਰ ਪਦਾਰਥ ਨੂੰ ਪ੍ਰਭਾਵਿਤ ਕਰਦਾ ਹੈ।'

(Matter determines idea and idea influences matter".)

* ਇਸ (ਪਦਾਰਥ ਪਹਿਲਾਂ ਹੈ) ਨਾਲ ਵਿਚਾਰ ਦਾ ਮਹੱਤਵ (ਵਿਚਾਰ ਪਦਾਰਥ ਨੂੰ ਪ੍ਰਭਾਵਤ ਕਰਦਾ ਹੈ) ਵੀ ਸਾਹਮਣੇ ਆਇਆ, ਜੋ 'ਅਧਿਆਤਮਵਾਦੀ-ਪਦਾਰਥਵਾਦ' ਅਧੀਨ ਨਜ਼ਰ-ਅੰਦਾਜ਼ ਕੀਤਾ ਹੋਇਆ ਸੀ।

ਆਰਥਿਕ ਉਤਪਾਦਨ ਮਨੁੱਖੀ ਅਤੇ ਸਮਾਜਕ ਜੀਵਨ ਦਾ ਆਧਾਰ ਹੈ। ਆਰਥਕ-ਖੇਤਰ ਵਿੱਚ 'ਆਧਾਰ' [ਨੀਂਹ (base,infrastructure)] ਤੇ 'ਉਸਾਰ' [ਪਰ-ਉਸਾਰ, (superstructure)]

ਦੇ ਸਮਾਜਕ ਰੋਲ, ਦਵੰਦਵਾਦੀ ਅਮਲ ਦੀ ਸਮਝਦਾਰੀ ਹੋਣਾ, ਬੇਹੱਦ ਮਹੱਤਵਪੂਰਨ ਹੈ। ਇਹ ਸੂਤਰ ਧਿਆਨ ਮੰਗਦਾ ਹੈ। ਮਾਰਕਸ ਨੇ 'ਰਾਜਨੀਤਕ ਆਰਥਿਕਤਾ ਦੀ ਪੜਚੋਲ' ਦੇ ਮੁੱਖ ਬੰਦ ਵਿੱਚ ਲਿਖਿਆ:

* 'ਮੇਰੇ ਮਨ ਵਿੱਚ ਜਿਹੜੇ ਸ਼ੱਕ ਪੈਦਾ ਹੋ ਗਏ ਸਨ, ਉਹਨਾਂ ਨੂੰ ਦੂਰ ਕਰਨ ਲਈ ਮੈਂ ਜਿਹੜਾ ਪਹਿਲਾ ਕੰਮ ਹੱਥ ਵਿੱਚ ਲਿਆ, ਉਹ ਸੀ ਹੱਕ ਦੇ ਹੀਗਲਵਾਦੀ ਦਰਸ਼ਨ ਦੀ ਪੜਚੋਲ......

* 'ਆਪਣੀ ਖੋਜ ਕਾਰਨ ਮੈਂ ਇਸ ਸਿੱਟੇ 'ਤੇ ਅੱਪੜਿਆ ਕਿ ਕਾਨੂੰਨੀ ਸੰਬੰਧਾਂ ਅਤੇ ਰਾਜ ਦੇ ਰੂਪਾਂ ਨੂੰ ਵੀ ਆਪਣੇ-ਆਪ ਉਹਨਾਂ ਤੋਂ ਅਤੇ ਮਨੁੱਖੀ ਮਨ ਤੋਂ ਅਖੌਤੀ ਆਮ ਵਿਕਾਸ ਰਾਹੀਂ ਨਹੀਂ ਸਮਝਿਆ ਜਾ ਸਕਦਾ, ਸਗੋਂ ਉਹਨਾਂ ਦੀਆਂ ਜੜ੍ਹਾਂ ਜੀਵਨ ਦੇ ਪਦਾਰਥਕ ਸੰਬੰਧਾਂ ਵਿੱਚ ਹਨ।......

* 'ਜਿਸ ਆਮ ਸਿੱਟੇ 'ਤੇ ਮੈਂ ਅੱਪੜਿਆ ਅਤੇ ਜਿਹੜਾ ਇੱਕ ਵਾਰ ਪ੍ਰਾਪਤ ਕਰ ਲਏ ਜਾਣ ਪਿੱਛੋਂ ਮੇਰੇ ਅਧਿਐਨਾਂ ਲਈ ਇਕ ਰਾਹ ਦਿਖਾਵੀ ਤੰਦ ਦਾ ਕੰਮ ਕਰਦਾ ਰਿਹਾ.....

* 'ਆਪਣੇ ਜੀਵਨ ਦੇ ਸਮਾਜੀ ਉਤਪਾਦਨ ਵਿੱਚ ਮਨੁੱਖ ਨਿਸ਼ਚਿਤ ਸੰਬੰਧ ਸਥਾਪਤ ਕਰਦੇ ਹਨ, ਜਿਹੜੇ ਵਿਗੋਚੇ ਵਾਲੇ ਹਨ ਅਤੇ ਉਹਨਾਂ ਦੀ ਇੱਛਾ ਤੋਂ ਸੁਤੰਤਰ ਹਨ, ਉਤਪਾਦਨ ਦੇ ਸੰਬੰਧ ਜਿਹੜੇ ਪਦਾਰਥਕ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੀ ਨਿਸ਼ਚਿਤ ਪੱਧਰ ਦੇ ਅਨੁਸਾਰੀ ਹਨ।

ਉਤਪਾਦਨ ਦੇ ਇਹਨਾਂ ਸੰਬੰਧਾਂ ਦਾ ਕੁੱਲ ਜੋੜ ਸਮਾਜ ਦੀ ਆਰਥਿਕ ਬਣਤਰ, ਅਸਲ ਆਧਾਰ ਬਣਦਾ ਹੈ, ਜਿਨ੍ਹਾਂ ਉੱਤੇ ਕਾਨੂੰਨੀ ਅਤੇ ਰਾਜਸੀ ਉਪਰਲੀ ਬਣਤਰ ਉੱਭਰਦੀ ਹੈ ਅਤੇ ਸਮਾਜੀ ਚੇਤਨਤਾ ਦੇ ਨਿਸ਼ਚਿਤ ਰੂਪ ਜਿਸ ਦੇ ਅਨੁਸਾਰੀ ਹੁੰਦੇ ਹਨ।...

* 'ਇਹ ਮਨੁੱਖਾਂ ਦੀ ਚੇਤਨਾ ਨਹੀਂ, ਜਿਹੜੀ ਉਹਨਾਂ ਦੀ ਹੋਂਦ ਨੂੰ ਮਿੱਥਦੀ ਹੈ, ਸਗੋਂ ਇਹਦੇ ਉਲਟ, ਇਹ ਉਹਨਾਂ ਦੀ ਸਮਾਜੀ ਹੋਂਦ ਹੈ ਜਿਹੜੀ ਉਹਨਾਂ ਦੀ ਚੇਤਨਤਾ ਨੂੰ ਮਿੱਥਦੀ ਹੈ.....

* 'ਆਰਥਿਕ ਆਧਾਰ ਵਿੱਚ ਤਬਦੀਲੀ ਦੇ ਨਾਲ-ਨਾਲ ਸਾਰੀ ਧੜਵੈਲ ਉੱਪਰਲੀ ਬਣਤਰ ਦੀ, ਘੱਟ ਜਾਂ ਵੱਧ ਤੇਜ਼ੀ ਨਾਲ, ਕਾਇਆਪਲਟ ਹੋ ਜਾਂਦੀ ਹੈ। ਅਜਿਹੀਆਂ ਕਾਇਆਪਲਟਾਂ ਨੂੰ ਵਿਚਾਰਦੇ ਹੋਏ ਇਹ ਲਾਜ਼ਮੀ ਹੈ ਕਿ ਉਤਪਾਦਨ ਦੀਆਂ ਆਰਥਿਕ ਪ੍ਰਸਥਿਤੀਆਂ ਦੀਆਂ ਪਦਾਰਥਕ ਕਾਇਆਪਲਟਾਂ ਜਿਹੜੀਆਂ ਪ੍ਰਕਿਰਤਕ ਵਿਗਿਆਨ ਦੀ ਸ਼ੁੱਧਤਾ ਨਾਲ ਮਿੱਥੀਆਂ ਜਾ ਸਕਦੀਆਂ ਹਨ.....

* 'ਉਹਨਾਂ ਸਾਰੀਆਂ ਉਤਪਾਦਕ ਸ਼ਕਤੀਆਂ ਦਾ ਜਿਨ੍ਹਾਂ ਲਈ ਉਸ ਵਿਚ ਚੋਖੀ ਥਾਂ ਹੈ, ਪੂਰਾ ਵਿਕਾਸ ਹੋਏ ਬਿਨਾਂ, ਕੋਈ ਸਮਾਜੀ ਪ੍ਰਣਾਲੀ ਕਦੀ ਤਬਾਹ ਨਹੀਂ ਹੁੰਦੀ ਅਤੇ ਜਦੋਂ ਤੱਕ ਖੁਦ ਪੁਰਾਣੇ ਸਮਾਜ ਦੇ ਗਰਭ ਵਿੱਚ ਉਹਨਾਂ ਦੀ ਹੋਂਦ ਲਈ ਪਦਾਰਥਕ ਪਰਿਸਥਿਤੀਆਂ ਦੇ ਪੂਰੀ ਤਰ੍ਹਾਂ ਪੱਕ ਜਾਣ ਤੋਂ ਪਹਿਲਾਂ ਉਤਪਾਦਨ ਦੇ ਨਵੇਂ, ਉਚੇਰੇ ਸੰਬੰਧ ਕਦੀ ਹੋਂਦ ਵਿੱਚ ਨਹੀਂ ਆਉਂਦੇ। ਇਸ ਲਈ ਮਨੁੱਖ ਜਾਤੀ ਆਪਣੇ ਸਾਹਮਣੇ ਕੇਵਲ ਅਜਿਹੇ ਕਾਰਜ ਰੱਖਦੀ ਹੈ ਜਿਹੜੇ ਉਹ ਹੱਲ ਕਰ ਸਕਦੀ ਹੈ...

* '..ਖ਼ੁਦ ਕਾਰਜ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਉਹਦੇ ਹੱਲ ਲਈ ਪਦਾਰਥਕ ਪਰਿਸਥਿਤੀਆਂ ਦੀ ਪਹਿਲਾਂ ਹੀ ਹੋਂਦ ਹੁੰਦੀ ਹੈ ਜਾਂ ਘੱਟੋ ਘੱਟ ਉਹ ਬਣਨ ਦੇ ਅਮਲ ਵਿੱਚ ਹੁੰਦੀਆਂ ਹਨ।'

ਨਤੀਜਾ :

'ਆਧਾਰ'; ਜੈਸੀਆਂ (ਪਦਾਰਥਕ) ਉਤਪਾਦਕ ਪ੍ਰਸਥਿਤੀਆਂ ਹੋਣਗੀਆਂ, ਉਹਨਾਂ ਦੇ ਅਨੁਸਾਰ ਹੀ

'ਉਸਾਰ' (ਉਪਰਲੀ ਬਣਤਰ, Super- structure) ਰਾਜ, ਕਾਨੂੰਨ, ਅਮਲ ਅਤੇ ਵਿਚਾਰਧਾਰਾ, ਸੱਭਿਆਚਾਰ ਤੇ ਦਰਸ਼ਨ ਹੋਣਗੇ।

* ਆਰਥਕ-ਆਧਾਰ, ਉਪਰਲੀ ਬਣਤਰ (ਉਸਾਰ) ਦਾ ਸਿਰਜਕ ਹੈ,

ਉਸਾਰ (ਰਾਜ, ਕਾਨੂੰਨ ਅਤੇ ਦਰਸ਼ਨ, ਵਿਚਾਰਧਾਰਾ, ਸੱਭਿਆਚਾਰ ਤੇ ਵਿਚਾਰ) ਆਧਾਰ ਨੂੰ ਬਣਾਈ ਰੱਖਣ, ਪੱਕਿਆਂ ਕਰਨ ਦਾ ਕਾਰਜ ਕਰਦਾ ਹੈ।

* ਆਰਥਕ-ਆਧਾਰ ਵਿਚ ਤਬਦੀਲੀ, ਧੀਮੀ ਜਾਂ ਤੇਜ਼, ਉਸਾਰ ਵਿਚ ਤਬਦੀਲੀ ਦਾ ਕਾਰਨ ਬਣਦੀ ਹੈ।

* ਉਤਪਾਦਕ-ਸ਼ਕਤੀਆਂ ਦੇ ਮਿਆਰੀ ਉਤਪਾਦਕ-ਸੰਬੰਧ ਸਥਾਪਤ ਕਰਨਾ, ਇਨਕਲਾਬ ਕਰਨਾ ਹੈ।

* ਮਾਰਕਸ ਨੇ ਆਰਥਕ-ਆਧਾਰ ਦੀਆਂ ਪ੍ਰਸਥਿਤੀਆਂ ਨੂੰ 'ਉਤਪਾਦਕ-ਸ਼ਕਤੀਆਂ' ਅਤੇ ਅਨੁਸਾਰੀ ਉਸਾਰ ਨੂੰ 'ਉਤਪਾਦਕ-ਸੰਬੰਧਾਂ' ਦੇ ਰੂਪ ਵਿਚ ਚਿਤਰਿਆ ਹੈ।(ਤਰਕ ਦਾ ਵਿਗਿਆਨ)

* ਉਤਪਾਦਕ-ਸ਼ਕਤੀਆਂ ਦੇ ਅਨੁਸਾਰੀ ਉਤਪਾਦਕ-ਸੰਬੰਧਾਂ ਦੀ ਵਕਾਲਤ ਕੀਤੀ ਹੈ।

* ਉਤਪਾਦਕ-ਸ਼ਕਤੀਆਂ (ਉਤਪਾਦਕਤਾ) ਤੇਜ਼ੀ ਨਾਲ ਵਧਦੀ ਹੈ, ਉਤਪਾਦਕ-ਸੰਬੰਧ ਪੱਛੜ ਜਾਂਦੇ ਹਨ ।

* ਕਿਰਤੀ-ਵਰਗ ਉਤਪਾਦਕ-ਸ਼ਕਤੀਆਂ (ਸੰਦ, ਔਜ਼ਾਰ, ਮਸ਼ੀਨ, ਸਵੈ-ਚਾਲਕ-ਮਸ਼ੀਨ, ਕੰਪਿਊਟਰ, ਰੋਬੋਟ, ਬਨਾਉਟੀ ਬੌਧਿਕਤਾ ਡਿਵਾਈਸਜ਼) ਵਿਰੁੱਧ ਨਹੀਂ, ਸਗੋਂ ਉਤਪਾਦਕ-ਸੰਬੰਧ (ਕਿਰਤੀ ਵਰਗ ਦਾ ਕਾਨੂੰਨੀ ਹਿੱਸਾ ਵਧਾਉਣ) ਬਦਲਣ ਲਈ ਸੰਗਰਾਮ ਕਰਨ ਦਾ ਨਾਹਰਾ ਹੈ।

ਮਾਰਕਸਵਾਦ ਦੇ ਦੋਖੀਆਂ ਨੇ 'ਆਧਾਰ ਤੇ ਉਸਾਰ' ਦੇ ਸਵਾਲ 'ਤੇ ਵਿਚਾਰਧਾਰਕ ਖੋਟ ਰਲਾਉਣ ਦੀ ਕੋਈ ਕਸਰ ਨਹੀਂ ਛੱਡੀ।

ਹੋਰਨਾਂ ਤੋਂ ਇਲਾਵਾ ਜਰਮਨੀ ਵਿਚ ਸਥਾਪਤ 'ਫਰੈਂਕਫਰਟ ਸਕੂਲ' (Frankfurt school)

(ਸਥਾਪਨਾ-1923) ਨੇ ਮੋਹਰੀ ਰੋਲ ਅਦਾ ਕੀਤਾ।

* ਜਿਸ ਨੇ ਮਾਰਕਸਵਾਦ ਦੀ ਥਾਂ, 'ਗੈਰ-ਮਾਰਕਸਵਾਦੀ' ਵਿਚਾਰਧਾਰਾ ਨੂੰ ਪ੍ਰਚਾਰਿਆ, ਪਸਾਰਿਆ।

* ਜੋ ਆਧਾਰ ਦੀ ਥਾਂ, ਉਸਾਰ (Super- structure) ਵਿੱਚੋਂ ਨਵੇਂ ਦੀ ਸਿਰਜਨਾ ਉਤੇ ਬੇ-ਬੁਨਿਆਦ ਟੇਕ ਰੱਖਦੇ ਅਤੇ ਗੁੰਮਰਾਹ-ਕੁੰਨ ਪ੍ਰਚਾਰ ਕਰਦੇ ਹਨ।

* ਇਹ 'ਪੱਛਮੀ-ਮਾਰਕਸਵਾਦੀ' (western marxist) ਸੱਦੋਂਦੇ ਸਨ। ਇਹ ਮਾਰਕਸਵਾਦ ਦੇ ਅਲੋਚਕ, 'ਪ੍ਰੋਲਤਾਰੀ ਇਨਕਲਾਬ' ਦੀ ਨਿਕਾਮੀ ਦਰਸਾ ਕੇ, ਦਰਸ਼ਨ ਦੀ ਬਜਾਏ, ਦ੍ਰਿਸ਼ਟੀਕੋਣ ਅਤੇ ਸੱਭਿਆਚਾਰਕ ਪੱਖਾਂ 'ਤੇ ਜ਼ੋਰ ਦਿੰਦੇ ਹਨ।

ਉਹ ਮਾਰਕਸਵਾਦੀ ਫਲਸਫੇ ਨੂੰ ਨਹੀਂ ਸਮਝਦੇ, ਪਦਾਰਥਵਾਦ ਕਦੀ 'ਕੱਟੜਪੰਥੀ' ਹੋ ਹੀ ਨਹੀਂ ਸਕਦਾ, ਪਰ ਉਹ 'ਕੱਟੜਪੰਥੀ-ਮਾਰਕਸਵਾਦ'

(Orthodox Marxism) ਦੀ ਤੁਹਮਤ ਥੱਪਦੇ ਹਨ।

* ਇਸ ਸਕੂਲ ਦੇ ਵੱਡੇ ਨਾਮਵਰ ਬੁੱਧੀਜੀਵੀ ਹਨ;
ਲੁਕਾਚ : (ਹੰਗਰੀ 1885-1971),
ਅੰਤੋਨੀਓ ਗ੍ਰਾਮਸ਼ੀ : (ਇਟਲੀ, 1891-1937)
ਵਾਲਟਰ ਬੈਂਜਾਮਿਨ : (1892 -1940)
ਸਾਰਤਰੇ, ਥਿਓਡਰ ਅਡੋਰਨੋ, ਆਦਿ, ਆਦਿ।

ਇਹ (ਫਰੈਂਕਫਰਟ ਸਕੂਲ) ਦੇ 'ਸਾਊ' ਬੁੱਧੀਜੀਵੀ, ਮਾਰਕਸ ਦੀ ਫਿਉਰਬਾਖ਼ ਬਾਰੇ 11-ਨੰਬਰ, ਥੀਸਿਸ ਦੀਆਂ ਸੇਧਾਂ ਅਣਡਿੱਠ ਹੀ ਨਹੀਂ, ਸਗੋਂ ਉਹਨਾਂ ਦਾ ਉਲੰਘਣ ਕਰਦੇ ਹਨ ;

'ਦਾਰਸ਼ਨਿਕਾਂ ਨੇ ਅੱਜ ਤੱਕ ਵੱਖ-ਵੱਖ ਤਰ੍ਹਾਂ ਸੰਸਾਰ ਦੀ ਕੇਵਲ ਵਿਆਖਿਆ ਕੀਤੀ ਹੈ, ਜਦੋਂ ਕਿ ਨੁਕਤਾ ਹੈ, ਇਸ ਨੂੰ ਬਦਲਣਾ ਕਿਵੇਂ ਹੈ।'

ਆਪਣੇ ਆਪ ਨੂੰ 'ਮਾਰਕਸਵਾਦੀ' ਸਦੋਂਦੇ ਹਨ, ਪਰ ਪੁੱਠਪੈਰੀਂ ਕੇਵਲ ਵਿਆਖਿਆ ਦਾ ਰਸਤਾ ਚੁਣ ਲੈਂਦੇ ਹਨ।

ਇਹ ਸਾਰੇ ਦੇ ਸਾਰੇ ਮੁੱਖ ਰੂਪ ਵਿਚ ਆਧਾਰ (ਆਰਥਕ ਆਧਾਰ) ਨੂੰ ਛੱਡ ਕੇ 'ਪਰ-ਉਸਾਰ'

(Super structure) ਵਿਚਾਰਧਾਰਾ, ਸੱਭਿਆਚਾਰ, ਧਰਮ, ਦਰਸ਼ਨ, ਰਾਹੀਂ ਰਾਜ ਦੇ ਪ੍ਰਭਾਵ ਦੀ ਵਿਆਖਿਆ ਕਰਦੇ ਹਨ। ਬੁਰਜੂਆ ਵਿਕਾਸ ਨੂੰ ਬਿਆਨ ਕਰਨ ਲਈ 'ਉੱਤਰ ਅਧੁਨਿਕਤਾ' ਦਾ ਦੌਰ, ਮਾਰਕਸਵਾਦ ਨੂੰ, 'ਪੁਰਾਤਣ', 'ਕਲਾਸੀਕਲ-ਮਾਰਕਸਵਾਦ' ਸੱਦਦੇ ਹਨ ਅਤੇ ਆਪਣੇ ਵਿਖਿਆਣ ਨੂੰ ਭਿੰਨ ਦਰਸਾਉਣ ਲਈ 'ਨਵ-ਮਾਰਕਸਵਾਦ, 'ਉੱਤਰ ਮਾਰਕਸਵਾਦ', 'ਸੰਰਚਨਾਵਾਦ', 'ਅਸਤਿਤਵਵਾਦ', 'ਸੱਭਿਆਚਾਰਕ-ਦਾਬਾ', ਆਦਿ, ਆਦਿ ਨਾਵਾਂ ਹੇਠ ਵਿਆਖਿਆ ਦਾ ਅਖਾੜਾ ਭਖਾਈ ਰੱਖਦੇ ਹਨ।

* ਇਹਨਾਂ ਦੀਆਂ ਲਿਖਤਾਂ ਦਾ ਮੁਲਾਂਕਣ ਕੇਵਲ ਉਸਾਰ (Super structure) ਦੇ ਖੇਤਰ ਵਿਚ ਹੋਣਾ ਚਾਹੀਦਾ ਹੈ। ਬਿਨਾਂ ਛੱਕ ਇਹਨਾ ਵਿੱਚੋਂ ਕੁਝ ਨੇ ਤਸੀਹੇ ਝੱਲੇ ਹਨ। ਹਮਦਰਦੀ ਹੋਣਾ ਅਤੇ ਸਿਧਾਂਤਕ ਵਿਰੋਧ ਹੋਣਾ, ਵੱਖੋ-ਵੱਖਰੇ ਪਹਿਲੂ ਹਨ।

* ਇਹਨਾਂ ਦੀਆਂ ਲਿਖਤਾਂ ਵਿਚ ਬਦਲਾਓ ਦੇ ਸਿਧਾਂਤ ਦੀ ਚਰਚਾ ਦੀ ਥਾਂ, ਉਸ ਤੋਂ ਦੂਰੀ ਬਣਾਉਣ ਦੀ ਸਮਝ ਮਿਲੇਗੀ। ਇਹਨਾਂ ਦਾ ਵੱਡਾ ਹਿੱਸਾ ਯੂਨੀਵਰਸਿਟੀਆਂ ਵਿਚ ਸੇਵਾਵਾਂ ਦੌਰਾਨ ਲੈਕਚਰ ਦੇਣੇ, ਮਾਰਕਸਵਾਦ ਨੂੰ 'ਕਾਨੂੰਨੀ-ਮਾਰਕਸਵਾਦ' (ਜੋ ਬੁਰਜੂਆਜੀ ਨੂੰ ਠੀਕ ਬੈਠਦਾ ਹੈ, ਬਦਲਾਓ ਦੇ ਸਿਧਾਂਤ ਤੋਂ ਬਗੈਰ) ਵਜੋਂ ਪੜ੍ਹਾਉਣਾ, ਪ੍ਰਚਾਰਨਾ ਤੇ ਪ੍ਰਸਾਰਨਾ ਹੈ। ਇਹ ਮਾਰਕਸਵਾਦ ਪ੍ਰਤੀ 'ਆਕਿਰਤਘਣ' ਹੋਣਾ ਹੈ।

* ਉਸਾਰ ਦੇ ਖੇਤਰ ਵਿਚਲੀ ਸਰਗਰਮੀ ਅਧਿਆਤਮਵਾਦੀ (ਗੋੜਵਾਦੀ) ਹੋਣ ਕਾਰਨ ਨਵਾਂ ਸਿਰਜਣ ਵਿਚ ਨਾਕਾਮ ਹੁੰਦੀ ਹੈ।

* ਪਰ ਅਜਿਹਾ ਪ੍ਰਚਾਰ ਮੱਧ ਵਰਗ ਨੂੰ ਪ੍ਰਭਾਵਤ ਕਰਦਾ ਹੈ।ਨਾਲ ਹੀ ਅਧਿਆਤਮਵਾਦੀ ਹੋਣ ਕਾਰਨ, ਕੇਵਲ ਅਲੋਚਨਾ ਕਰਨ ਤੱਕ ਸਿਮਟ ਜਾਂਦਾ ਹੈ। ਇਹ 'ਬਾਂਝ ਫੁੱਲਵਾਦੀ' ਅਲੋਚਕ ਹਨ।

ਇਸ ਵਿਚ ਵਾਧੇ ਦਾ ਬੀਜ ਨਹੀਂ ਹੈ।ਘਚੋਲੇ ਤੋਂ ਵੱਧ ਇਹਨਾਂ ਦੀ ਕੋਈ ਪ੍ਰਾਪਤੀ ਨਹੀਂ ਹੈ।

* ਇਹ ਸਭ ਵਿਚਾਰਧਾਰਕ ਵਿਗਾੜ ਰੂਪ ਹਨ। ਇਸ ਨੇ ਯੂਨੀਵਰਸਿਟੀਆਂ ਵਿਚਲੇ 'ਅੱਗੇਵਧੂ ਪ੍ਰੋਫੈਸਰਾਂ', ਸਾਰੇ ਨਹੀਂ ਤਾਂ ਬਹੁਤਿਆਂ ਨੂੰ, 'ਨਵ, ਖੱਬੇ-ਪੱਖੀ' (ਗੈਰ-ਮਾਰਕਸੀ) ਬਣਾਉਣ ਅਤੇ ਮਾਰਕਸਵਾਦ ਨੂੰ 'ਕਾਨੂੰਨੀ ਮਾਰਕਸਵਾਦ' ਦੇ ਚੌਖਟੇ ਵਿਚ ਢਾਲ ਦੇਣ ਲਈ ਅਚੇਤ, ਸੁਚੇਤ ਮਿੱਥੇ ਕਾਰਜ ਨੂੰ ਪੂਰਾ ਕਰਨ ਲਈ ਹਿੱਸਾ ਪਾਇਆ ਹੈ।

* ਇਹਨਾਂ ਸਭਨਾਂ ਦੀ ਨਿਸ਼ਾਨ-ਦੇਹੀ ਹੈ ਇਹ 'ਪਰ-ਉਸਾਰ' ਵਿੱਚੋਂ ਸਮਾਜਕ-ਸੁਧਾਰ ਦੀ ਬਾਤ ਪਾਉਂਦੇ ਹਨ।

* ਆਧਾਰ ਵਿਚ ਤਬਦੀਲੀ ਦੇ ਘੋਲ ਨੂੰ ਅਣਡਿੱਠਾ ਕਰਦੇ ਹਨ, ਲੋੜ ਪੈਣ 'ਤੇ ਇਸ ਵਿਰੁੱਧ ਬੋਲਦੇ ਵੀ ਹਨ। ਆਪਣੀ ਸਮਝ ਦੀ ਅਸਫਲਤਾ ਨੂੰ ਢਕਣ ਲਈ, ਨਵੇਂ ਲਕਬ ਘੜਦੇ ਹਨ, 'ਰਵਾਇਤੀ- ਮਾਰਕਸਵਾਦ' ਸੱਦਦੇ, ਭੰਡੀ ਕਰਦੇ ਹਨ।

* ਇਹਨਾਂ ਦੀ 'ਸਾਂਝੀਵਾਲ' (communist) ਵਿਰੋਧੀ, 'ਵਿਚਾਰਧਾਰਕ' ਪ੍ਰਚਾਰ-ਪ੍ਰਾਪਤੀ ਮੰਨੀ ਜਾ ਸਕਦੀ ਹੈ ਕਿ ਹੁਣ 'ਕਮਿਊਨਿਸਟ' ਵੀ ਆਪਣੇ-ਆਪ ਨੂੰ 'ਖੱਬੇ-ਪੱਖੀ' ਲਿਖਣ ਵਿਚ ਕੋਈ ਸਿਧਾਂਤਕ ਭੁੱਲ ਨਹੀਂ ਸਮਝਦੇ ਹਨ।

* ਸਿਧਾਂਤ-ਹੀਣਤਾ ਦਾ ਏਨਾ ਬੋਲਬਾਲਾ ਹੈ ਕਿ 'ਆਧਾਰ' ਨੂੰ ਛੱਡ ਕੇ 'ਉਸਾਰ' ਖੇਤਰ ਦੀ ਸਰਗਰਮੀ ਰਾਹੀਂ ਕਈ ਯੂਟੋਪੀਆ ਗਰੁੱਪ ਪ੍ਰਚਾਰਦੇ ਹਨ, 'ਸਟੇਟ (State) 'ਤੇ ਕਬਜ਼ਾ ਕਰਕੇ, ਆਹ ਕਰਾਂਗੇ, ਵੋਹ ਕਰਾਂਗੇ! ਆਦਿ ਆਦਿ।'

* ਉਹ, ਇਹ 'ਝੂਠਾ ਪ੍ਰਚਾਰ' ਵੀ ਕਰਦੇ ਹਨ; ਮਾਰਕਸ ਤੇ ਏਂਗਲਜ਼ ਨੇ 'ਉਸਾਰ' ਦੇ ਰੋਲ ਨੂੰ ਘਟਾ ਕੇ ਦੇਖਿਆ ਅਤੇ 'ਆਰਥਕ-ਆਧਾਰ' ਉੱਤੇ ਵਧੇਰੇ ਜ਼ੋਰ ਦੇਣ ਦੀ 'ਭੁੱਲ' ਕੀਤੀ।

ਹੇਠਾਂ ਦਰਜ ਦੋ ਪੈਰ੍ਹੇ ਇਸ ਸੱਚ ਨੂੰ ਉਜਾਗਰ ਕਰਨ ਲਈ ਕਾਫੀ ਹਨ, ਪਰ ਜ਼ਰੂਰੀ ਹੈ ਇਹਨਾਂ ਨੂੰ ਧਿਆਨ ਨਾਲ ਪੜ੍ਹਿਆ ਤੇ ਸਮਝਿਆ ਜਾਵੇ।

* ਜੋਜ਼ਫ ਬਲਾਖ਼ ਦੇ ਨਾਂਅ ਏਂਗਲਜ ਦੇ ਖ਼ਤ ਵਿੱਚੋਂ
(22 ਸਤੰਬਰ 1890)

* 'ਅਸੀਂ ਆਪ ਆਪਣਾ ਇਤਿਹਾਸ ਬਣਾਉਂਦੇ ਹਾਂ, ਪਰ ਪਹਿਲੀ ਥਾਵੇਂ ਅਤਿਅੰਤ ਨਿਸ਼ਚਿਤ ਪੂਰਬ-ਮਿੱਥਾਂ ਅਤੇ ਪਰਿਸਥਿਤੀਆਂ ਅਧੀਨ। ਇਹਨਾਂ ਵਿੱਚੋਂ ਆਰਥਿਕ ਅਖੀਰ ਨਿਰਣਾਇਕ ਹੁੰਦੀਆਂ ਹਨ, ਪਰ ਰਾਜਸੀ, ਆਦਿ, ਇੱਥੋਂ ਤੱਕ ਕਿ ਪ੍ਰੰਪਰਾਵਾਂ ਵੀ ਜਿਹੜੀਆਂ ਮਨੁੱਖਾਂ ਦੇ ਮਨ ਵਿੱਚ ਮੰਡਲਾਉਂਦੀਆਂ ਹਨ, ਪ੍ਰਭਾਵ ਪਾਉਂਦੀਆਂ ਹਨ, ਭਾਵ ਨਿਰਣਾਇਕ ਨਹੀਂ।'

.... 'ਇਸ ਗੱਲ ਲਈ ਕਿ ਛੁਟੇਰੀ ਉਮਰ ਦੇ ਲੋਕ ਕਈ ਵਾਰ ਆਰਥਕ ਪੱਖ ਉਤੇ ਲੋੜ ਨਾਲੋਂ ਵਧੇਰੇ ਜ਼ੋਰ ਦਿੰਦੇ ਹਨ, ਆਂਸ਼ਕ ਤੌਰ ਉਤੇ ਮਾਰਕਸ ਅਤੇ ਮੈਂ ਕਸੂਰਵਾਰ ਹਾਂ। ਸਾਨੂੰ ਆਪਣੇ ਵਿਰੋਧੀਆਂ ਦੇ ਵਿਰੋਧ ਵਿਚ ਇਸ ਮੁੱਖ ਨਿਯਮ ਉਤੇ ਜ਼ੋਰ ਦੇਣਾ ਪੈਂਦਾ ਸੀ, ਜਿਹੜੇ ਇਸ ਤੋਂ ਇਨਕਾਰੀ ਸਨ ਅਤੇ ਸਾਡੇ ਕੋਲ ਸਦਾ ਹੀ ਪ੍ਰਸਪਰ ਅਮਲ ਵਿਚ ਸ਼ਾਮਲ ਹੋਰ ਅੰਸ਼ਾਂ ਨੂੰ ਉਹਨਾਂ ਦੀ ਯੋਗ ਥਾਂ ਦੇਣ ਲਈ ਸਮਾਂ, ਸਥਾਨ ਜਾਂ ਅਵਸਰ ਨਹੀਂ ਸੀ ਹੁੰਦਾ।'

* ਪਾਠਕਾਂ ਲਈ ਖੁਦ ਇਹ ਫੈਸਲਾਕੁੰਨ ਮੌਕਾ ਹੈ!

ਕੀ ਉਸਾਰ (ਵਿਚਾਰਧਾਰਾ, ਸੱਭਿਆਚਾਰ, ਵਿਚਾਰ, ਦਰਸ਼ਨ ਅਤੇ ਰਾਜ, ਕਾਨੂੰਨ ਆਦਿ) ਦੇ ਖੇਤਰ ਵਿਚ ਸਰਗਰਮੀ ਕਰਕੇ ਕੇਵਲ ਪ੍ਰਭਾਵ ਪਾਇਆ ਜਾਣਾ ਠੀਕ ਹੈ, ਜਿਵੇਂ 'ਨਵ-ਮਾਰਕਸਵਾਦੀ' ਕਹਿੰਦੇ ਹਨ ?

ਜਾਂ ਆਧਾਰ ਦੇ ਖੇਤਰ ਵਿਚ ਨਿਰਣਾਇਕ ਤਬਦੀਲੀ ਲਈ ਸਰਗਰਮੀ ਕਰਨਾ ਸਹੀ ਹੈ, ਜਿਵੇਂ ਮਾਰਕਸਵਾਦੀ ਸੇਧ ਹੈ ?

* ਮਾਰਕਸਵਾਦ ਆਰਥਕ-ਆਧਾਰ ਵਿਚ ਤਬਦੀਲੀ ਦਾ ਨਾਹਰਾ ਦਿੰਦਾ ਹੈ। ਉਸਾਰ ਉਸ ਦੇ ਅਨੁਸਾਰੀ ਬਦਲ ਜਾਵੇਗਾ।

* ਅਮਲ ਵਿਚ ਉਹ 'ਪੈਦਾਵਾਰੀ-ਸੰਬੰਧ' ਬਦਲਣ ਦੇ ਸੰਗਰਾਮ ਦੀ ਸੇਧ ਦਿੰਦਾ ਹੈ।

ਹੁਣ ਪ੍ਰਸ਼ਨ ਹੈ :

ਆਰਥਕ-ਆਧਾਰ ਵਿਚ ਬਦਲਾਓ ਦੇ ਸੰਗਰਾਮ ਦਾ ਢੰਗ ਕੀ ਹੈ ?

ਮਾਰਕਸੀ ਨਾਹਰਾ 'ਉਜਰਤੀ ਗੁਲਾਮੀ ਦਾ ਖਾਤਮਾ' (ਜਿਸ ਨੂੰ 'ਨਵ-ਮਾਰਕਸਵਾਦੀਆਂ' ਨੇ ਭੁਲਾਅ ਦਿੱਤਾ ਹੈ) ਕੀ ਅਤੇ ਕਿਵੇਂ ਸੰਭਵ ਹੈ ?

ਅਗਲੀਆਂ ਵਿਧਾਨ ਸਭਾ ਚੋਣਾਂ ਲਈ ਚੱਕਾ ਬੰਨ੍ਹ ਗਿਆ ਪ੍ਰਧਾਨ ਮੰਤਰੀ ਮੋਦੀ ਦਾ ਪੰਜਾਬ ਦੌਰਾ

ਦ੍ਰਿਸ਼ਟੀਕੋਣ
ਜਤਿੰਦਰ ਪਨੂੰ

ਸਤਾਰਾਂ ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇੱਕੋ ਦਿਨ ਤਿੰਨ ਥਾਈਂ ਚੱਕਰ ਲਾ ਜਾਣ ਨੇ ਵਿਕਾਸ ਕੰਮਾਂ ਬਾਰੇ ਵੀ ਗੱਲ ਬਿਨਾਂ ਸ਼ੱਕ ਅੱਗੇ ਵਧਾਈ ਹੈ, ਜਿਸ ਨੂੰ ਕੋਈ ਵੀ ਰੱਦ ਨਹੀਂ ਕਰੇਗਾ, ਪਰ ਇਸ ਦੇ ਨਾਲ ਵਿਧਾਨ ਸਭਾ ਦੀ ਅਗਲੀ ਚੋਣ ਵਾਸਤੇ ਚੱਕਾ ਬੰਨ੍ਹਣ ਦਾ ਕੰਮ ਵੀ ਕਰ ਛੱਡਿਆ ਹੈ। ਇਹੋ ਨਹੀਂ, ਇਸ ਦੌਰੇ ਕਾਰਨ ਪੰਜਾਬ ਵਿੱਚ ਸਿਆਸੀ ਮਿਹਣੇਬਾਜ਼ੀ ਵੀ ਇੱਕਦਮ ਏਨੀ ਤੇਜ਼ੀ ਫੜ ਗਈ ਹੈ ਕਿ ਅਗਲੇ ਦਿਨਾਂ ਦਾ ਸੰਕੇਤ ਅਗੇਤਾ ਮਿਲ ਗਿਆ ਹੈ।

ਪ੍ਰਧਾਨ ਮੰਤਰੀ ਨੇ ਹਰਿਆਣਾ ਦੇ ਦੌਰੇ ਦੌਰਾਨ ਭਾਰਤ ਦੀ ਪਹਿਲੀ ਹਾਈਡਰੋਜਨ ਰੇਲ ਗੱਡੀ ਚਲਾਈ ਹੈ, ਜਿਸ ਦਾ ਸਿਹਰਾ ਉਨ੍ਹਾਂ ਵਿਗਿਆਨੀਆਂ ਨੂੰ ਜਾਂਦਾ ਹੈ, ਜਿਹੜੇ ਕਈ ਸਾਲਾਂ ਤੋਂ ਇਸ ਪਾਸੇ ਲੱਗੇ ਹੋਏ ਸਨ, ਪਰ ਪ੍ਰਧਾਨ ਮੰਤਰੀ ਅਤੇ ਉਨ੍ਹਾ ਦੇ ਸਾਥੀ ਇਸ ਨੂੰ ਆਪਣੇ ਰਾਜ ਦੇ ਵਿਕਾਸ ਦਾ ਇੱਕ ਹੋਰ ਪੜਾਅ ਆਖਦੇ ਹਨ। ਜਿਸ ਦੀ ਸਰਕਾਰ ਹੋਵੇ, ਉਸ ਨੂੰ ਏਦਾਂ ਦੀਆਂ ਗੱਲਾਂ ਕਹੀ ਜਾਣ ਤੋਂ ਕੋਈ ਕਦੇ ਰੋਕ ਨਹੀਂ ਸਕਦਾ, ਸਾਰੇ ਸਿਆਸੀ ਲੋਕ ਏਦਾਂ ਕਰ ਲੈਂਦੇ ਹਨ। ਦੂਸਰਾ ਉਨ੍ਹਾ ਨੇ ਹਰਿਆਣੇ ਵਿੱਚ ਕੁਰਕਸ਼ੇਤਰ ਨੇੜੇ ਬਣਨ ਵਾਲੇ ਸਿੱਖੀ ਦੇ ਇੱਕ ਅਜਾਇਬਘਰ ਵਾਸਤੇ ਨੀਂਹ ਪੱਥਰ ਰੱਖਿਆ ਹੈ, ਜਿਸ ਬਾਰੇ ਕਿਹਾ ਗਿਆ ਹੈ ਕਿ ਇਹ ਇੱਕ ਸੌ ਸੱਤਰ ਕਰੋੜ ਰੁਪਏ ਲਾਗਤ ਨਾਲ ਬਣਾਇਆ ਜਾਵੇਗਾ ਤੇ ਇਸ ਉੱਤੇ ਪੰਦਰਾਂ ਮੀਟਰ ਉੱਚਾ ਖੰਡਾ ਸਾਹਿਬ ਵੀ ਲਾਇਆ ਜਾਵੇਗਾ। ਅਜਾਇਬਘਰ ਵਿੱਚ ਗੁਰੂ ਸਾਹਿਬਾਨ ਦੀ ਵਿਰਾਸਤ, ਤਿਆਗ ਤੇ ਬਲੀਦਾਨ ਦੇ ਨਾਲ ਉਨ੍ਹਾਂ ਦੇ ਸੰਦੇਸ਼ ਬਾਰੇ ਜਾਣਕਾਰੀ ਦਿੱਤੀ ਜਾਇਆ ਕਰੇਗੀ। ਇਹ ਨੀਂਹ ਪੱਥਰ ਉਨ੍ਹਾਂ ਪੰਜਾਬ ਆਉਣ ਤੋਂ ਪਹਿਲਾਂ ਰੱਖਿਆ ਤਾਂ ਇਸ ਦਾ ਕਾਰਨ ਸੀ ਕਿ ਉਹ ਪੰਜਾਬ ਦੇ ਲੋਕਾਂ ਨੂੰ ਦੱਸ ਸਕਣ ਕਿ ਉਨ੍ਹਾ ਦੀ ਸਰਕਾਰ ਕੇਂਦਰ ਦੀ ਹੋਵੇ ਜਾਂ ਹਰਿਆਣੇ ਦੀ, ਸਿੱਖਾਂ ਅਤੇ ਸਿੱਖੀ ਨਾਲ ਜੁੜੀਆਂ ਭਾਵਨਾਵਾਂ ਦਾ ਕਿੰਨਾ ਸਤਿਕਾਰ ਕਰਦੀ ਹੈ।

ਫਿਰ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੇ ਜਲੰਧਰ ਵਿੱਚ ਪਹੁੰਚੇ ਤਾਂ ਦੋਆਬੇ ਵਿੱਚ ਦਲਿਤ ਭਾਈਚਾਰੇ ਦਾ ਖਿਆਲ ਕਰਦਿਆਂ ਉਹ ਸਭ ਕੁਝ ਕੀਤਾ, ਜਿਹੜਾ ਆਮ ਕਰ ਕੇ ਚੋਣਾਂ ਨੇੜੇ ਕੀਤਾ ਜਾਂਦਾ ਹੈ। ਦਲਿਤ ਭਾਈਚਾਰੇ ਵਿੱਚ ਚਿਰਾਂ ਤੋਂ ਇਹ ਭਾਵਨਾ ਰਹੀ ਹੈ ਕਿ ਉਨ੍ਹਾਂ ਨੂੰ ਦਬਾਅ ਕੇ ਵੀ ਰੱਖਿਆ ਗਿਆ ਤੇ ਜਿਸ ਕਿਸੇ ਪਾਰਟੀ ਨੇ ਉਨ੍ਹਾਂ ਦੇ ਵਿਕਾਸ ਦਾ ਕਦੇ ਕੋਈ ਵਾਅਦਾ ਵੀ ਕੀਤਾ, ਉਹ ਆਮ ਤੌਰ ਉੱਤੇ ਵਾਅਦਾ ਰਹਿੰਦਾ ਰਿਹਾ, ਅਮਲ ਵਿੱਚ ਲਾਗੂ ਬਹੁਤ ਘੱਟ ਹੁੰਦਾ ਵੇਖਿਆ ਹੈ। ਉਨ੍ਹਾਂ ਦੀ ਇਸ ਭਾਵਨਾ ਅਤੇ ਸ਼ਿਕਵੇ ਨੂੰ ਸਮਝ ਕੇ ਉਨ੍ਹਾਂ ਨਾਲ ਖੜੋਣ ਦੇ ਦਾਅਵੇ ਕਰਨ ਤੋਂ ਕੋਈ ਸਿਆਸੀ ਧਿਰ ਪਿੱਛੇ ਕਦੇ ਨਹੀਂ ਰਹਿਣਾ ਚਾਹੇਗੀ, ਇਸ ਲਈ ਹਰ ਆਗੂ ਉਨ੍ਹਾਂ ਤੱਕ ਪਹੁੰਚ ਵਾਸਤੇ ਕੋਈ ਨਾ ਕੋਈ ਯਤਨ ਕਰਦਾ ਹੈ, ਪਰ ਉਹ ਕਿਸ ਨਾਲ ਹਨ, ਉਨ੍ਹਾਂ ਕਦੀ ਖੁੱਲ੍ਹ ਕੇ ਐਲਾਨ ਨਹੀਂ ਕੀਤਾ। ਆਪਣੀ ਥਾਂ ਹਰ ਪਾਰਟੀ ਦੇ ਲੀਡਰ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਉਨ੍ਹਾਂ ਨੂੰ ਆਸ਼ੀਰਵਾਦ ਮਿਲਿਆ ਹੈ, ਪਰ ਉਨ੍ਹਾਂ ਦੇ ਧਾਰਮਿਕ ਆਗੂਆਂ ਨੇ ਕਦੇ ਕਿਸੇ ਪਾਰਟੀ ਲਈ ਵੋਟਰਾਂ ਨੂੰ ਕੁਝ ਹੋਰ ਡੇਰਿਆਂ ਵਾਂਗ ਸੰਕੇਤ ਜਾਂ ਸੰਦੇਸ਼ ਭੇਜੇ ਹੋਣ, ਸਾਨੂੰ ਏਦਾਂ ਦੀ ਕੋਈ ਠੋਸ ਗੱਲ ਕਦੀ ਰਾਜਸੀ ਖੇਤਰ ਦੀ ਕਿਸੇ ਵੱਡੀ ਹਸਤੀ ਨੇ ਕਦੇ ਇਸ਼ਾਰਿਆਂ ਵਿੱਚ ਵੀ ਨਹੀਂ ਦੱਸੀ। ਆਮ ਲੋਕਾਂ ਵਾਂਗ ਇਸ ਭਾਈਚਾਰੇ ਦੇ ਲੋਕਾਂ ਦੇ ਆਪਣੇ ਮਨ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਜਾਂ ਸ਼ਿਕਵੇ ਅਤੇ ਰੋਸੇ ਹੋਣਗੇ, ਜਿਨ੍ਹਾਂ ਦਾ ਨਿਪਟਾਰਾ ਕਰਨ ਦੀ ਆਸ ਹਰ ਪਾਰਟੀ ਤੋਂ ਉਹ ਲੋਕ ਕਰਦੇ ਹਨ, ਪਰ ਭਾਰਤ ਦੀ ਰਾਜਨੀਤੀ ਕਹਿੰਦੀ ਕੁਝ ਅਤੇ ਕਰਦੀ ਕੁਝ ਹੋਰ ਰਹਿੰਦੀ ਹੈ।

ਜਿਹੜਾ ਇੱਕ ਭਾਸ਼ਣ ਪੰਜਾਬ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਆਸੀ ਪੱਖ ਤੋਂ ਕੀਤਾ ਅਤੇ ਭਾਜਪਾ ਨਾਲ ਜੁੜੇ ਸਭ ਛੋਟੇ-ਵੱਡੇ ਨੇਤਾ ਨਾਲ ਖੜੇ ਸਨ, ਉਸ ਵਿੱਚ ਵਿਰੋਧੀ ਧਿਰਾਂ ਉੱਤੇ ਚਾਂਦਮਾਰੀ ਕਰਨ ਦੇ ਨਾਲ ਉਨ੍ਹਾ ਆਪਣੇ ਰਾਜ ਦੇ ਚੰਗੇ ਪੱਖ ਵੀ ਪੇਸ਼ ਕਰਨ ਦੀ ਵਾਹ ਲਾਈ। ਇਹ ਕੰਮ ਰਾਜਨੀਤੀ ਦਾ ਹਰ ਆਗੂ ਕਰਿਆ ਕਰਦਾ ਹੈ ਅਤੇ ਮੁਲਕ ਦੀ ਕਮਾਨ ਦੇ ਨਾਲ ਰਾਜਾਂ ਦੀ ਵਾਗ ਵੀ ਆਪਣੇ ਹੱਥ ਲੈਣ ਦੀ ਨੀਤੀ ਹੋਵੇ ਤਾਂ ਕਰਨੀ ਪੈਂਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਾਰੇ ਉਨ੍ਹਾ ਸਭ ਤੋਂ ਵੱਧ ਜ਼ੋਰ ਲਾਉਣਾ ਸੀ, ਕਿਉਂਕਿ ਰਾਜ ਦੀ ਮੁੱਖ ਸਿਆਸੀ ਧਿਰ ਹੈ ਅਤੇ ਲਾਉਣ ਤੋਂ ਕਸਰ ਵੀ ਕੋਈ ਨਹੀਂ ਰਹਿਣ ਦਿੱਤੀ ਅਤੇ ਭਗਵੰਤ ਮਾਨ ਸਰਕਾਰ ਨੂੰ 'ਕੱਟੜ ਬੇਈਮਾਨਾਂ ਦੀ ਸਰਕਾਰ' ਤੱਕ ਵੀ ਕਹਿੰਦੇ ਸੁਣੇ ਗਏ, ਪਰ ਉਨ੍ਹਾ ਦੇ ਮੁੜਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਮੋੜਵੀਂ ਭਾਜੀ ਪਾ ਦਿੱਤੀ। ਇਸ ਪਾਰਟੀ ਦੇ ਮੁਖੀ ਆਗੂ ਅਰਵਿੰਦ ਕੇਜਰੀਵਾਲ ਨੇ ਸੁਣਾ ਦਿੱਤਾ ਕਿ ਭਗਵਾਨ ਰਾਮ ਦੇ ਮੰਦਰ ਦੀਆਂ ਗੋਲਕਾਂ ਦਾ ਚੜ੍ਹਾਵਾ ਕਿੱਧਰ ਨੂੰ ਗਿਆ, ਭਾਰਤ ਦੇ ਲੋਕਾਂ ਨੂੰ ਉਹ ਤਾਂ ਪ੍ਰਧਾਨ ਮੰਤਰੀ ਦੱਸ ਨਹੀਂ ਸਕਦੇ, ਸਾਰੇ ਦੇਸ਼ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਆਪਣੇ ਪਾਰਟੀ ਆਗੂਆਂ ਉੱਪਰ ਲੱਗਦੇ ਦੋਸ਼ਾਂ ਦਾ ਜਵਾਬ ਕਦੇ ਦੇ ਨਹੀਂ ਸਕੇ, ਸਾਡੇ ਉੱਤੇ ਦੂਸ਼ਣਬਾਜ਼ੀ ਕਰ ਕੇ ਤੁਰਦੇ ਬਣੇ। ਪੰਜਾਬ ਦੀ ਸਰਕਾਰ ਉੱਤੇ ਖ਼ਜ਼ਾਨੇ ਦੀ ਮਾੜੀ ਹਾਲਤ ਜਾਂ ਅਮਨ-ਕਾਨੂੰਨ ਦੇ ਜਿੰਨੇ ਦੋਸ਼ ਪ੍ਰਧਾਨ ਮੰਤਰੀ ਨੇ ਲਾਏ ਸਨ, ਜਵਾਬ ਵਿੱਚ ਆਮ ਆਦਮੀ ਪਾਰਟੀ ਨੇ ਕਹਿ ਦਿੱਤਾ ਕਿ ਭਾਜਪਾ ਸਰਕਾਰਾਂ ਵਾਲੇ ਰਾਜਾਂ ਵਿੱਚ ਅਮਨ-ਕਾਨੂੰਨ ਦੀ ਨਿੱਘਰੀ ਹਾਲਤ ਬਾਰੇ ਬਾਰੇ ਪ੍ਰਧਾਨ ਮੰਤਰੀ ਬੋਲਦੇ ਹੀ ਨਹੀਂ, ਸਿਰਫ ਵਿਰੋਧੀਆਂ ਨੂੰ ਭੰਡਣ ਦੇ ਕੰਮ ਲੱਗੇ ਰਹਿੰਦੇ ਹਨ। ਇਸ ਤਰ੍ਹਾਂ ਦੋਵਾਂ ਧਿਰਾਂ ਨੇ ਇੱਕ-ਦੂਸਰੀ ਵਿਰੁੱਧ ਆਪੋ-ਆਪਣੇ ਵਿਚਾਰ ਲੋਕਾਂ ਸਾਹਮਣੇ ਰੱਖ ਕੇ ਪ੍ਰਚਾਰ ਦਾ ਇੱਕ ਦੌਰ ਪੂਰਾ ਕਰ ਲਿਆ ਹੈ।

ਦੂਸਰਾ ਪੱਖ ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਕਾਂਗਰਸ ਅਤੇ ਅਕਾਲੀ ਗਰੁੱਪਾਂ ਦੀ ਆਪਸੀ ਖਹਿਬੜ ਬਾਰੇ ਸੀ, ਜਿਸ ਨੂੰ ਉਨ੍ਹਾ ਨੇ ਹਮੇਸ਼ਾ ਵਾਂਗ ਉਭਾਰ ਕੇ ਪੇਸ਼ ਕੀਤਾ ਤੇ ਸਾਹਮਣੇ ਆ ਰਹੀ ਵਿਧਾਨ ਸਭਾ ਚੋਣ ਬਾਰੇ ਕਿਹਾ ਕਿ ਰਾਜਸੀ ਧਿਰਾਂ ਇਸ ਦਾ ਫਿਕਰ ਨਹੀਂ ਕਰਦੀਆਂ, ਚੌਧਰਾਂ ਦੀ ਲੜਾਈ ਵਿੱਚ ਫਸੀਆਂ ਹੋਈਆਂ ਹਨ। ਉਨ੍ਹਾਂ ਬਾਰੇ ਇਹੋ ਜਿਹੇ ਸ਼ਬਦਾਂ ਨਾਲ ਉਨ੍ਹਾ ਨੇ ਇੱਕ ਤਰ੍ਹਾਂ ਪੰਜਾਬ ਦੀ ਅਗਲੀ ਚੋਣ ਜੰਗ ਵਿੱਚ ਇੱਕ ਪਾਸੇ ਰਾਜ ਕਰਦੀ ਆਮ ਆਦਮੀ ਪਾਰਟੀ ਅਤੇ ਮੁਕਾਬਲੇ ਦੀ ਧਿਰ ਵਜੋਂ ਸਿਰਫ ਭਾਰਤੀ ਜਨਤਾ ਪਾਰਟੀ ਹੋਣ ਦਾ ਅਣ-ਐਲਾਨਿਆ ਇਸ਼ਾਰਾ ਵੀ ਕਰ ਦਿੱਤਾ ਹੈ। ਉਨ੍ਹਾ ਕਾਂਗਰਸ ਦੇ ਖਿਲਾਫ ਆਪਣੀ ਰਾਜਨੀਤੀ ਦੇ ਮੁੱਢਲੇ ਸਮੇਂ ਤੋਂ ਮੋਰਚਾ ਖੋਲ੍ਹ ਰੱਖਿਆ ਸੀ, ਕਿਉਂਕਿ ਉਨ੍ਹਾ ਦੀ ਸਮਝ ਪੱਕੀ ਇਹੋ ਹੈ ਕਿ ਭਾਰਤ ਨੂੰ ਕਾਂਗਰਸ ਮੁਕਤ ਕਰਨਾ ਹੈ, ਬੇਸ਼ੱਕ ਇਹਦੇ ਲਈ ਸਾਰੇ ਕਾਂਗਰਸੀਆਂ ਨੂੰ ਭਾਜਪਾ ਵਿੱਚ ਸ਼ਾਮਲ ਕਿਉਂ ਨਾ ਕਰਨਾ ਪਵੇ, ਪਰ ਇਸ ਵਾਰੀ ਉਨ੍ਹਾ ਅਕਾਲੀ ਆਗੂਆਂ ਬਾਰੇ ਵੀ ਆਪਣੀ ਕੌੜ ਨਹੀਂ ਲੁਕਾਈ। ਭਾਜਪਾ ਦੇ ਬਹੁਤ ਸਾਰੇ ਆਗੂ ਬੀਤੇ ਦਿਨਾਂ ਦੌਰਾਨ ਇਹ ਕਹਿੰਦੇ ਸੁਣੀਦੇ ਸਨ ਕਿ ਅਕਾਲੀਆਂ ਨਾਲ ਸਮਝੌਤਾ ਨਹੀਂ ਕਰਨਾ ਅਤੇ ਬਹੁਤ ਸਾਰੇ ਹੋਰ ਕਹੀ ਜਾਂਦੇ ਸਨ ਕਿ ਇਨ੍ਹਾਂ ਨਾਲ ਸਮਝੌਤਾ ਕਰਨ ਬਿਨਾਂ ਚੋਣ ਜਿੱਤਣਾ ਮੁਸ਼ਕਲ ਹੈ, ਪ੍ਰਧਾਨ ਮੰਤਰੀ ਨੇ ਦੋਵਾਂ ਦੇ ਵਿਚਕਾਰਲਾ ਰਾਹ ਫੜ ਕੇ ਮਨ ਦਾ ਸੰਕੇਤ ਦੇ ਦਿੱਤਾ ਹੈ। ਇਸ ਭਾਸ਼ਣ ਤੋਂ ਸਾਫ ਹੋ ਗਿਆ ਹੈ ਕਿ ਭਾਵੇਂ ਅਕਾਲੀਆਂ ਨਾਲ ਸਮਝੌਤੇ ਦੇ ਕੋਈ ਪੱਖ ਵਿੱਚ ਬੋਲ ਰਿਹਾ ਹੋਵੇ ਅਤੇ ਭਾਵੇਂ ਵਿਰੋਧ ਵਿੱਚ, ਭਾਜਪਾ ਦੇ ਪੰਜਾਬ ਦੇ ਆਗੂਆਂ ਦੀਆਂ ਦੋਵਾਂ ਧਿਰਾਂ ਖੁਦ ਨਹੀਂ ਬੋਲ ਰਹੀਆਂ, ਉਨ੍ਹਾਂ ਦੇ ਮੂੰਹ ਤੋਂ ਉਹ ਗੱਲ ਨਿਕਲਦੀ ਹੈ, ਜਿਹੜੀ ਭਾਜਪਾ ਦੀ ਕੇਂਦਰੀ ਕਮਾਨ ਦੀ ਇੱਕ ਨੀਤੀ ਦਾ ਹਿੱਸਾ ਹੈ। ਜਾਣਕਾਰਾਂ ਦਾ ਖਿਆਲ ਹੈ ਕਿ ਭਾਜਪਾ ਦੀ ਨੀਤੀ ਇਹ ਹੈ ਕਿ ਚੋਣਾਂ ਦੇ ਐਨ ਲਾਗੇ ਪਹੁੰਚ ਜਾਣ ਤੱਕ ਅਕਾਲੀ ਆਗੂਆਂ ਨੂੰ ਉਲਝਣ ਵਿੱਚ ਰੱਖੋ, ਦੋਵਾਂ ਧਿਰਾਂ ਵਿੱਚੋਂ ਕਿਸੇ ਨਾਲ ਨਾ ਗੱਲ ਮੁਕਾਉ, ਪਰ ਗੱਲ ਟੁੱਟਣ ਦੀ ਹੱਦ ਤੱਕ ਵੀ ਨਾ ਜਾਣ ਦਿਉ, ਸਗੋਂ ਉਨ੍ਹਾਂ ਦੇ ਦੋਵਾਂ ਧੜਿਆਂ ਨੂੰ ਸੰਕੇਤ ਦੇਈ ਜਾਓ ਕਿ ਦੂਸਰਾ ਧੜਾ ਸਾਡੇ ਨਾਲ ਗੱਲ ਮੁਕਾਈ ਬੈਠਾ ਹੈ। ਇਸ ਦਾ ਲਾਭ ਇਹ ਹੋਵੇਗਾ ਕਿ ਦੋਵੇਂ ਧੜੇ ਦੂਸਰਿਆਂ ਤੋਂ ਵੱਧ ਲਿਫ ਕੇ ਭਾਜਪਾ ਨਾਲ ਸਮਝੌਤੇ ਲਈ ਤਿਆਰ ਹੋ ਜਾਣਗੇ ਤੇ ਫੈਸਲੇ ਦੀ ਘੜੀ ਜੋ ਕੁਝ ਭਾਜਪਾ ਨੇ ਕਹਿ ਦਿੱਤਾ, ਜਿੰਨੀਆਂ ਤੇ ਜਿਹੜੀਆਂ ਸੀਟਾਂ ਵੀ ਭਾਜਪਾ ਨੇ ਛੱਡ ਦਿੱਤੀਆਂ, ਜਿਹੜੀ ਧਿਰ ਨੂੰ ਵੀ ਏਦਾਂ ਦੀ ਜੜ੍ਹਾਂ ਟੁੱਕਣ ਵਾਲੀ ਪੇਸ਼ਕਸ਼ ਕਰ ਦਿੱਤੀ, ਉਹ ਧੂੰਆਂ ਨਿਕਲਣ ਦਿੱਤੇ ਬਗੈਰ ਮੰਨ ਲਵੇਗੀ। ਨਤੀਜੇ ਵਜੋਂ ਪੰਜਾਬ ਦੇ ਅਕਾਲੀ ਆਗੂ ਬਿਹਾਰ ਦੇ ਨਿਤੀਸ਼ ਕੁਮਾਰ ਬਣਨ ਵਾਸਤੇ ਇੱਕ-ਦੂਸਰੇ ਦੇ ਪੈਰ ਮਿੱਧਣ ਲੱਗ ਜਾਣਗੇ।

ਜਿੱਥੋਂ ਤੱਕ ਕੇਂਦਰ ਅਤੇ ਪੰਜਾਬ ਵਿੱਚ ਰਾਜ ਕਰਦੀਆਂ ਧਿਰਾਂ ਭਾਜਪਾ ਤੇ ਆਮ ਆਦਮੀ ਪਾਰਟੀ ਵਿਚਾਲੇ ਅਗਲੀ ਚੋਣ ਮੌਕੇ ਹੋਣ ਵਾਲੀ ਟੱਕਰ ਦਾ ਸਵਾਲ ਹੈ, ਹਾਲਾਤ ਜਿਸ ਪਾਸੇ ਤੁਰੇ ਜਾਂਦੇ ਹਨ, ਉਸ ਦੀ ਸੰਭਾਵਨਾ ਲਗਾਤਾਰ ਵਧ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿਵੇਂ ਜਲੰਧਰ ਗੇੜੀ ਮੌਕੇ ਇਹ ਕਿਹਾ ਕਿ ਸਾਡੀਆਂ ਕੇਂਦਰ ਦੀਆਂ ਸਕੀਮਾਂ ਨੂੰ ਇਹ ਆਪਣੀਆਂ ਕਹਿ ਕੇ ਸਿਹਰਾ ਲੈਣ ਲੱਗੇ ਪਏ ਹਨ, ਉਸ ਦਾ ਜਵਾਬ ਆਮ ਆਦਮੀ ਪਾਰਟੀ ਨੇ ਖੜੇ ਪੈਰ ਦਿੰਦਿਆਂ ਮੋੜਵਾਂ ਵਾਰ ਇਹ ਕਰ ਦਿੱਤਾ ਹੈ ਕਿ ਤੁਸੀਂ ਪਹਿਲਾਂ ਪੰਜਾਬ ਦੇ ਉਹ ਪੰਜਾਹ ਹਜ਼ਾਰ ਕਰੋੜ ਰੁਪਏ ਦੇ ਦਿਉ, ਜਿਹੜੇ ਸਾਂਝੇ ਫੰਡਾਂ ਵਿੱਚ ਇਸ ਰਾਜ ਦਾ ਹਿੱਸਾ ਕਾਨੂੰਨੀ ਤੌਰ ਉੱਤੇ ਬਣਦਾ ਹੈ। ਇਸ ਦੇ ਨਾਲ ਲੜਾਈ ਸਿੱਧੀ ਹੋਣ ਦੇ ਜਿਵੇਂ ਬੜੇ ਥੋੜ੍ਹੇ ਸਮੇਂ ਵਿੱਚ ਹਾਲਾਤ ਬਣਦੇ ਨਜ਼ਰ ਆਉਣ ਲੱਗੇ ਹਨ, ਉਸ ਬਾਰੇ ਹੋਰਨਾਂ ਵਿਰੋਧੀ ਧਿਰਾਂ ਨੂੰ ਵਕਤ ਸਿਰ ਸੋਚਣਾ ਪਵੇਗਾ। ਉਹ ਇਹ ਕੰਮ ਕਦੋਂ ਕਰਨਗੀਆਂ, ਕੋਈ ਕੁਝ ਨਹੀਂ ਕਹਿ ਸਕਦਾ, ਪਰ ਇਹ ਕੰਮ ਦੇਰ ਕਰਨ ਵਾਲਾ ਨਹੀਂ।

ਏਥੇ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਪਿਛਲੇ ਦਿਨੀਂ ਅਸੀਂ ਲਿਖਿਆ ਸੀ ਕਿ ਵਿਧਾਨ ਸਭਾ ਚੋਣਾਂ ਪੰਜਾਬ ਵਿੱਚ ਅਗਲੇ ਫਰਵਰੀ-ਮਾਰਚ ਵਿੱਚ ਹੋਣੀਆਂ ਬਣਦੀਆਂ ਹਨ, ਪਰ ਓਨੀ ਦੇਰ ਤੱਕ ਉਡੀਕੀਆਂ ਸ਼ਾਇਦ ਨਾ ਜਾਣ, ਕਿਉਂਕਿ ਜਿੱਦਾਂ ਦੇ ਸੰਕੇਤ ਹਨ, ਇਹ ਪੰਜਾਬ ਵਿੱਚ ਅਗੇਤੀਆਂ ਹੋ ਸਕਦੀਆਂ ਹਨ। ਆਮ ਪ੍ਰਭਾਵ ਇਹੋ ਸੀ ਕਿ ਨਵੰਬਰ ਵਿੱਚ ਇਨ੍ਹਾਂ ਚੋਣਾਂ ਵਾਲੀ ਘੜੀ ਆ ਸਕਦੀ ਹੈ ਤੇ ਇਸ ਪੱਖੋਂ ਸਾਢੇ ਤਿੰਨ ਮਹੀਨੇ ਤੋਂ ਵੱਧ ਦਾ ਸਮਾਂ ਨਹੀਂ ਰਹਿ ਗਿਆ। ਕੇਂਦਰ ਦਾ ਕੁਝ ਇਸ਼ਾਰਾ ਹੋਇਆ ਹੋਵੇ ਜਾਂ ਚੋਣ ਕਮਿਸ਼ਨ ਦੇ ਅੰਦਰ ਦੀ ਹਿਲਜੁਲ, ਇਹ ਖਬਰ ਆਈ ਹੈ ਕਿ ਚੋਣ ਕਮਿਸ਼ਨ ਇਹ ਗੱਲ ਕਹਿੰਦਾ ਪਿਆ ਹੈ ਕਿ ਉੱਤਰ ਪ੍ਰਦੇਸ਼ ਦੀਆਂ ਚੋਣਾਂ ਭਾਵੇਂ ਕੁਝ ਸਮਾਂ ਅਟਕਾ ਲਈਆਂ ਜਾਣ, ਪੰਜਾਬ ਵਿੱਚ ਚੋਣਾਂ ਲਈ ਵੇਲੇ ਤੋਂ ਪਹਿਲਾਂ ਕਰਵਾਉਣ ਦੀ ਕੋਈ ਵਿਚਾਰ ਨਹੀਂ ਹੋ ਰਹੀ। ਏਦਾਂ ਦੀ ਖਬਰ ਜਦੋਂ ਵੀ ਆਉਂਦੀ ਹੈ, ਉਹ ਬਗੈਰ ਕਿਸੇ ਵੱਡੇ ਹਕੂਮਤੀ ਇਸ਼ਾਰੇ ਤੋਂ ਨਹੀਂ ਆਇਆ ਕਰਦੀ। ਜੇ ਤਾਂ ਹਕੂਮਤੀ ਸੋਚਣੀ ਇਹੋ ਹੈ, ਜਿਹੜੀ ਨਰਿੰਦਰ ਮੋਦੀ ਨੇ ਪੰਜਾਬ ਵਿੱਚ ਆ ਕੇ ਇਸ਼ਾਰਿਆਂ ਵਿੱਚ ਕਹੀ ਹੈ ਕਿ ਸਾਰੀਆਂ ਧਿਰਾਂ ਨੂੰ ਉਲਝਣਾਂ ਵਿੱਚ ਪਾ ਕੇ ਰੱਖਣਾ ਹੈ ਤਾਂ ਅਗਲੀਆਂ ਚੋਣਾਂ ਨਵੰਬਰ ਜਾਂ ਅਗਲੀ ਫਰਵਰੀ ਵਿੱਚ ਕਰਾਉਣ ਦੀ ਬਹਿਸ ਓਸੇ ਨੀਤੀ ਦਾ ਹਿੱਸਾ ਹੋ ਸਕਦੀ ਹੈ। ਜੇ ਬਾਕੀ ਸਿਆਸੀ ਧਿਰਾਂ ਨਵੰਬਰ ਲਈ ਤਿਆਰ ਹੋ ਜਾਣ ਤਾਂ ਗੱਲ ਅਗਲੀ ਫਰਵਰੀ ਤੱਕ ਲਟਕਾ ਦਿੱਤੀ ਜਾਵੇ, ਪਰ ਬਾਕੀ ਧਿਰਾਂ ਇਸ ਦੀ ਬਜਾਏ ਫਰਵਰੀ ਦਾ ਦਾਈਆ ਬੰਨ੍ਹੀ ਫਿਰਦੀਆਂ ਹੋਣ ਤਾਂ ਕੱਛ ਵਿੱਚੋਂ ਮੂੰਗਲੀ ਕੱਢ ਕੇ ਵਰਤ ਲਈ ਜਾਵੇ। ਪੰਜਾਬ ਦੀ ਰਾਜਨੀਤੀ ਅਜੇ ਤੱਕ ਵੀ ਏਨੀ ਪਰਪੱਕ ਨਹੀਂ ਹੋਈ ਕਿ ਕੇਂਦਰੀ ਹਕੂਮਤ ਦੇ ਅੰਦਰ ਦੀ ਕੋਈ ਸੂਹ ਕੱਢ ਸਕੇ ਜਾਂ ਚੋਣਾਂ ਦੇ ਮੁੱਖ ਦਫਤਰ ਵਿਚਲੇ ਬਾਬੂਆਂ ਦੇ ਕਿਸੇ ਕਰਿੰਦੇ ਤੋਂ ਗੱਲ ਕਢਵਾ ਸਕੇ। ਸਿਰਫ ਪੰਜਾਬ ਦੀ ਰਾਜਨੀਤੀ ਦੀ ਗੱਲ ਨਹੀਂ, ਪੰਜਾਬ ਦਾ ਮੀਡੀਆ ਵੀ ਇਹੋ ਜਿਹਾ ਹੈ ਕਿ ਲੋਕਾਂ ਦੀਆਂ ਨਿੱਜੀ ਗੱਲਾਂ ਦੀ ਫੋਲਾ-ਫਾਲੀ ਤਾਂ ਬਥੇਰੀ ਕਰ ਲੈਂਦਾ ਹੈ, ਪਰ ਪੰਜਾਬ ਦੇ ਲੋਕਾਂ ਦੇ ਭਵਿੱਖ ਨਾਲ ਜੁੜੇ ਹੋਏ ਇਸ ਸਵਾਲ ਬਾਰੇ ਸੋਚਣ ਜਾਂ ਇਸ ਦੇ ਬਾਅਦ ਕੁਝ ਕਰਨ ਦੀ ਸੋਚ ਨਹੀਂ ਝਲਕਦੀ।

'ਸੌ ਹੱਥ ਰੱਸਾ ਅਤੇ ਸਿਰੇ ਉੱਤੇ ਗੰਢ' ਵਾਂਗ ਇੱਕ ਗੱਲ ਇਸ ਵੇਲੇ ਪੱਕੀ ਹੈ ਕਿ ਚੋਣਾਂ ਦੀਆਂ ਤਰੀਕਾਂ ਹੋਣ ਜਾਂ ਫਿਰ ਭਾਈਵਾਲਾਂ ਦੀ ਚੋਣ ਕਰਨੀ ਜਾਂ ਨਹੀਂ ਕਰਨੀ ਅਤੇ ਜੇ ਕਰਨੀ ਤਾਂ ਕਿਹੜੇ ਦੀ ਕਰਨੀ, ਇਹ ਸਾਰਾ ਕੁਝ ਇਸ ਵੇਲੇ ਕੇਂਦਰ ਦੀ ਰਾਜਨੀਤੀ ਦੀ ਕਮਾਂਡ ਕਰਨ ਵਾਲੀ ਧਿਰ ਦੇ ਲੀਡਰਾਂ ਦੀ ਸੋਚਣੀ ਦਾ ਮੁਥਾਜ ਹੈ। ਜਿੰਨੀ ਮੁਥਾਜੀ ਪੰਜਾਬ ਦੀ ਰਾਜਨੀਤੀ ਦੇ ਸਾਹਮਣੇ ਇਸ ਵਕਤ ਹੈ, ਏਨੀ ਕਦੀ ਨਹੀਂ ਹੋਈ ਅਤੇ ਇਹੋ ਗੱਲ ਪੰਜਾਬ ਦੇ ਭਵਿੱਖ ਲਈ ਮਾਰੂ ਜਾਪਦੀ ਹੈ।

ਬੜਾ ਔਖਾ ਹੈ ਕਿਸੇ ਪਿੰਡ ਦਾ ਪਹਿਲ-ਪਲੱਕੜਾ ਇਤਿਹਾਸ ਲਿਖਣਾ

ਪਿੰਡ ਵਸਿਆ-85
ਵਿਜੇ ਬੰਬੇਲੀ

ਇਤਿਹਾਸ ਸਿਰਫ "ਰਾਜੇ-ਰਾਣੀਆਂ" ਜਾਂ "ਵੱਡੇ ਲੋਕ" ਹੀ ਨਹੀਂ ਸਿਰਜਦੇ। ਦਰ-ਹਕੀਕਤ; ਇਤਿਹਾਸ ਦੀ ਸਿਰਜਣਾ ਵਿੱਚ ਆਮ, ਖਾਸ ਕਰਕੇ ਕਿਰਤੀ-ਸ਼ਿਲਪੀਆਂ ਦਾ ਹੱਥ ਵਧੇਰੇ ਹੁੰਦਾ ਹੈ। ਸਥਾਨਕ ਇਤਿਹਾਸ, ਇਤਿਹਾਸਕਾਰੀ ਦੀ ਹੇਠਲੀ, ਪਰ ਮਹੱਤਵਪੂਰਨ ਪਰਤ ਹੈ। ਵਿਅਕਤੀ ਵਿਸ਼ੇਸ਼, ਪਿੰਡ ਜਾਂ ਨਗਰ ਦਾ ਇਤਿਹਾਸ ਇਸ ਦਾ ਖੇਤਰ ਹਨ। ਇਹ ਪਰਤ ਇਤਿਹਾਸ ਰਚਨਾ ਦੀ ਨੀਂਹ ਮੰਨੀ ਜਾ ਸਕਦੀ ਹੈ। ਅਜਿਹਾ ਇਤਿਹਾਸ ਲਿਖ ਕੇ ਫਿਰ ਸੱਚ ਦੇ ਵਧੇਰੇ ਨੇੜੇ ਪਹੁੰਚ ਸਕਣਾ ਸੌਖਾ ਹੁੰਦਾ ਹੈ। ਮਿੱਥ, ਕਲਪਨਾ ਤੇ ਗਲਤ ਬਿਆਨੀ ਦੀ ਗੁੰਜਾਇਸ਼ ਬੇਹੱਦ ਪੇਤਲੀ ਹੋ ਜਾਂਦੀ ਹੈ। ਅਫਸੋਸ! ਸਥਾਨਕ, ਵਿਸ਼ੇਸ਼ ਕਰਕੇ ਪਿੰਡਾਂ ਦਾ ਇਤਿਹਾਸ ਸਾਂਭਿਆ ਨਹੀਂ ਗਿਆ।

ਦਰਅਸਲ, ਮੁਲਕ ਦੀ ਸਭ ਤੋਂ ਛੋਟੀ ਇਕਾਈ ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਆਮ ਕਰਕੇ ਇਸ ਬਾਰੇ ਕਨਸੋਆਂ ਜਾਂ ਇਹ ਕਿਸੇ ਵੀ ਰੂਪ ਵਿੱਚ ਲਿਖਤੀ ਜਾਂ ਸਨਦਬੱਧ ਨਹੀਂ ਮਿਲਦਾ। ਅਕਸਰ ਹੀ ਬਜ਼ੁਰਗਾਂ ਅਤੇ ਪੀੜ੍ਹੀ-ਦਰ-ਪੀੜ੍ਹੀ ਜਾਂ ਕੰਨੋ-ਕੰਨੀ ਭਾਵ ਸੀਨਾ-ਬਾ-ਸੀਨਾ ਤੁਰੀਆਂ ਆਉਂਦੀਆਂ ਦੰਦ-ਕਥਾਵਾਂ ਜਾਂ ਪੀਡੀਆਂ ਮਿੱਥਾਂ 'ਤੇ ਨਿਰਭਰ ਕਰਨਾ ਪੈਂਦਾ ਹੈ ਜਾਂ ਸਥਿਤੀਆਂ-ਪ੍ਰਸਥਿਤੀਆਂ ਵੱਸ ਹੋਈਆਂ ਢੇਰ-ਪੁਰਾਣੀਆਂ ਮਨੁੱਖੀ ਹਿਜਰਤਾਂ, ਕਬੀਲਿਆਂ, ਜਾਤਾਂ-ਗੋਤਾਂ ਦੇ ਉਗਮਣ-ਵਿਗਸਣ ਅਤੇ ਜੇ ਸੰਭਵ ਹੋਵੇ ਤਦ ਹਰਿਦਵਾਰ (ਜਵਾਲਾਪੁਰ) ਪਈਆਂ ਪਰਵਾਰਕ ਨਾਮਵਲੀਆਂ ਜਾਂ ਬੰਸਾਂਵਲੀਆਂ/ਕੁਰਸੀਨਾਮਿਆਂ ਜਾਂ ਪਿੰਡ ਦੀਆਂ ਪੱਤੀਆਂ ਨੂੰ ਫਰੋਲਣਾ ਪੈਂਦਾ ਹੈ। ਕਿਸੀ-ਕਿਸੀ ਵਸੇਬ ਬਾਰੇ ਕਿਤੇ-ਕਿਤੇ ਪੁਸਤਕਾਂ ਜਾਂ ਦਸਤਾਵੇਜ਼ਾਂ ਜਾਂ ਮਾਲ ਰਿਕਾਰਡ, ਜਿਹੜਾ ਪ੍ਰਾਪਤ ਅਤੇ ਦਰਿਆਫਤ ਕਰਨਾ ਬੜਾ ਔਖਾ ਹੈ, ਵਿੱਚ ਕਿਸੇ ਪਿੰਡ ਦੇ ਬੱਝਣ ਦੇ ਇਸ਼ਾਰੇ ਮਿਲਦੇ ਹਨ। ਫਿਰ ਇਸ ਸਾਰੇ ਨੂੰ ਤਰਕ ਅਤੇ ਇਤਿਹਾਸ ਦੀ ਕਸਵੱਟੀ ਉੱਤੇ ਪਰਖ ਕੇ ਯਥਾ-ਸੰਭਵ ਬੱਝਵੀਂ, ਵੱਧ ਭਰੋਸੇਮੰਦ, ਲਿਖਤ ਵੱਲ ਵਧਣਾ ਪੈਂਦਾ ਹੈ।

ਹੁਣ ਕੁੱਝ ਕੁ ਲਿਖਾਰੀਆਂ ਵੱਲੋਂ ਨਿਰੋਲ ਆਪਣੇ ਪਿੰਡ ਬਾਰੇ, ਜਿਹੜੇ ਮੈਥੋਂ ਕਿਤੇ ਵੱਧ ਸਿਰੜੀ, ਮਿਹਨਤੀ ਅਤੇ ਸਿਆਣੇ ਹਨ, ਕਿਸੇ-ਕਿਸੇ ਪਿੰਡ ਵਿਸ਼ੇਸ਼ ਦਾ ਇਤਿਹਾਸ ਕਲਮਬੱਧ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ ਅਤੇ ਕੀਤੀ ਜਾ ਰਹੀ ਹੈ, ਪਰ ਸਰਕਾਰ ਜਾਂ ਕਿਸੇ ਸਮਰੱਥ ਜਾਂ ਸੰਬੰਧਤ ਅਦਾਰਿਆਂ ਨੇ ਬਣਦੀ ਤੇ ਨਿੱਗਰ ਕੋਸ਼ਿਸ਼ ਨਹੀਂ ਕੀਤੀ। ਮੁੱਖ ਸ੍ਰੋਤ ਪੁਰਾਣੀ ਪੀੜ੍ਹੀ ਜਿਹੜੀ ਇਸ ਬਾਰੇ ਮੌਖਿਕ ਪਰ ਪੁਖਤਾ ਗੱਲ ਕਰ ਸਕਦੀ ਸੀ, ਬਿਲਕੁਲ ਖ਼ਤਮ ਹੋ ਚੱਲੀ ਹੈ। ਕਿਤੇ-ਕਿਤੇ ਕੋਈ ਢੇਰ ਪੁਰਾਣਾ ਹੀ ਡੰਗੋਰੀ ਲਈ ਖੜ੍ਹਾ ਹੈ। ਅੱਧਖੜਾਂ ਨੂੰ ਤੰਗੀਆਂ-ਝੋਰਿਆਂ ਨੇ ਅਗਲ-ਵੱਢ ਜੱਫਾ ਮਾਰਿਆ ਹੋਇਆ ਹੈ। ਨਵੀਂ ਪੀੜ੍ਹੀ ਨੂੰ ਟੈਲੀ ਅਤੇ ਮੋਬਾਇਲ ਕਲਚਰ ਨੇ ਅੰਦਰੀਂ ਵਾੜ ਦਿੱਤਾ ਹੋਇਆ ਹੈ। ਸਿੱਟਾ; ਸੱਥਾਂ ਵੀ ਮੂਲੋਂ ਖ਼ਤਮ ਹੋ ਚੱਲੀਆਂ ਜਾਂ ਹੋ ਗਈਆਂ ਹਨ। ਜਿੱਥੇ ਚੁੰਝ-ਚਰਚਾ ਚੱਲਦੀ ਸੀ ਅਤੇ ਮੌਖਿਕ ਇਤਿਹਾਸ ਅੱਗੇ ਤੁਰਦਾ ਸੀ। ਮੌਕਾ ਅਜੇ ਵੀ ਸਾਂਭਿਆ ਜਾ ਸਕਦਾ ਹੈ। ਹਾਲੇ ਵੀ ਵੇਲਾ ਹੈ ਕਿ ਜਿੰਨਾ ਕੁ ਮਿਲਦਾ ਹੈ, ਸਾਂਭ ਲਈਏ ਨਹੀਂ ਤਾਂ ਸਥਾਨਕ ਜਾਂ ਕਿਸੇ ਵੀ ਵਸੇਬ ਦਾ ਮੁੱਢਲਾ ਇਤਿਹਾਸ ਗੁੰਮ ਹੋ ਜਾਵੇਗਾ।

ਹਾਂ; ਜਿਵੇਂ ਪਹਿਲਾਂ ਕਿਹਾ, ਕਿਤੇ-ਕਿਤੇ ਇਤਿਹਾਸਕ ਪੁਸਤਕਾਂ ਜਾਂ ਗਜ਼ਟੀਅਰਾਂ ਵਿੱਚ ਸਥਾਨਕ ਇਤਿਹਾਸ ਦੇ ਇਸ਼ਾਰੇ ਤਾਂ ਮਿਲਦੇ ਹਨ, ਜਿਹੜੇ ਪੀਡੇ ਸ੍ਰੋਤ ਹਨ, ਪ੍ਰੰਤੂ ਉਹ ਵੀ ਬੱਝਵੇਂ ਰੂਪ ਵਿੱਚ ਨਾ ਮਿਲ ਸਕਣ ਜਾਂ ਪ੍ਰਾਪਤ ਕਰ ਸਕਣ ਦੇ ਕਈ ਕਾਰਨ ਹਨ, ਫਿਰ ਵੀ ਕੋਸ਼ਿਸ਼ਾਂ ਜਾਰੀ ਰਹਿਣ। ਇਵੇਂ ਹੀ ਪਾਡੋਂ ਬਹੀਆਂ ਜਾਂ ਮੀਰ-ਮਰਾਸੀਆਂ ਜਾਂ ਪਿੰਡਾਂ ਦੇ ਪ੍ਰੋਹਤਾਂ ਵਾਲੇ ਸ੍ਰੋਤ ਵੀ ਮਰ-ਮੁੱਕ ਗਏ ਹਨ ਜਾਂ ਅਣ-ਪ੍ਰਾਪਤ ਹੋ ਰਹੇ ਹਨ। ਸੋ, ਜੋ ਮਿਲਦਾ ਜਿਥੋਂ ਵੀ ਮਿਲਦਾ, ਸੋ ਭਲੀ, ਪਰ ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਹੇਠਲੇ ਪੱਧਰ 'ਤੇ ਅਤੇ ਨਿਰਪੱਖ ਰੂਪ ਵਿੱਚ ਪ੍ਰਾਪਤ ਇਤਿਹਾਸ ਲਿਖਿਆ-ਸਾਂਭਿਆ ਹੀ ਨਹੀਂ ਗਿਆ। ਜੇ ਮੈਂ ਗਲਤ ਨਾ ਹੋਵਾਂ, ਸਾਹਿਤ ਦੀ ਹੋਰ ਵੰਨਗੀ ਨਾਲੋਂ ਇਹ ਖੋਜ ਕਾਰਜ ਹੈ ਵੀ ਬੜਾ ਔਖਾ। ਬਹੁਤੀ ਵਾਰ, ਇਉਂ ਵਾਪਰਦਾ : ਇੱਕ ਬੰਦੇ ਤੋਂ ਪੁੱਛ-ਸਮਝ ਕੇ ਆਉਣਾ, ਜਦ ਪ੍ਰੋੜ੍ਹਤਾ ਲਈ ਕਿਸੇ ਹੋਰ ਨਾਲ ਗੱਲ ਕਰਨੀ ਤਾਂ ਉਸ ਦੇ ਕਹੇ-ਦੱਸੇ ਨੇ ਸਾਰਾ ਨਕਸ਼ਾ ਹੀ ਉਲੱਦ ਦੇਣਾ। ਫਿਰ ਕਿਸੇ ਹੋਰ ਨਿਰਪੱਖ ਸੱਜਣ ਕੋਲ ਪਹੁੰਚ ਕਰਨੀ ਅਤੇ ਉਸ ਦੇ ਦੱਸੇ ਤੱਥਾਂ ਨੂੰ ਤਰਕ, ਵਿਗਿਆਨ ਅਤੇ ਇਤਿਹਾਸ ਦੀ ਕਸਵੱਟੀ ਵਿੱਚ ਪਾਉਣਾ ਤਾਂ ਤਾਣਾ-ਪੇਟਾ ਹੋਰ ਵੀ ਉਲਝ ਜਾਣਾ। ਕਈ ਵਾਰ ਵਾਰ-ਵਾਰ ਮਾਰੇ ਗੇੜੇ, ਸਮਾਂ-ਖਰਚਾ, ਪਟਰੋਲਿੰਗ ਅਤੇ ਸਿਰ-ਖਪਾਈ ਸਭ ਵਿਅਰਥ।

ਦਰ-ਹਕੀਕਤ; ਇਤਿਹਾਸ ਨਿਰਾ ਹੋਈਆਂ-ਵਾਪਰੀਆਂ ਘਟਨਾਵਾਂ ਨੂੰ, ਸਿਰਫ ਸਿਲਸਲੇਵਾਰ ਲੜੀਬੱਧ ਕਰ ਦੇਣ ਦਾ ਹੀ ਨਾਂਅ ਨਹੀਂ। ਇਤਿਹਾਸ ਉਹਨਾਂ ਸਮਾਜਿਕ ਤੇ ਆਰਥਿਕ ਪ੍ਰਸਥਿਤੀਆਂ ਦੀ ਖੋਜ-ਪੜਤਾਲ ਅਤੇ ਪੁਨਰ ਸਿਰਜਣਾ ਹੈ, ਜਿਹਨਾਂ ਸਥਿਤੀਆਂ-ਪ੍ਰਸਥਿਤੀਆਂ ਨੇ ਕਿਸੇ ਵੀ ਵਸੇਬ ਨੂੰ ਪੱਕੇ ਪੂਰੀਂ ਕਰਨ ਅਤੇ ਸਮਾਜਿਕ ਸੰਘਰਸ਼ਾਂ ਨੂੰ ਜਨਮ ਦਿੱਤਾ ਹੁੰਦਾ ਹੈ। ਪਿੰਡ ਕਦ ਵਸਿਆ, ਕਿਸ ਵਸਾਇਆ? ਭਲਾ! ਇਸ ਦੀ ਮੋੜ੍ਹੀ ਕਿਸ ਗੱਡੀ, ਇੱਥੇ ਹੀ ਕਿਉਂ ਗੱਡੀ ? ਬਾਕੀ ਧਿਰਾਂ ਇੱਥੇ ਕਿਵੇਂ ਆ ਵਸੀਆਂ ਜਾਂ ਕਿਉਂ ਲਿਆ ਵਸਾਈਆਂ? ਪਿੰਡ ਵੱਸਣ ਅਤੇ ਪੱਕੇ ਪੈਰੀਂ ਹੋ ਜਾਣ ਤੋਂ ਲੈ ਕੇ ਕਰੀਬ '47 ਦੀ ਤ੍ਰਾਸਦੀ ਤੱਕ, ਖਾਸ ਕਰਕੇ ਇਸ ਦਾ ਪਹਿਲ-ਪਲੱਕੜੀ ਤਰੀਖ ਹੀ "ਪਿੰਡ ਵਸਿਆ", ਜਿਸ ਵਿੱਚ ਸੰਬੰਧਤ ਪਿੰਡ ਦੀ ਮੋੜ੍ਹੀ ਗੱਡਣ, ਵਸਣ ਅਤੇ ਉਗਮਣ ਦੀ ਬਾਤ ਪਾਈ ਜਾਂਦੀ ਹੈ, ਉਸ ਪਿੰਡ ਦੀ ਤਵਾਰੀਖ ਬਣਦੀ ਹੈ। ਜਿਸ ਵਿੱਚ ਢੇਰ ਪੁਰਾਣੇ ਵਿਸ਼ੇਸ਼ ਸੰਘਰਸ਼, ਵਿਸ਼ੇਸ਼ ਘਟਨਾਵਾਂ, ਵਿਸ਼ੇਸ਼ ਮੁਹਾਰਤ ਜਾਂ ਪ੍ਰਾਪਤੀ ਅਤੇ ਵਿਅਕਤੀਗਤ ਅਤੀ-ਵਿਸ਼ੇਸ਼ ਵੀ ਸ਼ੁਮਾਰ ਹੈ। ਫਿਰ ਸੁਤੰਤਰਤਾ ਸੰਗਰਾਮ ਵਿੱਚ ਉਸ ਗਰਾਂ ਦਾ ਯੋਗਦਾਨ, ਜਿਹੜਾ ਕਿ ਤਕਰੀਬਨ ਲਿਖਤੀ ਪ੍ਰਾਪਤ ਹੋ ਜਾਂਦਾ ਹੈ, ਵੀ ਸੂਹਾ ਹਿੱਸਾ ਬਣ ਜਾਂਦਾ ਜਾਂ ਬਣਾਇਆ ਜਾ ਸਕਦਾ ਹੈ।

ਪ੍ਰੰਤੂ ਕਿਸੇ ਵੀ ਖਿੱਤੇ ਜਾਂ ਪਿੰਡ ਦੀ ਸੁਤੰਤਰਤਾ ਸੰਗਰਾਮ ਦੀ ਜੋ ਬਹੁਤੇ ਥਾਵੀਂ ਬਿਆਨੀ ਕੀਤੀ ਜਾਂਦੀ ਹੈ ਜਾਂ ਜੋ ਲਿਖਤਾਂ ਦਿੱਤੀਆਂ-ਵਿਖਾਈਆਂ ਜਾਂਦੀਆਂ ਹਨ, ਉਹਨਾਂ ਵਿੱਚੋਂ ਵੀ ਕਈ ਗਲੇ ਨਹੀਂ ਉੱਤਰਦੀਆਂ। ਇਸ ਵਿੱਚ ਆਮ ਕਰਕੇ, ਸਥਾਨਕ ਵਸੋਂ ਦਾ ਕਸੂਰ ਨਹੀਂ ਹੁੰਦਾ। ਦਰਅਸਲ, ਅਸੀਂ ਸਿਰਫ ਤਾਰੀਖ ਨਾਲ ਹੀ ਅਨਿਆਂ ਨਹੀਂ ਕੀਤਾ, ਸਾਂਝੇ-ਮੀਂਝੇ ਦੇਸ਼ ਭਗਤਾਂ ਅਤੇ ਉਹਨਾਂ ਦੇ ਅਕੀਦਿਆਂ ਨਾਲ ਵੀ ਕੀਤਾ ਹੈ। ਤਾ-ਕਿਸਮ ਦੇ ਫਿਰਕਾਪ੍ਰਸਤਾਂ ਤੋਂ ਭਲੇ ਦੀ ਆਸ ਪਹਿਲਾਂ ਹੀ ਨਹੀਂ ਸੀ, ਮੌਜੂਦਾ ਸਮਿਆਂ ਵਿੱਚ ਇਤਿਹਾਸ ਦੀ ਤੋੜ-ਮਰੋੜ ਦਾ ਖ਼ਤਰਾ ਹੋਰ ਵੀ ਵਧ ਗਿਆ ਹੈ। ਪਹਿਲਾਂ ਹੀ ਬਹੁਤਿਆਂ ਅਚੇਤ-ਸੁਚੇਤ, ਸਿਰਫ ਆਪਣਿਆਂ ਨੂੰ ਹੀ ਵਡਿਆਇਆ ਹੈ, ਵਡਿਆਉਣਾ ਵੀ ਚਾਹੀਦਾ ਹੈ, ਪਰ ਜੇ ਬਣਦਾ ਜ਼ਿਕਰ ਅਤੇ ਬੱਲੇ-ਬੱਲੇ ਦੂਜੀਆਂ ਧਿਰਾਂ ਦੀ ਵੀ ਕਰ ਦੇਈਏ ਤਾਂ ਸਿੱਟੇ ਬੜੇ ਹਾਂਦਰੂ ਅਤੇ ਦੂਰ-ਰਸ ਨਿਕਲਣਗੇ। ਇਸੇ ਵਿੱਚ ਵੀ ਸਥਾਨਕ ਇਤਿਹਾਸ ਦਾ ਸੱਚ ਅਤੇ ਸਾਡਾ ਤੇ ਤਾਰੀਖ ਦਾ ਭਲਾ ਲੁਕਿਆ ਹੋਇਆ ਹੈ।

ਮੁੱਕਦੀ ਗੱਲ; ਪਿੰਡ ਦਾ ਕਿੱਸਾ ਫਰੋਲਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ। ਵੱਡੀ ਕਠਿਨਾਈ ਇਹ ਹੈ ਕਿ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਇਹ ਕਿਸੇ ਵੀ ਰੂਪ ਵਿੱਚ ਸਾਂਭਿਆ ਨਹੀਂ ਗਿਆ। ਪਿੰਡਾਂ ਦੀ ਤਵਾਰੀਖ ਗੂੜ੍ਹੀਆਂ ਲੋਕ ਗਥਾਵਾਂ, ਉੱਮਦਾਂ ਪਰੰਪਰਾਵਾਂ ਅਤੇ ਤਾਰੀਖ ਦੀਆਂ ਉੱਘੀਆਂ ਕੜੀਆਂ ਨੂੰ ਬਿਆਨਦਾ ਹੈ। ਇਹ ਇਤਿਹਾਸ ਉਸ ਵਕਤ ਦੀਆਂ ਸਮਾਜਿਕ-ਰਾਜਨੀਤਕ ਅਤੇ ਆਰਥਿਕ ਦਿਸ਼ਾਵਾਂ ਸਮੇਤ ਵੇਲੇ ਦਾ ਰਹਿਣ-ਸਹਿਣ, ਰੋਜ਼ੀ-ਰੋਟੀ, ਕਿਰਤ-ਸ਼ਿਲਪ, ਸੱਭਿਆਚਾਰ, ਬੋਲੀ-ਲਿਪੀ, ਅਧਿਆਤਮਿਕ ਆਸਥਾਵਾਂ ਅਤੇ ਉੱਥਲ-ਪੁੱਥਲਾਂ ਦਾ ਇਤਿਹਾਸ ਹੈ ਜਿਸ ਨੇ ਸਾਡੀ ਹੋਣੀ ਤੈਅ ਕੀਤੀ ਸੀ/ਹੈ। ਹਰੇਕ ਪਿੰਡ ਆਪੋ-ਆਪਣਾ ਵਿਸ਼ੇਸ਼ ਇਤਿਹਾਸ ਲਕੋਈ ਜਾਂ "ਸਾਂਭੀ" ਬੈਠਾ ਹੈ। ਸਾਂਭ-ਸਲੂਟ ਲਵੋ, ਨਾ-ਸਾਂਭਿਆ ਤਾਂ, ਸਮੇਂ ਦੇ ਫੇਰ ਨਾਲ ਦਫਨ ਹੋ ਜਾਵੇਗਾ। ਹੈ ਤਾਂ ਔਖਾ, ਪ੍ਰੰਤੂ ਕੋਸ਼ਿਸ਼ਾਂ ਜਾਰੀ ਰੱਖੋ।

ਸੰਪਰਕ : 94634-39075

ਛਣਕਾਟਾ ਪੈਂਦਾ ਗਲ਼ੀ-ਗਲ਼ੀ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇਂ-75
ਸੁਰਜੀਤ ਸੁਮਨ

ਝਾਂਜਰ ਦੇ ਛਣਕਣ ਨਾਲ਼ ਉਦਾਸ ਮੌਸਮ ਖਿੜ ਉੱਠਦੇ ਹਨ। ਦਿਲਾਂ ਦੀ ਧੜਕਣ ਵਾਂਗ ਆਲ਼ੇ-ਦਆਲ਼ੇ ਦਾ ਚਿਰਜੀਵੀ ਸੁੰਨਾਪਣ ਧੜਕ ਉੱਠਦਾ ਹੈ। ਝਾਂਜਰ ਦੀ ਛਣਨ-ਛਣ ਰੂਹ ਨੂੰ ਖੇੜਾ ਬਖ਼ਸ਼ਦੀ ਹੈ। ਬੇਆਸ ਦਿਲਾਂ ਵਿੱਚ ਆਸ ਦਾ ਦੀਵਾ ਜਗਮਗਾਉਣ ਲਗਦਾ ਹੈ। ਉਜਾੜਾਂ ਵਿੱਚ ਫਿਰ ਤੋਂ ਰਾਗ ਮੌਲ਼ ਪੈਂਦੇ ਹਨ। ਕਿੰਨੀ ਤਾਕਤ ਹੈ ਨਾ ਝਾਂਜਰ ਵਿੱਚ, ਇਸ ਦੇ ਛਣਕਾਟੇ ਵਿੱਚ? ਘਰ ਦੇ ਵਿਹੜੇ ਵਿੱਚ ਛਣਕੀ ਝਾਂਜਰ ਦੇ ਅਰਥ ਹੋਰ ਹੁੰਦੇ ਹਨ। ਬਾਹਰ ਹੋਰ। ਕਿਸੇ ਵੇਲ਼ੇ ਪੰਜਾਬ ਦੇ ਸਰਦੇ ਪੁੱਜਦੇ ਘਰ ਔਖਿਆਂ-ਸੌਖਿਆਂ ਝਾਂਜਰ ਦੇ ਛਣਕਣ ਦਾ ਪ੍ਰਬੰਧ ਕਰਕੇ ਵਿਦੇਸ਼ ਉਡਾਰੀ ਮਾਰ ਜਾਂਦੇ ਸਨ। ਜਿਵੇਂ ਕਿਵੇਂ ਉਹ ਜਗੀਰੋ ਦੇ ਢੋਲ ਦੇ ਵੱਜਣ ਦਾ ਪ੍ਰਬੰਧ ਵੀ ਜੁਟਾ ਲੈਂਦੇ ਸਨ। ਫਿਰ ਐਸੀ ਝਾਂਜਰ ਛਣਕਣ ਦੇ ਨਾਲ਼ ਨਾਲ਼ ਜਗੀਰੋ ਦਾ ਢੋਲ ਅਜਿਹਾ ਵੱਜਦਾ, ਦਿਨਾਂ ਵਿੱਚ ਹੀ ਵਾਅਰੇ-ਨਿਆਰੇ ਹੋਣ ਲਗਦੇ। ਇਸੇ ਦੌਰਾਨ ਅਮਰੀਕਾ, ਕੈਨੇਡਾ, ਆਸਟਰੇਲੀਆ ਤੇ ਹੋਰ ਦੇਸ਼ਾਂ ਵਿੱਚ ਜੁਗਾੜੀ ਲੋਕਾਂ ਨੇ ਐਸੀ ਝਾਂਜਰ ਛਣਕਾਈ, ਵਿਦੇਸ਼ ਉਡਾਰੀ ਮਾਰਨ ਵਾਲ਼ਿਆਂ ਦੇ ਕੰਨਾਂ ਵਿੱਚ ਰਸ ਘੋਲ਼ਦੀ ਘੋਲ਼ਦੀ ਇਹ ਝਾਂਜਰ ਪਤਾ ਨਹੀਂ ਕਿਹੜੇ ਵੇਲ਼ੇ ਸਾਡੇ ਪਿੰਡੀਂ, ਸਾਡੇ ਘਰਾਂ ਦੇ ਵਿਹੜਿਆਂ ਵਿੱਚ ਸੁੰਨਾਪਣ ਘੋਲ਼ਣ ਲੱਗੀ। ਫਿਰ ਕਿਸੇ ਨੂੰ ਇਸ ਦਾ ਵੀ ਬਹੁਤਾ ਇਲਮ ਨਹੀਂ ਹੋਇਆ ਕਿ ਕਿਹੜੇ ਵੇਲ਼ੇ ਇੱਥੇ ਯੂ.ਪੀ. ਬਿਹਾਰ ਤੋਂ ਆਈਆਂ ਝਾਂਜਰਾਂ ਛਣਕਣ ਲੱਗੀਆਂ। ਵਿਦੇਸ਼ ਉਡਾਰੀ ਮਾਰਨ ਦੇ ਚਾਅ ਵਿੱਚ ਬਹੁਤੇ ਲੋਕਾਂ ਆਪਣੇ ਘਰ ਵਿੱਚ ਬਾਬਾ ਨਾਨਕ ਵੱਲੋਂ ਬਖ਼ਸ਼ਿਆ 'ਕਿਰਤ ਕਰਨ ਦਾ ਹੋਕਾ' ਰੋਲ਼ਣਾ ਸ਼ੁਰੂ ਕਰ ਦਿੱਤਾ। ਕੰਜਕਾਂ ਕੁਆਰੀਆਂ ਆਈਲੈੱਟ ਦੇ ਚੱਕਰਾਂ ਵਿੱਚ ਉਲਝਾ, ਕੰਟਰੈਕਟ ਮੈਰਿਜਾਂ ਦੇ ਪ੍ਰਬੰਧ ਹੋਣ ਲਗਦੇ ਹਨ। ਭੈਣਾਂ-ਭਰਾਵਾਂ, ਧੀ-ਪਿਓ, ਚਾਚਾ-ਭਤੀਜੀ, ਮਾਮਾ-ਭਾਣਜੀ ਦੇ ਫਰਜ਼ੀ ਵਿਆਹਾਂ ਲਈ ਮੈਰਿਜ ਪੈਲਸ ਸਜਣ ਲਗਦੇ ਹਨ। ਲਾਵਾਂ ਦੀਆਂ ਵੀਡੀਓਜ਼/ਫੋਟੋਜ਼ ਅੰਬੈਸੀਆਂ ਦੇ ਰਿਕਾਰਡ ਵਿੱਚ ਜਮ੍ਹਾਂ ਹੋਣ ਲਗਦੀਆਂ ਹਨ। ਪੰਜਾਬੀਆਂ ਦੇ ਇੱਕ ਖੇਮੇ ਦੇ ਕਿਰਦਾਰ ਨੂੰ ਪਰਖਣ ਲਈ ਇਹ ਸਭ ਕੁਝ ਹੀ ਕਾਫੀ ਹੈ। ਇਸ ਸਾਰੇ ਕਾਸੇ ਪਿੱਛੇ ਸਾਡੇ ਰਾਹ-ਦਸੇਰਿਆਂ, ਰਾਜ ਸੱਤ੍ਹਾ ਦੇ ਗਲਿਆਰਿਆਂ ਵਿੱਚ ਵਿਚਰਨ ਵਾਲ਼ੀ ਬਾਣੀਆਂ ਬਿਰਤੀ ਦਾ ਵੀ ਬਹੁਤ ਵੱਡਾ ਹੱਥ ਦਿਖਾਈ ਦਿੰਦਾ ਹੈ। ਚੰਦ ਸਿੱਕਿਆਂ ਦੇ ਲਾਲਚ ਵਿੱਚ ਉਹ ਨੌਜਵਾਨ ਮਨਾਂ ਵਿੱਚ ਵਿਦੇਸ਼ੀ ਧਰਤੀ ਦੇ ਸੁਫਨੇ ਬੀਜਣ ਲੱਗਦੇ ਹਨ। ਇਹਦੇ ਪਿੱਛੇ ਕਿਸੇ ਵੇਲ਼ੇ ਜ਼ਬਰੀ ਉਜਾੜੇ ਦੀ ਮਾਰ ਝੱਲ ਰਹੇ ਰਾਜਸੀ ਸ਼ਰਨ ਲੈ ਕੇ ਵਿਦੇਸ਼ੀ ਧਰਤੀਆਂ ਨੂੰ ਗਾਹੁਣ ਵਾਲ਼ਿਆਂ ਵੱਲੋਂ ਪੰਜਾਬ ਦੀ ਮਾਰੀ ਗਈ ਨਿੱਕੀ ਜਿਹੀ ਗੇੜੀ ਵੀ ਵਿਦਮਾਨ ਕਿਆਸੀ ਜਾ ਸਕਦੀ ਹੈ। ਅਜਿਹੀਆਂ ਗੇੜੀਆਂ ਸਾਡੀ ਧਰਤੀ 'ਤੇ ਮਿੱਟੀ ਨਾਲ਼ ਮਿੱਟੀ ਹੋ ਰਹੇ ਰੁਜ਼ਗਾਰਾਂ ਨੂੰ ਚੁੰਬਕ ਵਾਂਗ ਆਪਣੇ ਵੱਲ ਖਿੱਚਦੀਆਂ ਹਨ। ਉਂਝ ਮਨੁੱਖ ਸਦੀਆਂ ਤੋਂ ਪ੍ਰਵਾਸ ਹੰਢਾਉਂਦਾ ਵਿਦੇਸ਼ੀਆਂ ਧਰਤੀਆਂ ਗਾਹੁੰਦਾ ਤੁਰਿਆ ਆ ਰਿਹਾ ਹੈ।

ਜਦੋਂ ਮੇਰੇ ਮਨ ਦੀਆਂ ਕੰਦਰਾਂ ਵਿੱਚ ਅਜਿਹੇ ਵਿਚਾਰਾਂ ਦਾ ਪ੍ਰਵਾਹ ਕੁਝ ਕੁਝ ਮੱਠਾ ਪੈਂਦਾ ਹੈ ਤਾਂ ਮੈਂ ਝੱਟ ਮੋਬਾਈਲ ਫਰੋਲਣ ਲਗਦਾ ਹਾਂ। ਜਿਉਂ ਜਿਉਂ ਸਤਾਈ ਨੇ ਲੋਕਾਂ ਦੀ ਰੂਹ ਸਤਾ ਰੱਖੀ ਹੈ, ਯੂਟਿਊਬ ਨੂੰ ਸਾਹ ਆਉਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਸਿਆਸਤ ਤੇ ਸ਼ਰਾਰਤ ਦੇ ਮਿਸ਼ਰਨ ਦੇ ਢੋਲ 'ਤੇ ਅਜਿਹਾ ਡਗਾਅ ਲਗਦਾ ਹੈ, ਗੀਤ੍ਹਾਂ ਦਾ ਹੜ੍ਹ ਆ ਜਾਂਦਾ ਹੈ। ਬਣ ਰਹੀਆਂ ਤੇ ਵਾਇਰਲ ਹੋ ਰਹੀਆਂ ਗੀਤ੍ਹਾਂ ਦੀ ਕਾਂਗ ਵਿੱਚ ਆਮ ਬੰਦਾ ਡੁੱਬਣ ਲਗਦਾ ਹੈ। ਇਹ ਗੀਤ੍ਹਾਂ ਨਿਰੀਆਂ ਸ਼ਰਾਰਤ ਤੇ ਸਿਆਸਤ ਦੀਆਂ ਹੀ ਨਹੀਂ, ਹੋਰ ਵੀ ਬਹੁਤ ਤਰ੍ਹਾਂ ਦੀਆਂ ਹਨ। ਸਤਲੁਜ ਵਹਿ ਰਿਹਾ ਹੈ। ਸਤਲੁਜ ਵਿੱਚ ਲਾਸ਼ਾਂ ਵਹਿ ਰਹੀਆਂ ਹਨ। ਇਨ੍ਹਾਂ ਗੀਤ੍ਹਾਂ ਵਿੱਚੋਂ ਨਿਆਸਰਿਆਂ ਦੀ ਕੁਰਲਾਹਟ ਕਿਸੇ ਕਿਸੇ ਨੂੰ ਸੁਣਦੀ ਹੈ। ਜੋਤਸ਼ੀਆਂ-ਨਜ਼ੂਮੀਆਂ ਨੇ ਗ੍ਰਹਿਾਂ ਦੇ ਵਸ਼ੀਕਰਨ ਦੀਆਂ ਯੂਨੀਵਰਸਿਟੀਆਂ ਵੀ ਖੋਲ੍ਹ ਰੱਖੀਆਂ ਹਨ, ਜੋ ਧੜਾਧੜ ਚੱਲ ਰਹੀਆਂ ਹਨ। ਚੱਲ ਕੀ ਰਹੀਆਂ ਹਨ, ਦੌੜ ਰਹੀਆਂ ਹਨ। ਨੋਟਾਂ ਦੀ ਬਰਸਾਤ ਹੋ ਰਹੀ ਹੈ। ਇਹ ਲੋਕ ਮਨਾਂ ਵਿੱਚ ਅਜਿਹੇ ਸੁਫਨੇ, ਅਜਿਹਾ ਕੁਝ ਬੀਜ ਰਹੀਆਂ ਹਨ, ਰਹੇ ਰੱਬ ਦਾ ਨਾਂ। ਮਸਲਨ ਜਿਸਮਾਂ ਦੀ ਮੰਡੀ ਵੀ ਲਗਦੀ ਹੈ, ਇਨ੍ਹਾਂ ਗੀਤ੍ਹਾਂ ਵਿੱਚ। ਡੇਰਿਆਂ ਉੱਤੇ ਸ਼ਰਧਾਲੂਆਂ ਦੀਆਂ ਭੀੜਾਂ ਦੀਆਂ ਗੀਤ੍ਹਾਂ। ਨਸ਼ਿਆਂ ਵਿੱਚ ਧੱਕੀ ਜਾ ਰਹੀ ਜਵਾਨੀ ਦੀਆਂ ਗੀਤ੍ਹਾਂ। ਪੁਲਿਸ ਫੋਰਸ ਦੀ ਚੰਗੀ-ਮਾੜੀ ਕਾਰ-ਗੁਜ਼ਾਰੀ ਦੇ ਕਿੱਸੇ। ਸੱਚ ਪੁੱਛੋਂ ਤਾਂ ਇਨ੍ਹਾਂ ਗੀਤ੍ਹਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਛਣਕਾਟੇ ਪੈਂਦੇ ਹਨ। ਯੂਟਿਊਬ ਫਰੋਲਦਿਆਂ ਇੱਕ ਵੀਡੀਓ ਨਜ਼ਰੀ ਪੈਂਦੀ ਹੈ। ਸਾਡੇ ਸਦਾਬਹਾਰ ਫਨਕਾਰ ਮੁਹੰਮਦ ਸਦੀਕ ਜ ਗੀਤ ਗਾ ਰਹੇ ਹਨ 'ਮੇਰੀ ਐਸੀ ਝਾਂਜਰ ਛਣਕੇ/ ਛਣਕਾਟਾ ਪੈਂਦਾ ਗਲ਼ੀ ਗਲ਼ੀ।' ਸਾਡੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਟੇਬਲ ਨੂੰ ਢੋਲਕੀ ਰੂਪ ਕਰ ਲੈਂਦੇ ਹਨ। ਸੁਰ, ਤਾਲ ਤੇ ਆਵਾਜ਼ ਇੱਕ-ਮਿੱਕ ਹੋਣ ਲਗਦੇ ਹਨ। ਮਾਹੌਲ਼ ਬੱਝਣ ਲਗਦਾ ਹੈ। ਸਦੀਕ ਸਾਅਬ ਨੇ ਅਲਾਪ ਲਿਆ ਹੈ। ਮਾਹੌਲ਼ ਠਹਿਰ ਜਾਂਦਾ ਹੈ। ਗੀਤ ਦੇ ਬੋਲਾਂ ਵਿੱਚੋਂ ਨਿਕਲ਼ਦਿਆਂ ਹੀ ਝਾਂਜਰ ਕਿੰਨੇ ਸਾਰੇ ਅਰਥ ਸਿਰਜਣ ਲਗਦੀ ਹੈ। ਇਹ ਛਣਕਾਟਾ ਤਖਤ ਪਲਟਨ ਲਗਦਾ ਹੈ। ਕੁਰਸੀਆਂ ਖਿੱਚਣ ਲਗਦਾ ਹੈ। ਬਹੁਤਿਆਂ ਦੇ ਪੈਰੋਂ ਜ਼ਮੀਨ ਖਿਸਕਾਉਣ ਲਗਦੀ ਹੈ।

ਸੋਚਣ ਲਗਦਾ ਹਾਂ। ਦੀਦਾਰ ਸੰਧੂ ਦੀ ਗੀਤਕਾਰੀ ਤੇ ਗਾਇਕੀ ਦਾ ਵੀ ਕੋਈ ਸਾਨੀ ਨਹੀਂ। ਆਪਣੇ ਵਕਤਾਂ ਦੇ ਗੀਤ-ਰਸੀਏ ਤਾਂ ਉਨ੍ਹਾਂ ਦੇ ਗੀਤਾਂ ਦੀ ਤਾਸੀਰ ਨੂੰ ਬਾਖੂਬੀ ਪਛਾਣਦੇ ਸਨ। ਅਗਲੀ ਪੀੜ੍ਹੀ ਦੇ ਕੰਨਾਂ ਵਿੱਚ ਉਹਦੇ ਗੀਤਾਂ ਦੇ ਬੋਲ ਰਸ ਘੋਲ਼ਦੇ ਹਨ। ਓਵੇਂ ਜਿਵੇਂ ਜਨਾਬ ਮੁਹੰਮਦ ਸਦੀਕ ਦੀ ਗਾਇਨ ਕਲਾ ਦਾ, ਸ਼ਬਦ ਉਚਾਰਣ ਦਾ, ਵਿਲੱਖਣ ਪੇਸ਼ਕਾਰੀ ਦਾ ਕੋਈ ਸਾਨੀ ਨਹੀਂ। ਪੰਜਾਬੀ ਮਾਂ ਬੋਲੀ ਦੇ ਇਹ ਦੋਵੇਂ ਫਨਕਾਰ ਸਾਡੇ ਸਮਿਆਂ ਦੇ ਅਮਿੱਟ ਤੇ ਐਚ.ਡੀ. ਹਸਤਾਖਰ ਹੋ ਨਿਬੜੇ ਹਨ। ਇਨ੍ਹਾਂ ਦੋਵਾਂ ਦੀ ਗੀਤਕਾਰੀ ਤੇ ਗਾਇਕੀ ਦੀ ਗੱਠ ਸੂਤਵੀਂ ਹੁੰਦੀ ਹੈ। ਇਹ ਆਪਣੀਆਂ ਕਲਾਵਾਂ ਨੂੰ ਗੋਲ਼ ਗੱਠ ਨਹੀਂ ਪੈਣ ਦਿੰਦੇ। ਇਨ੍ਹਾਂ ਦੇ ਗੀਤਾਂ ਦੇ ਬੋਲ ਸਰੋਤਿਆਂ ਦੇ ਕੰਨਾਂ ਵਿੱਚ ਪੈਣ ਸਾਰ ਹੀ ਸ਼ਹਿਦ ਵਰਗਾ ਕੁਝ ਘੋਲ਼ਦੇ ਹੋਏ ਡੂੰਘੇ ਅਰਥ ਸਿਰਜਣ ਲਗਦੇ ਹਨ। ਸਰੋਤੇ ਦੇ ਮਨ ਦੇ ਥੀਏਟਰ ਵਿੱਚ ਗੀਤ ਦੇ ਬੋਲਾਂ ਦੀ ਐਸੀ ਝਾਂਜਰ ਛਣਕਣ ਲਗਦੀ ਹੈ, ਜਿਸ ਦਾ ਛਣਕਾਟਾ ਗਲ਼ੀ ਗਲ਼ੀ ਪੈਣ ਲਗਦਾ ਹੈ। ਬਤੌਰ ਫਨਕਾਰ ਸਦੀਕ ਸਾਅਬ ਦੀ ਗਾਇਨ ਕਲਾ ਦਾ ਛਣਕਾਟਾ ਪੰਜਾਬੀ ਮਾਂ ਬੋਲੀ ਦੇ ਵਿਹੜੇ ਵਿੱਚ ਤਾਂ ਪਿਆ ਹੀ, ਪੰਜਾਬ ਵਿਧਾਨ ਸਭਾ ਤੋਂ ਬਾਅਦ ਸੰਸਦ ਵਿੱਚ ਵੀ ਲਗਾਤਾਰ ਪੈਂਦਾ ਰਿਹਾ। ਕਈ ਲੋਕ ਜਾਣਦੇ ਹਨ, ਗਾਉਣਾ ਵੀ ਸਿਆਸਤ ਵਾਂਗ ਗੁੱਡੇ-ਗੁੱਡੀਆਂ ਦੀ ਖੇਡ ਨਹੀਂ।

ਇਨ੍ਹਾਂ ਭੰਨਾਂ-ਘੜਤਾਂ ਵਿੱਚ ਪਤਾ ਨਹੀਂ ਕਿਹੜੇ ਵੇਲ਼ੇ ਮੇਰੀ ਅੱਖ ਲੱਗ ਗਈ। ਸੁਫਨਾ ਚੱਲਣ ਲਗਦਾ ਹੈ। ਪਿੰਡ ਤਾਇਆ ਆਤਮਾ ਸਿੰਘ ਕੋਲ਼ ਬੈਠਾ ਹਾਂ। ਉਹ ਕਥਾ ਕਹਿ ਰਹੇ ਹਨ। 'ਕਹਿੰਦੇ ਗਜ਼ਨਵੀ ਨੇ ਸਾਡੇ ਦੇਸ਼ ਮਹਾਨ 'ਤੇ ਸਤਾਰਾਂ ਵਾਰ ਹਮਲੇ ਕੀਤੇ ਪੁੱਤਰਾ। ਰਾਸ-ਰੰਗ ਵਿੱਚ ਉਲਝੇ ਸਾਡੇ ਰਾਜੇ-ਮਹਾਰਾਜੇ, ਅਹਿਲਕਾਰ ਤੇ ਪਿਸ ਰਹੀ ਆਮ ਜਨਤਾ ਨੂੰ ਲੁੱਟ ਰਹੇ ਪੁਜਾਰੀਆਂ ਦੀ ਧਾੜ ਦੇਖਦੀ ਹੀ ਰਹਿ ਗਈ। ਉਹ ਧਾੜਵੀ ਅੱਖ ਦੇ ਫੋਰ ਵਿੱਚ ਸਾਡੇ ਮੰਦਰਾਂ ਦੇ ਗਰਭ ਗ੍ਰਹਿਾਂ ਵਿੱਚੋਂ ਸੋਨੇ ਦੀਆਂ ਸ਼ੁੱਧ ਮੂਰਤੀਆਂ ਲੁੱਟ ਕੇ ਲੈ ਗਿਆ। ਫਿਰ ਉਸ ਦੀ ਹਵਸ ਨੇ ਝਾਂਜਰ ਨੂੰ ਝਾਂਜਰ ਨਾ ਰਹਿਣ ਦਿੱਤਾ। ਨਰਤਕੀਆਂ ਦੇ ਘੁੰਗਰੂਆਂ ਵਿੱਚ ਬਦਲ ਦਿੱਤਾ। ਪਰ ਸਾਰਾ ਦੋਸ਼ ਓਹਦੇ ਉੱਤੇ ਮੜ੍ਹ ਦੇਣਾ ਵੀ ਤਾਂ ਅਨਿਆਂ ਹੈ। ਔਰਤ ਦੀ ਝਾਂਜਰ ਤਾਂ ਪਹਿਲਾਂ ਹੀ ਪੁਜਾਰੀਆਂ ਨੇ ਦੇਵਦਾਸੀਆਂ ਦੇ ਰੂਪ ਵਿੱਚ ਘੁੰਗਰੂਆਂ ਵਿੱਚ ਵਟਾਈ ਹੋਈ ਸੀ। ਉਹ ਤੇ ਓਹਦੇ ਵਰਗੇ ਬਥੇਰੇ ਲੁਟੇਰੇ ਔਰਤਾਂ ਦੀ ਪੱਤ ਰੋਲ਼ ਜਾਂ ਫਿਰ ਬਹੁਤੇ ਉਨ੍ਹਾਂ ਨਾਲ਼ ਵਿਆਹ ਕਰਵਾ ਕੇ ਐਧਰ ਈ ਵਸ ਗਏ ਸਨ। ਹੁਣ ਉਨ੍ਹਾਂ ਦੀਆਂ ਔਲਾਦਾਂ ਵੀ ਤਰੱਕੀ ਕਰ ਗਈਆਂ ਨੇ ਪੁੱਤਰਾ। ਚੜ੍ਹਤ-ਚੜ੍ਹਾਵਾ ਤੇ ਨਾਲ਼ੇ ਚੰਦਾ ਲੁੱਟੀ ਤੁਰੀਆਂ ਜਾਂਦੀਆਂ ਹਨ। ਇਹ ਵਰਤਾਰਾ ਅੱਜ ਦਾ ਨਈਂ, ਮੁੱਢ-ਕਦੀਮੋਂ ਈ ਤੁਰਿਆ ਆਉਂਦੈ। ਹੋਰ ਸੁਣ ਰਾਜਸੀ ਲੋਕ ਤੇ ਪੁਜਾਰੀ ਵਰਗ ਕਿਸੇ ਦਾ ਮਿੱਤ ਨਈਂ ਹੋਇਆ ਅੱਜ ਤੱਕ। ਲੋਕਾਂ ਨੂੰ ਲੁੱਟਣਾ ਇਨ੍ਹਾਂ ਆਪਣਾ ਧਰਮ ਬਣਾ ਰੱਖਿਐ। ਇਨ੍ਹਾਂ ਵਾਂਗ ਲੋਕਾਂ ਨੂੰ ਵੀ ਜਾਗਦੇ ਰਹਿਣਾ ਚਾਹੀਦੈ।' ਰਸੋਈ ਵਿੱਚੋਂ ਭਾਂਡੇ ਖੜਕਣ ਨਾਲ਼ ਮੇਰਾ ਸੁਫਨਾ ਟੁੱਟ ਜਾਂਦਾ ਹਾਂ। ਚੁਫੇਰੇ ਨਜ਼ਰ ਮਾਰਦਾ ਹਾਂ। ਕੁਝ ਚਿਰ ਪਹਿਲਾਂ ਫਰਸ਼ 'ਤੇ ਡਿੱਗੇ ਗਲਾਸ ਦੀ ਖਨ-ਖਨ ਮੇਰੇ ਕੰਨਾਂ ਤੱਕ ਪਹੁੰਚਦੀ ਝਾਂਜਰ ਦੇ ਛਣਕਾਟੇ ਵਿੱਚ ਬਦਲ ਰਹੀ ਸੀ। ਇਹ ਛਣਕਾਟੇ ਕਿਹੋ ਜਿਹੇ ਹਨ? ਮੈਂ ਇਨ੍ਹਾਂ ਦੇ ਬਹੁ-ਅਰਥਾਂ ਵਿੱਚ ਉਲਝ ਕੇ ਰਹਿ ਜਾਂਦਾ ਹਾਂ। ਮਨ ਦੇ ਚਿਤਰਪਟ 'ਤੇ ਇੱਕ ਵੀਡੀਓ ਪਲੇਅ ਹੋਣ ਲਗਦੀ ਹੈ। ਸਾਡੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਟੇਬਲ ਨੂੰ ਢੋਲਕੀ ਰੂਪ ਕਰ ਲੈਂਦੇ ਹਨ। ਸਦੀਕ ਸਾਅਬ ਗੀਤ ਗਾ ਰਹੇ ਹਨ, 'ਇਸ ਝਾਂਜਰ ਨੇ ਸਿਖਰ ਦੁਪਹਿਰੇ ਕਈ ਲੁੱਟੇ ਕਈ ਮਾਰੇ/ ਹੋ ਬੈਠੇ ਉਮਰਾਂ ਦੇ ਰੋਗੀ ਲੁੱਟਣ ਆਏ ਨਜ਼ਾਰੇ/ ਨਾ ਛਣਕੀਂ ਨਾ ਛਣਕੀਂ ਅੜੀਏ ਗੱਲ ਪਹੁੰਚੂ ਸਰਕਾਰੇ/ ਬਿਨਾਂ ਬਾਲਣੋਂ ਲਾਂਬੂੰ ਨਿਕਲ਼ਣ ਨਿਕਲ਼ਾਂ ਜਦੋਂ ਬਣ-ਠਣ ਕੇ/ ਛਣਕਾਟਾ ਪੈਂਦਾ ਗਲ਼ੀ ਗਲ਼ੀ।'

ਸੰਪਰਕ : 98144-30874

ਜਗ ਜਿਊਂਦਿਆਂ ਦੇ ਮੇਲੇ ਲਗਦੇ ਰਹਿਣ ਹਮੇਸ਼ ਮੌਲਾ

ਪ੍ਰੋ. ਕੁਲਵੰਤ ਔਜਲਾ

ਪ੍ਰਦੇਸ਼ ਤੋਂ ਮਿਲਣ ਲਈ ਬੱਚੇ ਆਏ ਹਨ। ਪਲ ਭਰ ਦੀ ਫੁਰਸਤ ਨਹੀਂ ਮਿਲਦੀ। ਪਤਾ ਨਹੀਂ ਕਦੋਂ ਅਵੀਤਾਜ ਕਹਿ ਦੇਵੇ: ਦਾਦੂ ਆਓ ਪਾਰਕ ਵਿੱਚ ਖੇਡਣ ਲਈ ਚੱਲੀਏ। ਪਤਾ ਨਹੀਂ ਕਦੋਂ ਇਮਾਨਤ ਕਹਿ ਦੇਵੇ: ਦਾਦੂ ਮੈਨੂੰ ਸਾਈਕਲੀ ਚਲਾਉਣੀ ਸਿਖਾਓ। ਹਰ ਵੇਲੇ ਸਤਰਕ ਤੇ ਸੰਵੇਦਨਸ਼ੀਲ ਰਹਿਣਾ ਪੈਂਦਾ ਹੈ। ਵੱਡੇ-ਵੱਡੇ ਅਰਥਾਂ ਵਾਲੀਆਂ ਇਹ ਨਿੱਕੀਆਂ-ਨਿੱਕੀਆਂ ਹਰਕਤਾਂ ਮੈਨੂੰ ਕਾਵਿਕ ਕਰਦੀਆਂ ਹਨ:

ਇਮਾਨਤ ਹਾਲੇ ਛੋਟੀ ਹੈ
ਨਿੱਕੇ ਨਿੱਕੇ ਕਦਮ ਪੁੱਟਦੀ ਹੈ
ਨਿੱਕਾ ਨਿੱਕਾ ਹੱਸਦੀ ਹੈ
ਤੇ ਨਿੱਕਾ ਨਿੱਕਾ ਦੇਖਦੀ ਹੈ
ਮੈਨੂੰ ਲਗਦਾ
ਜਿਵੇਂ ਮੈਂ ਨਿੱਕੇ ਨਿੱਕੇ ਕਦਮ ਪੁੱਟ ਰਿਹਾ ਹੋਵਾਂ

ਬੱਚਿਆਂ ਦੀ ਮਾਸੂਮੀਅਤ ਆਲੇ-ਦੁਆਲੇ ਨੂੰ ਜ਼ਰਖੇਜ਼ ਤੇ ਜਜ਼ਬਾਤੀ ਕਰਦੀ ਹੈ। ਕਿਸੇ ਨੇ ਠੀਕ ਕਿਹਾ ਸੀ ਕਿ ਬੱਚਿਆਂ ਦੀ ਮਾਸੂਮੀਅਤ ਵਿੱਚ ਰੱਬੀ ਤੇ ਰੂਹਾਨੀ ਝਲਕਾਰੇ ਹੁੰਦੇ ਹਨ। ਬੱਚੇ ਰੱਬੀ ਰੂਹਾਂ ਦੀ ਰਾਗਾਤਮਕ ਸਿਨਫ਼ ਹਨ। ਐਸੀ ਸਿਨਫ਼ ਜੋ ਬੰਦੇ ਦੀ ਅੰਦਰੂਨੀ ਆਤਮਾ ਨੂੰ ਸਿੰਜਦੀ ਤੇ ਸੁਪਨਸਾਜ਼ ਕਰਦੀ ਹੈ। ਬੱਚਿਆਂ ਨਾਲ ਖੇਡਣਾ ਕਥਕ ਨ੍ਰਿਤ ਦੀਆਂ ਰੂਹਾਨੀ ਤੇ ਰਾਗਾਤਮਕ ਹਰਕਤਾਂ ਦੇ ਰਿਆਜ਼ ਵਰਗਾ ਹੈ। ਹਰ ਕੋਈ ਅਜਿਹਾ ਲੁਤਫ਼ ਨਹੀਂ ਲੈ ਸਕਦਾ। ਕਈ ਹੱਡ ਜੀਵੰਤ ਨਹੀਂ ਹੁੰਦੇ। ਕਈ ਵੇਰ ਮੋਹ ਨਹੀਂ ਪੰਘਰਦਾ। ਮੋਹ ਪੰਘਰੇ ਤਾਂ ਬੱਚਿਆਂ ਨਾਲ ਬੱਚੇ ਬਣ ਸਕੀਦਾ ਹੈ। ਮਾਂ ਨੇ ਦੋਵਾਂ ਬੱਚਿਆਂ ਨੂੰ ਆਪ ਰੋਟੀ ਖਾਣ ਦੀ ਸਿਖਲਾਈ ਦਾ ਅਭਿਆਸ ਕਰਾਇਆ ਹੋਇਆ ਹੈ ਪਰ ਉਹ ਜਦੋਂ ਸਾਡੇ ਕੋਲ ਆਉਂਦੇ ਹਨ ਤਾਂ ਮੇਰੇ ਕੋਲੋਂ ਰੋਟੀ ਖਾਂਦੇ ਹਨ। ਮੈਂ ਦੋਵਾਂ ਦੇ ਮੂੰਹ ਵਿੱਚ ਨਿੱਕੀਆਂ-ਨਿੱਕੀਆਂ ਬੁਰਕੀਆਂ ਪਾਉਂਦਾ ਹਾਂ। ਛੋਟੀ ਨੂੰ ਛੋਟੀ ਬੁਰਕੀ, ਵੱਡੇ ਨੂੰ ਵੱਡੀ ਬੁਰਕੀ। ਕਦੇ ਪਾਣੀ ਮੰਗਦੇ ਹਨ, ਕਦੇ ਬੁਰਕੀ ਨੂੰ ਰਸਦਾਇਕ ਬਣਾਉਣ ਲਈ ਰੋਟੀ ਨਾਲ ਹੋਰ ਸਬਜ਼ੀ ਰਲਾਉਣ ਦੀ ਮੰਗ ਕਰਦੇ ਹਨ। ਰੋਟੀ ਖਾਂਦੇ ਬੱਚੇ ਮਾਸੂਮ ਰੱਬ ਜਾਪਦੇ ਹਨ। ਮੈਂ ਆਪਣੇ ਇਸ ਬੰਦਗੀਨੁਮਾ ਅਭਿਆਸ ਵਿੱਚ ਮਗਨ ਹੋਇਆ ਕਦੇ ਉਨ੍ਹਾਂ ਦੇ ਬੋਟਾਂ ਵਰਗੇ ਮੂੰਹ ਵੱਲ ਵੇਖਦਾ ਹਾਂ। ਕਦੇ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਸਿੰਮਦੇ ਮਾਸੂਮੀਅਤ ਦੇ ਨਾਨਕ ਝੀਰਿਆਂ ਦੇ ਦੀਦਾਰ ਕਰਦਾ ਹਾਂ। ਕਦੇ-ਕਦੇ ਉਹ ਦੋਵੇਂ ਖਾਂਦੇ-ਖਾਂਦੇ ਨਿੱਕਾ-ਨਿੱਕਾ ਲੜਦੇ ਹਨ। ਮਾਂ ਦੇਖਦੀ ਹੈ ਤੇ ਖ਼ੁਸ਼ ਹੁੰਦੀ ਹੈ। ਰੋਟੀ ਖਵਾਉਂਦਿਆਂ ਮੈਂ ਨਾਲ-ਨਾਲ ਉਨ੍ਹਾਂ ਨੂੰ ਨਿੱਕੀਆਂ-ਨਿੱਕੀਆਂ ਗੱਲਾਂ ਸਮਝਾਉਂਦਾ ਵੀ ਹਾਂ। ਥੋੜ੍ਹੇ ਚਿਰ ਬਾਅਦ ਉਹ ਦੋਵੇਂ ਰੱਜ ਜਾਂਦੇ ਹਨ ਅਤੇ ਮੈਂ ਵੀ ਉਨ੍ਹਾਂ ਦੀਆਂ ਜੂਠੀਆਂ ਕੌਲੀਆਂ ਵਿੱਚ ਹੋਰ ਦਾਲ-ਸਬਜ਼ੀ ਪਵਾ ਕੇ ਰੋਟੀ ਖਾਣ ਲੱਗਦਾ ਹਾਂ। ਮੈਨੂੰ ਲੱਗਦਾ ਹੈ ਜਿਵੇਂ ਮੈਂ ਵੀ ਛੋਟਾ ਬੱਚਾ ਹੋਵਾਂ। ਮੇਰੇ ਅੰਦਰੋਂ ਸ਼ਾਇਰੀ ਦਾ ਸੁਰੀਲਾ ਝਰਨਾ ਫੁੱਟਦਾ ਹੈ। ਨਿੱਕੇ ਬੱਚਿਆਂ ਦੇ ਮਾਸੂਮ ਬੋਲਾਂ ਦੇ ਇਲਾਹੀ ਜਲ ਵਰਗਾ।

ਦਾਦਾ-ਦਾਦੀ ਤੇ ਨਾਨਾ-ਨਾਨੀ ਦੀ ਸੰਗਤ ਵਿੱਚ ਬੱਚਿਆਂ ਦਾ ਆਤਮਿਕ ਤੇ ਆਦਰਸ਼ਕ ਵਿਕਾਸ ਹੁੰਦਾ ਹੈ। ਉਨ੍ਹਾਂ ਅੰਦਰ ਭਾਵਨਾਤਮਿਕਤਾ ਪਰਵੇਸ਼ ਕਰਦੀ ਹੈ। ਉਨ੍ਹਾਂ ਦਾ ਮਨ-ਮਸਤਕ ਜ਼ਰਖੇਜ਼ ਹੁੰਦਾ ਹੈ। ਪਰਵਾਰ ਨਾਲ ਨੇੜਤਾ ਪ੍ਰਬਲ ਹੁੰਦੀ ਹੈ। ਰਿਸ਼ਤਿਆਂ ਦੇ ਆਦਿ-ਜੁਗਾਦਿ ਦਾ ਪਤਾ ਲੱਗਦਾ ਹੈ। ਅਨੁਭਵਸ਼ੀਲ ਗਰੰਥਾਂ ਵਰਗੇ ਹੁੰਦੇ ਹਨ ਦਾਦਾ-ਦਾਦੀ, ਨਾਨਾ-ਨਾਨੀ। ਜਦੋਂ ਬੱਚਿਆਂ ਨੂੰ ਮੋਹ ਕਰਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ ਦੀ ਲਿਸ਼ਕ ਰੂਹਾਨੀ ਤੇ ਰਸਦਾਇਕ ਹੋ ਜਾਂਦੀ ਹੈ ਅਤੇ ਸਰੀਰ ਅੰਦਰੋਂ ਮੋਹ ਦੇ ਨੂਰਾਨੀ ਅਹਿਸਾਸ ਪੰਘਰਦੇ ਹਨ। ਰਿਸ਼ਤਿਆਂ ਦੀ ਰੂਹਾਨੀ ਰਾਗਾਤਮਿਕਤਾ ਨੂੰ ਧੜਕਦਾ ਰੱਖਣ ਲਈ ਨਿੱਕੇ ਬੱਚਿਆਂ ਦੀ ਸੰਗਤ ਪ੍ਰਾਥਮਿਕ ਲੋੜ ਹੈ। ਜਿਨ੍ਹਾਂ ਘਰਾਂ ਵਿੱਚ ਬੱਚੇ ਨਹੀਂ ਹੁੰਦੇ ਉਹ ਘਰ ਸੁੰਨਸਾਨ ਹੋ ਜਾਂਦੇ ਹਨ। ਉਨ੍ਹਾਂ ਘਰਾਂ ਅੰਦਰ ਇਕੱਲਤਾ ਘਰ ਕਰ ਜਾਂਦੀ ਹੈ। ਨਾ ਕੋਈ ਗੁਣਗੁਣਾਉਂਦਾ ਹੈ ਲੈਅ ਵਿੱਚ ਅਤੇ ਨਾ ਕੋਈ ਹੇਕ ਲਾਉਂਦਾ ਹੈ ਵਜਦ ਵਿੱਚ। ਪਤੀ-ਪਤਨੀ ਇੱਕ-ਦੂਜੇ ਦੇ ਸਹਿਯੋਗ ਤੇ ਸਾਥ ਨਾਲ ਦਿਨ ਲੰਘਾਈ ਜਾਂਦੇ ਹਨ। ਬੱਚਿਆਂ ਦੇ ਵਿਦੇਸ਼ ਜਾਣ ਤੋਂ ਬਾਅਦ ਅਸੀਂ ਵੀ ਅਜਿਹੀ ਵਾਸਤਵਿਕਤਾ ਹੰਢਾ ਰਹੇ ਹਾਂ। ਨਿੱਕਾ-ਨਿੱਕਾ ਰੁੱਸਦੇ ਹਾਂ, ਨਿੱਕਾ -ਨਿੱਕਾ ਬੋਲਦੇ ਹਾਂ ਤੇ ਨਿੱਕਾ ਨਿੱਕਾ ਹੱਸਦੇ ਹਾਂ। ਨਿੱਕਾ ਨਿੱਕਾ ਸਾਰਾ ਕੁਝ ਕਰਦੇ-ਕਰਦੇ ਸਾਡੀ ਲਿਵ ਬੱਚਿਆਂ ਨਾਲ ਹੀ ਜੁੜੀ ਰਹਿੰਦੀ ਹੈ। ਸਾਲ ਬਾਅਦ ਉਹ ਆਉਂਦੇ ਹਨ। ਸਾਲ ਭਰ ਸਾਡੀ ਉਡੀਕ ਰਿਆਜ਼ ਕਰਦੀ ਰਹਿੰਦੀ ਹੈ। ਮੇਰੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਵੱਖ-ਵੱਖ ਅਹਿਸਾਸ ਤੇ ਅਰਥ ਬਣ ਕੇ ਅਵੀਤਾਜ ਤੇ ਇਮਾਨਤ ਆ ਜਾਂਦੇ ਹਨ।

ਰੱਬਾ ਦਿਲ ਦੀ ਧੜਕਦੀ ਈ ਮੇਲ 'ਤੇ
ਖ਼ਤ ਆਵੇ ਇਮਾਨਤ ਤੇ ਅਵੀਤਾਜ ਵਰਗਾ

ਖਤਾਂ ਦੀ ਉਡੀਕ ਦੇ ਅਹਿਸਾਸ ਤੇ ਅਰਜ਼ੋਈਆਂ ਮੇਰੀ ਕਵਿਤਾ ਨੂੰ ਵਾਰ-ਵਾਰ ਉਤੇਜਿਤ ਤੇ ਊਰਜਾਵੰਤ ਕਰਦੇ ਹਨ। ਸਿਰਫ਼ ਸਾਡੇ ਨਾਲ ਹੀ ਇੰਜ ਨਹੀਂ ਵਾਪਰਦਾ, ਸਗੋਂ ਸਮਾਜ ਵਿੱਚ ਅਜਿਹੇ ਵਰਤਾਰੇ ਤੇ ਵੈਰਾਗ ਘਰ-ਘਰ ਅੰਦਰ ਘਟਿਤ ਹੋ ਰਹੇ ਹਨ। ਇਸ ਪ੍ਰਕਾਰ ਦੇ ਵਰਤਾਰੇ ਤੇ ਵੈਰਾਗ ਜੇ ਖ਼ੁਸ਼ਕ ਹੋ ਜਾਣ ਤਾਂ ਮਨੋਰੋਗ ਬਣ ਜਾਂਦੇ ਹਨ। ਜੇਕਰ ਅਸੀਂ ਇਨ੍ਹਾਂ ਨੂੰ ਕਾਵਿਕ ਉਡਾਣ ਦਿੰਦੇ ਰਹੀਏ ਤਾਂ ਇਹ ਜੀਉਣ ਲਈ ਉਤਸ਼ਾਹ ਤੇ ਊਰਜਾ ਜਗਾਉਂਦੇ ਹਨ। ਅਵੀਤਾਜ ਤੇ ਇਮਾਨਤ ਦੇ ਨਾਨਾ-ਨਾਨੀ ਵੀ ਅਜਿਹਾ ਵੈਰਾਗ ਹੰਢਾ ਰਹੇ ਹਨ। ਉਮਰ ਦੇ ਵਧਣ ਨਾਲ ਉਨ੍ਹਾਂ ਅੰਦਰ ਨਿਰਬਲਤਾ ਵਧ ਰਹੀ ਹੈ। ਵੱਡੇ ਸਾਰੇ ਘਰ ਨੂੰ ਅਤੇ ਘਰ ਦੇ ਬਾਹਰ ਲਾਏ ਫੁੱਲਾਂ ਤੇ ਫਲਾਂ ਦੇ ਬੂਟਿਆਂ ਨੂੰ ਸਾਂਭਣਾ ਤੇ ਸਜੀਵ ਰੱਖਣਾ ਔਖਾ ਪ੍ਰਤੀਤ ਹੋ ਰਿਹਾ ਹੈ। ਜੇ ਫੁੱਲਾਂ ਵਰਗੇ ਬੱਚੇ ਹੋਣ ਤਾਂ ਫੁੱਲ ਵੀ ਚੰਗੇ ਤੇ ਸੁਹਣੇ ਲੱਗਦੇ ਹਨ। ਜੇ ਫੁੱਲਾਂ ਵਰਗੇ ਬੱਚੇ ਘਰ ਨਾ ਹੋਣ ਤਾਂ ਵਾਤਾਵਰਣ ਰਸੀਲਾ ਨਹੀਂ ਰਹਿੰਦਾ। ਫੁੱਲਾਂ ਨੂੰ ਪਾਣੀ ਦੇਣ ਨੂੰ ਵੀ ਜੀਅ ਨਹੀਂ ਕਰਦਾ।

ਫੁੱਲ ਐਤਕੀਂ ਵੀ ਖਿੜੇ ਹਨ ਕਿਆਰੀਆਂ ਵਿੱਚ ਰੰਗ-ਬਰੰਗੇ
ਫੁੱਲਾਂ ਵਰਗੇ ਬੱਚੇ ਪਰ ਘਰ ਨਹੀਂ ਹਨ
ਕੈਸਾ ਬੇਦਰਦ ਜ਼ਮਾਨਾ ਹੈ ਕਿ
ਉੱਡਣ ਲਈ ਜਹਾਜ਼ ਬਹੁਤ ਹਨ
ਉਡਾਣ ਲਈ ਪਰ ਪਰ ਨਹੀਂ ਹਨ

ਬੱਚੇ ਜਦੋਂ ਰਿਜ਼ਕ ਲਈ ਜਾਂ ਵਧੇਰੇ ਤਰੱਕੀ ਲਈ ਪਰਵਾਸ ਕਰਦੇ ਹਨ ਤਾਂ ਅਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ। ਜ਼ਿੰਦਗੀ ਨੇ ਹਮੇਸ਼ਾ ਉੱਡਣਾ ਤੇ ਫੈਲਣਾ ਹੁੰਦਾ ਹੈ। ਘਰਾਂ ਨੇ ਵਿਸਥਾਰ ਵੀ ਕਰਨਾ ਹੈ ਤੇ ਵੰਡੇ ਵੀ ਜਾਣਾ ਹੈ। ਕੁਝ ਵੀ ਹੋਵੇ, ਘਰਾਂ ਨੂੰ ਪਰਤਣ ਜਾਂ ਕਦੇ-ਕਦੇ ਪਰਤਣ ਦੀ ਇੱਛਾ ਜੀਉਂਦੀ ਰਹਿਣੀ ਚਾਹੀਦੀ ਹੈ। ਜਦੋਂ ਅਸੀਂ ਪਰਤਦੇ ਨਹੀਂ ਤਾਂ ਨਿੱਕੇ ਬੱਚਿਆਂ ਅੰਦਰ ਘਰ, ਮਿੱਟੀ ਤੇ ਵੱਡਿਆਂ ਪ੍ਰਤੀ ਮੋਹ ਤੇ ਮਹਿਕ ਦੀ ਭਾਵਨਾ ਖਾਮੋਸ਼ ਹੋ ਜਾਂਦੀ ਹੈ। ਬੱਚਿਆਂ ਦੇ ਅੰਦਾਜ਼ ਤੇ ਆਦਰਸ਼ ਖਾਬਸ਼ੀਲ ਤੇ ਖ਼ਾਨਦਾਨੀ ਨਹੀਂ ਰਹਿੰਦੇ।

ਮੇਰਾ ਵਕੀਲ ਦੋਸਤ ਆਖਦਾ ਹੈ ਕਿ ਮੈਂ ਹਰ ਸਾਲ ਆਪਣੀ ਧੀ ਦੇ ਪਰਵਾਰ ਨੂੰ ਆਪਣੇ ਕੋਲੋਂ ਟਿਕਟਾਂ ਭੇਜ ਕੇ ਕਹਿੰਦਾ ਹਾਂ ਕਿ ਆਓ ਬੱਚਿਓ ਸਾਨੂੰ ਮਿਲ ਜਾਵੋ। ਉਹ ਆਉਂਦੇ ਹਨ ਤਾਂ ਘਰ ਦਾ ਸਭ ਕੁਝ ਬਦਲ ਜਾਂਦਾ ਹੈ। ਬੱਚੇ ਚੀਜ਼ਾਂ ਦੀ ਉਥਲ-ਪੁਥਲ ਕਰਦੇ ਹਨ। ਰੌਲਾ ਪਾਉਂਦੇ ਹਨ। ਖਾਣ ਲਈ ਤਰ੍ਹਾਂ ਤਰ੍ਹਾਂ ਦੇ ਸਨੈਕਸ ਮੰਗਦੇ ਹਨ। ਘਰ ਭਰਿਆ-ਭਰਿਆ ਲਗਦਾ ਹੈ।

ਜਾਂਦੇ ਹਨ ਤਾਂ ਘਰ ਖਾਲੀ-ਖਾਲੀ ਜਾਪਦਾ ਹੈ। ਬੱਚੇ ਸਾਡੀ ਖ਼ੂਬ ਵਰਜ਼ਿਸ਼ ਕਰਾ ਜਾਂਦੇ ਹਨ। ਭਾਵੁਕ ਕਿਸਮ ਦੀ ਸੰਤੁਸ਼ਟੀ ਸਾਰਾ ਸਾਲ ਸਾਡੇ ਨਾਲ-ਨਾਲ ਰਹਿੰਦੀ ਹੈ। ਬੱਚਿਆਂ ਦੀ ਆਮਦ ਬਿਰਧ ਸਰੀਰਾਂ ਨੂੰ ਪੁਨਰ ਸੁਰਜੀਤ ਕਰਦੀ ਹੈ। ਜਦੋਂ ਬੱਚੇ ਆਉਂਦੇ ਨਹੀਂ, ਕਈ-ਕਈ ਸਾਲ ਤਾਂ ਇੱਕਮਿੱਕਤਾ ਘਟ ਜਾਂਦੀ ਹੈ। ਲਗਾਓ ਮੱਠਾ ਪੈ ਜਾਂਦਾ ਹੈ। ਬੱਚੇ ਨਵੇਂ ਜਹਾਨ ਨਾਲ ਆਪਣਾ ਸਰੀਰਕ, ਭਾਵੁਕ ਤੇ ਬੌਧਿਕ ਨਾਤਾ ਜੋੜ ਲੈਂਦੇ ਹਨ। ਇਸ ਪ੍ਰਕਾਰ ਦੇ ਲੰਬੇ ਵਿਛੋੜਿਆਂ ਨਾਲ ਅੰਦਰੂਨੀ ਖਿੱਚ ਪਹਿਲਾਂ ਵਰਗੀ ਨਹੀਂ ਰਹਿੰਦੀ। ਲੰਬੇ ਵਿਛੋੜੇ ਤਾਉਮਰ ਪਰਵਾਸ ਨੂੰ ਜਨਮ ਦਿੰਦੇ ਹਨ। ਲੋਕ ਭਾਵਨਾਤਮਕ ਮਿੱਟੀਆਂ ਨੂੰ ਵੇਚਦੇ ਹਨ ਤੇ ਅੰਤ ਪਰਵਾਸ ਦਾ ਮਾਹੌਲ ਉਨ੍ਹਾਂ ਨੂੰ ਪੰਜਾਬੀ ਜਾਂ ਸਿੱਖ ਨਹੀਂ ਰਹਿਣ ਦਿੰਦਾ। ਜਜ਼ਬੇ ਅਸਤ ਹੋਣ ਲੱਗਦੇ ਹਨ। ਖ਼ੁਦਗਰਜ਼ੀ ਤੇ ਖ਼ਾਬਹੀਣਤਾ ਜਨਮ ਲੈਂਦੀ ਹੈ। ਪਰਵਾਸ ਦੀ ਬਰਫ਼ ਨਾਲ ਜੰਮੇ ਹੋਏ ਬੱਚੇ ਤੁਹਾਡੇ ਨਾਲ ਬੇਸ਼ੱਕ ਇੱਕਮਿੱਕ ਨਾ ਹੋਣ, ਲੇਕਿਨ ਤੁਹਾਡੇ ਮਰਨ ਪਿੱਛੋਂ ਤੁਹਾਡੀ ਜਾਇਦਾਦ ਦੇ ਵਾਰਿਸ ਵਜੋਂ ਆਪਣਾ ਹੱਕ ਪੂਰੀ ਤਰ੍ਹਾਂ ਦਰਸਾਉਂਦੇ ਹਨ। ਦਾਦਾ, ਨਾਨਾ ਉਨ੍ਹਾਂ ਦੀ ਭਾਵਨਾ ਨਹੀਂ ਰਹਿੰਦਾ, ਪਰ ਜਾਇਦਾਦ ਰਹਿ ਜਾਂਦੀ ਹੈ। ਪਰਵਾਸ ਦੇ ਬਹੁਤੇ ਬੱਚੇ ਏਸੇ ਕਰਕੇ ਪੱਛਮੀ ਤਰਜ਼-ਏ-ਜ਼ਿੰਦਗੀ ਦੇ ਗੁਲਾਮ ਹੋ ਰਹੇ ਹਨ। ਨਵੀਂ ਮਾਨਸਿਕਤਾ ਉਨ੍ਹਾਂ ਅੰਦਰ ਪਰਵੇਸ਼ ਕਰ ਜਾਂਦੀ ਹੈ।

ਅਜਾਇਬ ਸਿੰਘ ਸੰਘੇ ਦੇ ਮਰਨ ਤੋਂ ਬਾਅਦ
ਫੁਰਸਤ ਕੱਢ ਕੇ ਅੰਤਿਮ ਰਸਮਾਂ ਲਈ ਪਹੁੰਚ ਗਏ ਬੱਚੇ
ਜਲਦੀ ਜਲਦੀ ਰਸਮਾਂ ਨਿਪਟਾਈਆਂ
ਤੇ ਬਿਹਾਰੀ ਪਰਵਾਰ ਨੂੰ ਸੌਂਪ ਕੇ ਅਜਾਇਬ ਸਿੰਘ ਸੰਘੇ ਦਾ ਘਰ
ਆਪਣੇ ਦੇਸ਼ ਨੂੰ ਚਲੇ ਗਏ
ਸੰਘਾ ਹੁਣ ਬਿਹਾਰੀ ਪਰਵਾਰ ਕੋਲ ਰਹਿੰਦਾ ਹੈ

ਮਾਂ-ਪਿਉ ਜੇ ਨਿੱਕੇ ਬੱਚਿਆਂ ਨੂੰ ਭਾਵਨਾਤਮਿਕ ਪੜ੍ਹਾਈ ਕਰਾਉਣ ਤਾਂ ਉਹ ਚੰਗੀਆਂ ਜਮਾਤਾਂ ਪਾਸ ਕਰ ਲੈਂਦੇ ਹਨ। ਅਵੀਤਾਜ ਤੇ ਇਮਾਨਤ ਦੀ ਮਾਂ ਉਨ੍ਹਾਂ ਨੂੰ ਰੋਜ਼ ਭਾਵਨਾ ਦੇ ਸਬਕ ਦਿੰਦੀ ਹੈ। ਪਰੇਰਦੀ ਹੈ। ਪੱਕਿਆਂ ਕਰਦੀ ਹੈ। ਇੱਕ ਦਿਨ ਅਵੀਤਾਜ ਪੰਜਾਬੀ ਸਕੂਲ ਜਾ ਰਿਹਾ ਸੀ ਮਾਂ ਨਾਲ। ਕਿਸੇ ਦੇ ਫੋਨ ਦੀ ਰਿੰਗ ਟੋਨ ਵੱਜੀ। ਅਵੀਤਾਜ ਕਹਿੰਦਾ ਇਹ ਦਾਦੂ ਦੇ ਫੋਨ ਦੀ ਰਿੰਗ ਟੋਨ ਹੈ। ਨਵਨੀਤ ਨੇ ਮੈਨੂੰ ਦੱਸਿਆ, ਮੈਂ ਬੜਾ ਖ਼ੁਸ਼ ਹੋਇਆ ਕਿ ਅਵੀਤਾਜ ਨੂੰ ਮੇਰੇ ਫੋਨ ਦੀ ਰਿੰਗ ਟੋਨ ਯਾਦ ਹੈ। ਉਸ ਦੀ ਸਿਮਰਤੀ ਵਿੱਚ ਜਿਉਂਦੀ ਹੈ। ਹੁਣ ਅਸੀਂ ਇਹਦੀ ਸਿਮਰਤੀ ਵਿੱਚੋਂ ਵੀ ਡੀਲੀਟ ਨਹੀਂ ਹੋਵਾਂਗੇ। ਮੋਹ ਸਿਮਰਤੀਆਂ ਵਿੱਚ ਹੁੰਦਾ ਹੈ। ਸਿਮਰਤੀਆਂ ਦੇ ਰੇਗਿਸਤਾਨ ਬਣਨ ਨਾਲ ਤਮਾਮ ਰਿਸ਼ਤੇ ਰੂਹਹੀਣ ਹੋ ਜਾਂਦੇ ਹਨ। ਏਸੇ ਕਰਕੇ ਅਸੀਂ ਆਪਣੇ ਬੱਚਿਆਂ ਦੀ ਭਾਵਨਾਤਮਕ ਤਿਉਹਾਰਾਂ ਵਾਂਗੂੰ ਉਡੀਕ ਕਰਦੇ ਹਾਂ। ਉਡੀਕ ਨਾਲ ਦੁਆਵਾਂ ਊਰਜਿਤ ਹੁੰਦੀਆਂ ਹਨ। ਅਸੀਸਾਂ ਅਰਜ਼ੋਈਆਂ ਦੇ ਬਾਗ਼ ਖਿੜਦੇ ਹਨ।

ਦੀਵੇ ਆਸ ਤੇ ਉਡੀਕ ਵਾਲੇ ਜਗਦੇ ਰਹਿਣ ਹਮੇਸ਼ ਮੌਲਾ
ਜਗ ਜੀਊਂਦਿਆਂ ਦੇ ਮੇਲੇ ਲਗਦੇ ਰਹਿਣ ਹਮੇਸ਼ ਮੌਲਾ
ਨਾ ਕਿਸੇ ਦੀ ਆਂਦਰ ਸੁੱਕੇ, ਨਾ ਜੀਊਣ ਦਾ ਜਜ਼ਬਾ ਮੁੱਕੇ
ਸਤਲੁਜ ਬਿਆਸ ਝਨਾਵਾਂ ਵਗਦੇ ਰਹਿਣ ਹਮੇਸ਼ ਮੌਲਾ

ਐਤਕੀਂ ਫੇਰ ਬੱਚੇ ਆਉਣਗੇ। ਅਸੀਂ ਫੇਰ ਬੱਚੇ ਬਣਾਂਗੇ। ਖੇਡਾਂਗੇ। ਸ਼ੋਰ ਮਚਾਵਾਂਗੇ, ਜੱਗ ਜੀਊਂਦਿਆਂ ਦੇ ਮੇਲੇ ਇੰਜ ਹੀ ਲੱਗਦੇ ਰਹਿਣ। ਭਾਵਨਾ ਦੀਆਂ ਝਨਾਵਾਂ ਕਦੇ ਨਾ ਸੁੱਕਣ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਸਿਧਾਂਤਕਾਰੀ ਦੀ ਸਿਧਾਂਤਕ ਪਛਾਣ

ਭਾਰਤੀ ਤੇ ਪੱਛਮੀ ਕਾਵਿ-ਸਿਧਾਂਤ

ਸੁਰਿੰਦਰ ਕੁਮਾਰ ਦਵੇਸ਼ਵਰ
ਸਫੇ-122, ਮੁੱਲ-200 ਰੁਪਏ
ਲੋਕ ਗੀਤ ਪ੍ਰਕਾਸ਼ਨ, ਮੁਹਾਲੀ

ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਸਰਬਜੀਤ ਸਿੰਘ

ਚਿੰਤਨ ਦੇ ਖੇਤਰ ਵਿਚ ਸਿਧਾਂਤ ਦੀ ਅਹਿਮੀਅਤ ਤੋਂ ਕੋਈ ਵੀ ਵਿਦਵਾਨ, ਚਿੰਤਕ ਅਤੇ ਦਾਨਿਸ਼ਵਰ ਮੁਨਕਰ ਨਹੀਂ ਹੈ। ਸਿਧਾਂਤ ਤੋਂ ਬਿਨਾਂ ਵਰਤਾਰਿਆਂ ਦੀ ਯਥਾਰਥਕ, ਬਾਹਰਮੁਖੀ, ਤਰਕਸੰਗਤ ਅਤੇ ਵਿਗਿਆਨਕ ਸੋਝੀ ਨਹੀਂ ਹੋ ਸਕਦੀ, ਪਰੰਤੂ ਸਿਧਾਂਤ ਕੋਈ ਵਿਚਾਰਾਂ ਜਾਂ ਅੰਤਰ-ਦ੍ਰਿਸ਼ਟੀਆਂ ਦਾ ਅਜਿਹਾ ਸਮੂਹ ਨਹੀਂ ਹੁੰਦਾ ਕਿ ਉਸ ਦੀ ਹਰ ਉਕਤੀ ਜਾਂ ਧਾਰਨਾ ਨੂੰ ਜਿਉਂ ਦਾ ਤਿਉਂ ਸਵੀਕਾਰ ਕਰਕੇ ਵਿਹਾਰ ਨੂੰ ਉਸ ਉਪਰ ਘਟਾਅ ਦਿੱਤਾ ਜਾਵੇ। ਸਿਧਾਂਤ ਅਤੇ ਵਿਹਾਰ ਦੋਵੇਂ ਨਿਰੰਤਰ ਦਵੰਦਾਤਮਕ ਸੰਬੰਧਾਂ ਵਿਚ ਬੱਝੇ ਹੁੰਦੇ ਹਨ। ਇਹ ਲਗਾਤਾਰ ਇਕ-ਦੂਜੇ ਨਾਲ ਅੰਤਰ-ਸੰਬੰਧਤ ਹੋ ਕੇ ਇਕ-ਦੂਜੇ ਨੂੰ ਪ੍ਰਭਾਵਤ ਕਰਦੇ, ਸਾਧਦੇ ਅਤੇ ਨਵਿਆਉਂਦੇ ਚਲੇ ਜਾਂਦੇ ਹਨ। ਜਿਹੜੇ ਸਿਧਾਂਤਾਂ ਵਿਚ ਆਪਣੇ ਆਪ ਨੂੰ ਨਵਿਆਉਣ ਦੀ ਸੰਭਾਵਨਾ ਨਹੀਂ ਹੁੰਦੀ, ਉਹ ਖੜੋਤ ਦਾ ਸ਼ਿਕਾਰ ਹੋ ਕੇ ਅੰਤਮ ਰੂਪ 'ਚ ਇਤਿਹਾਸ ਦਾ ਅਤੀਤ ਬਣ ਜਾਂਦੇ ਹਨ।

ਸਿਧਾਂਤ ਦਾ ਮਨੁੱਖੀ ਜੀਵਨ ਵਿਚ ਬਹੁਤ ਮਹੱਤਵ ਹੈ। ਸਿਧਾਂਤ ਮਨੁੱਖ ਨੂੰ ਮਾਨਵੀ ਬਣਾਉਣ ਵਿਚ ਅਤੇ ਵਧੇਰੇ ਮਾਨਵਕਾਰੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਮਨੁੱਖੀ ਚਿੰਤਨ ਦਾ ਆਰੰਭ ਤਾਂ ਮਨੁੱਖ ਦੇ ਆਦਿ ਸਮਾਜ ਵਿਚ ਹੀ ਆਰੰਭ ਹੋ ਜਾਂਦਾ ਹੈ, ਜਦੋਂ ਉਹ ਪ੍ਰਕਿਰਤੀ ਉਪਰ ਨਿਰਭਰ ਰਹਿੰਦਿਆਂ ਪ੍ਰਕਿਰਤਕ ਵਰਤਾਰਿਆਂ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ। ਇਨ੍ਹਾਂ ਵਰਤਾਰਿਆਂ ਪ੍ਰਤੀ ਉਹ ਜੋ ਸੋਝੀ ਪ੍ਰਾਪਤ ਕਰਕੇ, ਇਨ੍ਹਾਂ ਪ੍ਰਤੀ ਕੋਈ ਵੀ ਧਾਰਨਾ ਬਣਾਉਂਦਾ ਹੈ, ਉਹ ਸਿਧਾਂਤ ਦਾ ਆਰੰਭਲਾ ਰੂਪ ਹੈ, ਪਰੰਤੂ ਇਹ ਮਨੁੱਖ ਦੇ ਅਨੁਭਵੀ ਸੰਸਾਰ ਨਾਲ ਸੰਬੰਧਤ ਹੋਣ ਕਰਕੇ ਇਸ ਵਿਚ ਵੱਖਰਤਾ ਅਤੇ ਵੰਨ-ਸੁਵੰਨਤਾ ਵਧੇਰੇ ਸੀ, ਪਰੰਤੂ ਜਿਉਂ-ਜਿਉਂ ਮਨੁੱਖ ਪ੍ਰਕਿਰਤਕ ਜੀਵਨ ਦੀ ਥਾਵੇਂ ਸੰਸਕ੍ਰਿਤਕ ਜੀਵਨ ਪ੍ਰਾਪਤ ਕਰਦਾ ਜਾਂਦਾ ਹੈ ਤਾਂ ਇਹ ਅਨੁਭਵ ਬਾਰ ਬਾਰ ਦੁਹਰਾਏ ਜਾਣ ਕਰਕੇ ਸਿਆਣਪ ਬਣ ਜਾਂਦੀ ਹੈ। ਇਹ ਸਿਆਣਪ ਵਰਤਾਰਿਆਂ ਦੀ ਅਨੁਭਵ ਸੋਝੀ ਹੁੰਦੀ ਹੈ।

ਮਨੁੱਖੀ ਚੇਤਨਾ ਜਦੋਂ ਨਿਰੰਤਰ ਵਿਕਸਤ ਹੁੰਦੀ ਹੋਈ ਜਾਦੂ ਚੇਤਨਾ ਤੋਂ ਧਰਮ ਚੇਤਨਾ ਦਾ ਇਤਿਹਾਸਕ ਵਿਕਾਸ ਪ੍ਰਾਪਤ ਕਰਦੀ ਹੈ ਤਾਂ ਸਿਧਾਂਤ ਦਾ ਇਕ ਚੌਖਟਾ ਬਣਨਾ ਸ਼ੁਰੂ ਹੁੰਦਾ ਹੈ। ਇਹ ਚੇਤਨਾ ਸੋਚ ਵਿਧੀ ਪਹਿਲੀ ਵਾਰ ਬ੍ਰਹਿਮੰਡ ਨੂੰ ਵਿਚਾਰ ਵਿਚੋਂ ਪੈਦਾ ਹੋਇਆ ਸਵੀਕਾਰ ਕਰਕੇ ਇਸ ਪ੍ਰਤੀ ਇਕ ਗਿਆਨ ਸ਼ਾਸਤਰ ਦੀ ਸਿਰਜਣਾ ਕਰਦੀ ਹੈ। ਇਹ ਗਿਆਨ ਸ਼ਾਸਤਰ ਵਿਸ਼ਵ ਦਰਸ਼ਨ ਵਿਚ ਵਿਚਾਰਵਾਦੀ ਦਰਸ਼ਨ ਦੇ ਰੂਪ ਵਿਚ ਜਾਣਿਆ ਜਾਂਦਾ ਹੈ।

ਵਿਸ਼ਵ ਵਿਚ ਵਿਚਾਰਵਾਦੀ ਦਰਸ਼ਨ ਉਦੋਂ ਤੱਕ ਭਾਰੂ ਰੂਪ ਵਿਚ ਆਪਣੀ ਤਾਕਤ ਬਣਾਈ ਰੱਖਦਾ ਹੈ, ਜਦੋਂ ਤੱਕ ਵਿਗਿਆਨਕ ਚੇਤਨਾ ਦਾ ਆਰੰਭ ਨਹੀਂ ਹੁੰਦਾ। ਵਿਚਾਰਵਾਦੀ ਦਰਸ਼ਨ ਦੀ ਦ੍ਰਿਸ਼ਟੀ ਤੋਂ ਸਾਹਿਤ ਅਤੇ ਹੋਰ ਕਲਾਵਾਂ ਨੂੰ ਸਮਝਣ ਲਈ ਜਿਹੜੇ ਸਿਧਾਂਤ ਪੈਦਾ ਹੋਏ, ਉਨ੍ਹਾਂ ਵਿਚ ਤਿੰਨ ਪਰੰਪਰਾਵਾਂ ਦਾ ਹੁਣ ਤੱਕ ਸਭ ਤੋਂ ਵੱਧ ਚਰਚਾ ਹੋਇਆ ਹੈ। ਗਰੀਕੋ ਰੋਮਨ ਪਰੰਪਰਾ, ਭਾਰਤੀ ਕਾਵਿ ਸ਼ਾਸਤਰ ਅਤੇ ਪੱਛਮੀ ਕਾਵਿ ਸ਼ਾਸਤਰ ਦੇ ਰੂਪ ਵਿਚ ਸਾਹਿਤ ਅਤੇ ਕਲਾਵਾਂ ਨੂੰ ਸਮਝਣ ਦੀਆਂ ਅੰਤਰ-ਦ੍ਰਿਸ਼ਟੀਆਂ ਇਥੋਂ ਹੀ ਵਿਕਸਤ ਹੋਣੀਆਂ ਸ਼ੁਰੂ ਹੁੰਦੀਆਂ ਹਨ। ਭਾਰਤੀ ਕਾਵਿ ਸ਼ਾਸਤਰ ਸੰਸਕ੍ਰਿਤ ਦੀ ਪਰੰਪਰਾ ਵਿਚੋਂ ਆਪਣਾ ਸਰੂਪ ਧਾਰਦਾ ਹੈ। ਸੰਸਕ੍ਰਿਤ ਭਾਸ਼ਾ ਦੀ ਆਪਣੀ ਲਿੱਪੀ ਹੋਣ ਕਰਕੇ ਇਸ ਦਾ ਆਪਣਾ ਇਕ ਸੁਤੰਤਰ ਵਿਆਕਰਨ ਪ੍ਰਬੰਧ ਹੈ। ਇਸ ਵਿਆਕਰਨ ਪ੍ਰਬੰਧ ਕਰਕੇ ਹੀ ਬੋਲ ਅਤੇ ਲਿਖਤ ਦੀ ਪੱਧਰ ਉਪਰ ਸੰਸਕ੍ਰਿਤ ਦਾ ਖੇਤਰ ਵੱਖਰਾ-ਵੱਖਰਾ ਖੇਤਰ ਹੈ। ਭਾਰਤੀ ਪ੍ਰਾਚੀਨ ਗ੍ਰੰਥ ਅਤੇ ਸਾਹਿਤ ਕਲਾਵਾਂ ਦੇ ਵਿਭਿੰਨ ਰੂਪ ਇਸ ਭਾਸ਼ਾ ਵਿਚ ਹੀ ਪ੍ਰਾਪਤ ਹੁੰਦੇ ਹਨ। ਇਸ ਕਰਕੇ ਇਸ ਵਿਹਾਰ ਨੂੰ ਸਮਝਣ ਲਈ ਵਿਦਵਾਨਾਂ ਨੇ ਵਿਭਿੰਨ ਸੰਸਕ੍ਰਿਤਕ ਆਲੋਚਨਾ ਪੱਧਤੀਆਂ ਦੀ ਖੋਜ ਕੀਤੀ। ਗਰੀਕੋ ਰੋਮਨ ਪਰੰਪਰਾ ਵਿਚ ਯੂਨਾਨੀ ਭਾਸ਼ਾ ਅੰਦਰ ਲਿਖਿਆ ਗਿਆ ਸਾਹਿਤ ਹੀ ਉਸ ਦਾ ਮੁੱਖ ਆਧਾਰ ਬਣਦਾ ਹੈ। ਪੱਛਮੀ ਕਾਵਿ ਸ਼ਾਸਤਰ ਭਾਵੇਂ ਈਸਾ ਤੋਂ ਪਹਿਲਾਂ ਹੀ ਹੋਰੇਸ ਅਤੇ ਲੌਂਨਜਾਈਨਸ ਦੇ ਰੂਪ ਵਿਚ ਮਿਲਦਾ ਹੈ, ਪਰੰਤੂ ਇਸ ਦਾ ਅਸਲ ਵਿਕਸਤ ਰੂਪ ਪੁਨਰ-ਜਾਗਰਣ ਦੀ ਲਹਿਰ ਤੋਂ ਬਾਅਦ ਹੀ ਆਪਣਾ ਸਰੂਪ ਧਾਰਦਾ ਹੈ।

ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਪੰਜਾਬੀ ਗਲਪ ਆਲੋਚਨਾ ਵਿਚ ਜਾਣਿਆ-ਪਛਾਣਿਆ ਨਾਂਅ ਹੈ, ਉਸ ਦੀ ਭਾਰਤੀ ਅਤੇ ਪੱਛਮੀ ਕਾਵਿ ਸ਼ਾਸਤਰ ਨਾਲ ਸੰਬੰਧਿਤ ਪੁਸਤਕ 'ਭਾਰਤੀ ਤੇ ਪੱਛਮੀ ਕਾਵਿ ਸਿਧਾਂਤ' ਭਾਵੇਂ ਮੁੱਢਲੇ ਰੂਪ ਵਿਚ ਭਾਰਤੀ ਅਤੇ ਪੱਛਮੀ ਸਾਹਿਤ ਸਿਧਾਂਤਾਂ ਦੀ ਮੁੱਢਲੀ ਪਛਾਣ ਨਾਲ ਸੰਬੰਧਤ ਹੈ, ਪਰੰਤੂ ਇਸ ਪੁਸਤਕ ਦੇ ਕਈ ਅਹਿਮ ਪਾਸਾਰ ਵੀ ਹਨ। ਇਹ ਪੁਸਤਕ ਹਰ ਆਲੋਚਨਾ ਪੱਧਤੀ ਦੇ ਦਾਰਸ਼ਨਿਕ ਆਧਾਰਾਂ ਦੀ ਤਲਾਸ਼ ਜ਼ਰੂਰ ਕਰਦੀ ਹੈ। ਆਮ ਤੌਰ 'ਤੇ ਪੰਜਾਬੀ ਚਿੰਤਨ ਵਿਚ ਆਲੋਚਨਾ ਪੱਧਤੀਆਂ ਨੂੰ ਮਹਿਜ਼ ਸਾਹਿਤ ਅਧਿਐਨ ਕਰਨ ਵਾਲੀਆਂ ਨਿਰਪੇਖ ਪ੍ਰਣਾਲੀਆਂ ਸਵੀਕਾਰ ਕਰ ਲਿਆ ਜਾਂਦਾ ਹੈ, ਪਰੰਤੂ ਕੋਈ ਵੀ ਆਲੋਚਨਾ ਪੱਧਤੀ ਸਮਾਜਕ ਮੁੱਲ-ਵਿਧਾਨ ਨਾਲ ਜੁੜ ਕੇ ਵਿਸ਼ੇਸ਼ ਜੀਵਨ-ਦ੍ਰਿਸ਼ਟੀਕੋਣ ਦਾ ਸਿੱਧਾ ਜਾਂ ਅਸਿੱਧਾ ਪ੍ਰਗਟਾਵਾ ਬਣਦੀ ਹੈ। ਡਾ. ਦਵੇਸ਼ਵਰ ਦੀ ਇਸ ਪੁਸਤਕ ਦੀ ਸਭ ਤੋਂ ਗੰਭੀਰ ਮਹੱਤਤਾ ਇਸ ਪਹਿਲੂ ਵਿਚ ਨਿਹਿਤ ਹੈ ਕਿ ਉਹ ਪਾਠਕ ਨੂੰ ਆਲੋਚਨਾ ਸਿਧਾਂਤਾਂ ਦੇ ਦਰਸ਼ਨ, ਦ੍ਰਿਸ਼ਟੀ ਅਤੇ ਵਿਚਾਰਧਾਰਾ ਦੀ ਸੂਝ ਦਿੰਦੀ ਹੈ। ਪਲੈਟੋ ਦੇ ਪ੍ਰਸੰਗ ਵਿਚ ਇਸ ਪਾਸਾਰ ਨੂੰ ਦੇਖਿਆ ਜਾ ਸਕਦਾ ਹੈ। ਪਲੈਟੋ ਦੇ ਚਿੰਤਨ ਦਾ ਆਧਾਰ ਆਦਰਸ਼ਵਾਦੀ ਦਰਸ਼ਨ (Idealistic Philosophy) ਉੱਤੇ ਟਿਕਿਆ ਹੈ। ਆਦਰਸ਼ਵਾਦੀ ਚਿੰਤਨ ਪੱਧਤੀ ਇਸ ਦਿਸ ਰਹੇ ਸੰਸਾਰ ਯਥਾਰਥ ਦੀ ਗਤੀਸ਼ੀਲਤਾ, ਪਰਿਵਰਤਨ ਅਤੇ ਰੂਪਾਂਤਰਣ ਦੀ ਥਾਂ ਅਦਿੱਖ ਸੋਚ ਦੀ ਸਥਿਰਤਾ, ਨਿਰਪੇਖਤਾ ਅਤੇ ਅਟੱਲਤਾ ਨੂੰ ਅੰਤਮ ਸੱਚ ਵਜੋਂ ਸਵੀਕਾਰ ਕਰਦੀ ਹੈ। (ਪੰਨਾ-46-47)

ਕੋਈ ਵੀ ਆਲੋਚਨਾ ਪ੍ਰਣਾਲੀ ਮਹਿਜ਼ ਸਾਹਿਤਕ ਰੂਪਾਂ ਜਾਂ ਰਚਨਾਵਾਂ ਦਾ ਅਧਿਐਨ ਮਾਤਰ ਨਹੀਂ ਹੁੰਦੀ, ਉਨ੍ਹਾਂ ਦੇ ਦਾਰਸ਼ਨਿਕ ਆਧਾਰਾਂ ਨੂੰ ਤਲਾਸ਼ਣਾ ਅਤੇ ਫਿਰ ਸਾਹਿਤਕ ਯਥਾਰਥ 'ਚੋਂ ਉਸ ਦੇ ਜੀਵੰਤ ਰਿਸ਼ਤੇ ਨੂੰ ਜਾਨਣਾ ਬੌਧਿਕਤਾ ਦਾ ਕਾਰਜ ਹੈ। ਡਾ. ਦਵੇਸ਼ਵਰ ਦੀ ਸਮੁੱਚੀ ਸਮੀਖਿਆ ਪ੍ਰਗਤੀਵਾਦੀ ਵਿਚਾਰਧਾਰਕ ਦ੍ਰਿਸ਼ਟੀ ਦੀ ਧਾਰਨੀ ਹੈ। 'ਭਾਰਤੀ ਤੇ ਪੱਛਮੀ ਕਾਵਿ ਸਿਧਾਂਤ' ਪੁਸਤਕ ਵਿਚ ਵੀ ਡਾ. ਦਵੇਸ਼ਵਰ ਕਾਵਿ ਸਿਧਾਂਤਾਂ ਦੀ ਪੜ੍ਹਤ ਤਿਆਰ ਕਰਦਿਆਂ ਉਨ੍ਹਾਂ ਦੇ ਅੰਦਰੋਂ ਤਲਾਸ਼ੇ ਜਾ ਰਹੇ ਜੀਵਨ-ਮੁੱਲਾਂ ਦੇ ਮਾਧਿਅਮ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਦਾ ਹੈ। ਦੂਸਰਾ, ਇਨ੍ਹਾਂ ਆਲੋਚਨਾ ਪੱਧਤੀਆਂ ਨੂੰ ਨਾ ਤਾਂ ਉਹ ਸਿਰੇ ਤੋਂ ਖਾਰਜ ਕਰਦਾ ਹੈ ਅਤੇ ਨਾ ਹੀ ਹੂ-ਬ-ਹੂ ਉਨ੍ਹਾਂ ਨੂੰ ਸਵੀਕਾਰ ਕਰਦਾ ਹੈ। ਉਨ੍ਹਾਂ ਦਾ ਅਧਿਐਨ ਕਰਦਿਆਂ ਪੱਧਤੀਆਂ ਦੇ ਮਹੱਤਵ ਨੂੰ ਉਜਾਗਰ ਕਰਦਾ ਹੋਇਆ ਉਨ੍ਹਾਂ ਦੀ ਧੁਰ ਡੂੰਘ ਵਿਚ ਕਾਰਜਸ਼ੀਲ ਦਾਰਸ਼ਨਿਕ ਅੰਤਰ-ਦ੍ਰਿਸ਼ਟੀ ਪ੍ਰਤੀ ਜ਼ਰੂਰ ਸੰਕੇਤ ਕਰਦਾ ਹੈ। ਭਾਰਤੀ ਕਾਵਿ ਸ਼ਾਸਤਰ ਬਾਰੇ ਉਸ ਦਾ ਮੁਲਾਂਕਣ ਹੈ, ਭਾਰਤੀ ਕਾਵਿ ਸ਼ਾਸਤਰ ਦੀਆਂ ਇਨ੍ਹਾਂ ਛੇ ਕਾਵਿ ਸੰਪਰਦਾਵਾਂ ਦਾ ਦਾਰਸ਼ਨਿਕ ਆਧਾਰ, ਨਿਰਸੰਦੇਹ ਭਾਰਤੀ ਦਰਸ਼ਨ ਦੀ ਅਦਵੈਤ ਚਿੰਤਨਧਾਰਾ ਹੈ ਜਿਹੜੀ ਆਪਣੇ ਸੁਭਾਅ ਅਤੇ ਸਾਰ ਵਿਚ ਏਕਾਦਮੀ/ਦ੍ਰਿਸ਼ਟੀ ਦੀ ਪ੍ਰਤਿਪਾਦਕ ਹੈ। (ਪੰਨਾ-43)

'ਭਾਰਤੀ ਤੇ ਪੱਛਮੀ ਕਾਵਿ ਸਿਧਾਂਤ' ਪੁਸਤਕ ਵਿਚ ਲਗਭਗ ਉਹ ਸਾਰਾ ਚਿੰਤਨ ਸ਼ਾਮਲ ਹੈ, ਜਿਸ ਦਾ ਵਾਹ ਪੰਜਾਬੀ ਭਾਸ਼ਾ ਨਾਲ ਜੁੜੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਨਾਲ ਪੈਂਦਾ ਹੈ। ਇਹ ਪੁਸਤਕ ਮੂਲ ਸਿਧਾਂਤਾਂ ਦੀ ਪਛਾਣ ਦੇ ਨਾਲ ਨਾਲ ਕਲਾ ਅਤੇ ਸੁਹਜ ਦੇ ਉਸ ਕੇਂਦਰੀ ਬਿੰਦੂ ਨੂੰ ਉਭਾਰ ਕੇ ਪੇਸ਼ ਕਰਦੀ ਹੈ, ਜਿਹੜਾ ਕੇਂਦਰੀ ਬਿੰਦੂ ਸਾਹਿਤ ਦੀ ਆਤਮਾ ਵਜੋਂ ਮਹੱਤਵ ਰੱਖਦਾ ਹੈ। ਦੂਸਰਾ, ਇਸ ਪੁਸਤਕ ਵਿਚ ਸਿਧਾਂਤ ਦੀ ਵਿਕਾਸ ਪ੍ਰਕਿਰਿਆ ਸਪੱਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਭਾਰਤੀ ਕਾਵਿ ਸ਼ਾਸਤਰੀ ਪਰੰਪਰਾਵਾਂ ਵਿਚ ਵਿਦਵਾਨਾਂ ਵੱਲੋਂ ਕੀਤਾ ਗਿਆ ਵਿਕਾਸ ਅਤੇ ਵਿਸਤਾਰ ਸਪੱਸ਼ਟ ਰੂਪ ਵਿਚ ਅੰਕਿਤ ਕੀਤਾ ਗਿਆ ਹੈ। ਭਾਰਤੀ ਕਾਵਿ ਸ਼ਾਸਤਰ ਦੇ ਵਿਸ਼ੇਸ਼ ਪ੍ਰਸੰਗ ਵਿਚ ਇਸ ਪੁਸਤਕ ਅੰਦਰ ਉਸ ਦੀ ਵਿਕਾਸ ਪ੍ਰਕਿਰਿਆ ਦੇਖੀ ਜਾ ਸਕਦੀ ਹੈ।

ਪੱਛਮੀ ਕਾਵਿ ਸ਼ਾਸਤਰ ਦੇ ਮੂਲ ਬਿੰਦੂਆਂ ਨੂੰ ਪਛਾਣ ਦਾ ਕੇਂਦਰ ਬਣਾਉਂਦਿਆਂ ਪੱਛਮੀ ਚਿੰਤਨ ਸੰਬੰਧੀ ਆਲੋਚਨਾਤਮਕ ਟਿੱਪਣੀਆਂ ਦੇ ਮਾਧਿਅਮ ਇਹ ਪੁਸਤਕ ਗੌਰਵ ਵੀ ਮਹਿਸੂਸ ਕਰਵਾਉਂਦੀ ਹੈ ਅਤੇ ਉਨ੍ਹਾਂ ਦੇ ਅੰਦਰ ਪਏ ਖੱਪਿਆਂ ਬਾਰੇ ਵੀ ਸੰਕੇਤ ਕਰਦੀ ਹੈ। ਹੋਰੇਸ, ਲੌਂਨਜਾਈਨਸ ਤੋਂ ਲੈ ਕੇ ਮਾਰਕਸਵਾਦੀ ਸਿਧਾਂਤ, ਵੀਹਵੀਂ ਸਦੀ ਦੀ ਨਵੀਨ ਆਲੋਚਨਾ, ਨਾਰੀਵਾਦੀ ਸਿਧਾਂਤ ਆਦਿ ਨਾਲ ਪ੍ਰਮਾਣਿਕ ਜਾਣ-ਪਛਾਣ ਕਰਵਾਉਂਦੀ ਇਹ ਪੁਸਤਕ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਦੀ ਅੰਤਿਕਾ ਵਿਚ ਪ੍ਰੋ. ਕਿਸ਼ਨ ਸਿੰਘ ਦੀ ਮਹੱਤਵਪੂਰਨ ਪੁਸਤਕ 'ਸਾਹਿਤ ਦੇ ਸੋਮੇ' ਦੇ ਲੇਖਾਂ ਦਾ ਬਹੁਤ ਹੀ ਨਿਕਟ ਅਧਿਐਨ ਕੀਤਾ ਗਿਆ ਹੈ। ਪੰਜਾਬੀ ਮਾਰਕਸਵਾਦੀ ਆਲੋਚਨਾ ਦੇ ਨਾਲ-ਨਾਲ ਪ੍ਰੋ. ਕਿਸ਼ਨ ਸਿੰਘ ਦੇ ਸਾਹਿਤ ਚਿੰਤਨ ਦੇ ਮੂਲ ਮੁੱਦਿਆਂ ਨੂੰ ਪ੍ਰਗਤੀਵਾਦੀ ਦ੍ਰਿਸ਼ਟੀ ਅਤੇ ਮਾਰਕਸਵਾਦੀ ਦਰਸ਼ਨ ਦੀ ਦਵੰਦਾਤਮਕ ਦ੍ਰਿਸ਼ਟੀ ਤੋਂ ਜਿਵੇਂ ਉਸਾਰਿਆ ਗਿਆ ਹੈ, ਉਹ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ।

ਇਹ ਪੁਸਤਕ ਪੰਜਾਬੀ ਸਾਹਿਤ ਅਧਿਐਨ ਵੱਲ ਤੁਰਨ ਵਾਲੇ ਵਿਦਿਆਰਥੀਆਂ ਲਈ ਸਰਲ ਭਾਸ਼ਾ ਵਿਚ ਲਿਖੀ ਗਈ ਉਹ ਆਲੋਚਨਾ ਪੁਸਤਕ ਹੈ, ਜਿਸ ਵਿਚ ਸਿਰਜਣਾਤਮਕਤਾ ਦੀ ਮਹਿਕ ਹੈ। ਇਹ ਲਾਹੇਵੰਦ ਪੁਸਤਕ ਹਰ ਪੰਜਾਬੀ ਸਾਹਿਤ ਦੇ ਵਿਦਿਆਰਥੀ ਲਈ ਮਹੱਤਵਪੂਰਨ ਪੁਸਤਕ ਹੈ, ਜਿੱਥੋਂ ਆਲੋਚਨਾ ਪੱਧਤੀਆਂ ਨਾਲ ਸਾਂਝ ਦਾ ਆਰੰਭ ਹੁੰਦਾ ਹੈ।

ਸੰਪਰਕ : 98155-74144

ਸੱਜਰੇ ਤੇ ਮਘਦੇ ਅਹਿਸਾਸਾਂ ਦੀ ਦਾਰਸ਼ਨਿਕ ਕਵਿਤਾ

ਇਹ ਸੜਕਾਂ ਕਿਤੇ ਨਹੀਂ ਜਾਂਦੀਆਂ

(ਕਵਿਤਾਵਾਂ)
ਸਫੇ : 64, ਮੁੱਲ : 195 ਰੁਪਏ
ਕੈਲੀਬਰ ਪਬਲੀਕੇਸ਼ਨ, ਪਟਿਆਲਾ

ਸਾਹਿਤ ਚਿੰਤਨ

ਜਗਦੀਪ ਸੰਧੂ (ਡਾ.)

ਮਨਜੀਤ ਪੁਰੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਪਿਛਲੇ ਲੰਮੇ ਸਮੇਂ ਦੇ ਅਭਿਆਸ ਅਤੇ ਅਨੁਭਵ ਵਿੱਚੋਂ ਕਸ਼ੀਦ ਕੇ ਉੱਭਰਿਆ ਹੋਇਆ ਨਾਂਅ ਹੈ। ਇਸ ਤੋਂ ਪਹਿਲਾਂ ਉਸ ਦਾ ਗਜ਼ਲ ਸੰਗ੍ਰਹਿ 'ਕੁਝ ਤਿੜਕਿਆ ਤਾਂ ਹੈ' ਪ੍ਰਕਾਸ਼ਿਤ ਹੋ ਚੁੱਕਿਆ ਹੈ। 'ਇਹ ਸੜਕਾਂ ਕਿਤੇ ਨਹੀਂ ਜਾਂਦੀਆਂ' ਮਨਜੀਤ ਦਾ ਦੂਜਾ ਕਾਵਿ-ਸੰਗ੍ਰਹਿ ਹੈ, ਜਿਸ ਵਿੱਚ ਮੁੱਖ ਤੌਰ 'ਤੇ ਨਜ਼ਮਾਂ ਸ਼ਾਮਲ ਹਨ। ਉਸ ਕੋਲ ਵਿਚਾਰ ਦੀ ਪ੍ਰਸਤੁਤੀ ਲਈ ਜਿੱਥੇ ਨਿਵੇਕਲਾ ਦ੍ਰਿਸ਼ਟੀਕੋਣ ਹੈ, ਉੱਥੇ ਢੁਕਵੀਂ ਕਾਵਿ-ਭਾਸ਼ਾ ਦੇ ਨਾਲ-ਨਾਲ ਕਾਵਿਕ ਨਿਭਾਅ ਦੀ ਸਮਰੱਥਾ ਵੀ ਹੈ। ਦਿਨੋ-ਦਿਨ ਉਸ ਦੀ ਕਵਿਤਾ ਸਰਲਤਾ, ਕਸ਼ਿਸ਼, ਸੁਭਾਵਿਕਤਾ ਅਤੇ ਸੱਜਰੇਪਨ ਕਰਕੇ ਨਿੱਖਰ ਰਹੀ ਹੈ। ਇਸ ਕਾਵਿ-ਸੰਗ੍ਰਹਿ ਦੀ ਸਮੁੱਚੀ ਸ਼ਾਇਰੀ ਪੜ੍ਹਦਿਆਂ ਮੇਰੇ ਮਨ ਵਿੱਚ ਪਹਿਲੀ ਪੜ੍ਹਤ ਦੌਰਾਨ ਜੋ ਖਿਆਲ ਆਏ, ਉਹਨਾਂ ਦਾ ਮੁਹਾਂਦਰਾ ਕੁਝ ਇਸ ਤਰ੍ਹਾਂ ਦਾ ਹੈ :-

ਵਿਰੋਧੀ ਬਿਰਤਾਂਤਾਂ ਨੂੰ ਇੱਕੋ ਪਰਖ ਨਲੀ ਵਿੱਚ ਪਾ ਕੇ ਉਹ ਇੱਕ ਵਿਸ਼ੇਸ਼ ਕਾਵਿਕ ਮੁਹਾਂਦਰਾ ਘੜਦਾ ਹੈ ਅਤੇ ਉਸ ਨੂੰ ਗੁੜਦਾ ਹੈ, ਜਿਉਂਦਾ ਹੈ ਤੇ ਕਵਿਤਾ ਨੂੰ ਇੱਕ ਜਸ਼ਨ ਬਣਾਉਣ ਦੇ ਰਾਹੇ ਤੁਰਦਾ ਹੈ। ਇਹ ਵਿਰੋਧੀ ਬਿਰਤਾਂਤ ਸਥਿਤੀਆਂ ਤੇ ਪ੍ਰਸਥਿਤੀਆਂ ਵਿੱਚੋਂ ਸੁਭਾਵਿਕ ਜੀਵਨ ਦੀ ਓਟ ਵਿੱਚ ਆਪਣੀ ਹੋਂਦ ਗ੍ਰਹਿਣ ਕਰਦੇ ਹਨ।

ਬਾਹਰਲੇ ਪਿੰਡੇ ਤੋਂ ਭਾਵੇਂ ਇਹ ਕਵਿਤਾ ਜਸ਼ਨ ਨਜ਼ਰ ਆਉਂਦੀ ਹੈ, ਪਰ ਇਸ ਦੀ ਸੀਰਤ ਵਿੱਚ ਉਹ ਦਾਰਸ਼ਨਿਕ ਵਿਚਾਰ ਮਰਨ ਨਹੀਂ ਦਿੰਦਾ। ਇਸ ਪ੍ਰਕਾਰ ਦਾਰਸ਼ਨਿਕ ਅਹਿਸਾਸਾਂ ਨੂੰ ਜਸ਼ਨਾਈ ਰੰਗਤ ਦੇ ਕੇ ਉਹ ਸਰੋਤੇ/ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ।

ਉਸ ਦੀ ਕਵਿਤਾ ਦੀ ਇੱਕ ਗੱਲ ਹੋਰ ਵੀ ਮੈਨੂੰ ਖ਼ੂਬਸੂਰਤ ਲੱਗੀ ਕਿ ਉਹ ਗੱਲ ਸ਼ੁਰੂ ਕਰਕੇ ਉਸ ਨੂੰ ਇੱਕ ਸਿਰੇ 'ਤੇ ਲਿਜਾ ਕੇ ਨਿਭਾਉਂਦਾ ਹੈ, ਮੁਕੰਮਲ ਕਰਦਾ ਹੈ। ਬਹੁਤ ਸਾਰੇ ਕਵੀ ਗੱਲ ਨੂੰ ਸ਼ੁਰੂ ਕਰਦੇ ਹਨ ਤੇ ਨਾਟਕ ਵਾਂਗ ਪਾਠਕ ਨੂੰ ਇੱਕ ਸਥਿਤੀ ਦੇ ਅਹਿਸਾਸ ਵਿੱਚ ਛੱਡ ਕੇ ਸੋਚਣ ਜਾਂ ਮਾਨਣ ਦੀ ਸਥਿਤੀ ਵਿੱਚ ਲੈ ਜਾਂਦੇ ਹਨ, ਪਰ ਮਨਜੀਤ ਇੱਕੋ ਵੇਲੇ ਜੋ ਵਿਚਾਰ ਜਾਂ ਅਹਿਸਾਸ ਨੂੰ ਲੈ ਕੇ ਤੁਰਦਾ ਹੈ ਤੇ ਆਪ ਹੀ ਉਸ ਗੱਲ ਦੀ ਤੰਦ ਵੀ ਸਿਰੇ ਲਾਉਂਦਾ ਹੈ। ਇਹ ਉਸ ਦੇ ਸੁਭਾਅ ਦਾ ਵੀ ਹਿੱਸਾ ਹੈ ਕਿ ਉਹ ਆਮ ਗੱਲਬਾਤ ਵਿੱਚ ਵੀ ਉਦਾਹਰਨਾਂ ਦੇ ਕੇ ਲੰਮੀ-ਲੰਮੀ ਵਿਆਖਿਆ ਕਰਦਾ ਹੈ ਅਤੇ ਵਿਆਖਿਆ ਦੌਰਾਨ ਢੇਰ ਸਾਰੇ ਪ੍ਰਸੰਗਾਂ ਨੂੰ ਛੂੰਹਦਾ ਰਹਿੰਦਾ ਹੈ ਤੇ ਉਦੋਂ ਤੱਕ ਚੁੱਪ ਨਹੀਂ ਕਰਦਾ, ਜਦੋਂ ਤੱਕ ਉਸ ਨੂੰ ਨਹੀਂ ਲੱਗਦਾ ਕਿ ਉਸ ਦੀ ਗੱਲ ਸਹੀ ਪ੍ਰਸੰਗ ਵਿੱਚ ਦੂਜੇ ਤੱਕ ਨਹੀਂ ਪਹੁੰਚੀ।

ਉਸ ਦੀ ਕਵਿਤਾ ਦੀ ਸਭ ਤੋਂ ਵੱਡੀ ਤਾਕਤ ਆਦਿ, ਮੱਧ ਆਧੁਨਿਕ ਅਤੇ ਸਮਕਾਲੀ ਜੀਵਨ ਦੇ ਵਿਭਿੰਨ ਵਰਤਾਰੇ ਹਨ, ਜੋ ਹਵਾਲਿਆਂ ਦੇ ਰੂਪ ਵਿੱਚ ਉਸ ਦੇ ਵਿਚਾਰ ਦਾ ਠੋਸ ਆਧਾਰ ਬਣਦੇ ਹਨ। ਉਹ ਇਹਨਾਂ ਵਰਤਾਰਿਆਂ, ਮਿੱਥਾਂ ਨੂੰ ਡੀਕੰਸਟਰਕਟ ਕਰਦਾ ਹੋਇਆ ਨਵੇਂ ਅਰਥ ਦਿੰਦਾ ਹੈ। ਇਸ ਡੀਕੰਸਟਰਕਸ਼ਨ ਦੀ ਪ੍ਰਕਿਰਿਆ ਦੌਰਾਨ ਉਹ ਕਾਵਿਕਤਾ ਨੂੰ ਹਰਗਿਜ਼ ਮਰਨ ਨਹੀਂ ਦਿੰਦਾ।

ਉਸ ਦੀ ਸਮੁੱਚੀ ਸ਼ਾਇਰੀ ਵਿੱਚੋਂ ਇੱਕ ਗੱਲ ਹੋਰ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ, ਜੋ ਕਿ ਉਸ ਦੇ ਸੁਭਾਅ ਦਾ ਹਿੱਸਾ ਵੀ ਹੈ ਕਿ ਪ੍ਰਤੀਕੂਲ ਸਥਿਤੀਆਂ ਵਿੱਚ ਵੀ ਜੂਝ ਕੇ ਜੀਵਨ ਦੀ ਸਿਰਮੌਰਤਾ ਨੂੰ ਕਾਇਮ ਰੱਖਣਾ। ਇਸ ਲਈ ਉਹ ਪ੍ਰੇਰਨਾ ਸਿੱਖ ਇਤਿਹਾਸ ਤੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਤੋਂ ਲੈਂਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਉਸ ਦੀ ਕਵਿਤਾ ਹੌਸਲਾ ਦਿੰਦੀ ਹੈ... ਸਕੂਨ ਦਿੰਦੀ ਹੈ ਤੇ ਤੁਹਾਨੂੰ ਨਿਰਾਸ਼ਾ ਵਿੱਚੋਂ ਬਾਹਰ ਕੱਢ ਕੇ ਮੁੜ ਜੂਝਣ ਲਈ ਪ੍ਰੇਰਿਤ ਕਰਦੀ ਹੈ। ਭਾਵੇਂ ਕਿ ਉਹ ਕਦੀ-ਕਦੀ ਖੁਦ ਨਿਰਾਸ਼ ਹੁੰਦਾ ਹੈ, ਪਰ ਜਲਦੀ ਹੀ ਇਸ ਵਿੱਚੋਂ ਬਾਹਰ ਨਿਕਲਣ ਲਈ ਕੋਈ ਨਾ ਕੋਈ ਰਾਹ ਤਲਾਸ਼ ਲੈਂਦਾ। ਇਸ ਤਲਾਸ਼ ਦੀ ਪ੍ਰਕਿਰਿਆ ਦੌਰਾਨ ਕਵਿਤਾ ਉਸ ਦਾ ਸਭ ਤੋਂ ਵੱਡਾ ਆਸਰਾ ਬਣਦੀ ਹੈ।

ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਬੀਜ ਰੂਪ ਵਿੱਚ ਸੋਲੋ ਸੰਵਾਦ ਅਤੇ ਗਲਪੀ ਅੰਸ਼ਾਂ ਦੀ ਜੁਗਲਬੰਦੀ ਵਿੱਚੋਂ ਆਪਣਾ ਕਾਵਿਕ ਮੁਹਾਂਦਰਾ ਘੜ ਰਹੀਆਂ ਹਨ।



ਜਦੋਂ ਅਸੀਂ ਉਸ ਦੀਆਂ ਕਵਿਤਾਵਾਂ ਦੇ ਪਾਠ ਦੌਰਾਨ ਉਸ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸੁੱਤੇ ਸਿੱਧ ਹੀ ਉਕਤ ਧਾਰਨਾਵਾਂ ਬੀਜ ਰੂਪ ਵਿੱਚ ਉਸ ਦੀਆਂ ਕਵਿਤਾਵਾਂ ਵਿੱਚ ਨਜ਼ਰ ਆਉਂਦੀਆਂ ਹਨ। 'ਕਲਰ ਡਿਸਆਰਡਰ' ਆਪਣੇ-ਆਪ ਵਿੱਚ ਕਮਾਲ ਦੀ ਕਵਿਤਾ ਹੈ। ਇਸ ਕਵਿਤਾ ਦੀ ਪਿੱਠ ਭੂਮੀ ਵਿਚ ਪੰਜਾਬ ਦੀ ਕਿਸਾਨੀ ਦੁਆਰਾ ਖੁਦਕੁਸ਼ੀਆਂ ਦੇ ਬਿਰਤਾਂਤ ਨੂੰ ਆਧਾਰ ਬਣਾਇਆ ਗਿਆ ਹੈ। ਰੰਗਾਂ ਦੇ ਸਥਾਪਤ ਅਰਥਾਂ ਨੂੰ ਉਹ ਡੀਕੰਸਟਰਕਟ ਕਰਦਾ ਹੋਇਆ ਨਵੇਂ ਅਰਥਾਂ ਨੂੰ ਚਿਹਨਾਤਮਿਕ ਰੂਪ ਵਿੱਚ ਸਥਾਪਤ ਕਰਦਾ ਹੈ।

'ਚਿੱਟੇ ਰੰਗ ਦੇ ਹਨੇਰੇ ਦਾ ਫੈਲਣਾ' ਤੇ 'ਭੀੜ ਵਿੱਚੋਂ ਚਿੱਟੇ ਲਿਬਾਸ ਵਾਲੇ ਹਨੇਰੇ ਦਾ ਉੱਠਣਾ' ਉਸ ਦੀ ਕਵਿਤਾ ਦੇ ਮੂਲ ਵਿਚਾਰ ਦੇ ਅਜਿਹੇ ਕਲਾਤਮਿਕ ਮੈਟਾਫਰ ਹਨ, ਜੋ ਝੰਜੋੜਦੇ ਵੀ ਹਨ ਤੇ ਕੰਬਣੀ ਵੀ ਛੇੜਦੇ ਹਨ। ਵਿਚਾਰਨਯੋਗ ਨੁਕਤਾ ਇਹ ਹੈ ਕਿ ਕਵੀ ਇਸ ਕਵਿਤਾ ਰਾਹੀਂ ਕੋਈ ਨਵੇਂ ਵਿਚਾਰ ਭਾਵੇਂ ਨਹੀਂ ਪੇਸ਼ ਕਰ ਰਿਹਾ, ਪਰ ਇੱਕ ਅਜਿਹੀ ਸਥਿਤੀ ਸਿਰਜ ਰਿਹਾ ਹੈ, ਜੋ ਭਾਵੇਂ ਯਥਾਰਥਿਕ ਰੂਪ ਵਿੱਚ ਸੰਭਵ ਪ੍ਰਤੀਤ ਨਹੀਂ ਹੁੰਦੀ, ਪਰੰਤੂ ਯਥਾਰਥ ਨੂੰ ਗਹਿਰਾਈ ਨਾਲ ਪਕੜ ਕੇ ਸਾਨੂੰ ਉਸ ਹਿਰਦੇ ਵੇਦਕ ਅਹਿਸਾਸਾਂ ਵਿੱਚ ਲੈ ਜਾਂਦੀ ਹੈ, ਜਿੱਥੇ ਯਥਾਰਥ ਦੀ ਪੇਸ਼ਕਾਰੀ ਲਈ ਇੱਕ ਵਿਸ਼ੇਸ਼ ਪਰਾ ਭਾਸ਼ਾਈ ਸੰਸਾਰ ਦੀ ਸਿਰਜਣਾ ਕਰਕੇ ਕਾਵਿਕ ਨੇਮ ਅਧੀਨ ਲਿਆਂਦਾ ਗਿਆ ਹੈ। ਅਗਲੀ ਉਸ ਦੀ ਗੌਲਣਯੋਗ ਕਵਿਤਾ ਹੈ-'ਦਾਦੇ ਵਾਲੀ ਘੜੀ'। ਇਹ ਕਵਿਤਾ ਮੈਂ ਉਸ ਦੇ ਮੂੰਹੋਂ ਕਈ ਵਾਰ ਸੁਣੀ। ਕਵਿਤਾ ਵਿੱਚ ਦਾਦਾ ਉਸ ਦਾ ਨਾਇਕ ਹੈ, ਜਿਸ ਲਈ ਘੜੀ, ਉਹ ਘੜੀ ਨਹੀਂ, ਜੋ ਸਧਾਰਨ ਅਰਥਾਂ ਵਿੱਚ ਹੈ, ਸਗੋਂ ਉਸ ਲਈ ਘੜੀ ਦੇ ਅਰਥ ਹੋਰ ਹਨ। ਜਦੋਂ ਮਨਜੀਤ ਕਹਿੰਦਾ ਹੈ ਕਿ 'ਕਦੇ ਕਦੇ ਲੱਗਦਾ, ਜਿਵੇਂ ਘੜੀ ਉਹਨੇ, ਵਕਤ ਨੂੰ ਸ਼ੀਸ਼ਾ ਦਿਖਾਉਣ ਲਈ ਖਰੀਦੀ ਹੋਵੇ, ਟਾਈਮ ਦੇਖਣ ਲਈ ਨਹੀਂ' ਤਾਂ ਸਾਨੂੰ ਇਹਨਾਂ ਅਰਥਾਂ ਦੀ ਥਾਹ ਪੈਂਦੀ ਹੈ। ਅਸਲ ਵਿੱਚ ਇਹ ਕਵਿਤਾ ਅਤੀਤ ਵਿੱਚੋਂ ਪ੍ਰੇਰਨਾ ਲੈ ਕੇ ਭਵਿੱਖ ਲਈ ਰਾਹ ਤਲਾਸ਼ਣ ਦੀ ਕੋਸ਼ਿਸ਼ ਵਿੱਚ ਹੈ। ਅਤੀਤ ਜੋ ਸਾਡੇ ਪੁਰਵਜ਼ਾਂ ਦੇ ਹੌਂਸਲੇ, ਸਿਦਕ ਅਤੇ ਹਿੰਮਤ ਨਾਲ ਭਰਿਆ ਪਿਆ ਹੈ। ਕਵੀ ਇਸੇ ਹੌਂਸਲੇ, ਸਿਦਕ ਅਤੇ ਹਿੰਮਤ ਨੂੰ ਇਸ ਪ੍ਰਕਾਰ ਅਪਣਾਉਂਦਾ ਹੈ।

'ਗੁੱਟ 'ਤੇ ਘੜੀ ਨੂੰ ਪੁੱਠਾ ਬੰਨ੍ਹਣਾ' ਤੇ 'ਸਿੱਧਾ ਤੁਰਨ ਲੱਗਣਾ' ਵਕਤ ਨੂੰ ਗੰਢ ਮਾਰ ਕੇ ਆਪਣੇ ਹੱਕ ਵਿੱਚ ਭੁਗਤਾਉਣ ਦੇ ਪ੍ਰਤੀਕ ਵਜੋਂ ਅਰਥ ਗ੍ਰਹਿਣ ਕਰਦਾ ਹੈ। ਇਸ ਕਵਿਤਾ ਵਿੱਚ ਇਕ ਥਾਹ ਹੋਰ ਵੀ ਪੈਂਦੀ ਹੈ ਕਿ ਜੀਵਨ ਦੀ ਖ਼ੁਸ਼ੀ ਇਸ ਦੀ ਸਿਰਮੌਰਤਾ ਅਤੇ ਚਾਅ ਇਸ ਦੇ ਸਧਾਰਨ ਹੋਣ ਵਿੱਚ ਹੈ। ਤਥਾਕਥਿਤ ਵਿਕਾਸ ਨੇ ਜੋ ਪੂੰਜੀਵਾਦੀ ਯੁੱਗ ਵਿੱਚ ਮਨੁੱਖੀ ਜੀਵਨ ਨੂੰ ਮਸ਼ੀਨ (ਘੜੀ) ਦੇ ਅਧੀਨ ਕਰ ਦਿੱਤਾ ਹੈ, ਉਸ ਨੇ ਸਾਡੇ ਵਿਰਸੇ ਵਿੱਚ ਪਿਆ ਸਾਡਾ ਗੌਰਵ ਅਤੇ ਅਸਤਿੱਤਵ ਖੋਹ ਲਿਆ ਹੈ। ਇਹ ਗੌਰਵ ਅਤੇ ਸੂਰਮਤਾ ਸਾਡੇ ਜਨ-ਜੀਵਨ ਦਾ ਇਕ ਮਾਣ ਕਰਨ ਯੋਗ ਬਿਰਤਾਂਤ ਰਿਹਾ ਹੈ। ਉਸ ਨੂੰ ਆਪਣੇ ਦਾਦੇ ਵਿੱਚੋਂ ਮਿਰਜ਼ੇ ਵਾਲੀ ਸੂਰਮਤਾ ਨਜ਼ਰ ਆਉਂਦੀ ਹੈ, ਜਦੋਂ ਉਹ ਸਾਡੇ ਇਤਿਹਾਸਕ ਪਾਤਰ ਮਿਰਜ਼ੇ ਦੇ ਹਵਾਲੇ ਨਾਲ ਜੀਵਨ ਨੂੰ ਸੋਹਣਾ ਤੇ ਜਿਉਣ ਗੋਚਰਾ ਬਣਾਉਣਾ ਚਾਹੁੰਦਾ ਹੈ। ਪੰਜਾਬ ਦੇ ਸੂਰਮਤਾ ਵਾਲੇ ਇਤਿਹਾਸ ਵਿੱਚੋਂ ਉਹ 'ਮਿਰਜ਼ਾ' ਕਵਿਤਾ ਰਾਹੀਂ ਪ੍ਰੇਰਨਾ ਲੈਂਦਾ ਹੋਇਆ ਇਸ ਨੂੰ ਅਗਲੀਆਂ ਪੀੜ੍ਹੀਆਂ ਦੇ ਖ਼ੂਨ ਵਿੱਚ ਇਸ ਤਰ੍ਹਾਂ ਤਲਾਸ਼ ਕਰਨ ਦੀ ਜੁਸਤਜੂ ਵਿੱਚ ਹੈ ।

ਸਮਕਾਲੀ ਜੀਵਨ ਵਿੱਚ ਗਲੋਬਲ ਵਰਤਾਰਿਆਂ ਦੀ ਦੁਸ਼ਵਾਰੀ ਨੂੰ ਉਸ ਨੇ ਬਹੁਤ ਹੀ ਸਹਿਜ ਅਤੇ ਸੁਭਾਵਿਕ ਮੁਹਾਵਰੇ ਵਿੱਚ ਆਪਣੀ ਇੱਕ ਕਮਾਲ ਦੀ ਕਵਿਤਾ ਰਾਹੀਂ ਚਿਤਰਿਆ ਹੈ। 'ਇਹ ਸੜਕਾਂ ਕਿਤੇ ਨਹੀਂ ਜਾਂਦੀਆਂ' ਵਿੱਚ ਪੂਰੇ ਪੰਜਾਬ ਵਿੱਚ ਫੈਲੇ ਸੜਕਾਂ ਦੇ ਜਾਲ ਵਿੱਚੋਂ ਉਤਪੰਨ ਸੰਕਟ ਨੂੰ ਉਹ ਬੜੇ ਹੀ ਸੁਹਜ ਅਤੇ ਕਲਾਤਮਿਕ ਤਰੀਕੇ ਨਾਲ ਪੇਸ਼ ਕਰਦਾ ਹੈ। ਉਸ ਲਈ ਸੜਕ ਇੱਕ ਤਲਿਸਮ ਹੈ, ਜਿਸ ਵਿੱਚ ਗਵਾਚ ਕੇ ਭਟਕਣਾ ਨਹੀਂ ਚਾਹੀਦਾ, ਕਿਉਂਕਿ ਇਹ ਸੜਕਾਂ ਕਿਤੇ ਨਹੀਂ ਜਾਂਦੀਆਂ।

... ਤਾਂ ਅਸੀਂ ਦੇਖਦੇ ਹਾਂ ਕਿ ਕਵੀ 'ਮਿੱਟੀ ਦੀ ਖ਼ੁਸ਼ਬੂ' ਅਤੇ 'ਕੰਕਰੀਟ ਨੂੰ ਤਿਆਗਣਾ' ਦੋ ਬਿਰਤਾਂਤਾਂ ਨੂੰ ਇੱਕ-ਦੂਜੇ ਦੇ ਵਿਰੋਧ ਵਿੱਚ ਖੜ੍ਹਾ ਕਰਕੇ ਮੁੜ ਅਤੀਤ ਨੂੰ ਸੰਕਟ ਮੋਚਕ ਵਜੋਂ ਸਥਾਪਤ ਕਰਦਾ ਹੈ। ਇਸ ਕਵਿਤਾ ਦਾ ਪ੍ਰਤੀਕ ਵਿਧਾਨ ਬਿਲਕੁਲ ਵਿਹਾਰਕ ਜੀਵਨ ਨਾਲ ਜੁੜਿਆ ਹੋਇਆ ਹੈ ਪ੍ਰੰਤੂ ਦਾਰਸ਼ਨਿਕ ਰੂਪ ਵਿੱਚ ਬਹੁਤ ਗਹਿਰੇ ਅਰਥਾਂ ਵੱਲ ਸੰਕੇਤ ਕਰ ਰਿਹਾ ਹੈ। ਅਜਿਹੀ ਬਿਰਤੀ ਉਸ ਦੀਆਂ ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਨਜ਼ਰ ਆਉਂਦੀ ਹੈ। ਉਸ ਦਾ ਇਹੀ ਕਾਵਿਕ ਗੁਣ ਜਿੱਥੇ ਉਸ ਨੂੰ ਬਿਲਕੁਲ ਜਨ-ਸਧਾਰਨ ਪਾਠਕ ਨਾਲ ਜੋੜਦਾ ਹੈ, ਉੱਥੇ ਉਸ ਦੀ ਕਲਾਤਮਿਕ ਮੰਡਲ ਦੀ ਪਰਵਾਜ਼ ਨੂੰ ਵੀ ਨਵੇਂ ਅੰਜਾਮ ਦਿੰਦਾ ਹੈ। ਕਈ ਵਾਰ ਉਹ ਸਧਾਰਨ ਸਥਿਤੀ ਵਿੱਚ ਅਸਾਧਾਰਨ ਭਾਵਾਂ ਵਾਲੀ ਕਵਿਤਾ ਵੀ ਸਿਰਜਦਾ ਹੈ। 'ਸ਼ੋਰ ਸੰਗੀਤ ਤੇ ਸ਼ਾਂਤੀ' ਇਸੇ ਭਾਂਤ ਦੀ ਕਵਿਤਾ ਹੈ। ਇਸ ਕਵਿਤਾ ਦੇ ਤਿੰਨ ਧਰੁਵ ਹਨ-ਨੂੰਹ, ਸੱਸ ਤੇ ਰਸੋਈ। ਰਸੋਈ ਇੱਕ ਅਜਿਹਾ ਸਥਾਨ ਹੈ, ਜਿੱਥੇ ਨੂੰਹ ਅਤੇ ਸੱਸ ਨੂੰ ਇੱਕ-ਦੂਜੇ ਦਾ ਵਿਰੋਧ ਕਰਨ ਲਈ ਸਪੇਸ ਮਿਲਦੀ ਹੈ ਅਤੇ ਠੀਕ ਦੂਜੇ ਪਾਸੇ ਉਹਨਾਂ ਨੂੰ ਇੱਕ-ਦੂਜੇ ਨਾਲ ਜੁੜਨ ਦੀ ਵੀ ਸਪੇਸ ਮਿਲਦੀ ਹੈ। ਨੂੰਹ-ਸੱਸ ਦੀ ਅਣਬਣ ਨੂੰ ਉਸ ਨੇ ਭਾਂਡਿਆਂ ਦੇ ਆਪਸ ਵਿੱਚ ਖੜਕਣ ਦੇ ਹਵਾਲੇ ਨਾਲ ਬਹੁਤ ਖ਼ੂਬਸੂਰਤ ਪਰਾਭਾਸ਼ਾਈ ਬਿਰਤਾਂਤ ਸਿਰਜ ਕੇ ਚਿਤਰਿਆ ਹੈ।

ਉਸ ਦੀ ਕਵਿਤਾ ਹੈ-'ਦਿੱਲੀਏ'। ਵਿਚਾਰਧਾਰਕ ਰੂਪ ਵਿੱਚ ਇਹ ਕਵਿਤਾ ਇੱਕ ਨਾਅਰਾ ਵਧੇਰੇ ਲੱਗਦੀ ਹੈ। ਇਸ ਦੇ ਮੁਕਾਬਲੇ 'ਗੁਰੂ ਦੇ ਸੀਸ' ਵਧੇਰੇ ਦਾਰਸ਼ਨਿਕ, ਕਲਾਤਮਿਕ ਅਤੇ ਕਾਵਿਕ ਰਚਨਾ ਹੈ। ਵੈਸੇ ਵੀ ਇਸ ਕਾਵਿ-ਸੰਗ੍ਰਹਿ ਦੇ ਅੰਤ 'ਤੇ ਜਿੰਨੀਆਂ ਵੀ ਸਰੋਦੀ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਉਹਨਾਂ ਵਿੱਚ ਦਾਰਸ਼ਨਿਕਤਾ ਤੇ ਵਿਚਾਰ ਦੀ ਘਾਟ ਹੈ। ਭਾਵੇਂ ਕਿ ਇਹ ਕਾਵਿਕ ਹਨ। ਅਜਿਹੀਆਂ ਕਵਿਤਾਵਾਂ ਜ਼ਿਆਦਾਤਰ ਸਟੇਜੀ ਕਵਿਤਾ ਦੀਆਂ ਲੋੜਾਂ ਵਿੱਚੋਂ ਪੈਦਾ ਹੁੰਦੀਆਂ ਹਨ। ਇਸ ਲਈ ਹੋ ਸਕਦਾ ਹੈ ਕਿ ਇਹਨਾਂ ਵਿੱਚ ਦਾਰਸ਼ਨਿਕਤਾ ਤੇ ਵਿਚਾਰ ਉਸ ਤਰੀਕੇ ਨਾਲ ਸ਼ਾਮਲ ਹੋਣ ਦੀ ਸਪੇਸ ਘੱਟ ਹੋਵੇ, ਜਿਸ ਤਰੀਕੇ ਨਾਲ ਉਸ ਦੀਆਂ ਪਹਿਲੀਆਂ ਕਵਿਤਾਵਾਂ ਵਿੱਚ ਹੈ। ਇਸ ਤੋਂ ਬਾਅਦ ਅੱਠ ਕਵਿਤਾਵਾਂ ਅਜਿਹੀਆਂ ਹਨ, ਜੋ ਮਨੁੱਖ ਨਾਲ ਜੁੜੇ ਹੋਏ ਵੱਖ-ਵੱਖ ਰਿਸ਼ਤਿਆਂ ਅਤੇ ਵਰਤਾਰਿਆਂ ਦੀ ਹੂਕ ਦੇ ਰੂਪ ਵਿੱਚ ਹਨ। ਇਕ ਮਾਂ ਦੀ, ਬਾਪ ਦੀ, ਪੁੱਤ ਤੇ ਧੀ ਦੀ ਹੂਕ ਆਪੋ-ਆਪਣੇ ਦ੍ਰਿਸ਼ਟੀਕੋਣਾਂ ਤੋਂ ਮਹੱਤਵ ਰੱਖਦੀ ਹੈ। ਜਿਨ੍ਹਾਂ ਦੀ ਵਿਆਕਰਨ ਰਿਸ਼ਤਿਆਂ ਨਾਲ ਜੁੜੀ ਹੋਈ, ਪਰ ਠੀਕ ਦੂਜੇ ਪਾਸੇ ਮਨੁੱਖ ਦਾ ਰਿਸ਼ਤਾ ਕੁਦਰਤ ਨਾਲ ਵੀ ਜੁੜਿਆ ਹੋਇਆ। ਇਸ ਰਿਸ਼ਤੇ ਤਹਿਤ ਹੂਕ ਕਦੇ ਪਾਣੀ, ਕਦੇ ਧਰਤੀ, ਕਦੇ ਅਸਮਾਨ ਤੇ ਕਦੇ ਰੁੱਖ ਦੇ ਰੂਪ ਵਿੱਚ ਨਿਕਲਦੀ ਹੈ।

ਵਿਚਾਰ ਅਧੀਨ ਕਾਵਿ-ਸੰਗ੍ਰਹਿ ਵਿੱਚ ਦੋ ਕਵਿਤਾਵਾਂ ਅਜਿਹੀਆਂ ਹਨ, ਜੋ ਸਿੱਧੇ ਰੂਪ ਵਿੱਚ ਮੁਹੱਬਤ ਦੇ ਪ੍ਰਵਚਨ ਨਾਲ ਸੰਵਾਦ ਰਚਾਉਂਦੀਆਂ ਹਨ। ਇਹਨਾਂ ਵਿੱਚ ਮੁਹੱਬਤ ਦੇ ਅਹਿਸਾਸ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਮਨਜੀਤ ਦਾ ਕਾਵਿਕ ਮੁਹਾਵਰਾ ਨਿੱਜ ਤੋਂ ਸਮੂਹ ਤੱਕ ਫੈਲਦਾ ਹੋਇਆ ਇਕ ਚੀਸ ਦੇ ਰੂਪ ਵਿੱਚ ਵਟ ਜਾਂਦਾ ਹੈ ਅਤੇ ਇਸੇ ਚੀਸ ਵਿੱਚੋਂ ਉਹ ਹੌਂਸਲਾ ਲੈਂਦਾ ਹੈ, ਸੰਘਰਸ਼ ਕਰਦਾ ਹੈ, ਜੂਝਦਾ ਹੈ। 'ਤੂੰ ਨਫ਼ਰਤ ਕਰਿਆ ਕਰ...' ਕਵਿਤਾ ਵਿੱਚ ਉਹ ਜੀਵਨ ਦੇ ਹਰ ਰਾਗ, ਹਰ ਕਣ ਵਿੱਚ ਮੁਹੱਬਤ ਦੀ ਖ਼ੁਸ਼ਬੂ ਨੂੰ ਮਹਿਸੂਸਦਾ ਹੈ। ਉਸ ਦੀ ਮੁਹੱਬਤ ਇੱਕ ਯਾਤਰਾ ਵਿੱਚ ਹੈ, ਜੋ ਸਮਾਜ, ਇਸ਼ਕ, ਸੂਰਮਗਤੀ, ਇਨਕਲਾਬ ਤੋਂ ਹੁੰਦੀ ਹੋਈ ਸਮਰਪਣ ਵਿੱਚ ਵਟ ਜਾਂਦੀ ਹੈ।

ਇਹ ਕੁਝ ਮਹੱਤਵਪੂਰਨ ਕਵਿਤਾਵਾਂ ਸਨ, ਜਿਨ੍ਹਾਂ ਕਰਕੇ ਇਹ ਕਾਵਿ-ਸੰਗ੍ਰਹਿ ਮੁੱਲਵਾਨ ਅਰਥ ਰੱਖਦਾ ਹੈ। 31 ਕਵਿਤਾਵਾਂ ਨਾਲ ਸ਼ੁਮਾਰ ਹੋਏ ਇਸ ਕਾਵਿ-ਸੰਗ੍ਰਹਿ ਵਿੱਚ ਹੋਰ ਬਹੁਤ ਸਾਰੀਆਂ ਅਜਿਹੀਆਂ ਕਵਿਤਾਵਾਂ ਹਨ, ਜਿਨ੍ਹਾਂ ਨੇ ਮੈਨੂੰ ਹੈਰਾਨ ਕੀਤਾ। ਹੈਰਾਨੀ ਇਸ ਕਰਕੇ ਕਿ ਕੁਝ ਕਵਿਤਾਵਾਂ ਅਜਿਹੀਆਂ ਹਨ, ਜੋ ਕਿ ਲੱਗਦੀਆਂ ਨਹੀਂ ਕਿ ਮਨਜੀਤ ਦੇ ਹਾਣ ਦੀਆਂ ਹਨ। ਸਮਕਾਲੀ ਦੌਰ ਵਿੱਚ ਉਹ ਕਵਿਤਾ ਦੇ ਖੇਤਰ ਵਿੱਚ ਪੱਕੇ ਪੈਰੀਂ ਹੈ, ਪਰ ਕੁਝ ਕਵਿਤਾਵਾਂ ਅਜਿਹੀਆਂ ਹਨ, ਜਿਵੇਂ ਕਿਸੇ ਸਿਖਾਂਦਰੂ ਗਭਰੇਟ ਨੇ ਲਿਖੀਆਂ ਹੋਣ। ਇਸ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਹੋ ਸਕਦਾ ਹੈ ਕਿ ਉਹ ਕਵਿਤਾਵਾਂ ਉਸ ਦੇ ਸ਼ੁਰੂਆਤੀ ਦੌਰ ਦੀਆਂ ਹੋਣ।

ਓਪਰੀ ਨਜ਼ਰੇ ਤੁਹਾਨੂੰ ਇਸ ਕਾਵਿ-ਸੰਗ੍ਰਹਿ ਵਿੱਚ ਮਨਜੀਤ ਦੀ ਕਾਵਿਕ ਯਾਤਰਾ ਦੇ ਵੱਖ-ਵੱਖ ਪੜਾਵਾਂ ਦੀ ਕਨਸੋਅ ਮਿਲਦੀ ਹੈ। ਵੱਖ-ਵੱਖ ਪੜਾਵਾਂ ਦੇ ਵਖਰੇਵੇਂ ਹੀ ਇਸ ਕਾਵਿ-ਸੰਗ੍ਰਹਿ ਦੀ ਪ੍ਰਾਪਤੀ ਮੰਨੀ ਜਾ ਸਕਦੀ ਹੈ। ਕੁੱਲ ਮਿਲਾ ਕੇ ਮਨਜੀਤ ਇੱਕ ਅਜਿਹਾ ਸ਼ਾਇਰ ਹੈ, ਜਿਸ ਕੋਲ ਸ਼ਿੱਦਤ ਦੀ ਜ਼ਮੀਨ 'ਤੇ ਖੜ ਕੇ ਅਸਮਾਨ ਵਿੱਚ ਪਰਵਾਜ਼ ਭਰਨ ਦੀ ਸਮਰੱਥਾ ਹੈ ਅਤੇ ਇੱਕ ਫਾਈਟਰ ਜਹਾਜ਼ ਵਾਂਗ ਉਹ ਪਰਵਾਜ਼ ਭਰਦਾ ਹੋਇਆ ਅਠਖੇਲੀਆਂ ਕਰਦਾ ਹੋਇਆ ਨਿਪੁੰਨਤਾ ਨਾਲ ਜੰਗ ਜਿੱਤ ਕੇ ਵਾਪਸ ਧਰਤੀ ਉੱਤੇ ਆ ਜਾਂਦਾ ਹੈ। ਉਸ ਦੀ ਉਡਾਨ ਪਹਿਲਾਂ ਨਾਲੋਂ ਹੋਰ ਪਕੇਰੀ ਹੋ ਰਹੀ ਹੈ, ਜਿਸ ਵਿੱਚ ਇੱਕੋ ਵੇਲੇ ਨਿਵੇਕਲੇ ਵਿਚਾਰਧਾਰਕ ਦ੍ਰਿਸ਼ਟੀਕੋਣ ਅਤੇ ਉਹਨਾਂ ਨੂੰ ਪ੍ਰਗਟਾਉਣ ਲਈ ਸੱਜਰੀ ਕਾਵਿਕ ਭਾਸ਼ਾ ਹੈ। ਇਹਨਾਂ ਅਰਥਾਂ ਵਿੱਚ ਮਨਜੀਤ ਪੁਰੀ ਦਾ ਇਹ ਕਾਵਿ-ਸੰਗ੍ਰਹਿ ਮਹੱਤਵ ਰੱਖਦਾ ਹੈ।

ਸੰਪਰਕ : 98726-00926

ਪੰਜਾਬ ਦੇ ਇਤਿਹਾਸ ਲੇਖਕ ਬਲਬੀਰ ਚੰਦ ਲੌਂਗੋਵਾਲ ਦੀਆਂ 5 ਪੁਸਤਕਾਂ

ਬਲਬੀਰ ਚੰਦ ਲੌਂਗੋਵਾਲ ਪੰਜਾਬ ਦੇ ਇਤਿਹਾਸ ਦਾ ਖੋਜੀ ਲੇਖਕ ਹੈ। ਕਿੱਤੇ ਵਜੋਂ ਅਧਿਆਪਕ ਬਲਬੀਰ ਚੰਦ ਨੇ ਇਲਾਕਾਈ ਇਤਿਹਾਸ ਅਤੇ ਦੇਸ਼ ਭਗਤਾਂ ਦੇ ਜੀਵਨ ਖੋਜ ਕਰਕੇ ਲਿਖੇ ਹਨ। ਪਿੰਡ, ਜ਼ਿਲ੍ਹੇ ਅਤੇ ਚੱਲੀਆਂ ਇਨਕਲਾਬੀ ਲਹਿਰਾਂ ਨੂੰ ਪੁਸਤਕ ਰੂਪ ਦਿੱਤਾ ਹੈ। ਉਸ ਦਾ ਇਹ ਮੁੱਲਵਾਨ ਕਾਰਜ ਨਿਰੰਤਰ ਜਾਰੀ ਹੈ। ਉਸ ਨੇ ਆਪਣੇ ਪਿੰਡ ਲੌਂਗੋਵਾਲ, ਜੋ ਇਤਿਹਾਸਕ ਨਗਰ ਹੈ, ਦਾ ਇਤਿਹਾਸ ਅਤੇ ਦੇਸ਼ ਭਗਤ ਯਾਦਗਾਰ ਸਮੇਤ ਲਾਇਬ੍ਰੇਰੀ ਕਾਇਮ ਕੀਤੀ ਹੈ।

ਬਲਬੀਰ ਲੌਂਗੋਵਾਲ ਦੀਆਂ ਪਹਿਲਾਂ ਛਪੀਆਂ ਪੁਸਤਕਾਂ ਅਤੇ 4 ਕਿਤਾਬਚਿਆਂ ਉਪਰੰਤ ਤਿੰਨ ਪੁਸਤਕਾਂ ਅਤੇ ਦੋ ਕਿਤਾਬਚੇ ਹੁਣ ਪ੍ਰਕਾਸ਼ਿਤ ਹੋਏ ਹਨ, ਜੋ ਸਾਂਭਣਯੋਗ ਹਨ। ਪਹਿਲੀ ਪੁਸਤਕ 'ਸਾਡੇ ਨਾਇਕ' 2025 ਈ: ਵਿੱਚ ਸੰਗਮ ਪਬਲੀਕੇਸ਼ਨ ਸਮਾਣਾ ਦੁਆਰਾ ਛਾਪੀ ਗਈ ਹੈ। ਇਸ ਵਿੱਚ 23 ਆਜ਼ਾਦੀ ਸੰਗਰਾਮੀਆਂ ਦੇ ਸਰਲ ਭਾਸ਼ਾ ਵਿੱਚ ਜੀਵਨ ਹਨ। ਇਨ੍ਹਾਂ ਵਿੱਚ ਗ਼ਦਰ ਪਾਰਟੀ ਗ਼ਦਰੀ ਗੁਲਾਬ ਕੌਰ, ਸੋਹਣ ਸਿੰਘ ਭਕਨਾ, ਸ਼ਹੀਦ ਰਹਿਮਤ ਅਲੀ ਵਜੀਦਕੇ, ਸ਼ਹੀਦ ਵਿਸ਼ਵ ਗਣੇਸ਼ ਪਿੰਗਲੇ, ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲਾ, ਸ਼ਹੀਦ ਅਸ਼ਫ਼ਾਦ ਉੱਲਾ ਖਾਂ, ਸ਼ਹੀਦ ਠਾਕੁਰ ਰੋਸ਼ਨ ਸਿੰਘ, ਸ਼ਹੀਦ ਰਾਜੇਂਦਰ ਲਾਹਿੜੀ, ਸ਼ਹੀਦ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਸੁਖਦੇਵ ਤੇ ਰਾਜਗੁਰੂ, ਸ਼ਹੀਦ ਭਗਵਤੀ ਚਰਨ ਵੋਹਰਾ, ਦੁਰਗਾ ਭਾਬੀ ਤੇ ਬੀ.ਕੇ. ਦੱਤ ਸ਼ਾਮਲ ਹਨ। ਸ਼ਹੀਦਾਂ ਦੀਆਂ ਤਸਵੀਰਾਂ ਵੀ ਹਨ। ਅੰਤ ਵਿੱਚ ਪੜ੍ਹਨਯੋਗ ਪੁਸਤਕਾਂ ਦੀ ਸੂਚੀ ਹੈ। ਪੁਸਤਕ ਵਿਦਿਆਰਥੀਆਂ ਨੂੰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਚੇਤੇ ਕਰਵਾਉਣ ਲਈ ਲਿਖੀ ਗਈ ਹੈ।

ਦੂਜੀ ਪੁਸਤਕ 'ਸੰਗਰੂਰ ਜ਼ਿਲ੍ਹੇ ਦੇ ਸ਼ਹੀਦ ਅਤੇ ਦੇਸ਼ ਭਗਤ' ਦੂਜੀ ਵਾਰ 2025 ਵਿੱਚ ਮਾਲਵਾ ਇਤਿਹਾਸ ਖੋਜ ਕੇਂਦਰ ਬਠਿੰਡਾ ਨੇ ਛਾਪੀ ਹੈ। ਇਸ ਵਿੱਚ ਜ਼ਿਲ੍ਹਾ ਸੰਗਰੂਰ ਦੇ 93 ਦੇਸ਼ ਭਗਤਾਂ ਬਾਰੇ ਜਾਣਕਾਰੀ ਹੈ ਅਖ਼ੀਰ 'ਤੇ ਹਵਾਲਾ ਸਮੱਗਰੀ ਦੀ ਸੂਚੀ ਹੈ। ਪੁਸਤਕ ਇਤਿਹਾਸਕ ਜਾਣਕਾਰੀ ਭਰਪੂਰ ਹੈ।

ਤੀਸਰੀ ਪੁਸਤਕ 'ਪੈਪਸੂ ਮੁਜ਼ਾਰਾ ਘੋਲ' ਹੈ, ਜੋ ਛੱਜੂ ਮੱਲ ਵੈਦ ਲਿਖਿਤ ਹੈ ਤੇ ਬਲਬੀਰ ਲੌਂਗੋਵਾਲ ਨੇ ਸੰਪਾਦਿਤ ਕੀਤੀ ਹੈ ਤੇ ਮਾਲਵਾ ਇਤਿਹਾਸ ਖੋਜ ਕੇਂਦਰ ਬਠਿੰਡਾ ਨੇ ਛਾਪੀ ਹੈ। ਇਸ ਦੁਰਲੱਭ ਪੁਸਤਕ ਦੀ ਜਾਣ-ਪਛਾਣ ਪ੍ਰਸਿੱਧ ਕਮਿਊਨਿਸਟ ਆਗੂ ਅਵਤਾਰ ਸਿੰਘ ਮਲਹੋਤਰਾ ਨੇ ਲਿਖੀ ਹੈ। ਪੁਸਤਕ ਵਿੱਚ ਰਿਆਸਤਾਂ ਦੇ ਜਾਗੀਰੂ ਢਾਂਚੇ ਦੀ ਸਿਰਜਣਾ, ਕਿਸਾਨ ਲਹਿਰ ਤੇ ਮੁਜ਼ਾਰਾ ਘੋਲ, ਜਨਤਕ ਜੰਗ ਦੌਰਾਨ ਤੇ ਮਗਰੋਂ ਅਤੇ ਆਜ਼ਾਦੀ ਪਿੱਛੋਂ ਪੈਪਸੂ ਬਣਨ ਪਿੱਛੋਂ ਜ਼ਮੀਨ ਕਿਸਾਨਾਂ ਨੂੰ ਦਿਵਾਉਣ ਤੱਕ ਦਾ ਵੇਰਵਾ ਹੈ। ਤੇਜਾ ਸਿੰਘ ਸੁਤੰਤਰ ਤੇ ਧਰਮ ਸਿੰਘ ਫੱਕਰ ਸਮੇਤ ਬਹੁਤ ਸਾਰੇ ਪਰਜਾ ਮੰਡਲ ਆਗੂ ਇਸ ਦੇ ਮੋਢੀ ਰਹੇ। ਪੁਸਤਕ ਇਤਿਹਾਸਕ ਪੱਖੋਂ ਪੜ੍ਹਨ ਵਾਲੀ ਹੈ।

ਬਲਬੀਰ ਚੰਦ ਲੌਂਗੋਵਾਲ ਨੇ ਆਪਣੇ ਪਿੰਡ ਦੀ 'ਇਤਿਹਾਸਕ ਪੈੜ' ਵੀ 24 ਸਫ਼ੇ ਦੇ ਕਿਤਾਬਚੇ ਦੇ ਰੂਪ ਵਿੱਚ ਛਾਪੀ ਹੈ। ਨਗਰ ਨਾਲ ਸੰਬੰਧਤ ਗਿ: ਗਿਆਨ ਸਿੰਘ ਤੇ ਭਗਵਾਨ ਸਿੰਘ ਲੌਂਗੋਵਾਲ ਅਤੇ ਪਿੰਡ ਦੇ ਦਰਵਾਜ਼ੇ ਦੀਆਂ ਤਸਵੀਰਾਂ ਹਨ। ਪਿੰਡ ਦਾ ਇਤਿਹਾਸ ਹੈ। ਇਸ ਦੇ ਨਾਲ ਹੀ 'ਦੇਸ਼ ਭਗਤ ਯਾਦਗਾਰ ਲੌਂਗੋਵਾਲ' ਦਾ ਜਾਣਕਾਰੀ ਭਰਪੂਰ ਕਿਤਾਬਚਾ ਵੀ ਛਾਪਿਆ ਹੈ, ਜੋ ਕਿ ਇਲਾਕੇ ਦਾ ਲਾਇਬ੍ਰੇਰੀ ਤੇ ਇਤਿਹਾਸ ਸਮੇਤ ਨਵੀਂ ਪੀੜ੍ਹੀ ਨੂੰ ਜਾਣਕਾਰੀ ਲੈਣ ਦਾ ਕੇਂਦਰ ਹੈ। ਬਲਬੀਰ ਲੌਂਗੋਵਾਲ ਦੀ ਸਮੁੱਚੀ ਇਤਿਹਾਸਕ ਪੁਸਤਕਾਂ ਦੀ ਦੇਣ ਕੀਮਤੀ ਹੈ। ਉਹ ਵਧਾਈ ਦਾ ਹੱਕਦਾਰ ਹੈ। ਸ਼ਾਲਾ! ਉਹ ਹੋਰ ਇਸ ਖੇਤਰ ਵਿੱਚ ਕਲਮ ਚਲਾਏ!

ਖ਼ੁਸ਼ਆਮਦੀਦ!!

- ਤੇਜਾ ਸਿੰਘ ਤਿਲਕ
ਸੰਪਰਕ : 98766-36159

ਪੁਸਤਕ ਰੀਵਿਊ

ਯਾਦਾਂ ਫਾਈਟਰ ਨੈੱਟ ਦੀਆਂ

(ਵਾਰਤਕ)
ਨਛੱਤਰ ਸਿੰਘ ਬਰਾੜ
ਕੁੱਲ ਸਫੇ : 168, ਕੀਮਤ : 295 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

'ਯਾਦਾਂ ਫਾਈਟਰ ਨੈੱਟ ਦੀਆਂ' ਵਾਰਤਕ ਪੁਸਤਕ ਨਛੱਤਰ ਸਿੰਘ ਬਰਾੜ ਦੀ ਲਿਖੀ ਹੋਈ ਹੈ। ਫਾਈਬਰ ਨੈੱਟ ਦੀਆਂ ਯਾਦਾਂ ਨੂੰ ਪ੍ਰਦਰਸ਼ਤ ਕਰਦੇ ਸਰਵਰਕ ਵਾਲੀ ਇਹ ਪੁਸਤਕ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਦੁਆਰਾ ਪ੍ਰਕਾਸ਼ਤ ਹੈ। ਪੁਸਤਕ ਸਮਰਪਤ ਹੈ ਭਾਰਤੀ ਹਵਾਈ ਫੌਜ ਦੇ ਨੰਬਰ 18 ਸਕੁਆਡਰਨ ਦੇ ਜਾਂਬਾਜ਼ ਪਾਇਲਟ ਸ਼ਹੀਦ ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਨੂੰ, ਜਿਸ ਨੇ ਇੱਕੋ ਨੈੱਟ ਫਾਈਬਰ ਜਹਾਜ਼ ਨਾਲ ਦੁਸ਼ਮਣ ਦੇ ਛੇ ਸੈਬਰ ਜੈੱਟਾਂ ਨਾਲ ਲੋਹਾ ਲੈਂਦਿਆਂ ਦੋ ਨੂੰ ਨਸ਼ਟ ਕਰਨ ਉਪਰੰਤ ਸ਼ਹੀਦੀ ਜਾਮ ਪੀ ਕੇ ਨਵਾਂ ਇਤਿਹਾਸ ਸਿਰਜਿਆ ਅਤੇ ਪਹਿਲਾ ਪਰਮਵੀਰ ਚੱਕਰ ਪ੍ਰਾਪਤ ਕਰਕੇ ਦੂਜੇ ਪਾਇਲਟਾਂ, ਟੈਕਨੀਸ਼ਨਾਂ ਤੇ ਪ੍ਰਬੰਧਕੀ ਅਮਲੇ ਨੂੰ ਬੇਮਿਸਾਲ ਕੁਰਬਾਨੀ ਦਾ ਰਸਤਾ ਦਿਖਾਇਆ। ਪੁਸਤਕ ਸੰਸਮਰਨ 'ਤੇ ਆਧਾਰਤ ਹੈ, ਜਿਸ ਵਿੱਚ ਲੇਖਕ ਨੇ 1963 ਤੋਂ 1981 ਤੱਕ ਭਾਰਤੀ ਹਵਾਈ ਜਹਾਜ਼ ਦੀਆਂ ਯੂਨਿਟਾਂ ਵਿੱਚ ਕੰਮ ਕਰਨ ਦੌਰਾਨ ਆਪਣੇ ਤਜਰਬਿਆਂ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ। ਇਹ ਆਪਣੇ ਆਪ ਵਿੱਚ ਇੱਕ ਐਸੀ ਦਸਤਾਵੇਜ਼ੀ ਪੁਸਤਕ ਹੈ, ਜੋ ਭਾਰਤੀ ਹਵਾਈ ਫੌਜ ਬਾਰੇ ਤੇ ਉਨ੍ਹਾਂ ਦੇ ਕਠਿਨ ਜੀਵਨ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਪੁਸਤਕ ਦੇ ਆਰੰਭ ਵਿੱਚ ਪੀ ਸੀ ਟੀ ਈ ਗਰੁੱਪ ਆਫ ਕਾਲਜਿਜ਼ ਲੁਧਿਆਣਾ ਦੇ ਵਿੰਗ ਕਮਾਂਡਰ ਚੇਅਰਮੈਨ ਹਰਪਾਲ ਸਿੰਘ ਗਿੱਲ ਨੇ ਪੁਸਤਕ ਬਾਰੇ ਤੇ ਪੁਸਤਕ ਲਿਖਣ ਦੇ ਪ੍ਰਯੋਜਨ ਬਾਰੇ ਦੱਸਿਆ ਹੈ। ਉਪਰੰਤ ਨਛੱਤਰ ਸਿੰਘ ਬਰਾੜ ਨੇ ਇਸ ਪੁਸਤਕ ਬਾਰੇ ਆਪਣੇ ਵਿਚਾਰ ਦਿੱਤੇ ਹਨ। ਪੁਸਤਕ ਨੂੰ ਕੁੱਲ 108 ਹਿੱਸਿਆਂ ਦੇ ਵਿੱਚ ਵੰਡਿਆ ਗਿਆ ਹੈ, ਜਿਸ ਵਿੱਚ ਲੇਖਕ ਨੇ ਨੈੱਟ ਹਵਾਈ ਜਹਾਜ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਉਸ ਦੀ ਸ਼ਕਤੀ ਬਾਰੇ, 18 ਸਕੁਆਡਰਨ ਬਾਰੇ, ਆਪਣੇ ਪਰਵਾਰ ਬਾਰੇ, ਆਪਣੇ ਵਿਆਹ ਬਾਰੇ, ਆਪਣੇ ਪਰਿਵਾਰਿਕ ਟੂਰਾਂ ਬਾਰੇ ਦੱਸਦਿਆਂ ਉਸ ਨੇ ਆਪਣੀ ਥਾਂ-ਥਾਂ ਹੋਈ ਬਦਲੀ ਬਾਰੇ, ਕਈ ਵਾਪਰੀਆਂ ਰੌਚਕ ਤੇ ਮੰਦਭਾਗੀਆਂ ਘਟਨਾਵਾਂ ਬਾਰੇ ਦੱਸਿਆ ਹੈ। ਸੰਸਮਰਨ 'ਤੇ ਆਧਾਰਤ ਇਹ ਪੁਸਤਕ ਸਵੈ-ਜੀਵਨੀ ਦਾ ਅੰਸ਼ ਵੀ ਜਾਪਦੀ ਹੈ, ਜਿਸ ਵਿੱਚ ਉਸ ਨੇ ਸ਼ੁਰੂਆਤ ਤੋਂ ਲੈ ਕੇ ਏਅਰ ਫੋਰਸ ਨੂੰ ਅਲਵਿਦਾ ਕਹਿਣ ਤੱਕ ਦੇ ਸਫ਼ਰ ਨੂੰ ਪੁਸਤਕ ਵਿੱਚ ਸਾਂਭਿਆ ਹੈ।

ਪੁਸਤਕ ਨੂੰ ਪੜ੍ਹਦਿਆਂ ਜਿੱਥੇ ਹਵਾਈ ਫੌਜ ਦੇ ਸੂਰਬੀਰਾਂ, ਬਹਾਦਰਾਂ, ਪਾਇਲਟਾਂ, ਟੈਕਨੀਸ਼ਨਾਂ ਤੇ ਹੋਰ ਦੂਜੇ ਅਮਲੇ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਨਾਲ ਹੀ ਨਛੱਤਰ ਸਿੰਘ ਬਰਾੜ ਦੀ ਸ਼ਖਸੀਅਤ ਬਾਰੇ ਵੀ ਪਤਾ ਲੱਗਦਾ ਹੈ।ਉਸ ਨੇ ਆਪਣੀ ਪੂਰੀ ਜ਼ਿੰਦਗੀ ਨੂੰ ਤੇ ਆਪਣੇ ਤਜ਼ਰਬੇ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ।ਪੁਸਤਕ ਦੱਸਦੀ ਹੈ ਕਿ ਹਵਾਈ ਫੌਜ ਵਿੱਚ ਕੰਮ ਕਰਨਾ ਕੋਈ ਸੌਖਾ ਕੰਮ ਨਹੀਂ, ਇਸ ਲਈ ਬੜੇ ਜਿਗਰੇ ਤੇ ਹਿੰਮਤ ਦੀ ਲੋੜ ਹੁੰਦੀ ਹੈ ਤੇ ਇਹ ਹਿੰਮਤ ਹੋਰ ਵੀ ਦੁਗਣੀ ਹੋ ਜਾਂਦੀ ਹੈ, ਜਦੋਂ ਕਿਸੇ ਨੂੰ ਰਾਸ਼ਟਰਪਤੀ ਦਾ ਕਲਰ ਮਿਲਦਾ।ਰਾਸ਼ਟਰਪਤੀ ਦਾ ਸਿੱਖ ਏਅਰਮੈਨਾਂ ਵਿੱਚ ਅਥਾਹ ਵਿਸ਼ਵਾਸ ਸੀ।ਲੇਖਕ ਦੱਸਦਾ ਹੈ ਕਿ ਉਸ ਲਈ ਬੜੇ ਮਾਣ ਵਾਲੀ ਗੱਲ ਸੀ ਕਿ ਜਦੋਂ ਦੇਸ਼ ਦੇ ਰਾਸ਼ਟਰਪਤੀ ਨੀਲਮ ਸੰਜੀਵਾ ਰੈਡੀ ਨੇ ਛੇ-ਸੱਤ ਸਿੱਖ ਏਅਰਮੈਨਾਂ ਨੂੰ ਗਰੁੱਪ ਤਸਵੀਰ ਵਿੱਚ ਖਾਸ ਤੌਰ 'ਤੇ ਆਪਣੇ ਪਿੱਛੇ ਖੜੇ ਹੋਣ ਲਈ ਕਿਹਾ।ਪੁਸਤਕ ਵਿੱਚ ਪਾਠਕਾਂ ਅੰਦਰ ਉਸ ਤਸਵੀਰ ਨੂੰ ਦੇਖਣ ਦੀ ਇੱਛਾ ਪੈਦਾ ਹੁੰਦੀ ਹੈ, ਜਿਸ ਬਾਰੇ ਵੀ ਲੇਖਕ ਦੱਸਦਾ ਹੈ। ਉਸ ਤਸਵੀਰ ਨੂੰ ਪੁਸਤਕ ਵਿੱਚੋਂ ਲੱਭਣ ਦਾ ਯਤਨ ਕਰਦਾ ਹੈ, ਜੋ ਸ਼ਾਇਦ ਕਿਸੇ ਕਾਰਨ ਸ਼ਾਮਲ ਨਹੀਂ ਕੀਤੀ ਗਈ।ਪੁਸਤਕ ਵਿੱਚ ਇਸ ਤਰ੍ਹਾਂ ਦੀਆਂ ਹੋਰ ਵੀ ਕਈ ਮਾਣਮੱਤੀਆਂ ਘਟਨਾਵਾਂ ਦਾ ਜ਼ਿਕਰ ਹੋਇਆ ਹੈ। ਇਹ ਪੁਸਤਕ ਲੇਖਕ ਦਾ ਇੱਕ ਸਲਾਹੁਣਯੋਗ ਉਦਮ ਹੈ, ਜਿਸ ਰਾਹੀਂ ਪਾਠਕਾਂ ਨੂੰ ਹਵਾਈ ਫੌਜ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਪੁਸਤਕ ਦੀ ਭਰਪੂਰ ਮੰਗ ਤੇ ਪਾਠਕਾਂ ਦੇ ਹੁੰਗਾਰੇ ਸਦਕਾ ਹੀ ਇਸ ਦਾ ਦੂਜਾ ਐਡੀਸ਼ਨ ਪ੍ਰਕਾਸ਼ਤ ਕੀਤਾ ਗਿਆ ਹੈ। ਬਹੁਤ ਵਧੀਆ ਪੁਸਤਕ, ਜੋ ਪਾਠਕਾਂ ਦੁਆਰਾ ਪਸੰਦ ਕੀਤੀ ਜਾਏਗੀ। ਨਛੱਤਰ ਸਿੰਘ ਬਰਾੜ ਨੂੰ ਇਸ ਪੁਸਤਕ ਦੀਆਂ ਬਹੁਤ-ਬਹੁਤ ਮੁਬਾਰਕਾਂ।

— ਡਾ. ਭੁਪਿੰਦਰ ਕੌਰ

ਪਲਾਸਟਿਕ ਦਾ ਡੱਡੂ

ਮੁੱਲ-200 ਰੁਪਏ, ਸਫੇ-64
ਗੋਰਕੀ ਪ੍ਰਕਾਸ਼ਨ ਲੁਧਿਆਣਾ

ਇਸ ਸੰਗ੍ਰਹਿ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਨੇ ਬੱਚਿਆਂ ਨੂੰ ਉਪਦੇਸ਼ ਦੇਣ ਦੀ ਥਾਂ ਕਹਾਣੀ ਦੀ ਕਲਾ ਰਾਹੀਂ ਜੀਵਨ-ਮੁੱਲਾਂ ਨਾਲ ਜਾਣੂ ਕਰਵਾਇਆ ਹੈ। 'ਪਲਾਸਟਿਕ ਦਾ ਡੱਡੂ' ਵਾਤਾਵਰਨ ਪ੍ਰਦੂਸ਼ਣ ਅਤੇ ਪਲਾਸਟਿਕ ਕਾਰਨ ਪੈਦਾ ਹੋ ਰਹੇ ਸੰਕਟ ਨੂੰ ਬਾਲ-ਮਨ ਦੀ ਸਮਝ ਅਨੁਸਾਰ ਪੇਸ਼ ਕਰਦੀ ਹੈ। ਇਹ ਕਹਾਣੀ ਕੁਦਰਤ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਵਾਤਾਵਰਨ ਸੰਭਾਲ ਦੀ ਲੋੜ ਨੂੰ ਰੇਖਾਂਕਿਤ ਕਰਦੀ ਹੈ। 'ਸੁਪਨਾ ਸੱਚ ਹੋ ਗਿਆ', 'ਬਾਲਾਂ ਦੇ ਸੁਪਨੇ' ਅਤੇ 'ਨਵੀਂ ਉਮੀਦ' ਵਰਗੀਆਂ ਕਹਾਣੀਆਂ ਬੱਚਿਆਂ ਵਿੱਚ ਆਤਮ-ਵਿਸ਼ਵਾਸ, ਦ੍ਰਿੜ੍ਹ ਇੱਛਾ-ਸ਼ਕਤੀ ਅਤੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਪ੍ਰੇਰਣਾ ਜਗਾਉਂਦੀਆਂ ਹਨ। ਦੂਜੇ ਪਾਸੇ 'ਰੱਬ ਦਾ ਬੰਦਾ' ਅਤੇ 'ਲਵ ਯੂ ਸੈਂਟਾ' ਮਨੁੱਖਤਾ, ਕਰੁਣਾ, ਪਿਆਰ ਅਤੇ ਸਾਂਝੀਵਾਲਤਾ ਦੇ ਮੁੱਲਾਂ ਨੂੰ ਉਭਾਰਦੀਆਂ ਹਨ। 'ਬਦਲਾ' ਕਹਾਣੀ ਇਹ ਸੰਦੇਸ਼ ਦਿੰਦੀ ਹੈ ਕਿ ਸਮਾਜ ਵਿੱਚ ਨਫ਼ਰਤ ਨਹੀਂ, ਸਗੋਂ ਸਹਿਣਸ਼ੀਲਤਾ ਅਤੇ ਮਾਫ਼ੀ ਹੀ ਸਥਾਈ ਹੱਲ ਹਨ।

ਲੇਖਕ ਦੀ ਇੱਕ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਬੱਚਿਆਂ ਨੂੰ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸ ਤੋਂ ਮੁਕਤ ਹੋ ਕੇ ਵਿਗਿਆਨਕ ਸੋਚ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ। ਨਵੀਆਂ ਤਕਨੀਕਾਂ, ਬਦਲਦੇ ਸਮਾਜਿਕ ਪਰਿਵੇਸ਼, ਆਰਥਿਕ ਅਸਮਾਨਤਾ, ਸਮਾਜਿਕ ਉਚ-ਨੀਚ ਅਤੇ ਮਾਨਵੀ ਸੰਬੰਧਾਂ ਵਰਗੇ ਵਿਸ਼ਿਆਂ ਨੂੰ ਕਹਾਣੀਆਂ ਵਿੱਚ ਇਸ ਤਰ੍ਹਾਂ ਪਰੋਇਆ ਗਿਆ ਹੈ ਕਿ ਉਹ ਭਾਰ ਨਹੀਂ ਬਣਦੇ, ਸਗੋਂ ਕਥਾ ਦਾ ਸੁਭਾਵਿਕ ਹਿੱਸਾ ਮਹਿਸੂਸ ਹੁੰਦੇ ਹਨ। ਇਸ ਤਰ੍ਹਾਂ ਇਹ ਸੰਗ੍ਰਹਿ ਬੱਚਿਆਂ ਵਿੱਚ ਵਿਗਿਆਨਕ ਚੇਤਨਾ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਵਿਕਾਸ ਕਰਦਾ ਹੈ।ਸ਼ਿਲਪ ਪੱਖ ਤੋਂ ਦੇਖਿਆ ਜਾਵੇ ਤਾਂ ਕਹਾਣੀਆਂ ਦੀ ਬਣਤਰ ਸੰਖੇਪ, ਸੰਗਠਿਤ ਅਤੇ ਪ੍ਰਭਾਵਸ਼ਾਲੀ ਹੈ। ਭਾਸ਼ਾ ਸਰਲ, ਸੁਭਾਵਿਕ, ਪ੍ਰਵਾਹਮਈ ਅਤੇ ਬਾਲ-ਮਨ ਦੇ ਅਨੁਕੂਲ ਹੈ। ਸੰਵਾਦ ਪਾਤਰਾਂ ਨੂੰ ਜੀਵੰਤ ਬਣਾਉਂਦੇ ਹਨ ਅਤੇ ਘਟਨਾਵਾਂ ਵਿੱਚ ਲਗਾਤਾਰਤਾ ਬਣੀ ਰਹਿੰਦੀ ਹੈ। ਕਲਪਨਾ ਅਤੇ ਯਥਾਰਥ ਦਾ ਸੰਤੁਲਨ ਕਹਾਣੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦਾ ਹੈ।ਸਮੁੱਚੇ ਤੌਰ 'ਤੇ 'ਪਲਾਸਟਿਕ ਦਾ ਡੱਡੂ' ਸਮਕਾਲੀ ਪੰਜਾਬੀ ਬਾਲ ਸਾਹਿਤ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਹੈ।

- ਅੰਮ੍ਰਿਤਪਾਲ ਕਲੇਰ

ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਸਾਹਿਤਕ ਸਮਾਗਮ

ਨਵੀਂ ਦਿੱਲੀ : ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਾਹਿਤ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਪ੍ਰੋਫੈਸਰ ਜਸਪਾਲ ਕੌਰ ਨੇ ਕੀਤੀ।ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕਰਦਿਆਂ ਸਮਾਗਮ ਵਿੱਚ ਸ਼ਾਮਲ ਸਾਹਿਤਕਾਰਾਂ ਦੀ ਜਾਣ-ਪਛਾਣ ਕਰਵਾਈ।ਉਪਰੰਤ ਕਾਵਿ-ਮਹਿਫ਼ਲ ਅਤੇ ਕਹਾਣੀ-ਪਾਠ ਦਾ ਦੌਰ ਚੱਲਿਆ। ਸਮਾਗਮ ਦੀ ਸ਼ੁਰੂਆਤ ਮਿਸਰਦੀਪ ਭਾਟੀਆ ਨੇ ਆਪਣੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਨਾਲ ਕੀਤੀ। ਇਸ ਤੋਂ ਬਾਅਦ ਬਲਵਿੰਦਰ ਸਿੰਘ ਸੋਢੀ ਨੇ 'ਕੁਦਰਤ' ਅਤੇ ਹੋਰ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ। ਸਤਪਾਲ ਕੌਰ ਨੇ 'ਧੀ' ਵਿਸ਼ੇ 'ਤੇ ਕੇਂਦ੍ਰਿਤ ਹਾਇਕੂ ਅਤੇ ਲੰਮੀ ਕਵਿਤਾ 'ਵਸੀਅਤ' ਸੁਣਾ ਕੇ ਸਭ ਨੂੰ ਪ੍ਰਭਾਵਿਤ ਕੀਤਾ।ਕਹਾਣੀਕਾਰ ਤੇ ਨਾਵਲਕਾਰ ਬਲਵਿੰਦਰ ਸਿੰਘ ਬਰਾੜ ਨੇ ਆਪਣੀ ਚਰਚਿਤ ਕਹਾਣੀ 'ਅੱਗ' ਸੁਣਾਈ। ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਜਸਪਾਲ ਕੌਰ ਨੇ ਪ੍ਰਸਤੁਤ ਰਚਨਾਵਾਂ ਨੂੰ ਸਲਾਹੁੰਦਿਆਂ ਕਿਹਾ ਕਿ ਹਰ ਲੇਖਕ ਦੀ ਆਪਣੀ ਵਿਲੱਖਣ ਸੋਚ ਅਤੇ ਸਮਰੱਥਾ ਹੁੰਦੀ ਹੈ। ਉਨ੍ਹਾ ਪੰਜਾਬੀ ਸਾਹਿਤ ਸਭਾ ਦੇ ਉਪਰਾਲੇ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸਭਾ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਜੁੜੇ ਹਰ ਲੇਖਕ ਨੂੰ ਸਾਰਥਕ ਮੰਚ ਮੁਹੱਈਆ ਕਰਵਾ ਰਹੀ ਹੈ, ਜੋ ਕਿ ਬੇਹੱਦ ਸ਼ਲਾਘਾਯੋਗ ਹੈ।

ਅੰਤ ਵਿੱਚ ਸਭਾ ਦੇ ਚੇਅਰਪਰਸਨ ਪ੍ਰੋ. ਰੇਣੂਕਾ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਪੜ੍ਹੀ ਗਈ ਕਹਾਣੀ ਦੇ ਹਵਾਲੇ ਨਾਲ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਸਮਾਗਮ 'ਚ ਹੋਰਨਾਂ ਤੋਂ ਇਲਾਵਾ ਡਾ. ਵਨੀਤਾ, ਜਸਵੰਤ ਸਿੰਘ ਸੇਖਵਾਂ, ਮਹਿੰਦਰ ਸਿੰਘ ਕੂਕਾ, ਰਾਜਿੰਦਰ ਸਿੰਘ ਬਿਆਲਾ, ਜਗਤਾਰ ਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਖੋਜਾਰਥੀ, ਵਿਦਿਆਰਥੀ ਅਤੇ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਵੀ ਮੌਜੂਦ ਸਨ।

ਡਾ. ਹਰਨੇਕ ਸਿੰਘ ਕਲੇਰ ਦੀ ਪੁਸਤਕ 'ਮਿੱਟੀ ਦੀ ਬਾਤ' 'ਤੇ ਗੋਸ਼ਟੀ

ਸੰਗਰੂਰ : ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਡਾ. ਹਰਨੇਕ ਸਿੰਘ ਕਲੇਰ ਦੇ ਕਾਵਿ-ਸੰਗ੍ਰਹਿ 'ਮਿੱਟੀ ਦੀ ਬਾਤ' ਉੱਪਰ ਗੋਸ਼ਟੀ ਕਰਵਾਈ ਗਈ। ਪੁਸਤਕ ਸੰਬੰਧੀ ਪੜ੍ਹੇ ਪਰਚੇ ਵਿੱਚ ਪ੍ਰਿੰ. ਨਵਤੇਜ ਗੜ੍ਹਦੀਵਾਲਾ ਨੇ ਕਿਹਾ ਕਿ ਡਾ. ਹਰਨੇਕ ਸਿੰਘ ਕਲੇਰ ਦੀ ਪੁਸਤਕ ਪੂੰਜੀਪਤੀਆਂ, ਸਿਆਸਤਦਾਨਾਂ ਅਤੇ ਪੁਜਾਰੀ ਵਰਗ ਦੇ ਗੱਠਜੋੜ ਵੱਲੋਂ ਲਤਾੜੇ ਜਾ ਰਹੇ ਕਿਰਤੀ ਸਮਾਜ ਨੂੰ ਮੁਕਤੀ ਦੀ ਰਾਹ ਦਿਖਾਉਂਦੀ ਹੈ। ਉਨ੍ਹਾ ਕਿਹਾ ਕਿ ਇਹ ਪੁਸਤਕ ਆਮ ਆਦਮੀ ਦੇ ਤੰਗੀਆਂ-ਤੁਰਸ਼ੀਆਂ ਭਰੇ ਜੀਵਨ ਦੀ ਗੱਲ ਕਰਦੀ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਸੁਰਿੰਦਰ ਸ਼ਰਮਾ ਨਾਗਰਾ ਨੇ ਕਿਹਾ ਕਿ ਡਾ. ਹਰਨੇਕ ਸਿੰਘ ਕਲੇਰ ਦੀ ਪੁਸਤਕ ਜਾਤਾਂ-ਧਰਮਾਂ ਵਿੱਚ ਵੰਡੇ ਸਮੁੱਚੇ ਕਿਰਤੀ ਵਰਗ ਨੂੰ ਲਾਮਬੰਦ ਕਰਦੀ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਮੀਤ ਖਟੜਾ ਨੇ ਕਿਹਾ ਕਿ ਇਸ ਪੁਸਤਕ ਵਿੱਚ ਆਪਣੀ ਮਿੱਟੀ ਲਈ ਜੂਝਦੇ ਕਿਰਤੀ-ਕਿਸਾਨਾਂ ਦੀ ਅਜੋਕੇ ਦੌਰ ਦੀ ਤਰਸਯੋਗ ਦਸ਼ਾ ਅਤੇ ਦਿਸ਼ਾ ਦਾ ਯਥਾਰਥਕ ਵਿਸ਼ਲੇਸ਼ਣ ਕੀਤਾ ਗਿਆ ਹੈ। ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਯਾਦਾਂ ਸਾਂਝੀਆਂ ਕਰਦਿਆਂ ਡਾ. ਹਰਨੇਕ ਸਿੰਘ ਕਲੇਰ ਨੇ ਆਪਣੀ ਪੁਸਤਕ ਵਿੱਚੋਂ ਕੁੱਝ ਚੋਣਵੀਆਂ ਰਚਨਾਵਾਂ ਪੜ੍ਹ ਕੇ ਸੁਣਾਈਆਂ। ਇਸ ਮੌਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਪਾਏ ਵਡਮੁੱਲੇ ਯੋਗਦਾਨ ਲਈ ਸਭਾ ਵੱਲੋਂ ਨਵਤੇਜ ਗੜ੍ਹਦੀਵਾਲਾ ਅਤੇ ਡਾ. ਹਰਨੇਕ ਸਿੰਘ ਕਲੇਰ ਨੂੰ ਸਨਮਾਨਿਤ ਵੀ ਕੀਤਾ ਗਿਆ। ਸੁਖਵਿੰਦਰ ਸਿੰਘ ਲੋਟੇ ਵੱਲੋਂ ਪਿੰਗਲ ਅਤੇ ਅਰੂਜ਼ ਦੀ ਸਿਖਲਾਈ ਦੀ ਨਿਰੰਤਰਤਾ ਬਣਾਈ ਰੱਖੀ ਗਈ।

ਉਪਰੰਤ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਹੋਇਆ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

ਪੌਣੀ ਸਦੀ ਦੇ ਤਜਰਬਿਆਂ ਨਾਲ ਲਬਰੇਜ਼ ਪੁਸਤਕ ਲੋਕ ਅਰਪਣ

ਗਲਾਸਗੋ : ਸਕਾਟਲੈਂਡ ਵਿੱਚ ਪਿਛਲੇ 26 ਸਾਲਾਂ ਤੋਂ ਇਕੱਲੀਆਂ ਔਰਤਾਂ ਦਾ ਮਨੋਬਲ ਉੱਚਾ ਚੁੱਕਣ ਲਈ ਸਕਾਟਿਸ਼ ਏਸ਼ੀਅਨ ਏਕਤਾ ਗਰੁੱਪ ਸੰਸਥਾ ਸਰਗਰਮ ਹੈ। ਔਰਤਾਂ ਦੀ ਸਰੀਰਕ, ਮਾਨਸਿਕ ਸਿਹਤ ਸੰਬੰਧੀ ਜਾਗਰੂਕ ਕਰਨ ਦੇ ਨਾਲ-ਨਾਲ ਹਰ ਖੇਤਰ ਨਾਲ ਸੰਬੰਧਤ ਜਾਣਕਾਰੀ ਮੁਹੱਈਆ ਕਰਵਾਉਣ ਲਈ ਗਰੁੱਪ ਵੱਲੋਂ ਉਪਰਾਲੇ ਕੀਤੇ ਜਾਂਦੇ ਹਨ। ਬੀਤੇ ਦਿਨ ਗਰੁੱਪ ਵੱਲੋਂ ਪ੍ਰਕਾਸ਼ਿਤ ਕਿਤਾਬ 'ਕੁਕਿੰਗ ਟੇਲਜ਼' ਨੂੰ ਲੋਕ ਅਰਪਣ ਕਰਨ ਹਿਤ ਸਮਾਗਮ ਕਰਵਾਇਆ ਗਿਆ। ਗਰੁੱਪ ਦੀ ਫਾਊਂਡਰ ਤੇ ਚੇਅਰਪਰਸਨ ਸ੍ਰੀਮਤੀ ਆਦਰਸ਼ ਖੁੱਲਰ ਨੇ ਦੱਸਿਆ ਕਿ ਉਹਨਾਂ ਦੀਆਂ ਹਮਉਮਰ ਔਰਤਾਂ ਦਾ ਪੂਰ ਜਦੋਂ ਲੱਗਭੱਗ ਪੌਣੀ ਸਦੀ ਪਹਿਲਾਂ ਬਰਤਾਨੀਆ ਦੀ ਧਰਤੀ 'ਤੇ ਆਇਆ ਤਾਂ ਸਭ ਤੋਂ ਪਹਿਲੀ ਔਖ ਰਸੋਈ ਵਿੱਚ ਵਰਤੇ ਜਾਣ ਵਾਲੇ ਭਾਰਤੀ ਮਸਾਲੇ ਹਾਸਲ ਕਰਨ ਦੀ ਸੀ। ਔਰਤਾਂ ਨੇ ਆਪੋ-ਆਪਣੇ ਵਸੀਲਿਆਂ ਰਾਹੀਂ ਭਾਰਤੀ ਰਸੋਈ ਦੇ ਸ਼ੁੱਧ ਘਰੇਲੂ ਸਵਾਦ ਨੂੰ ਬਰਕਰਾਰ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਇਸ ਕਿਤਾਬ ਵਿੱਚ ਘਰੇਲੂ ਸੁਆਣੀਆਂ ਵੱਲੋਂ ਵਰਤੇ ਜਾਂਦੇ ਟੋਟਕਿਆਂ ਨੂੰ ਸ਼ਾਮਲ ਕੀਤਾ ਹੈ। ਉਹਨਾਂ ਕਿਹਾ ਕਿ ਕਿਤਾਬ ਸਿਰਫ ਤੇ ਸਿਰਫ ਰੈਸਿਪੀਆਂ ਦਾ ਖਜ਼ਾਨਾ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਬਕ ਵੀ ਹੈ ਕਿ ਉਹਨਾਂ ਦੀਆਂ ਦਾਦੀਆਂ-ਨਾਨੀਆਂ ਨੇ ਵਿਦੇਸ਼ਾਂ 'ਚ ਵਸਦਿਆਂ ਜਿੱਥੇ ਸ਼ਿੱਦਤ ਨਾਲ ਆਪਣੇ ਪਰਵਾਰ ਪਾਲੇ, ਉੱਥੇ ਆਪੋ-ਆਪਣੇ ਘਰੇਲੂ ਟੋਟਕਿਆਂ ਨਾਲ ਰਸੋਈ ਦੇ ਸਵਾਦ ਵਿੱਚ ਕਮੀ ਨਹੀਂ ਆਉਣ ਦਿੱਤੀ। ਇਸ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਸਕਾਟਿਸ਼ ਏਸ਼ੀਅਨ ਏਕਤਾ ਗਰੁੱਪ ਦੀਆਂ ਸਮੂਹ ਮੈਂਬਰਾਨ ਦੇ ਉਪਰਾਲਿਆਂ ਦੀ ਪੁਰਜ਼ੋਰ ਸ਼ਲਾਘਾ ਕੀਤੀ। ਸਮਾਗਮ ਦੇ ਮੰਚ ਸੰਚਾਲਨ ਦੇ ਫਰਜ਼ ਸ੍ਰੀਮਤੀ ਬ੍ਰਿਜ ਗਾਂਧੀ ਨੇ ਬਹੁਤ ਹੀ ਰੌਚਕ ਢੰਗ ਨਾਲ ਨਿਭਾਏ। ਸਮਾਗਮ ਦੇ ਅੰਤ ਵਿੱਚ ਸ੍ਰੀਮਤੀ ਆਦਰਸ਼ ਖੁੱਲਰ ਨੇ ਧੰਨਵਾਦੀ ਸ਼ਬਦਾਂ ਰਾਹੀਂ ਬਹੁਤ ਹੀ ਭਾਵੁਕਤਾ ਭਰੇ ਲਫਜ਼ ਬਿਆਨ ਕਰਦਿਆਂ ਗਰੁੱਪ ਦੇ 26 ਸਾਲਾਂ ਦਾ ਮਾਣਮੱਤਾ ਇਤਿਹਾਸ ਬੋਲ ਕੇ ਸੁਣਾਇਆ ਤਾਂ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਉਹਨਾਂ ਵੱਲੋਂ ਸਮੂਹ ਮੈਂਬਰਾਨ ਦੀ ਤੰਦਰੁਸਤੀ ਦੀ ਕਾਮਨਾ ਨਾਲ ਸਮਾਗਮ ਨੇਪਰੇ ਚੜ੍ਹਿਆ।

ਮਹਿੰਦਰ ਸਿੰਘ ਜੱਗੀ ਰਚਿਤ ਮਿੰਨੀ ਕਹਾਣੀ ਸੰਗ੍ਰਹਿ 'ਅਨੁਭਵ' ਦਾ ਲੋਕ-ਅਰਪਣ

ਪਟਿਆਲਾ : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਲੈਕਚਰ ਹਾਲ ਵਿਖੇ ਬਹੁਪੱਖੀ ਲੇਖਕ ਮਹਿੰਦਰ ਸਿੰਘ ਜੱਗੀ ਰਚਿਤ ਪੰਜਾਬੀ ਮਿੰਨੀ ਕਹਾਣੀ ਸੰਗ੍ਰਹਿ 'ਅਨੁਭਵ' ਦਾ ਲੋਕ-ਅਰਪਣ ਕੀਤਾ ਗਿਆ। ਦਰਸ਼ਨ ਸਿੰਘ ਆਸ਼ਟ ਨੇ ਵਿਚਾਰ ਪ੍ਰਗਟ ਕੀਤੇ। ਪ੍ਰਧਾਨਗੀ ਭਾਸ਼ਾ ਵਿਭਾਗ ਪੰਜਾਬ ਦੇ ਡਿਪਟੀ ਡਾਇਰੈਕਟਰ ਆਲੋਕ ਚਾਵਲਾ ਨੇ ਕੀਤੀ। ਡਾ. ਭੀਮ ਇੰਦਰ ਸਿੰਘ ਨੇ ਕਿਹਾ ਕਿ ਸ. ਦਲੀਪ ਸਿੰਘ ਉੱਪਲ ਨੂੰ ਸਾਹਿਤ ਸਭਾ ਰਾਹੀਂ ਯਾਦ ਕਰਨਾ ਉਨ੍ਹਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਦਾ ਪ੍ਰਤੀਕ ਹੈ। ਇਸ ਦੌਰਾਨ ਮਹਿੰਦਰ ਸਿੰਘ ਜੱਗੀ ਰਚਿਤ ਮਿੰਨੀ ਕਹਾਣੀ ਸੰਗ੍ਰਹਿ 'ਅਨੁਭਵ' ਉਪਰ ਮੁੱਖ ਪੇਪਰ ਡਾ. ਤਰਲੋਚਨ ਕੌਰ ਨੇ ਪੜ੍ਹਿਆ। ਡਾ. ਇੰਦਰਪਾਲ ਕੌਰ ਅਤੇ ਰਘਬੀਰ ਸਿੰਘ ਮਹਿਮੀ ਨੇ ਪੁਸਤਕ ਦੇ ਵੱਖ-ਵੱਖ ਪੱਖਾਂ ਬਾਰੇ ਚਰਚਾ ਕੀਤੀ। ਸਭਾ ਦੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਤੋਂ ਇਲਾਵਾ ਬਾਬੂ ਸਿੰਘ ਰੈਹਲ, ਬਲਬੀਰ ਸਿੰਘ ਦਿਲਦਾਰ, ਨਵਦੀਪ ਸਿੰਘ ਮੁੰਡੀ ਆਦਿ ਨੇ ਪੁਸਤਕ ਸੰਬੰਧੀ ਚਰਚਾ ਨੂੰ ਦਲੀਲਾਂ ਸਹਿਤ ਅੱਗੇ ਤੋਰਿਆ।

ਹਾਜ਼ਰ ਸ਼ਾਇਰਾਂ ਨੇ ਸ਼ਾਇਰੀ ਨਾਲ ਰੰਗ ਬੰਨ੍ਹ ਦਿੱਤਾ। ਮੰਚ ਸੰਚਾਲਨ ਦੀ ਭੂਮਿਕਾ ਜਨਰਲ ਸਕੱਤਰ ਪਟਿਆਲਵੀ ਨੇ ਬਾਖ਼ੂਬੀ ਨਿਭਾਈ।ਅੰਤ ਵਿਚ ਦਲੀਪ ਸਿੰਘ ਉੱਪਲ ਦੀ ਆਤਮਿਕ ਸ਼ਾਂਤੀ ਲਈ ਸਭਾ ਵੱਲੋਂ ਦੋ ਮਿੰਟ ਦਾ ਮੌਨ ਵੀ ਧਾਰਨ ਕੀਤਾ ਗਿਆ।

ਅਰਪਨ ਲਿਖਾਰੀ ਸਭਾ ਵੱਲੋਂ ਸਮਾਗਮ

ਕੈਲਗਰੀ : ਅਰਪਨ ਲਿਖਾਰੀ ਸਭਾ, ਕੈਲਗਰੀ ਦੀ ਮਾਸਿਕ ਮੀਟਿੰਗ ਕੋਸੋ ਹਾਲ ਵਿਚ ਹੋਈ, ਜਿਸ ਦੀ ਪ੍ਰਧਾਨਗੀ ਮਹਿੰਦਰ ਕੌਰ ਕਾਲੀਰਾਏ, ਮਨਿੰਦਰ ਕੌਰ ਬਜਵਾੜਾ, ਸੰਤੋਸ਼ ਕੌਰ ਚੀਮਾ ਅਤੇ ਚਰਨਦੀਪ ਕੌਰ ਨੇ ਕੀਤੀ। ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਰਾਹੀਂ ਜੀ ਆਇਆਂ ਕਹਿ ਕੇ ਹਾਜ਼ਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਸਵਾਗਤ ਕੀਤਾ। ਦਰਸ਼ਨ ਬਰਾੜ ਨੇ ਕੈਨੇਡਾ ਦਿਵਸ ਦੀ ਅਹਿਮੀਅਤ ਬਾਰੇ ਵਿਚਾਰ ਰੱਖੇ। ਡਾ. ਮਨਮੋਹਨ ਬਾਠ, ਗੁਰਚਰਨ ਸਿੰਘ ਹੇਅਰ, ਹਰਮਿੰਦਰਪਾਲ ਸਿੰਘ, ਹਾਸਰਸ ਦੇ ਬਾਦਸ਼ਾਹ ਤਰਲੋਕ ਚੁੱਘ, ਦਰਸ਼ਨ ਬਰਾੜ, ਜ਼ੀਰ ਸਿੰਘ ਬਰਾੜ, ਪਿਆਰਾ ਸਿੰਘ ਚਾਹਲ, ਜਸਵੀਰ ਸਹੋਤਾ, ਚਰਨਦੀਪ ਕੌਰ, ਮਾਸਟਰ ਹਰਭਜਨ ਸਿੰਘ, ਮੋਹਣ ਸਿੰਘ ਪਪਰਾਲ਼ਾ ਅਤੇ ਮੁਖਵਿੰਦਰਪਾਲ ਸਿੰਘ ਨੇ ਮਿਆਰੀ ਕਵਿਤਾਵਾਂ ਦਾ ਉਚਾਰਨ ਕੀਤਾ। ਲਖਵਿੰਦਰ ਸਿੱਧੂ ਦੀ ਪਲੇਠੀ ਕਿਤਾਬ 'ਸਿਸਕਤੇ ਅਲਫ਼ਾਜ਼' ਜਿਸ ਦਾ ਜਗਦੇਵ ਸਿੱਧੂ ਨੇ ਮੁਲਾਂਕਣ ਕੀਤਾ। ਉਸ ਨੇ ਇਸ ਕਾਵਿ-ਸੰਗ੍ਰਹਿ ਦੀਆਂ ਚੋਣਵੀਆਂ ਕਵਿਤਾਵਾਂ ਵਿੱਚੋਂ ਹਵਾਲੇ ਦੇ ਕੇ ਪ੍ਰਮਾਣਿਤ ਕੀਤਾ ਕਿ ਸਾਰੀਆਂ ਕਵਿਤਾਵਾਂ ਮਨੁੱਖੀ ਮਨ ਦੀਆਂ ਭਾਵਨਾਵਾਂ ਦੀ ਸਹੀ ਤਰਜਮਾਨੀ ਕਰਦੀਆਂ ਹਨ ਅਤੇ ਕਾਬਲੇ-ਗ਼ੌਰ ਹਨ। ਉੱਭਰਦੀ ਸ਼ਾਇਰਾ ਬੀਬਾ ਮਨਿੰਦਰ ਕੌਰ ਬਜਵਾੜਾ ਨੇ ਆਪਣੀਆਂ ਦੋ ਕਵਿਤਾਵਾਂ ਦਾ ਉਚਾਰਨ ਕੀਤਾ। ਕਵੀਸ਼ਰ ਸਰੂਪ ਸਿੰਘ ਮੰਡੇਰ, ਸਤਨਾਮ ਢਾਅ, ਸੰਤੋਸ਼ ਕੌਰ ਚੀਮਾ ਨੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਪ੍ਰਿਤਪਾਲ ਸਿੰਘ ਮੱਲ੍ਹੀ ਨੇ ਨੌਰਥ ਕੈਨੇਡਾ ਦੀ ਕੀਤੀ ਯਾਤਰਾ ਬਾਰੇ ਆਪਣੇ ਅਨੁਭਵ ਸਾਂਝੇ ਕਰਦਿਆਂ ਭੂਗੋਲਿਕ ਤੱਥ ਪੇਸ਼ ਕੀਤੇ।

ਪੰਜਾਬ ਸਾਹਿਤਕ ਮੰਚ ਵੱਲੋਂ ਜਗਦੀਸ਼ ਰਾਣਾ ਤੇ ਪਰਮ ਦਾਸ ਹੀਰ ਦਾ ਸਨਮਾਨ

ਜਲੰਧਰ : ਪੰਜਾਬ ਸਾਹਿਤਕ ਮੰਚ ਜਲੰਧਰ ਵੱਲੋਂ ਜੁਲਾਈ ਮਹੀਨੇ ਦਾ ਕਵੀ ਦਰਬਾਰ ਵਿਰਸਾ ਵਿਹਾਰ ਜਲੰਧਰ ਦੇ ਸਹਿਯੋਗ ਨਾਲ ਵਿਰਸਾ ਵਿਹਾਰ ਜਲੰਧਰ ਵਿਖੇ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਜਗਦੀਸ਼ ਰਾਣਾ, ਪਰਮਦਾਸ ਹੀਰ, ਵੀਨਾ ਕੁਮਾਰੀ, ਅਵਤਾਰ ਸਿੰਘ ਬੈਂਸ ਅਤੇ ਨੱਕਾਸ਼ ਚਿੱਤੇਵਾਣੀ ਸੁਸ਼ੋਭਿਤ ਰਹੇ। ਮੰਚ ਦੇ ਉਪ ਪ੍ਰਧਾਨ ਸੁਖਦੇਵ ਸਿੰਘ ਗੰਢਵਾਂ ਵੱਲੋਂ ਸਭ ਦਾ ਸਵਾਗਤ ਕਰਦਿਆਂ ਆਪਣੇ ਗੀਤ ਨਾਲ ਹਾਜ਼ਰੀ ਲਗਾ ਕੇ ਕਵੀ ਦਰਬਾਰ ਦੀ ਆਰੰਭਤਾ ਕੀਤੀ। ਸਟੇਜ ਸਕੱਤਰ ਦੀ ਭੂਮਿਕਾ ਮੰਚ ਦੇ ਸਕੱਤਰ ਹਰਜਿੰਦਰ ਸਿੰਘ ਜਿੰਦੀ ਅਤੇ ਜੀਟਨ ਕੌਰ ਵੱਲੋਂ ਬਾਖ਼ੂਬੀ ਨਿਭਾਈ ਗਈ।ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਦਾ ਸਨਮਾਨਤ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ।

ਮੰਚ ਦੇ ਪ੍ਰਧਾਨ ਕੁਲਵਿੰਦਰ ਸਿੰਘ ਗਾਖਲ ਵੱਲੋਂ ਜਗਦੀਸ਼ ਰਾਣਾ ਦੀਆਂ ਸਾਹਿਤਕ ਖੇਤਰ ਵਿੱਚ ਉਨ੍ਹਾਂ ਦੀ ਦੇਣ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਵਿਸ਼ੇਸ਼ ਮਹਿਮਾਨ ਦੀ ਪਰਮਦਾਸ ਹੀਰ ਦੀ ਸਾਹਿਤਕ ਖੇਤਰ ਵਿੱਚ ਉਨ੍ਹਾਂ ਦੀ ਦੇਣ ਦੱਸਦਿਆਂ ਉਨ੍ਹਾਂ ਦੇ ਗਾਏ ਗੀਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਸਮੇਂ ਕਰਵਾਏ ਗਏ ਕਵੀ ਦਰਬਾਰ ਵਿੱਚ ਕੁਲਵਿੰਦਰ ਸਿੰਘ ਗਾਖਲ, ਸੁਖਦੇਵ ਸਿੰਘ ਗੰਢਵਾਂ, ਹਰਜਿੰਦਰ ਸਿੰਘ ਜਿੰਦੀ, ਸਾਹਿਬਾ ਜੀਟਨ ਕੌਰ, ਨਾਨਕ ਚੰਦ ਵਿਸ਼ਿਸ਼ਟ, ਅਵਤਾਰ ਸਿੰਘ ਗੋਇੰਦਵਾਲੀਆ, ਨੱਕਾਸ਼ ਚਿੱਤੇਵਾਣੀ, ਨਿਰਮਲਾ ਰਾਣੀ, ਚੇਤਨ ਸਰੂਪ, ਹਰਜੀਤ ਕੌਰ ਮਾਵੀ, ਕੁਲਦੀਪ ਸਿੰਘ ਰਤਨ, ਇੰਦਰ ਸਿੰਘ ਮਿਸ਼ਰੀ, ਗੁਰਦੀਪ ਸਿੰਘ ਉਜਾਲਾ, ਅਸ਼ੋਕ ਟਾਂਡੀ, ਅਵਤਾਰ ਸਿੰਘ ਬੈਂਸ, ਹੀਰਾ ਲਾਲ ਮਲਹੋਤਰਾ, ਦਲਜੀਤ ਮਹਿਮੀ, ਜਗਤਾਰ ਸਿੰਘ ਸੰਤੋਖਪੁਰਾ, ਅਮਰ ਸਿੰਘ ਅਮਰ, ਅਜੀਤ ਸਿੰਘ ਪੁਸ਼ਪ, ਜਗਦੀਸ਼ ਡਾਲੀਆ, ਕੀਮਤੀ ਕੈਸਰ, ਮੁਖਤਿਆਰ ਸਿੰਘ ਸ਼ਿਵਾਨ, ਰਜੇਸ਼ ਕੁਮਾਰ ਭਗਤ, ਮਹਿੰਦਰ ਸਿੰਘ ਝੱਮਟ, ਤਰਸੇਮ ਜਲੰਧਰੀ, ਰੂਪਾ ਮਿੱਠਾਪੁਰੀਆ, ਰਣਜੀਤ ਕੌਰ, ਜਸਪਾਲ ਜ਼ੀਰਵੀ, ਬਲਜੀਤ ਕੌਰ ਅਤੇ ਸ਼ਾਇਰ ਮਾਹੀ ਮਰਜਾਣਾ ਗਿੱਦੜਬਾਹਾ ਨੇ ਆਪਣੀਆਂ ਉਮਦਾ ਰਚਨਾਵਾਂ ਰਾਹੀਂ ਹਾਜ਼ਰੀ ਲਗਵਾਈ।

ਨੌਜਵਾਨੀ ਨੂੰ ਦਿਖਾਓ ਲਾਇਬ੍ਰੇਰੀ ਦਾ ਰਾਹ

ਅੱਜ ਤਕਨਾਲੋਜੀ ਨੇ ਮਨੁੱਖੀ ਜੀਵਨ ਨੂੰ ਬਹੁਤ ਜ਼ਿਆਦਾ ਸੁਖਾਲਾ ਬਣਾ ਦਿੱਤਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਦੇ ਹੱਥ ਵਿੱਚ ਅੱਜ ਮੋਬਾਇਲ ਹੈ। ਸੋਸ਼ਲ ਮੀਡੀਆ, ਇੰਟਰਨੈੱਟ, ਵਧ ਰਿਹਾ ਸਕਰੀਨ ਟਾਈਮ ਨੇ ਅੱਜ ਕਿਤਾਬਾਂ ਪੜ੍ਹਨ ਦੇ ਰੁਝਾਨ ਨੂੰ ਪ੍ਰਭਾਵਿਤ ਕੀਤਾ ਹੈ। ਜਿਵੇਂ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਲਈ ਅਸੀਂ ਸਾਫ-ਸੁਥਰਾ, ਸੰਤੁਲਿਤ ਭੋਜਨ ਕਰਦੇ ਹਾਂ, ਉਸੇ ਤਰ੍ਹਾਂ ਮਾਨਸਿਕ ਤੰਦਰੁਸਤੀ ਲਈ ਗਿਆਨ ਦੀ ਜ਼ਰੂਰਤ ਹੈ। ਇਹ ਗਿਆਨ ਸਾਨੂੰ ਮਾਪੇ, ਅਧਿਆਪਕ ਜਾਂ ਫਿਰ ਪੁਸਤਕਾਂ ਤੋਂ ਪ੍ਰਾਪਤ ਹੁੰਦਾ ਹੈ। ਜਿਹੜੇ ਸਾਡੇ ਵੱਡੇ-ਵਡੇਰੇ, ਬਜ਼ੁਰਗ ਹਨ, ਮਾਂ-ਪਿਓ ਦੀ ਉਮਰ ਦੇ ਹਨ, ਲਾਇਬ੍ਰੇਰੀ ਵਿੱਚ ਬੈਠ ਕੇ ਅਧਿਐਨ ਕਰਦੇ ਸਨ। ਲਾਇਬ੍ਰੇਰੀ ਵਿੱਚ ਸਿਰਫ ਕਿਤਾਬਾਂ ਹੀ ਨਹੀਂ ਹੁੰਦੀਆਂ, ਉੱਥੇ ਪਾਠਕਾਂ ਲਈ ਵੱਖ-ਵੱਖ ਭਾਸ਼ਾਵਾਂ ਵਿੱਚ ਅਖ਼ਬਾਰ, ਵੱਖ-ਵੱਖ ਰਸਾਲੇ-ਮੈਗਜ਼ੀਨ, ਖੋਜ ਪੇਪਰ ਹੁੰਦੇ ਹਨ। ਲਾਇਬ੍ਰੇਰੀ ਦੇ ਰੀਡਿੰਗ ਸੈਕਸ਼ਨ ਵਿੱਚ ਤੁਸੀਂ ਵੱਡੀ ਉਮਰ ਦੇ ਲੋਕਾਂ ਨੂੰ ਬੈਠ ਕੇ ਅਖ਼ਬਾਰ ਪੜ੍ਹਦੇ ਹੋਏ ਅੱਜ ਵੀ ਦੇਖ ਸਕਦੇ ਹੋ। ਦੱਖਣ ਭਾਰਤ ਵਿੱਚ ਲਾਇਬ੍ਰੇਰੀ ਜਾ ਕੇ ਕਿਤਾਬਾਂ ਪੜ੍ਹਨ ਦਾ ਰੁਝਾਨ ਬਹੁਤ ਜ਼ਿਆਦਾ ਹੈ। ਬੱਚੇ, ਨੌਜਵਾਨ, ਔਰਤਾਂ ਕੋਈ ਵੀ ਲਾਇਬ੍ਰੇਰੀ ਜਾ ਕੇ ਲਾਹਾ ਲੈ ਸਕਦਾ ਹੈ। ਉੱਥੇ ਬਹੁਤ ਹੀ ਸ਼ਾਂਤੀ ਤੇ ਅਨੁਸ਼ਾਸਤ ਮਾਹੌਲ ਹੁੰਦਾ ਹੈ। ਬਹੁਤੀ ਤਦਾਦ ਵਿੱਚ ਵਿਦਿਆਰਥੀ ਚੁੱਪ-ਚਾਪ ਮੁਕਾਬਲੇ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ। ਜਿੱਥੇ ਵਾਤਾਵਰਣ ਬਹੁਤ ਹੀ ਸ਼ਾਂਤੀ ਤੇ ਅਨੁਸ਼ਾਸਿਤ ਹੁੰਦਾ ਹੈ।ਇਹ ਸਥਾਨ ਸਿੱਖਣ ਲਈ ਬਹੁਤ ਕਾਰਗਰ ਹੈ, ਪਰ ਸੋਸ਼ਲ ਮੀਡੀਆ ਨੇ ਅੱਜ ਲਾਇਬ੍ਰੇਰੀ ਜਾਣ ਦੀ ਪ੍ਰਵਿਰਤੀ ਨੂੰ ਖਤਮ ਕਰ ਦਿੱਤਾ ਹੈ। ਵਿਦਿਆਰਥੀਆਂ ਲਈ ਲਾਇਬ੍ਰੇਰੀ ਜਾਣ ਦੀ ਲਗਨ ਫਿੱਕੀ ਪੈਂਦੀ ਨਜ਼ਰ ਆ ਰਹੀ ਹੈ। ਲਾਇਬ੍ਰੇਰੀ ਵਿਚ ਬੈਠ ਕੇ ਪੜ੍ਹਨ ਨਾਲ ਬੰਦੇ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਉਸ ਦੀ ਸ਼ਖ਼ਸੀਅਤ ਵਿੱਚ ਬਹੁਤ ਜ਼ਿਆਦਾ ਨਿਖ਼ਾਰ ਆਉਂਦਾ ਹੈ। ਲਾਇਬ੍ਰੇਰੀ 'ਚ ਬੈਠ ਕੇ ਪੜ੍ਹਨ ਵਾਲਾ ਇਨਸਾਨ ਕਦੇ ਵੀ ਬੋਰ ਨਹੀਂ ਹੁੰਦਾ, ਕਿਉਂਕਿ ਜੇ ਤੁਸੀਂ ਇੱਕ ਵਿਸ਼ੇ 'ਤੇ ਕਾਫੀ ਲੰਮਾ ਸਮਾਂ ਬੈਠ ਕੇ ਪੜ੍ਹ ਚੁੱਕੇ ਹੋ, ਤਾਂ ਤੁਸੀਂ ਕੋਈ ਉਥੇ ਪਿਆ ਮੈਗਜ਼ੀਨ, ਰਸਾਲਾ ਪੜ੍ਹ ਕੇ ਚੰਗੇ ਸੰਸਕਾਰ ਗ੍ਰਹਿਣ ਕਰ ਸਕਦੇ ਹੋ। ਕਿਤਾਬਾਂ ਮਨੁੱਖੀ ਸੋਚ ਨੂੰ ਵਿਕਸਿਤ ਕਰਦੀਆਂ ਹਨ। ਇੱਥੋਂ ਤੱਕ ਮਾਹਿਰਾਂ ਨੇ ਕਹਿ ਦਿੱਤਾ ਹੈ ਕਿ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਪੜ੍ਹਨ ਨਾਲ ਦਿਮਾਗ ਵਿੱਚੋਂ ਘਟੀਆ ਵਿਚਾਰ ਖਤਮ ਹੋ ਜਾਂਦੇ ਹਨ ।ਅਸੀਂ ਮਾਨਸਿਕ ਤੌਰ 'ਤੇ ਮਜ਼ਬੂਤ ਹੁੰਦੇ ਹਾਂ। ਕੋਈ ਨਾ ਕੋਈ ਵਧੀਆ ਪੁਸਤਕ ਪੜ੍ਹਨ ਨਾਲ ਸਾਨੂੰ ਨਵੀਆਂ ਗੱਲਾਂ ਦਾ ਪਤਾ ਲੱਗ ਜਾਂਦਾ ਹੈ, ਜਿਸ ਨਾਲ ਸਾਡੇ ਗਿਆਨ ਦਾ ਭੰਡਾਰ ਵਧਦਾ ਹੈ। ਵੱਖ-ਵੱਖ ਵਿਸ਼ਿਆਂ ਸੰਬੰਧੀ ਕਿਤਾਬਾਂ ਪੜ੍ਹਨ ਨਾਲ ਅਸੀਂ ਉਨ੍ਹਾਂ 'ਚ ਮੁਹਾਰਤ ਹਾਸਲ ਕਰ ਸਕਦੇ ਹਾਂ। ਇਨਸਾਨ ਦਾ ਦਾਇਰਾ ਵਿਸ਼ਾਲ ਹੁੰਦਾ ਹੈ। ਉਹ ਇੱਕ ਜ਼ਿੰਮੇਵਾਰ ਨਾਗਰਿਕ ਬਣਦਾ ਚਲਿਆ ਜਾਂਦਾ ਹੈ। ਅੱਜ ਸੋਸ਼ਲ ਮੀਡੀਆ 'ਤੇ ਜ਼ਿਆਦਾ ਸਮਾਂ ਗੁਆਉਣ ਕਾਰਨ ਨੌਜਵਾਨੀ ਕਿਤਾਬਾਂ ਤੋਂ ਮਨਫੀ ਹੋ ਰਹੀ ਹੈ। ਜਿਸ ਕਾਰਨ ਨੌਜਵਾਨੀ ਕੁਰਾਹੇ ਪੈ ਰਹੀ ਹੈ। ਨਵੀਂ ਪੀੜ੍ਹੀ ਗੁੰਮਰਾਹ ਹੋ ਰਹੀ ਹੈ। ਸ਼ਹਿਰਾਂ ਵਿੱਚ ਤਾਂ ਚਲੋ ਕੋਈ ਧਾਰਮਿਕ ਥਾਂ ਜਾਂ ਸਥਾਨਕ ਸੰਸਥਾਵਾਂ ਕਿਸੇ ਹੋਰ ਥਾਂ 'ਤੇ ਛੋਟੀ ਲਾਇਬ੍ਰੇਰੀ ਬਣਾਈ ਹੁੰਦੀ ਹੈ। ਚਲੋ ਉੱਥੇ ਅਖਬਾਰ ਪੜ੍ਹਨ ਦੇ ਬਹਾਨੇ ਹੀ ਲੋਕ ਚਲੇ ਜਾਂਦੇ ਹਨ। ਜੇ ਅਸੀਂ ਆਪਣੇ ਘਰਾਂ ਦੀ ਗੱਲ ਕਰੀਏ, ਘਰ ਵਿੱਚ ਸਾਡੇ ਕੀਮਤੀ ਸਾਮਾਨ ਤਾਂ ਬਹੁਤ ਹੈ ।ਦਸ ਕਿਤਾਬਾਂ ਤੱਕ ਦੇਖਣ ਨੂੰ ਨਹੀਂ ਮਿਲਦੀਆਂ। ਘਰ ਵਿੱਚ ਮਹਿੰਗੀਆਂ ਸ਼ਰਾਬਾਂ ਦੇ ਬਾਰ ਤਾਂ ਹਨ, ਪਰ ਕਿਤਾਬਾਂ ਲਈ ਕੋਈ ਵੀ ਅਲਮਾਰੀ ਨਹੀਂ । ਇੱਥੋਂ ਤੱਕ ਕਿ ਘਰ ਅਖ਼ਬਾਰ ਆਉਣਾ ਹੀ ਬੰਦ ਕਰ ਦਿੱਤਾ। ਕਹਿੰਦੇ ਹਨ ਕਿ ਸੋਸ਼ਲ ਮੀਡੀਆ 'ਤੇ ਦੇਖ ਲਿਆ ਜਾਂਦਾ ਹੈ। ਅੱਜ ਅਖਬਾਰਾਂ ਵਿਰਲੇ ਹੀ ਘਰਾਂ ਵਿੱਚ ਆ ਰਹੀਆਂ ਹਨ। ਪਿੰਡਾਂ ਵਿੱਚ ਅੱਜ ਵੀ ਲਾਇਬ੍ਰੇਰੀ ਤੱਕ ਦੇਖਣ ਨੂੰ ਨਹੀਂ ਹੈ। ਹੋਣਹਾਰ ਵਿਦਿਆਰਥੀ ਅਹਿਮ ਸਹੂਲਤ ਤੋਂ ਵਾਂਝੇ ਰਹਿ ਜਾਂਦੇ ਹਨ। ਹੁਣ ਮੌਜੂਦਾ ਸਰਕਾਰ ਵੱਲੋਂ ਕਈ ਪਿੰਡਾਂ ਵਿੱਚ ਲਾਇਬ੍ਰੇਰੀ ਬਣਾਉਣ ਲਈ ਗ੍ਰਾਂਟ ਤਾਂ ਦਿੱਤੀ ਗਈ ਹੈ ।ਸ਼ਲਾਘਾਯੋਗ ਪਹਿਲ ਹੈ। ਸਕੂਲ, ਕਾਲਜਾਂ ਵਿੱਚ ਵੀ ਲਾਇਬ੍ਰੇਰੀਆਂ ਤਾਂ ਹੁੰਦੀਆਂ ਹਨ, ਪਰ ਬੱਚੇ ਲਾਇਬ੍ਰੇਰੀ ਵੱਲ ਜਾਣ ਨੂੰ ਮੂੰਹ ਨਹੀਂ ਕਰਦੇ। ਪ੍ਰਿੰਸੀਪਲ ਨੂੰ ਹਫਤੇ ਵਿੱਚ ਹਰ ਕਲਾਸ ਦੇ ਵਿਦਿਆਰਥੀਆਂ ਦਾ ਇੱਕ ਪੀਰੀਅਡ ਲਾਇਬ੍ਰੇਰੀ ਲਈ ਨਿਸ਼ਚਿਤ ਕਰਨਾ ਚਾਹੀਦਾ ਹੈ, ਤਾਂ ਜੋ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਲਈ ਦਿਲਚਸਪੀ ਵਧੇ। ਉਹਨਾਂ ਦੀ ਜੀਵਨ ਸ਼ੈਲੀ ਵਿੱਚ ਸੁਧਾਰ ਹੋਵੇ। ਕਲਾਸਾਂ ਵਿੱਚ ਅਧਿਆਪਕਾਂ ਨੂੰ ਸੋਸ਼ਲ ਮੀਡੀਆ ਦੀ ਦੁਰਵਰਤੋਂ ਬਾਰੇ ਵੀ ਦੱਸਣਾ ਚਾਹੀਦਾ ਹੈ, ਤਾਂ ਜੋ ਬੱਚਿਆਂ ਦਾ ਧਿਆਨ ਇਸ ਵੱਲ ਘੱਟ ਹੋਵੇ ਤੇ ਕਿਤਾਬਾਂ ਪੜ੍ਹਨ ਵੱਲ ਜ਼ਿਆਦਾ ਹੋਵੇ। ਜ਼ਿੰਦਗੀ ਖ਼ੂਬਸੂਰਤ ਹੈ। ਹਰ ਰੋਜ਼ ਨਵੀਂ ਸਵੇਰ ਕੁੱਝ ਨਾ ਕੁੱਝ ਸਿਖਾਉਂਦੀ ਹੈ। ਕੋਈ ਵੀ ਉਮਰ ਦਾ ਇਨਸਾਨ ਲਾਇਬ੍ਰੇਰੀ ਵਿੱਚ ਲਗਾਤਾਰ ਪੁਸਤਕਾਂ ਪੜ੍ਹਨ ਨਾਲ ਆਪਣੇ ਜੀਵਨ ਵਿੱਚ ਖ਼ੂਬਸੂਰਤੀ ਲੈ ਕੇ ਆ ਸਕਦਾ ਹੈ। ਸਮਾਜ ਦੇ ਹਰ ਵਿਅਕਤੀ ਲਈ ਲਾਹੇਵੰਦ ਹੈ। ਕਿਤਾਬਾਂ ਪੜ੍ਹਨ ਨਾਲ ਵਿਸ਼ਵ ਦੇ ਕੋਨੇ- ਕੋਨੇ ਦੀ ਜਾਣਕਾਰੀ ਤੁਹਾਡੇ ਕੋਲ ਇਕੱਠੀ ਹੋ ਜਾਂਦੀ ਹੈ। ਉਚਾਈਆਂ ਤੱਕ ਤੁਸੀਂ ਪੁੱਜ ਸਕਦੇ ਹੋ। ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਲਾਇਬ੍ਰੇਰੀ ਜਾਣ ਦੀ ਆਦਤ ਪਾਉਣ। ਸਿਰਫ ਸੰਬੰਧੀ ਵਿਸ਼ੇ ਹੀ ਨਾ ਪੜ੍ਹਨ, ਉੱਥੇ ਮਨਚਾਹੀ ਕਿਤਾਬ ਖੋਲ੍ਹ ਕੇ ਬਹੁਤ ਕੁਝ ਹਾਸਿਲ ਕੀਤਾ ਜਾ ਸਕਦਾ ਹੈ। ਪਿੱਛੇ ਜਹੇ ਕਿਸੇ ਵਿਆਹ 'ਤੇ ਕਿਤਾਬਾਂ ਦਾ ਲੰਗਰ ਵੀ ਲਗਾਇਆ ਗਿਆ। ਚੰਗੀ ਪਹਿਲ ਹੈ। ਵਿੱਦਿਆ ਦੇ ਮੰਦਰ ਸਕੂਲ ਹਨ। ਕਈ ਸਮਾਜ ਸੇਵੀਆਂ ਵੱਲੋਂ ਆਪਣੇ ਘਰ ਖ਼ੁਸ਼ੀ-ਗ਼ਮੀ ਦੇ ਮੌਕੇ ਸਕੂਲਾਂ ਨੂੰ ਕਿਤਾਬਾਂ ਦੇਣ ਦੀਆਂ ਖ਼ਬਰਾਂ ਪੜ੍ਹਨ ਨੂੰ ਮਿਲੀਆਂ। ਕਈ ਵਿਦੇਸ਼ਾਂ ਵਿੱਚ ਬੱਸ ਸਟੈਂਡਾਂ 'ਤੇ ਮਿੰਨੀ ਲਾਇਬ੍ਰੇਰੀ ਦਾ ਨਿਰਮਾਣ ਕੀਤਾ ਹੋਇਆ ਹੈ ਕਿ ਜੇ ਇਨਸਾਨ ਨੂੰ ਇੰਤਜ਼ਾਰ ਕਰਨਾ ਪੈ ਜਾਵੇ ਤਾਂ ਉਹ ਆਪਣੇ ਸਮੇਂ ਦੀ ਸੁਚੱਜੀ ਵਰਤੋਂ ਕਰ ਸਕਦਾ ਹੈ। ਸਮਾਂ ਬਹੁਤ ਕੀਮਤੀ ਹੈ, ਪਰ ਲਾਇਬ੍ਰੇਰੀ ਜਾਣ ਦੀ ਰਵਾਇਤ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

—ਸੰਜੀਵ ਸਿੰਘ ਸੈਣੀ
ਮੋਬਾ. 78889-66168

ਪਾਠਕਾਂ ਦੇ ਝਰੋਖੇ 'ਚੋਂ

ਤੂੰ ਮਘਦਾ ਰਹੀਂ ਵੇ ਸੂਰਜਾ

12 ਜੁਲਾਈ ਦੇ 'ਐਤਵਾਰਤਾ' ਵਿਚ ਨੋਇਡਾ ਦੇ ਮਜ਼ਦੂਰ ਅੰਦੋਲਨ ਦੀ ਲੇਖ 'ਤੂੰ ਮਘਦਾ ਰਹੀਂ ਵੇ ਸੂਰਜਾ' ਵਿਚ ਵਿਸਥਾਰਤ ਜਾਣਕਾਰੀ ਮਿਲੀ ।ਇਸ ਲੰਮੇ ਲੇਖ ਵਿਚ ਖੋਜ ਭਰਪੂਰ ਅੰਕੜੇ ਦਿੱਤੇ ਗਏ ਹਨ। ਨੋਇਡਾ ਦੇ ਮਜ਼ਦੂਰਾਂ ਨੂੰ ਵੱਧ ਕੰਮ ਲੈ ਕੇ ਘੱਟ ਉਜਰਤਾਂ ਦੇਣਾ ਸਰਾਸਰ ਧੱਕਾ ਹੈ। ਹੋਰ ਵੀ ਗੈਰ ਸਰਕਾਰੀ ਅਦਾਰਿਆਂ ਵਿਚ ਇਹ ਧੱਕੇਸ਼ਾਹੀ ਆਮ ਵੇਖਣ ਨੂੰ ਮਿਲਦੀ ਹੈ। ਨਿੱਜੀ ਅਦਾਰਿਆਂ ਵਿਚ ਕਾਮਿਆਂ ਦਾ ਸ਼ੋਸ਼ਣ ਆਮ ਕੀਤਾ ਜਾ ਰਿਹਾ ਹੈ। ਮਾਨਯੋਗ ਅਦਾਲਤਾਂ ਵੱਲੋਂ ਨਿਰਧਾਰਤ ਉਜਰਤਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਕਰਕੇ ਕਾਮਿਆਂ ਵਿਚ ਅਸੰਤੁਸ਼ਟੀ ਵੇਖੀ ਜਾਂਦੀ ਹੈ। ਆਜ਼ਾਦੀ ਪਿੱਛੋਂ ਇਹ ਵਰਤਾਰਾ ਆਮ ਵੇਖਿਆ ਜਾ ਰਿਹਾ ਹੈ ।ਪੰਜਾਬ ਵਿਚ ਵੀ ਮੁਲਾਜ਼ਮ ਇਸ ਵੇਲੇ ਮਹਿੰਗਾਈ ਭੱਤਾ ਲੈਣ ਲਈ ਅਦਾਲਤਾਂ ਵਿਚ ਕੇਸ ਲੜ ਰਹੇ ਹਨ ।ਪੰਜਾਬ ਸਰਕਾਰ ਮੁਲਾਜ਼ਮਾਂ ਨੂੰ ਬਣਦਾ ਡੀ ਏ ਨਹੀਂ ਦੇ ਰਹੀ, ਜਿਸ ਕਰਕੇ ਪੰਜਾਬ ਦਾ ਮੁਲਾਜ਼ਮ ਵਰਗ ਇਸ ਵੇਲੇ ਬੇਚੈਨ ਹੈ। ਇਹ ਵਰਤਾਰਾ ਜ਼ਿੰਦਗੀ ਦੀਆਂ ਮੁਢਲੀਆਂ ਜ਼ਰੂਰਤਾਂ ਦਾ ਹੈ, ਜਿਸ ਵੱਲ ਧਿਆਨ ਦੇਣਾ ਸਰਕਾਰਾਂ ਦਾ ਪਹਿਲਾ ਕਦਮ ਹੋਣਾ ਚਾਹੀਦਾ ਹੈ, ਪਰ ਕੌਣ ਸੁਣਦਾ ਹੈ। ਚੋਣਾਂ ਵੇਲੇ ਲੋਕ ਯਾਦ ਆਉਂਦੇ ਹਨ। ਨਵਾਂ ਜ਼ਮਾਨਾ ਨੇ ਸ਼ੁਰੂ ਤੋਂ ਕਿਰਤੀ ਵਰਗ ਦੀ ਆਵਾਜ਼ ਚੁੱਕੀ ਹੈ। ਹਰੀਕ੍ਰਿਸ਼ਨ ਮਾਇਰ ਨੇ ਪ੍ਰੋ. ਯਸ਼ਪਾਲ ਦੀ ਜੀਵਨੀ ਦੇ ਬਹੁਤ ਚੰਗੇ ਤੱਥ ਦਿੱਤੇ ਹਨ।ਯਸ਼ਪਾਲ ਦਾ ਵਿਗਿਆਨਕ ਨਜ਼ਰੀਆ ਮਨੁੱਖਤਾ ਨੂੰ ਵੱਡੀ ਦੇਣ ਹੈ। ਵਿਗਿਆਨਕ ਨਜ਼ਰੀਆ ਇਸ ਸਮੇਂ ਦੀ ਵੱਡੀ ਲੋੜ ਹੈ ।ਪੰਜਾਬ ਤੇ ਹੋਰ ਕਈ ਸੂਬਿਆਂ ਵਿਚ ਅੰਧਵਿਸ਼ਵਾਸ ਬਹੁਤ ਫੈਲਿਆ ਹੋਇਆ ਹੈ। ਪੜ੍ਹਿਆ-ਲਿਖਿਆ ਵਰਗ ਵੀ ਅਖੌਤੀ ਬਾਬਿਆਂ ਦੇ ਪਿੱਛੇ ਲੱਗਾ ਵੇਖਦੇ ਹਾਂ ।ਸੁਖਮਿੰਦਰ ਸੇਖੋਂ ਨੇ ਪਹਿਲੇ ਸਮੇਂ ਦੀਆਂ ਸਾਹਿਤ ਸਭਾਵਾਂ ਦਾ ਜ਼ਿਕਰ ਕੀਤਾ ਹੈ। ਕਿਸੇ ਵੇਲੇ ਅਖ਼ਬਾਰ ਵੀ ਸਾਹਿਤਕ ਰਿਪੋਰਟਾਂ ਆਮ ਛਾਪਦੇ ਰਹੇ ਹਨ।ਨਵਾਂ ਜ਼ਮਾਨਾ ਹਰੇਕ ਸੰਡੇ ਨੂੰ ਸਾਹਿਤਕ ਸਰਗਰਮੀਆਂ ਛਾਪ ਕੇ ਲੇਖਕਾਂ ਨੂੰ ਉਤਸ਼ਾਹਤ ਕਰਦਾ ਆ ਰਿਹਾ ਹੈ। ਪਹਿਲਾ ਸਾਹਿਤ ਸਭਾਵਾਂ ਦਾ ਸ਼ੌਕ ਵੀ ਸੀ।ਨਵੇਂ ਲੇਖਕਾਂ ਲਈ ਸਭਾਵਾਂ ਚਮਤਕਾਰੀ ਕੰਮ ਕਰਦੀਆਂ ਸੀ। ਪੁਰਾਣੇ-ਨਵੇਂ ਲੇਖਕ ਰਲ-ਮਿਲ ਕੇ ਰਚਨਾਵਾਂ ਪੜ੍ਹਦੇ ਸਨ। ਮੈਂ ਖੁਦ ਵੀ ਇਹੋ ਜਿਹੇ ਯਤਨ ਫਾਜ਼ਿਲਕਾ ਵਿਚ ਕਰਦਾ ਰਿਹਾ ਹਾਂ। ਇਸ ਅੰਕ ਵਿੱਚ ਸੁਰਿੰਦਰ ਗੀਤ ਦੀਆਂ ਨਜ਼ਮਾਂ, ਸੁਰਜੀਤ ਸੁਮਨ ਦਾ ਚਿੱਠੀ ਵਾਲਾ ਕਾਲਮ ਤੇ 'ਦ੍ਰਿਸ਼ਟੀਕੋਣ' ਚੰਗੇ ਹਨ।ਸਮਕਾਲੀ ਸਿਆਸਤ ਦੀ ਤਸਵੀਰ ਹਨ।ਡਾ. ਧਰਮਪਾਲ ਸਾਹਿਲ ਦੇ ਨਾਵਲ 'ਜਲਦੂਤ' ਦੀ ਜਾਣਕਾਰੀ ਮਿਲੀ। ਡਾ. ਸੰਦੀਪ ਰਾਣਾ ਨੇ ਕਹਾਣੀ ਕਿਤਾਬ ਸਬੀ ਦੀਆਂ ਸਧਰਾਂ ਦੀਆਂ ਕਹਾਣੀਆਂ ਦੇ ਕਈ ਨਿਵੇਕਲੇ ਪੱਖ ਲਿਖੇ ਹਨ। ਕਿਤਾਬਾਂ 'ਇਕ ਹੋਰ ਰੇਪ ਕੇਸ', 'ਪਾਣੀ ਵਰਗੇ ਰਿਸ਼ਤੇ' ਤੇ 'ਮੈਂ ਮੁੜ ਆਵਾਂਗੀ' ਦੇ ਰੀਵਿਊ ਸ਼ਿੱਦਤ ਨਾਲ ਪੜ੍ਹੇ।ਸਰਗਰਮੀਆਂ ਵਿਚ ਪੰਜਾਬੀ ਸਾਹਿਤ ਅਕਾਦਮੀ ਦਾ ਇਤਿਹਾਸ, ਕਿਤਾਬ ਦਾ ਲੋਕ ਅਰਪਣ, ਸ਼ਮਸੁਲ ਇਸਲਾਮ ਦੀ ਕਿਤਾਬ ਦੀ ਚਰਚਾ, ਪੁਸਤਕ ਬੋਲੀਆਂ ਦਾ ਵਿਮੋਚਨ ਆਦਿ ਪੰਜਾਬ ਦੀ ਸਾਹਿਤਕ ਆਵਾਜ਼ ਹਨ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫ਼ੀ ਨਹੀਂ : ਜਗਰੂਪ, ਕਿਸ਼ਤ-8

ਪੰਜ ਯਾਰ ਲੇਹ ਪਾਰ (ਸਫ਼ਰਨਾਮਾ) : ਪਰਗਟ ਸਿੰਘ ਸਤੌਜ

'ਮੁਰਕੀਆਂ' : ਵਨੀਤਾ (ਫੋਕਸ) ਡਾ. ਗਗਨਦੀਪ ਸਿੰਘ

ਚੋਣਵੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

ਸਮਕਾਲ

---- ਭਗਵੰਤ ਰਸੂਲਪੁਰੀ----

'ਥੀਰਾਜੇਦੂਬਾ ਪੰਜਾਬੀ ਕਥਾਕਾਲ਼' : ਪੰਜਾਬੀ ਕਹਾਣੀਆਂ ਮਲਿਆਲਮ 'ਚ

ਮਲਿਆਲਮ ਵਿਚ ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਛਪਿਆ ਹੈ 'ਥੀਰਜੇਦੂਬਾ ਪੰਜਾਬੀ ਕਥਾਕਾਲ਼' (ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ) ਨਾਂ ਹੇਠ। ਇਸ ਵਿਚ 14 ਕਹਾਣੀਆਂ ਹਨ: ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਰਾਮ ਸਰੂਪ ਅਣਖੀ, ਬਲਬੀਰ ਪਰਵਾਨਾ, ਦਰਸ਼ਨ ਜੋਗਾ, ਤ੍ਰਿਪਤਾ ਕੇ. ਸਿੰਘ, ਗੁਰਮੀਤ ਕੜਿਆਲਵੀ, ਸਰਘੀ, ਜਤਿੰਦਰ ਸਿੰਘ ਹਾਂਸ, ਸਿਮਰਨ ਧਾਲੀਵਾਲ, ਹਰੀਸ਼, ਅਮਰਜੀਤ ਸਿੰਘ ਮਾਨ ਤੇ ਰੇਮਨ ਦੀਆਂ। ਬੈਕ-ਟਾਈਟਲ 'ਤੇ ਸ਼ਾਮਲ ਕਹਾਣੀਕਾਰਾਂ ਦੀ ਸੂਚੀ ਛਪੀ ਹੈ ਤੇ ਹੇਠਾਂ ਪ੍ਰਕਾਸ਼ਕੀ ਟਿਪਣੀ। ਅਨੁਵਾਦਕ ਅਨੁਸਾਰ, 'ਪੰਜਾਬ ਦੇ ਨਿੱਘ ਤੇ ਇਸ਼ਕ ਨਾਲ ਭਰੀਆਂ ਕਹਾਣੀਆਂ। ਇਹ ਕਿਤਾਬ ਪੇਂਡੂ ਜੀਵਨ ਨੂੰ ਦਰਸਾਉਂਦੀ ਹੈ ਜੋ ਇਕੱਠੇ ਰਹਿਣ ਦੀਆਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਪਿੱਛਾ ਕਰਦਾ ਹੈ ਅਤੇ ਖੋਖਲੇਪਣ ਨਾਲ ਭਰੇ ਸ਼ਹਿਰੀ ਜੀਵਨ ਨੂੰ ਵੀ। ਚੌਦਾਂ ਕਹਾਣੀਆਂ ਦਾ ਇਹ ਸੰਗ੍ਰਹਿ ਪੰਜਾਬ ਦੇ ਵੱਖਰੇ ਸਭਿਆਚਾਰ ਅਤੇ ਮਨੁੱਖੀ ਰਿਸ਼ਤਿਆਂ ਵਿਚਲੇ ਗੁੰਝਲਦਾਰ ਤਾਣੇ-ਬਾਣੇ ਨੂੰ ਉਜਾਗਰ ਕਰਦਾ ਪੰਜਾਬੀ ਸਾਹਿਤ ਦੀਆਂ ਸਭ ਤੋਂ ਵਧੀਆ ਕਹਾਣੀਆਂ ਦਾ ਸੰਗ੍ਰਹਿ ਹੈ'। ਇਸ ਸੰਗ੍ਰਹਿ ਦੇ ਹੋਂਦ 'ਚ ਆਉਣ ਦੀ ਪ੍ਰਕਿਰਿਆ ਬਾਰੇ ਇਸਦੇ ਪੰਜਾਬੀ ਸੰਪਾਦਕ ਡਾ. ਕ੍ਰਾਂਤੀਪਾਲ ਨੇ ਦੱਸਿਆ, "2022 'ਚ ਮਾਤਰਭੂਮੀ ਪ੍ਰਕਾਸ਼ਨ ਲਈ 25 ਕਹਾਣੀਆਂ ਹਿੰਦੀ 'ਚ ਤਿਆਰ ਕਰਕੇ ਦੇ ਦਿੱਤੀਆਂ। 2023 'ਚ ਉਹਨਾਂ ਨੇ ਇਕ ਅਨੁਵਾਦ ਦੀ ਸੰਸਥਾ ਦੇ 25 ਮੈਂਬਰਾਂ ਨੂੰ ਮਲਿਆਲਮ ਭਾਸ਼ਾ 'ਚ ਅਨੁਵਾਦ ਕਰਨ ਲਈ ਦੇ ਦਿੱਤੀਆਂ ਗਈਆਂ। 2024 ਵਿਚ ਉਹਨਾਂ ਨੇ ਇਸਦੇ ਪੰਜਾਬੀ ਸੰਪਾਦਕ ਮੈਨੂੰ ਅਤੇ ਮਲਿਆਲਮ ਸੰਪਾਦਕ ਡਾ. ਸਤੀਸ਼ਨ ਨੂੰ ਕੇਰਲਾ ਵਿਖੇ ਹਫ਼ਤੇ ਲਈ ਬੁਲਾ ਕੇ ਅਨੁਵਾਦਕਾਂ ਨਾਲ ਇਕ ਵਰਕਸ਼ਾਪ ਇਹਨਾਂ ਕਹਾਣੀਆਂ ਸੰਬੰਧੀ ਕਰਵਾਈ। ਸਾਰੀਆਂ ਕਹਾਣੀਆਂ ਸੈਟ ਕਰਵਾ ਕੇ ਪਬਲਿਸ਼ਰ ਦੇ ਹਵਾਲੇ ਕਰ ਦਿੱਤੀਆਂ। 2025 'ਚ ਉਹਨਾਂ ਨੇ ਆਪਣੇ ਪੱਧਰ 'ਤੇ ਇਸ ਕਿਤਾਬ ਦਾ ਰੀਵੀਊ ਕਰਵਾਇਆ ਤੇ ਉਹਨਾਂ ਵਿਦਵਾਨ ਸਾਹਿਬਾਨਾਂ ਨੇ 25 ਵਿਚੋਂ 14 ਕਹਾਣੀਆਂ ਛਾਪਣ ਦੀ ਸਿਫਾਰਸ਼ ਕੀਤੀ। "ਹੁਣ ਉਹਨਾਂ 14 ਕਹਾਣੀਆਂ ਦੀ ਕਿਤਾਬ ਛਪੀ ਹੈ।" ਅਜਿਹੀ ਪ੍ਰਕਿਰਿਆ 'ਚੋਂ ਨਿਕਲ ਕੇ ਜਿਹੜੀਆਂ ਕਹਾਣੀਆਂ ਆਈਆਂ, ਕਹਾਣੀ ਸ਼ੁਰੂ ਹੋਣ ਤੋਂ ਪਹਿਲਾਂ ਲੇਖਕ ਬਾਰੇ ਸੰਖੇਪ ਜਾਣਕਾਰੀ ਹੈ, ਉਸਦੇ ਰਚਨਾ ਸੰਸਾਰ ਬਾਰੇ ਵੀ ਤੇ ਸੰਬੰਧਿਤ ਕਹਾਣੀ ਬਾਰੇ ਵੀ। ਉਸਦੀ ਜਨਮ ਮਿਤੀ ਸਮੇਤ। ਮਲਿਆਲਮ ਦੇ ਵੱਡੇ ਪ੍ਰਕਾਸ਼ਨ ਅਦਾਰੇ ਮਾਤਰਭੂਮੀ ਬੁੱਕਸ ਨੇ ਵਧੀਆ ਗੈਟਅਪ ਨਾਲ ਛਾਪੀ ਹੈ। (ਥੀਰਾਜੇਦੂਬਾ ਪੰਜਾਬੀ ਕਥਾਕਾਲ਼, ਚੋਣਵੀਆਂ 14 ਪੰਜਾਬੀ ਕਹਾਣੀਆਂ), ਸਫੇ 142, ਮੁੱਲ: 190 ਰੁਪਏ, ਮਾਤਰਭੂਮੀ ਬੁਕਸ, ਅਨਾਤੱਕਾਰਾ, ਸੰਪਾਦਕ: ਡਾ. ਕ੍ਰਾਂਤੀਪਾਲ, ਸਤੀਸਨ।

ਉਡਾਣ : ਜੁਲਾਈ-ਸਤੰਬਰ,2026

ਵਿਗਿਆਨ ਗਲਪ ਦੇ ਮੈਗਜ਼ੀਨ ਵਜੋਂ ਆਪਣੀ ਪਛਾਣ ਬਣਾਉਣ ਵਾਲੇ 'ਉਡਾਣ' ਦਾ ਨਵਾਂ ਅੰਕ ਪਾਠਕਾਂ ਦੇ ਪੜ੍ਹਨ ਨੂੰ ਪੁੱਜ ਗਿਆ ਹੈ। ਵਿਗਿਆਨ ਨੂੰ ਅਧਾਰ ਬਣਾ ਕੇ ਹਰ ਅੰਕ ਤਿਆਰ ਕੀਤਾ ਜਾਂਦਾ ਹੈ। ਹੱਥਲੇ ਅੰਕ ਵਿੱਚ ਅਮਨਦੀਪ ਸਿੰਘ ਨੇ 'ਸਾਂਝੀਵਾਲਤਾ ਦਾ ਸੁਨੇਹਾ' ਦਿੰਦੀ ਸੰਪਾਦਕੀ ਲਿਖੀ ਹੈ। ਕਹਾਣੀਆਂ 'ਚ ਡਾ. ਦੇਵਿੰਦਰ ਪਾਲ ਸਿੰਘ (ਸੇਪਿਅਨਜ਼-ਇੱਕ ਪਰਜੀਵੀ ਦਾ ਮਰਸੀਆ), ਅਜਮੇਰ ਸਿੱਧੂ (ਖੂਹ ਗਿੜਦਾ ਹੈ), ਡਾ. ਗੁਰਪ੍ਰੀਤ ਕੌਰ (ਮੈਂ ਤਰੱਕੀ ਨਹੀਂ ਹਾਂ-ਰੇਡੀਆ ਦੀ ਕਹਾਣੀ) ਆਦਿ ਤਿੰਨ ਵਿਗਿਆਨ ਦੀਆਂ ਗੱਲਾਂ ਨੂੰ ਉਭਾਰਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਅੱਗੇ ਅਮਨਦੀਪ ਸਿੰਘ ਦਾ ਲਿਖਿਆ ਲੜੀਵਾਰ ਨਾਵਲ 'ਸਿਤਾਰਿਆ ਤੋਂ ਅੱਗੇ' ਦੀ ਆਖਰੀ ਕਿਸ਼ਤ ਛਪੀ ਹੈ। ਗੁਰਚਰਨ ਕੌਰ ਥਿੰਦ ਦਾ ਲੜੀਵਾਰ ਨਾਵਲ 'ਮਿਸ਼ਨ ਰੈੱਡ ਸਟਾਰ' ਦੀ ਕਿਸ਼ਤ ਵੀ ਪੜ੍ਹਨ ਨੂੰ ਮਿਲ ਜਾਂਦੀ ਹੈ। ਇੰਜ. ਈਸ਼ਰ ਸਿੰਘ ਦਾ 'ਏ. ਆਈ. ਦੇ ਯੁੱਗ ਵਿੱਚ ਮਾਣਯੋਗ ਪੋਪ ਦਾ ਮਨੁੱਖਤਾ ਦੇ ਹੱਕ ਵਿੱਚ ਫੁਰਮਾਨ' ਸਿਰਲੇਖ ਹੇਠ ਖੋਜ ਨਿਬੰਧ ਹੈ ਅਤੇ 'ਨਵਿਆਉਣਯੋਗ ਊਰਜਾ ਅਤੇ ਊਰਜਾ ਸੰਗ੍ਰਹਿ ਹਰਿਆਲੇ ਭਵਿੱਖ ਦੀ ਨਵੀਂ ਦਿਸ਼ਾ' (ਡਾ. ਪ੍ਰੀਤ ਕੌਰ), 'ਵਾਤਾਵਰਣ ਸੁਰੱਖਿਆ ਭਾਰਤੀ ਪਿੰਡ ਜੋ ਮਿਸਾਲ ਬਣੇ' (ਹਰੀ ਕ੍ਰਿਸ਼ਨ ਮਾਇਰ), 'ਬ੍ਰਹਿਸਪਤੀ ਦੇ ਚੰਦਰਮਾ ਯੂਰੋਪਾ ਤੇ ਜੀਵਨ ਦੀ ਹੋਂਦ ਦੀ ਸੰਭਾਵਨਾ' (ਅਮਨਦੀਪ ਸਿੰਘ) ਲੇਖ ਜਾਣਕਾਰੀ ਭਰਪੂਰ ਤੇ ਵਿਗਿਆਨਿਕ ਦ੍ਰਿਸ਼ਟੀ ਉਸਾਰਨ ਵਾਲੇ ਹਨ। ਬੱਚਿਆਂ ਲਈ 'ਕੁਦਰਤ ਨਾਲ ਮੁਲਾਕਾਤ' (ਡਾ. ਦੇਵਿੰਦਰ ਪਾਲ ਸਿੰਘ), ਤੇਜ਼ਾਬ ਅਤੇ ਖਾਰ (ਸੁਰਿੰਦਰਪਾਲ ਸਿੰਘ), ਇਕ ਸਵਾਲ (ਸਹਿਜਪ੍ਰੀਤ ਕੌਰ) ਰਚਨਾਵਾਂ ਵੀ ਪ੍ਰਕਾਸ਼ਤ ਕੀਤੀਆਂ ਹਨ। 'ਕੈਨੇਡਾ ਦੀ ਸੈਰ' ਕਹਾਣੀ ਸੰਗ੍ਰਹਿ ਦਾ ਰੀਵਿਊ ਤੇ ਅੰਤ ਵਿੱਚ ਵਿਗਿਆਨ ਦੀਆਂ ਤਾਜਾ ਖਬਰਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। 'ਉਡਾਣ' ਯੂ. ਐਸ. ਏ. ਤੋਂ ਤਿਆਰ ਕੀਤਾ ਜਾਂਦਾ ਹੈ। ਪਾਠਕ ਇਸ ਦੀ ਪ੍ਰਿੰਟ ਕਾਪੀ ਵੈੱਬਸਾਈਟ : udaanpunjabi.com ਤੇ ਆਰਡਰ ਕਰ ਸਕਦੇ ਸਨ। ਉਡਾਨ ਦੇ ਸੰਪਾਦਕ ਅਮਨਦੀਪ ਸਿੰਘ ਹਨ।

ਏਕਮ : ਸਵਰਨਜੀਤ ਸਵੀ ਦੀਆਂ ਕਵਿਤਾਵਾਂ

ਏਕਮ ਦਾ ਨਵਾਂ ਅੰਕ ਜੁਲਾਈ-ਸਤੰਬਰ,2026 ਛਪ ਗਿਆ ਹੈ। ਹੱਥਲੇ ਅੰਕ ਵਿੱਚ ਪ੍ਰਸਿੱਧ ਸ਼ਾਇਰ ਸਵਰਨਜੀਤ ਸਵੀ ਨੂੰ ਵਿਸ਼ੇਸ਼ ਸ਼ਾਇਰ ਵੱਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਅਰਤਿੰਦਰ ਸੰਧੂ ਨੇ ਸੰਪਾਦਕੀ 'ਪੰਜਾਬ ਦੇ ਲੋਕਾਂ ਦੇ ਸੁਭਾਅ ਵਿੱਚ ਤਬਦੀਲੀ' ਤੇ ਲਿਖੀ ਹੈ। ਕਹਾਣੀ ਭਾਗ ਵਿੱਚ ਜਸਬੀਰ ਭੁੱਲਰ (ਪੜਾਵੇ), ਸੁਰਿੰਦਰ ਸਿੰਘ ਓਬਰਾਏ (ਫਿਊਜ਼ ਹੋਇਆ ਬਲਬ), ਨਕਸ਼ਦੀਪ ਪੰਜਕੋਹਾ (ਮਕਸਦ), ਗੁਰਮੇਲ ਬੀਰੋਕੇ (ਅੱਧ ਵਿਆਹੀ), ਨੇਚਰਦੀਪ ਕਾਹਲੋਂ (ਦਾਜ ਵਾਲਾ ਅਟੈਚੀ), ਗੁਰਮੀਤ ਸਿੰਘ ਮਰਾੜ੍ਹ (ਤੁਰਦੀਆਂ ਲਾਸ਼ਾਂ), ਤਰਸੇਮ ਸਿੰਘ ਭੰਗੂ (ਜਿਸੁ ਪਿਆਰੇ ਸਿਉ ਨੇਹੁ) ਬੰਦਨਾ ਰਾਗ (ਬੁੜੇ ਦੀ ਖੁਜਲੀ, ਅਨੁ. ਸੁਰਿੰਦਰ ਰਾਮਪੁਰੀ) ਆਦਿ ਅੱਠ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸੁਖਮਿੰਦਰ ਸੇਖੋਂ ਦੀ ਮਿੰਨੀ ਕਹਾਣੀ ਹੈ। ਭੁੱਲਰ, ਬੀਰੋਕੇ ਤੇ ਨਕਸ਼ਦੀਪ ਦੀਆਂ ਕਹਾਣੀਆਂ ਨੇ ਆਪਣਾ ਮਿਆਰ ਕਾਇਮ ਰੱਖਿਆ ਹੈ। ਕਵਿਤਾ ਤਹਿਤ ਦਿਲ ਨਿੱਜਰ, ਹਰਜੀਤ ਕੌਰ, ਰਜਿੰਦਰ ਸਿੰਘ ਰਾਜਨ, ਰਜਿੰਦਰ ਰੂਹੀ, ਸੁਖਪਾਲ, ਕੁਲਵਿੰਦਰ ਸਿੰਘ ਬਾਠ, ਮੋਹਨ ਤਿਆਗੀ, ਨਰਿੰਦਰ ਕੁਮਾਰ, ਸੁਖਪਾਲ ਕੌਰ ਸਮਰਾਲਾ, ਰਾਜਵੰਤ ਕੌਰ, ਜਸਵਿੰਦਰ ਦੂਹੜਾ, ਰਾਜ਼ ਗੁਰਦਾਸਪੁਰੀ, ਸੰਨੀ ਧਾਲੀਵਾਲ, ਲਖਵਿੰਦਰ ਸਿੰਘ ਬਾਜਵਾ, ਕੇਸਰ ਕਰਮਜੀਤ ਤੇ ਸਰਿਤਾ ਤੇਜੀ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਪ੍ਰਕਾਸ਼ਤ ਹੋਏ ਹਨ। ਨਾਹਰ ਸਿੰਘ ਔਜਲਾ ਨੇ ਆਪਣੇ ਲੇਖ 'ਕੈਨੇਡਾ ਰਹਿੰਦੇ ਇੰਟਰਨੈਸ਼ਨਲ ਸਟੂਡੈਂਟਸ ਨੂੰ ਪੇਸ਼ ਆਉਂਦੀਆਂ ਦੁਸ਼ਵਾਰੀਆਂ 'ਤੇ ਇਕ ਝਾਤ' ਲੇਖ ਵਿੱਚ ਮਹੱਤਪੂਰਨ ਮੁੱਦਾ ਉਭਾਰਿਆ ਹੈ। ਜੋਗੇ ਭੰਗਲ ਦੀ ਇਕ ਯਾਦ 'ਹੀਰੋ ਕਹਾਂ ਕਿ ਜ਼ੀਰੋ' ਅਤੇ ਸੁਰਿੰਦਰ ਸਿੰਘ ਤੇਜ ਦਾ ਲੇਖ 'ਧਰਤੀ ਦੀ ਛੱਤ 'ਤੇ ਲੁਕਿਆ ਰਹੱਸਮਈ ਸੰਸਾਰ' ਵੀ ਪੜ੍ਹੇ ਜਾਣ ਵਾਲੇ ਲੇਖ ਹਨ। ਡਾ. ਬਲਜੀਤ ਕੌਰ ਰਿਆੜ -ਹਰਪ੍ਰੀਤ ਕੁਮਾਰ ਦਾ ਲੇਖ ਸੂਰਜ ਦੀ ਧੀ ਨਾਰੀ ਸੰਕਟ ਦੀ ਤ੍ਰਾਸਦਿਕ ਗਾਥਾ' ਵਿੱਚ ਪੰਜਕੋਹਾ ਦੇ ਨਾਵਲ ਦਾ ਨਿੱਠ ਕੇ ਵਿਸ਼ਲੇਸ਼ਣ ਕੀਤਾ ਹੈ। ਅੰਤ ਵਿੱਚ ਪੁਸਤਕ ਚਰਚਾ ਤਹਿਤ ਕੁਝ ਕਿਤਾਬਾਂ ਦੀ ਰੀਵਿਊ ਹਨ। ਪਰਚੇ ਦੇ ਸਰਵਰਕ ਉੱਤੇ 'ਮੰਥ ਆਫ ਜਨਵਰੀ' ਸਿਰਲੇਖ ਹੇਠ ਅਵਤਾਰ ਸਿੰਘ ਦੀ ਤਸਵੀਰ ਛਾਪੀ ਗਈ ਹੈ। ਏਕਮ ਦੇ ਸੰਪਾਦਕ ਅਰਤਿੰਦਰ ਸੰਧੂ (98153-02081) ਹਨ। ਪਰਚੇ ਦਾ ਮੁੱਲ: 100 ਰੁਪਏ ਤੇ ਸਫ਼ੇ : 80 ਹਨ। ਰਚਨਾਵਾਂ ਭੇਜਣ ਲਈ : e-mail: sandhuartinder89@gmail.com

ਪੰਖੜੀਆਂ : ਜੁਲਾਈ, 2026

ਮਾਸਿਕ 'ਪੰਖੜੀਆਂ' ਦੇ ਹੱਥਲੇ ਅੰਕ ਦੀ ਸੰਪਾਦਕੀ ਵਿੱਚ ਸੰਪਾਦਕ ਪਰਮਿੰਦਰ ਕੌਰ ਨੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਨਾ ਦਿੱਤੀ ਗਈ ਹੈ। ਰਸਾਲੇ ਵਿੱਚ ਮੁੱਖ ਤੌਰ ਤੇ ਬੱਚਿਆਂ ਦੇ ਸੁਹਜ ਸੁਵਾਦ ਲਈ ਲੇਖ ਵਧੇਰੇ ਗਿਣਤੀ ਵਿੱਚ ਛਪੇ ਜਾਂਦੇ ਹਨ। ਹੱਥਲੇ ਅੰਕ ਵਿੱਚ ਹਰਨੇਕ ਸਿੰਘ ਕਲੇਰ, ਕੁਲਦੀਪ ਸਿੰਘ, ਬਲਜੀਤ ਸ਼ਰਮਾ, ਜੋਤੀ ਮਿੱਤਲ, ਮਾਸਟਰ ਸੰਜੀਵ ਧਰਮਾਣੀ, ਬਲਜਿੰਦਰ ਮਾਨ, ਕੁਲਵੰਤ ਸਿੰਘ ਢੰਡ, ਮਨਦੀਪ ਸਿੰਘ ਸੁਨਾਮ ਤੇ ਸਰਲਾ ਭਟਨਾਗਰ ਦੇ ਜਾਣਕਾਰੀ ਭਰਪੂਰ ਲੇਖ ਪ੍ਰਕਾਸ਼ਤ ਹੋਏ ਹਨ। ਕਹਾਣੀਆਂ ਵਿੱਚ ਚਲਾਨ (ਨਵ ਸੰਗੀਤ ਸਿੰਘ), ਸਿੱਖਿਆ ਦਾ ਬਦਲਦਾ ਚਿਹਰਾ (ਜਸਵਿੰਦਰ ਪਾਲ ਸ਼ਰਮਾ), ਦਾਦੇ ਪੋਤੇ ਦੀ ਯਾਰੀ (ਤਰਸੇਮ ਸਿੰਘ ਭੰਗੂ) ਵੀ ਪੜ੍ਹਨ ਨੂੰ ਮਿਲਦੀਆਂ ਹਨ। ਇਸ ਤੋਂ ਇਲਾਵਾ ਕੁਝ ਕਵਿਤਾਵਾਂ ਤੇ ਹੋਰ ਫੁਟਕਲ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਰਸਾਲਾ ਰੰਗੀਨ ਅਤੇ ਖਿੱਚ ਭਰਪੂਰ ਹੈ।



ਇਸ ਅੰਕ ਦੇ ਸਫ਼ੇ : 40, ਮੁੱਲ: 20 ਰੁਪਏ ਹੈ। 'ਪੰਖੜੀਆਂ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395. ਪਤਾ-ਸੰਪਾਦਕ ਪੰਖੜੀਆਂ , ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੁਹਾਲੀ-2, ਸੰਪਰਕ-0172-5227395, ਰਚਨਾਵਾਂ ਭੇਜਣ ਲਈ email: pankhrianpseb@gmail.com

ਰਾਜ਼ ਗੁਰਦਾਸਪੁਰੀ ਦੀਆਂ ਗ਼ਜ਼ਲਾਂ

ਤੇਰੇ ਬਗੈਰ ਘਰ ਦਾ ਵਿਹੜਾ ਨਿਰਾਸ਼ ਲੱਗੇ।
ਫੁੱਲਾਂ ਦੀ ਮਹਿਕ ਫਿੱਕੀ ਹਰ ਜੀਅ ਉਦਾਸ ਲੱਗੇ।

ਹਰ ਚੀਜ਼ ਵੇਚ ਦਿੱਤੀ ਛੱਡਿਆ ਨ ਘਰ 'ਚ ਕੁਝ ਵੀ,
ਬੱਚਿਆਂ ਦਾ ਭੁੱਖੇ ਸੌਣਾ ਤੈਨੂੰ ਵਿਕਾਸ ਲੱਗੇ।

ਦਿਲ ਵਿਚ ਹੈ ਯਾਦ ਤੇਰੀ ਅੱਖਾਂ 'ਚ ਭੋਲੀ ਸੂਰਤ,
ਬੇਸ਼ੱਕ ਹੈ ਦੂਰ ਬੈਠਾ ਉਹ ਆਸ ਪਾਸ ਲੱਗੇ।

ਜਿਹੜੇ ਵੀ ਸ਼ਖਸ ਉਤੇ ਕੀਤਾ ਬੜਾ ਭਰੋਸਾ,
ਜੇਕਰ ਉਹ ਜ਼ਹਿਰ ਦੇਵੇ, ਉਹ ਵੀ ਮਿਠਾਸ ਲੱਗੇ।

ਉਸ ਦੀ ਕਦੋਂ ਹੈ ਹੋਣੀ ਕਿਰਪਾ ਗਰੀਬ ਉਤੇ,
ਉਲਝੀ ਇਹ ਜ਼ਿੰਦਗਾਨੀ ਆਉਂਦੀ ਨ ਰਾਸ ਲੱਗੇ।

ਹਰ ਚੀਜ਼ ਠੱਪ ਪਈ ਹੈ ਰੋਟੀ ਤੋਂ ਲੋਕ ਆਤਰ,
ਨਾ ਹੀ ਸਕੂਲ ਖੁੱਲ੍ਹੇ ਨਾ ਹੀ ਕਲਾਸ ਲੱਗੇ।

ਧੜਕਣ 'ਚ 'ਰਾਜ਼' ਤੂੰ ਹੀ ਦਿਨ ਰਾਤ ਧੜਕਦਾ ਹੈਂ
ਮੇਰੇ ਹੀ ਦਿਲ 'ਚ ਹੋਇਆ ਤੇਰਾ ਨਿਵਾਸ ਲੱਗੇ।

(2)

ਤੁਰਦੇ ਤੁਰਦੇ ਥੱਕ ਗਿਆ ਹਾਂ।
ਪਰ ਮੈਂ ਮੰਜ਼ਲ ਤੱਕ ਗਿਆ ਹਾਂ।

ਅਸਰ ਜ਼ਰਾ ਵੀ ਹੁੰਦਾ ਨਈਂ ਏ,
ਜ਼ਹਿਰ ਵੀ ਸਾਰਾ ਫੱਕ ਗਿਆ ਹਾਂ।

ਤੇਰੀ ਰਹਿਮਤ ਡੁੱਲ੍ਹ ਨਾ ਜਾਵੇ,
ਭਰ ਵੀ ਨੱਕੋ ਨੱਕ ਗਿਆ ਹਾਂ।

ਹੱਕ ਕਿਸੇ ਦਾ ਖੋਇਆ ਨਈਂ ਮੈਂ,
ਲੈ ਕੇ ਅਪਨਾ ਹੱਕ ਗਿਆ ਹਾਂ।

ਤੇਰੇ ਹੱਥ ਵਿਚ ਜੀਵਨ ਮੇਰਾ,
ਜੋ ਦਿੱਤਾ ਮੈਂ ਛੱਕ ਗਿਆ ਹਾਂ।

ਵੇਖ ਕੇ ਤੇਰਾ ਨੂਰੀ ਚਿਹਰਾ,
ਤੇਰੇ ਕੋਲੋਂ ਝੁੱਕ ਗਿਆ ਹਾਂ।

ਪੈਲ 'ਚ ਪਾ ਕੇ ਰੱਖਿਆ ਉਸ ਨੇ,
ਟੁੱਟ ਕੇ ਵੀ ਤਾਂ ਪੱਕ ਗਿਆ ਹਾਂ।

ਮਾਫ ਕਰੀਂ ਐ ਮੌਲਾ ਮੈਨੂੰ,
ਕੀ ਕੀ ਮੂੰਹੋਂ ਬੱਕ ਗਿਆ ਹਾਂ।

ਤੱਕ ਤੱਕ ਤੈਨੂੰ ਦਿਲ ਨਈਂ ਭਰਦਾ,
ਤੱਕਦਾ ਤੱਕਦਾ ਥੱਕ ਗਿਆ ਹਾਂ।

ਹਾਸਿਲ ਕੁਝ ਨਾ ਹੋਇਆ ਮੈਨੂੰ,
ਮੈਂ ਉਸ ਦੇ ਘਰ ਤੱਕ ਗਿਆ ਹਾਂ।

'ਰਾਜ਼' ਨਾ ਮੰਨੇ ਇਕ ਵੀ ਮੇਰੀ,
ਤਰਲੇ ਕਰ ਕਰ ਅੱਕ ਗਿਆ ਹਾਂ।

(3)

ਨਦੀਆਂ ਨਾਲੇ ਕਾਲ ਬਣੇ ਬਰਸਾਤਾਂ ਵਿੱਚ।
ਸਭ ਦਾ ਮੰਦਾ ਹਾਲ ਬਣੇ ਬਰਸਾਤਾਂ ਵਿੱਚ।

ਕੌਣ ਖਰੀਦੇ ਸਬਜ਼ੀ ਮਹਿੰਗੇ ਰੇਟਾਂ 'ਤੇ,
ਨਿੱਤ ਮਸਰਾਂ ਦੀ ਦਾਲ ਬਣੇ ਬਰਸਾਤਾਂ ਵਿੱਚ।

ਕਾਲੇ ਬੱਦਲ ਵਰ੍ਹ ਵਰ੍ਹ ਢਾਹੁੰਦੇ ਕਹਿਰ ਬੜਾ,
ਜ਼ੁਲਫ ਤੇਰੀ ਜ਼ੰਜਾਲ ਬਣੇ ਬਰਸਾਤਾਂ ਵਿੱਚ।

ਚਾਰੇ ਪਾਸੇ ਪਾਣੀ ਛੱਲਦਾ ਲੋਕਾਂ ਨੂੰ,
ਸਾਗਰ ਵਰਗੇ ਖਾਲ ਬਣੇ ਬਰਸਾਤਾਂ ਵਿੱਚ।

ਨਵੇਂ ਉਸਾਰੇ ਪੁਲ ਤੇ ਸੜਕਾਂ ਰੁੜ੍ਹ ਗਈਆਂ,
ਇਹ ਵੀ ਕੰਮ ਪੜਤਾਲ ਬਣੇ ਬਰਸਾਤਾਂ ਵਿੱਚ।

ਫੋਟੋ ਹੀ ਖਿਚਵਾਉਂਦੇ ਲੀਡਰ, ਪਰ ਲੋਕੀਂ
ਇਕ ਦੂਜੇ ਦੀ ਢਾਲ ਬਣੇ ਬਰਸਾਤਾਂ ਵਿੱਚ।

ਜੀਵਨ ਲਈ ਜੋ ਅਮ੍ਰਿਤ ਹੈ, ਉਹ ਪਾਣੀ ਦਾ,
ਰੂਪ ਬੜਾ ਵਿਕਰਾਲ ਬਣੇ ਬਰਸਾਤਾਂ ਵਿੱਚ।

ਜੋ ਵੀ ਅੱਗੇ ਆਇਆ ਨਾਸ ਕਰੇ ਉਸ ਦਾ,
ਫਟ ਕੇ ਬੱਦਲ ਲਾਲ ਬਣੇ ਬਰਸਾਤਾਂ ਵਿੱਚ।

'ਰਾਜ਼' ਮਚਾਵੇ ਸ਼ੋਰ ਤਾਂ ਪਾੜੇ ਕੰਨਾਂ ਨੂੰ,
ਪਾਣੀ ਜੇ ਬੇਤਾਲ ਬਣੇ ਬਰਸਾਤਾਂ ਵਿੱਚ।

(4)

ਮਹਿਸੂਸ ਦਰਦ ਕਰਦੀ ਹੈ ਕਾਇਨਾਤ ਵੇਖੋ।
ਸ਼ਬਨਮ ਦੇ ਅਸ਼ਕ ਕੇਰੇ ਰੋਂਦੀ ਇਹ ਰਾਤ ਵੇਖੋ।

ਹਰ ਇਕ ਜਗ੍ਹਾ 'ਤੇ ਚੱਲਦਾ ਹੈ ਪਕਸ਼ਪਾਤ ਵੇਖੋ,
ਦੇਣੀ ਸਜ਼ਾ ਜੇ ਹੋਵੇ ਪੁੱਛਦੇ ਨੇ ਜਾਤ ਵੇਖੋ।

ਦੋਹਾਂ ਦਾ ਪਿਆਰ ਡਾਢਾ ਮਿਲ ਕੇ ਸਜ਼ਾ ਨੇ ਪਾਉਂਦੇ,
ਆਟੇ ਨੂੰ ਪੈਣ ਹੁੱਝਾਂ ਰੋਵੇ ਪਰਾਤ ਵੇਖੋ।

ਐਸਾ ਨਿਜ਼ਾਮ ਬਣ 'ਜੇ ਮੇਰੇ ਪੰਜਾਬ ਅੰਦਰ,
ਹੋਵੇ ਗਰਾਂ 'ਚ ਮਾੜੀ ਨਾ ਵਾਰਦਾਤ ਵੇਖੋ।

ਆਪਸ ਦੇ ਵਿਚ ਲੜਾਉਂਦੇ ਅਣਪੜ੍ਹ ਗਵਾਰ ਨੇਤਾ,
ਭਾਰਤ ਦੇ ਲੋਕ ਚਾਹੁੰਦੇ ਇਕ ਹੀ ਜਮਾਤ ਵੇਖੋ।

ਹੋਵੇ ਕਵੀ ਨਾ ਨਿਰਧਨ ਰੱਬਾ ਖਿਆਲ ਰੱਖੀਂ,
ਟੁੱਟੀ ਹੈ ਕਲਮ ਮੇਰੀ ਖਾਲੀ ਦਵਾਤ ਵੇਖੋ।

ਖਿੜਕੀ 'ਚ 'ਰਾਜ਼' ਬੈਠਾ ਪਰਦਾ ਲਗਾ ਕੇ ਦਿਲਬਰ,
ਤੜਫਾਂ ਮੈਂ ਕੋਲ ਉਸ ਦੇ ਮਾਰੇ ਨਾ ਝਾਤ ਵੇਖੋ।

ਸੰਪਰਕ : 75089-13308

ਮਨ ਵਿਚ ਬੈਠਾ ਦਿਲਜੀਤ ਦੁਸਾਂਝ

ਨਿੰਦਰ ਘੁਗਿਆਣਵੀ

ਦੁਖਦਾ ਪੰਨਾ-8

ਜਿਸ ਦਿਨ ਦਿਲਜੀਤ ਦੁਸਾਂਝ ਪ੍ਰਧਾਨ ਮੰਤਰੀ ਨੂੰ ਮਿਲਣ ਗਿਆ ਸੀ, ਬਹੁਤ ਸਾਰੇ ਸਿੱਖ ਉਸ ਨੂੰ ਗਾਲ੍ਹਾਂ ਕੱਢ ਰਹੇ ਸਨ ਤੇ ਉਹੀ ਸਿੱਖ ਅੱਜ ਉਸ ਨੂੰ ਜਸਵੰਤ ਸਿੰਘ ਖਾਲੜਾ ਦੇ ਰੋਲ ਵਿੱਚ ਦੇਖ ਕੇ ਉਸ ਦੀ 'ਬੱਲੇ-ਬੱਲੇ' ਕਰ ਰਹੇ ਸਨ। ਇਹ ਸਭ ਵੇਖ ਸੁਣ ਕੇ ਸੋਚਦਾ ਹਾਂ ਕਿ ਅਸੀਂ ਕਿਥੇ ਖਲੋਤੇ ਹਾਂ? ਕੀ ਬਣੇਗਾ ਸਾਡਾ?

* * *

ਇਹ ਗੱਲ 2005 ਦੀ ਹੈ, ਲਗਭਗ 21 ਸਾਲ ਹੋ ਗਏ ਹਨ। ਮੇਰੀ ਜੀਵਨੀ ਕਿਤਾਬ ਉਤੇ ਲਘੂ ਫਿਲਮ 'ਜੱਜ ਦਾ ਅਰਦਲੀ' ਬਣਾਈ ਗਈ। ਐਡੀਟਿੰਗ ਹੋਈ। ਸੀ ਡੀ ਤਿਆਰ ਕਰਵਾਈ ਤੇ ਜਗਦੇਵ ਸਿੰਘ ਜੱਸੋਵਾਲ ਕੋਲ ਲੈ ਗਿਆ। ਅਰਜ ਕੀਤੀ ਕਿ ਬਾਪੂ ਜੀ, ਜੇਕਰ ਇਸ ਫਿਲਮ ਨੂੰ ਫਾਈਨਟੋਨ ਵਾਲੇ ਰਿਲੀਜ ਕਰ ਦੇਣ ਤਾਂ ਗੱਲ ਖੂਬ ਬਣ ਜਾਵੇਗੀ। ਬਾਪੂ ਨੇ ਪਲ ਵਿੱਚ ਫੋਨ ਮਿਲਾਇਆ ਕੰਪਨੀ ਦੇ ਮਾਲਕ ਰਜਿੰਦਰ ਸਿੰਘ ਨੂੰ ਤੇ ਏਨਾ ਹੀ ਆਖਿਆ, 'ਅਸੀਂ ਤੁਹਾਡੇ ਕੋਲ ਆ ਰਹੇ ਆਂ, ਕੋਈ ਚੀਜ਼ ਵਿਖਾਉਣੀ ਐਂ, ਚਾਹ ਵੀ ਪੀਵਾਂਗੇ।' ਅੱਗੋਂ ਰਜਿੰਦਰ ਸਿੰਘ ਦੇ ਬੋਲ ਸਨ, 'ਧੰਨਭਾਗ ਬਾਪੂ ਜੀ, ਵੈਲਕਮ ਐ ਆਓ-ਆਓ।' ਦਫਤਰ ਖੁੱਲ੍ਹਦੇ ਤੀਕ ਮੈਂ ਤੇ ਬਾਪੂ ਜੱਸੋਵਾਲ ਰਜਿੰਦਰ ਸਿੰਘ ਪਾਸ ਜਾ ਬੈਠੇ। ਉਸ ਵਕਤ ਰਜਿੰਦਰ ਸਿੰਘ ਦਾ ਮੁੱਖ ਕਾਰਜ-ਕਰਤਾ ਕੁਲਦੀਪ ਜੋਧਾ ਵੀ ਉਥੇ ਮੌਜੂਦ ਸੀ, ਜਿਸ ਨੇ ਫਟਾਫਟ ਚਾਹ-ਪਾਣੀ ਦਾ ਪ੍ਰਬੰਧ ਕਰਿਆ। ਉਥੇ ਹੀ ਬਲਬੀਰ ਬੋਪਾਰਾਏ ਬੈਠਾ ਸੀ (ਦੇਦੇ ਗੇੜਾ ਸ਼ੌਕ ਦਾ ਨਣਾਨੇ ਗੋਰੀਏ) ਵਾਲਾ ਤੇ ਕੁਲਵਿੰਦਰ ਢਿੱਲੋਂ (ਕਚਹਿਰੀਆਂ 'ਚ ਮੇਲੇ ਲਗਦੇ) ਵਾਲਾ ਬੜੇ ਮੋਹ ਨਾਲ ਮਿਲਿਆ। ਇਹ ਕਲਾਕਾਰ ਉਹਨੀਂ ਦਿਨੀਂ ਰਜਿੰਦਰ ਸਿੰਘ ਪਾਸ ਹੀ ਰਹਿ ਰਹੇ ਸਨ। ਰਜਿੰਦਰ ਸਿੰਘ ਦਾ ਮੁੰਡਾ ਹੈਪੀ ਵੀ ਆ ਗਿਆ ਤੇ ਪਲਾਂ ਵਿਚ ਹੀ ਸਾਡੇ ਨਾਲ ਘੁਲ-ਮਿਲ ਗਿਆ।ਭੁਲੇਖਾ ਪੈ ਰਿਹਾ ਹੈ ਸ਼ਾਇਦ ਗਾਇਕ ਜੀ ਐੱਸ ਪੀਟਰ ਵੀ ਉਥੇ ਹੀ ਸੀ। ਬਾਪੂ ਜੀ ਨੇ ਆਖਿਆ ਕਿ ਰਜਿੰਦਰ ਸਿੰਘ, ਇਹਨੂੰ ਘੁਗਿਆਣਵੀ ਨੂੰ ਤੁਸੀਂ ਜਾਣਦੇ ਹੀ ਓ ਤੇ ਏਹਨੇ ਇਕ ਫਿਲਮ ਬਣਾਈ ਐ, ਆਪਾਂ ਵੇਖ ਲਈਏ। ਰਜਿੰਦਰ ਸਿੰਘ ਨੇ ਆਖਿਆ ਕਿ ਬੈਠੋ ਬਸ.. ਦਿਲਜੀਤ ਨੂੰ ਵੀ ਆ ਲੈਣ ਦਿਓ, ਉਹ ਵੀ ਆਪਣੇ ਨਾਲ ਬੈਠ ਜਾਏਗਾ, ਆਉਣ ਹੀ ਵਾਲਾ ਐ, ਐਸ ਵੇਲੇ ਨੂੰ ਆ ਜਾਂਦਾ ਐ। ਉਦੋਂ ਦਿਲਜੀਤ ਵੀ ਰਜਿੰਦਰ ਸਿੰਘ ਹੁਰਾਂ ਕੋਲ ਹੀ ਹੁੰਦਾ ਸੀ ਤੇ ਉਸ ਦੇ ਗਾਏ ਗੀਤ ਫਾਈਨਟੋਨ ਰਾਹੀਂ ਚੱਲ ਨਿਕਲੇ ਸਨ, ਉਹ ਛਾ ਗਿਆ ਹੋਇਆ ਸੀ, ਪਰ ਹੁਣ ਵਾਲਾ 'ਵੇਲਾ' ਆਉਣ 'ਤੇ ਅਜੇ ਸਮਾਂ ਲੱਗਣਾ ਸੀ। ਖੈਰ! ਛੇਤੀ ਹੀ ਦਿਲਜੀਤ ਆ ਗਿਆ ਤੇ ਸਭ ਨੂੰ ਬੜੇ ਮੋਹ ਨਾਲ ਮਿਲਿਆ, ਬਾਪੂ ਜੱਸੋਵਾਲ ਦੇ ਪੈਰੀਂ ਹੱਥ ਲਗਾਏ। ਰਜਿੰਦਰ ਸਿੰਘ ਨੇ ਆਖਿਆ ਕਿ ਇਹ ਨਿੰਦਰ ਘੁਗਿਆਣਵੀ ਐ। ਦਿਲਜੀਤ ਨੇ ਆਖਿਆ ਬਹੁਤ ਪੜ੍ਹਿਆ ਐ, ਜਾਣਦਾ ਹਾਂ। ਚਾਹ-ਪਾਣੀ ਪੀਣ ਬਾਅਦ ਅਸੀਂ ਸਾਰੇ ਫਿਲਮ ਦੇਖਣ ਲੱਗੇ। ਡੇਢ ਘੰਟੇ ਤੋਂ ਵੱਧ ਦੀ ਫਿਲਮ ਸੀ। ਦੇਖ ਹਟੇ ਤਾਂ ਰਜਿੰਦਰ ਸਿੰਘ ਬੋਲੇ, 'ਹਾਂ.... ਸਭ ਤੋਂ ਪਹਿਲਾਂ ਦੱਸੇਗਾ ਦਿਲਜੀਤ।' ਉਹ ਬੋਲਿਆ, 'ਭਾਜੀ, ਵੱਖਰਾ ਜਿਹਾ ਵਿਸ਼ਾ ਐ ਅਦਾਲਤਾਂ ਬਾਰੇ ਐ ਤੇ ਟਚੀ ਐ, ਕਾਮੇਡੀ ਵੀ ਐ, ਕਰਦੋ ਰਿਲੀਜ਼, ਪਰ ਲੰਬਾਈ ਬਹੁਤ ਐ, ਸ਼ੌਟ ਕਰੋ, ਕੱਟ ਮਾਰੋ।' ਤੇ ਲਓ ਜੀ, ਦਿਲਜੀਤ ਦੀ 'ਹਾਂ' ਸਭ ਦੀ ਹਾਂ ਸੀ। ਕੁਲਦੀਪ ਜੋਧਾਂ ਨੇ ਉਸੇ ਵੇਲੇ ਟੈਕਸੀ ਦਾ ਪ੍ਰਬੰਧ ਕਰਿਆ ਤੇ ਆਪਣੇ ਦਫਤਰ ਵਿਚੋਂ ਇਕ ਬੰਦਾ ਨਾਲ ਬਿਠਾਇਆ। ਦਿੱਲੀ ਵੱਲ ਚਾਲੇ ਪਾਏ, ਜਿਥੋਂ ਕੰਪਨੀ ਦਾ ਸਾਰਾ ਕੰਮ ਹੁੰਦਾ ਸੀ। ਦੋ ਦਿਨ ਦਿੱਲੀ ਲੱਗੇ, ਕੱਟ-ਵੱਢ ਕੇ ਇਕ ਘੰਟੇ ਦੀ ਫਿਲਮ ਰਹਿ ਗਈ ਤੇ ਮਾਸਟਰ ਪੀਸ ਤਿਆਰ ਹੋਇਆ। ਰਾਤੋ-ਰਾਤ ਰੰਗੀਨ ਪੋਸਟਰ ਵੀ ਛਪ ਗਏ। ਮੈਂ ਬੜਾ ਖੁਸ਼ ਸਾਂ ਤੇ ਮਨੋ-ਮਨ ਦਿਲਜੀਤ ਦਾ ਧੰਨਵਾਦ ਕਰੀ ਜਾ ਰਿਹਾ ਸਾਂ, ਜਿਸ ਦੇ ਆਖੇ 'ਤੇ ਮੇਰੀ ਫਿਲਮ ਰਿਲੀਜ਼ ਹੋ ਗਈ ਸੀ। ਮੁੜ ਕਦੇ ਉਸ ਨਾਲ ਮੇਲ ਨਾ ਹੋਇਆ, ਪਰ ਉਹ ਦਿਲੋਂ ਕਦੀ ਨਾ ਵਿਸਰਿਆ। ਉਸ ਖੂਬਸੂਰਤ ਵੇਲੇ ਦੇ ਦੋ ਗਵਾਹ ਜੱਸੋਵਾਲ ਤੇ ਕੁਲਵਿੰਦਰ ਢਿੱਲੋਂ ਤੁਰ ਗਏ, ਪਰ ਬਾਕੀਆਂ ਨੇ ਅੱਜ ਵੀ ਸਭ ਗੱਲਾਂ ਚੇਤਿਆਂ ਵਿਚ ਵਸਾ ਲਈਆਂ ਹੋਈਆਂ ਨੇ।

* * *

ਮੇਰੇ ਉਸਤਾਦ ਲਾਲ ਚੰਦ ਯਮਲਾ ਜੀ ਦੇ ਸੰਗੀਤਕਾਰ ਪੋਤਰੇ ਵਿਜੇ ਯਮਲਾ ਨਾਲ ਦਿਲਜੀਤ ਦੀ ਨੇੜਤਾ ਹੋ ਗਈ ਤੇ ਉਹ ਇਕੱਠੇ ਕੰਮ ਕਰਨ ਲੱਗੇ। ਦਿਲਜੀਤ ਵਿਜੇ ਤੋਂ ਮੇਰਾ ਹਾਲ ਹਵਾਲਾਤ ਜਾਣਦਾ ਰਿਹਾ। ਲੁਧਿਆਣੇ ਹੋਏ ਉਸ ਦੇ ਯਾਦਗਾਰੀ ਸ਼ੋਅ ਵਿਚ ਮੁਹੰਮਦ ਸਦੀਕ ਨੂੰ ਜੋ ਤੂੰਬੀ ਉਸ ਨੇ ਭੇਟ ਕਰਕੇ ਸਨਮਾਨਿਆ, ਉਹ ਵਿਜੇ ਯਮਲੇ ਦੀ ਬਣਾਈ ਹੋਈ ਹੈ। ਹੁਣੇ ਵਿਜੇ ਨੇ ਇਕ ਵੀਡੀਓ ਭੇਜੀ ਹੈ, ਵਿਦੇਸ਼ ਦੇ ਕਿਸੇ ਟੀ ਵੀ ਚੈਨਲ ਉਤੇ ਦਿਲਜੀਤ ਕਿਸੇ ਗੋਰੇ ਐਂਕਰ ਨਾਲ ਉਸਤਾਦ ਜੀ ਦੀ ਤੂੰਬੀ ਦੀਆਂ ਇਉਂ ਗੱਲਾਂ ਕਰਦਾ ਹੈ : ਏਹ ਪੰਜਾਬ ਦਾ ਹਰਮਨ-ਪਿਆਰਾ ਲੋਕ ਸਾਜ਼ ਐ, ਉਸਤਾਦ ਯਮਲਾ ਜੀ ਇਸ ਦੇ ਖੋਜੀ ਵਿਗਿਆਨੀ ਹਨ, ਕਿਸੇ ਸਮੇਂ ਵੱਡੇ-ਵੱਡੇ ਲੋਕ ਸਾਜ਼ ਚੁੱਕ ਕੇ ਕਈ-ਕਈ ਘੰਟੇ ਤੁਰਨਾ ਔਖਾ ਸੀ ਤੇ ਯਮਲਾ ਜੀ ਨੇ ਇਸੇ ਸੌਖ ਲਈ ਇਸ ਨਿੱਕੇ ਅਕਾਰ ਦੇ ਸਾਜ਼ ਦੀ ਰਚਨਾ ਕੀਤੀ ਸੀ ਏਹ ਹੈ ਤੂੰਬੀ। ਸੰਗੀਤ ਦਾ ਇਹ ਪਿਆਰਾ ਪੰਛੀ ਅੱਜ ਲੰਮੀ ਉਡਾਰੀ ਭਰ ਗਿਆ ਹੈ ਤੇ ਖੁੱਲ੍ਹੇ ਅਸਮਾਨ ਵਿਚ ਉਡ ਰਿਹਾ ਹੈ। ਆਪਣੇ ਪਹਿਲੇ ਸਰਪ੍ਰਸਤ ਰਜਿੰਦਰ ਸਿੰਘ ਨੂੰ ਹਾਲੇ ਵੀ ਨਹੀਂ ਭੁੱਲਿਆ ਤੇ ਆਪਣੀਆਂ ਮੁਲਾਕਾਤਾਂ ਵਿਚ ਉਨ੍ਹਾ ਦਾ ਜ਼ਿਕਰ ਖੂਬ ਕਰਦਾ ਹੈ। ਸੋ, ਗੱਲ ਲੰਮੇਰੀ ਨਾ ਕਰਾਂ, ਦਿਲਜੀਤ ਤੇਰਾ ਇਨ੍ਹਾਂ ਗੱਲਾਂ ਤੇ ਗੁਣਾਂ ਕਰਕੇ ਮੋਹ ਵੀ ਆਉਂਦਾ ਹੈ ਤੇ ਮਾਣ ਵੀ ਮਹਿਸੂਸ ਹੁੰਦਾ ਹੈ। ਸਮਾਂ ਆਪਣੀਆਂ ਖੂਬਸੂਰਤ ਪੈੜਾਂ ਛੱਡ ਗਿਆ।

ਸੰਪਰਕ 94174-21700

ਸਰੀਰ ਅਤੇ ਮਨ ਦਾ ਮੁੜ ਮਿਲਾਪ : ਸੰਪੂਰਨ ਸਿਹਤ ਵੱਲ ਵਧਦੇ ਕਦਮ

ਡਾ. ਪਰਦੀਪ ਨਾਂਗਲੂ

ਅੱਜ ਦਾ ਮਨੁੱਖ ਵਿਗਿਆਨ ਅਤੇ ਦਵਾਈ ਦੇ ਖੇਤਰ ਵਿੱਚ ਬੇਮਿਸਾਲ ਤਰੱਕੀ ਕਰ ਚੁੱਕਾ ਹੈ। ਫਿਰ ਵੀ ਚਿੰਤਾ, ਡਿਪ੍ਰੈਸ਼ਨ, ਤਣਾਅ, ਬਰਨਆਉਟ, ਦਿਲ ਦੀਆਂ ਬਿਮਾਰੀਆਂ ਅਤੇ ਜੀਵਨ-ਸ਼ੈਲੀ ਨਾਲ ਸੰਬੰਧਿਤ ਰੋਗ ਲਗਾਤਾਰ ਵਧ ਰਹੇ ਹਨ। ਇਹ ਸਥਿਤੀ ਸਾਨੂੰ ਇੱਕ ਡੂੰਘਾ ਸਵਾਲ ਪੁੱਛਣ ਲਈ ਮਜਬੂਰ ਕਰਦੀ ਹੈ— ਕੀ ਅਸੀਂ ਬਿਮਾਰੀਆਂ ਦਾ ਇਲਾਜ ਤਾਂ ਕਰਨਾ ਸਿੱਖ ਲਿਆ ਹੈ, ਪਰ ਮਨੁੱਖ ਨੂੰ ਇੱਕ ਸੰਪੂਰਨ ਇਕਾਈ ਵਜੋਂ ਦੇਖਣਾ ਭੁੱਲ ਗਏ ਹਾਂ?

ਸਦੀਆਂ ਤੋਂ ਮਨੁੱਖ ਨੇ ਆਪਣੇ ਆਪ ਨੂੰ ਸਰੀਰ ਅਤੇ ਮਨ ਵਿੱਚ ਵੰਡ ਕੇ ਦੇਖਿਆ ਹੈ। ਅਸੀਂ ਅਕਸਰ ਸੋਚਦੇ ਹਾਂ ਕਿ ਸਰੀਰ ਵੱਖਰਾ ਹੈ ਅਤੇ ਮਨ ਉਸ ਉੱਤੇ ਰਾਜ ਕਰਦਾ ਹੈ। ਪਰ ਅਸਲ ਵਿੱਚ ਇਹ ਦੋਵੇਂ ਇੱਕੋ ਜੀਵਨ ਦੀਆਂ ਦੋ ਅਭਿਵਿਆਕਤੀਆਂ ਹਨ। ਜਿੱਥੇ ਸਰੀਰ ਦਿਸਦਾ ਹੈ, ਉੱਥੇ ਮਨ ਮਹਿਸੂਸ ਹੁੰਦਾ ਹੈ; ਅਤੇ ਜਿੱਥੇ ਮਨ ਕੰਮ ਕਰਦਾ ਹੈ, ਉੱਥੇ ਸਰੀਰ ਉਸ ਦਾ ਪ੍ਰਭਾਵ ਸਹਿੰਦਾ ਹੈ।

ਆਧੁਨਿਕ ਵਿਗਿਆਨ, ਖ਼ਾਸ ਕਰਕੇ ਸਾਈਕੋਨਿਊਰੋਇਮਿਊਨੋਲੋਜੀ, ਸਾਬਤ ਕਰ ਰਿਹਾ ਹੈ ਕਿ ਦਿਮਾਗ, ਨਰਵਸ ਸਿਸਟਮ, ਹਾਰਮੋਨ, ਰੋਗ-ਪ੍ਰਤੀਰੋਧਕ ਤੰਤਰ ਅਤੇ ਸਾਡੀਆਂ ਭਾਵਨਾਵਾਂ ਹਰ ਪਲ ਇੱਕ-ਦੂਜੇ ਨਾਲ ਜੁੜੀਆਂ ਹੋਈਆਂ ਹਨ। ਹਰ ਵਿਚਾਰ ਸਰੀਰ ਦੀ ਰਸਾਇਣਕ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਹਰ ਸਰੀਰਕ ਅਵਸਥਾ ਮਨ ਦੀ ਗੁਣਵੱਤਾ ਨੂੰ ਬਦਲ ਸਕਦੀ ਹੈ।

ਇਸ ਲਈ ਬਹੁਤ ਸਾਰੀਆਂ ਬਿਮਾਰੀਆਂ ਨੂੰ ਸਿਰਫ਼ ਸਰੀਰਕ ਜਾਂ ਸਿਰਫ਼ ਮਾਨਸਿਕ ਨਹੀਂ ਕਿਹਾ ਜਾ ਸਕਦਾ। ਲੰਬੇ ਸਮੇਂ ਦਾ ਤਣਾਅ ਰੋਗ-ਪ੍ਰਤੀਰੋਧਕ ਤਾਕਤ ਨੂੰ ਘਟਾ ਸਕਦਾ ਹੈ, ਸੋਜ ਨੂੰ ਵਧਾ ਸਕਦਾ ਹੈ ਅਤੇ ਦਿਲ ਦੀਆਂ ਬਿਮਾਰੀਆਂ ਦਾ ਜੋਖ਼ਮ ਵਧਾ ਸਕਦਾ ਹੈ। ਇਸੇ ਤਰ੍ਹਾਂ ਨੀਂਦ ਦੀ ਕਮੀ, ਹਾਰਮੋਨਾਂ ਦਾ ਅਸੰਤੁਲਨ, ਖਰਾਬ ਖੁਰਾਕ ਜਾਂ ਲਗਾਤਾਰ ਦਰਦ ਮਨ ਦੀ ਸ਼ਾਂਤੀ, ਯਾਦਦਾਸ਼ਤ ਅਤੇ ਭਾਵਨਾਤਮਕ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦੇ ਹਨ। ਮਨ ਅਤੇ ਸਰੀਰ ਇੱਕ-ਦੂਜੇ ਨਾਲ ਲਗਾਤਾਰ ਸੰਵਾਦ ਕਰ ਰਹੇ ਹਨ।ਬਦਕਿਸਮਤੀ ਨਾਲ, ਸਿਹਤ ਪ੍ਰਣਾਲੀ ਅਕਸਰ ਦੋ ਵੱਖ-ਵੱਖ ਰਸਤਿਆਂ 'ਤੇ ਚੱਲੀ ਹੈ। ਇੱਕ ਪਾਸੇ ਸਿਰਫ਼ ਸਰੀਰ ਦਾ ਇਲਾਜ ਕੀਤਾ ਜਾਂਦਾ ਹੈ, ਦੂਜੇ ਪਾਸੇ ਸਿਰਫ਼ ਮਨ ਦਾ। ਦੋਵੇਂ ਦ੍ਰਿਸ਼ਟੀਕੋਣ ਆਪਣੇ-ਆਪਣੇ ਸਥਾਨ 'ਤੇ ਮਹੱਤਵਪੂਰਨ ਹਨ, ਪਰ ਇਕੱਲੇ ਹੋ ਕੇ ਇਹ ਅਧੂਰੇ ਰਹਿ ਜਾਂਦੇ ਹਨ।

ਹੋਲਿਸਟਿਕ ਸਾਈਕੋਲੋਜੀ ਸਾਨੂੰ ਇਹ ਸਿਖਾਉਂਦੀ ਹੈ ਕਿ ਚੰਗਿਆਈ ਦੋਹਾਂ ਪਾਸਿਆਂ ਤੋਂ ਇੱਕੋ ਸਮੇਂ ਸ਼ੁਰੂ ਹੁੰਦੀ ਹੈ। ਜੇ ਅਸੀਂ ਸਿਰਫ਼ ਚਿੰਤਾ ਦਾ ਇਲਾਜ ਕਰੀਏ ਪਰ ਨੀਂਦ, ਪੋਸ਼ਣ, ਸਾਹ, ਕਸਰਤ ਅਤੇ ਜੀਵਨ-ਸ਼ੈਲੀ ਨੂੰ ਅਣਡਿੱਠਾ ਕਰ ਦੇਈਏ ਤਾਂ ਇਲਾਜ ਅਧੂਰਾ ਰਹੇਗਾ। ਇਸੇ ਤਰ੍ਹਾਂ ਜੇ ਸਰੀਰਕ ਰੋਗਾਂ ਦਾ ਇਲਾਜ ਕਰੀਏ ਪਰ ਭਾਵਨਾਤਮਕ ਸਦਮੇ, ਇਕੱਲੇਪਨ, ਡਰ ਜਾਂ ਤਣਾਅ ਨੂੰ ਨਾ ਸਮਝੀਏ ਤਾਂ ਚੰਗਿਆਈ ਵੀ ਅਧੂਰੀ ਰਹੇਗੀ।

ਸਾਡਾ ਸਰੀਰ ਅਕਸਰ ਉਹ ਗੱਲ ਕਹਿ ਦਿੰਦਾ ਹੈ ਜੋ ਸ਼ਬਦ ਨਹੀਂ ਕਹਿ ਸਕਦੇ। ਮੋਢਿਆਂ ਦੀ ਜਕੜਨ, ਪੇਟ ਦੀਆਂ ਸਮੱਸਿਆਵਾਂ, ਸਿਰ ਦਰਦ ਜਾਂ ਲਗਾਤਾਰ ਥਕਾਵਟ ਕਈ ਵਾਰ ਮਨ ਦੇ ਅੰਦਰਲੇ ਬੋਝ ਦੀ ਭਾਸ਼ਾ ਹੁੰਦੇ ਹਨ। ਇਹ ਸਿਰਫ਼ ਲੱਛਣ ਨਹੀਂ, ਸਗੋਂ ਸੰਤੁਲਨ ਵੱਲ ਵਾਪਸ ਆਉਣ ਦੇ ਸੰਦੇਸ਼ ਵੀ ਹੋ ਸਕਦੇ ਹਨ।

ਇਸ ਲਈ ਸਰੀਰ ਦੀ ਸੰਭਾਲ ਮਾਨਸਿਕ ਸਿਹਤ ਤੋਂ ਵੱਖਰੀ ਨਹੀਂ। ਪੌਸ਼ਟਿਕ ਭੋਜਨ, ਪੂਰੀ ਨੀਂਦ, ਨਿਯਮਿਤ ਕਸਰਤ, ਸਚੇਤ ਸਾਹ, ਕੁਦਰਤ ਨਾਲ ਸੰਪਰਕ, ਪਾਣੀ ਦੀ ਪੂਰੀ ਮਾਤਰਾ ਅਤੇ ਪਿਆਰ ਭਰੇ ਰਿਸ਼ਤੇ ਮਨ ਦੀ ਸਿਹਤ ਦੀ ਨੀਂਹ ਹਨ। ਸਰੀਰ ਕੋਈ ਰੁਕਾਵਟ ਨਹੀਂ; ਇਹ ਮਨ ਅਤੇ ਚੇਤਨਾ ਦੇ ਵਿਕਾਸ ਦਾ ਆਧਾਰ ਹੈ।

ਮਾਈਂਡਫੁਲਨੈੱਸ ਇਸ ਏਕਤਾ ਨੂੰ ਮੁੜ ਜਗਾਉਣ ਵਾਲਾ ਪੁਲ ਹੈ। ਇਹ ਵਿਚਾਰਾਂ ਨੂੰ ਰੋਕਣ ਦੀ ਕਲਾ ਨਹੀਂ, ਸਗੋਂ ਉਨ੍ਹਾਂ ਨੂੰ ਬਿਨਾਂ ਨਿਰਣਾ ਕੀਤੇ ਦੇਖਣ ਦੀ ਸਮਰੱਥਾ ਹੈ। ਜਦੋਂ ਅਸੀਂ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਸਰੀਰਕ ਅਨੁਭਵਾਂ ਨੂੰ ਸਵੀਕਾਰਦੇ ਹੋਏ ਵੇਖਣਾ ਸਿੱਖਦੇ ਹਾਂ, ਤਾਂ ਅੰਦਰਲਾ ਸੰਘਰਸ਼ ਹੌਲੀ-ਹੌਲੀ ਘੁਲਣ ਲੱਗਦਾ ਹੈ।

ਅਸਲ ਚੰਗਿਆਈ ਸਿਰਫ਼ ਬਿਮਾਰੀ ਦੇ ਖ਼ਤਮ ਹੋਣ ਦਾ ਨਾਮ ਨਹੀਂ। ਇਹ ਸਰੀਰ, ਮਨ, ਭਾਵਨਾਵਾਂ, ਰਿਸ਼ਤਿਆਂ ਅਤੇ ਆਤਮਿਕ ਚੇਤਨਾ ਵਿਚਕਾਰ ਸੰਤੁਲਨ ਦੀ ਮੁੜ ਸਥਾਪਨਾ ਹੈ। ਜਦੋਂ ਇਹ ਸਾਰੇ ਪੱਖ ਇੱਕ-ਦੂਜੇ ਦੇ ਸਾਥੀ ਬਣ ਜਾਂਦੇ ਹਨ, ਤਦੋਂ ਮਨੁੱਖ ਅੰਦਰੋਂ ਸ਼ਾਂਤ, ਮਜ਼ਬੂਤ ਅਤੇ ਸੰਪੂਰਨ ਮਹਿਸੂਸ ਕਰਦਾ ਹੈ।

ਭਵਿੱਖ ਦੀ ਸਿਹਤ ਪ੍ਰਣਾਲੀ ਵੀ ਇਸੇ ਦਿਸ਼ਾ ਵੱਲ ਵਧ ਰਹੀ ਹੈ, ਜਿੱਥੇ ਮਨੋਵਿਗਿਆਨ, ਨਿਊਰੋਸਾਇੰਸ, ਪੋਸ਼ਣ ਵਿਗਿਆਨ, ਜੀਵਨ-ਸ਼ੈਲੀ ਚਿਕਿਤਸਾ, ਮਾਈਂਡਫੁਲਨੈੱਸ ਅਤੇ ਆਧੁਨਿਕ ਦਵਾਈ ਇੱਕ-ਦੂਜੇ ਦੇ ਪੂਰਕ ਬਣਦੇ ਹਨ।

ਅੰਤ ਵਿੱਚ, ਸੰਪੂਰਨ ਸਿਹਤ ਦਾ ਮਤਲਬ ਕੋਈ ਨਵਾਂ ਵਿਅਕਤੀ ਬਣਨਾ ਨਹੀਂ, ਸਗੋਂ ਆਪਣੀ ਉਸ ਮੂਲ ਏਕਤਾ ਨੂੰ ਮੁੜ ਪਛਾਣਨਾ ਹੈ ਜੋ ਹਮੇਸ਼ਾਂ ਤੋਂ ਸਾਡੇ ਅੰਦਰ ਮੌਜੂਦ ਹੈ। ਜਦੋਂ ਸਰੀਰ ਅਤੇ ਮਨ ਵਿਰੋਧੀ ਨਹੀਂ, ਸਹਿਯੋਗੀ ਬਣ ਜਾਂਦੇ ਹਨ, ਤਦੋਂ ਹੀ ਮਨੁੱਖ ਅਸਲ ਅਰਥਾਂ ਵਿੱਚ ਸਿਹਤਮੰਦ, ਸੰਤੁਲਿਤ ਅਤੇ ਸੰਪੂਰਨ ਜੀਵਨ ਜੀ ਸਕਦਾ ਹੈ।

ਸੰਪਰਕ : +12792453149

ਸਫ਼ਾ 1 ਦੀ ਬਾਕੀ

ਗ਼ਦਰ ਸਾਜ਼ਿਸ਼ ਦਾ ਬਿਰਤਾਂਤ : ਸੀ ਆਈ ਡੀ ਦੇ ਪੱਖ ਤੋਂ ...

ਹਰਦਿਆਲ ਦੀ ਅਗਵਾਈ ਹੇਠਲੀ ਗ਼ਦਰ ਲਹਿਰ ਨੇ ਉਨ੍ਹਾਂ ਸਾਰੀਆਂ ਛੋਟੀਆਂ ਇਨਕਲਾਬੀ ਲਹਿਰਾਂ ਨੂੰ ਆਪਣੇ ਵਿੱਚ ਸਮਾ ਲਿਆ, ਜੋ ਉਸ ਦੇ ਸਮੇਂ ਤੋਂ ਪਹਿਲਾਂ ਮੌਜੂਦ ਸਨ। ਕੈਲੀਫੋਰਨੀਆ ਦਾ ਕਸਬਾ ਸਟਾਕਟਨ, ਜਿੱਥੇ ਸਿੱਖ ਖਾਲਸਾ ਦੀਵਾਨ ਦਾ ਮੁੱਖ ਦਫਤਰ ਸਥਿਤ ਹੈ। ਸਿੱਖ ਮਜ਼ਦੂਰਾਂ ਵਿੱਚ ਬਗ਼ਾਵਤ ਫੈਲਾਉਣ ਲਈ ਇਹ ਸੰਸਥਾ ਅਮਰੀਕਾ ਵਿੱਚ ਸਭ ਤੋਂ ਵੱਧ ਸਰਗਰਮ ਹੈ। ਸੁਰੇਂਦਰ ਮੋਹਨ ਅਤੇ ਤਾਰਕ ਨਾਥ ਨੇ 'ਦਿ ਹਿੰਦੋਸਤਾਨ ਐਸੋਸੀਏਸ਼ਨ ਆਫ ਅਮਰੀਕਾ' ਸੰਸਥਾ ਬਣਾਈ। ਇਨ੍ਹਾਂ ਦੋਵਾਂ ਤੋਂ ਇਲਾਵਾ ਇਸ ਵਿੱਚ ਚੰਦਰਾ ਕਾਂਤਾ ਚੱਕਰਵਰਤੀ, ਸੁਰਿੰਦਰਾ ਨਾਥ ਕਰ, ਐੱਮ.ਪੀ.ਟੀ. ਅਚਾਰੀਆ, ਹੁਸੈਨ ਰਹੀਮ, ਵੀ.ਪੀ. ਅਈਅਰ ਅਤੇ ਬਾਨੇਸ਼ਵਰ ਦਾਸ ਮੈਂਬਰ ਹਨ। ਇਹ ਸੰਸਥਾ ਭਾਰਤੀ ਵਿਦਿਆਰਥੀਆਂ ਦੀ ਚੋਣ ਕਰਨ ਲਈ ਬਣਾਈ ਗਈ ਸੀ ਤਾਂ ਜੋ ਉਹ ਅਮਰੀਕਾ ਜਾ ਸਕਣ। ਇਹ ਵਿਸ਼ਵਾਸ ਕਰਨ ਦਾ ਚੰਗਾ ਕਾਰਨ ਹੈ ਕਿ ਬਗ਼ਾਵਤ ਫੈਲਾਉਣ ਦੇ ਕੰਮ ਵਿੱਚ ਸੰਸਥਾ ਕਾਫੀ ਹੱਦ ਤੱਕ ਆਪਣਾ ਯੋਗਦਾਨ ਪਾ ਰਹੀ ਹੈ ਅਤੇ ਇਹ ਜੋ ਵਿਦਿਆਰਥੀ ਹਿੱਤਾਂ ਨੂੰ ਪਹਿਲਾਂ ਦਰਸਾਉਂਦੀ ਹੈ, ਉਹ ਸਿਰਫ ਨੁਕਸਾਨਦੇਹ ਪ੍ਰਚਾਰ ਨੂੰ ਲੁਕਾਉਣ ਦੇ ਮੁਖੌਟੇ ਹਨ।

ਗ਼ਦਰ ਲਹਿਰ ਦੇ ਹਜ਼ਾਰ ਤੋਂ ਵੱਧ ਆਗੂਆਂ ਅਤੇ ਮੈਂਬਰਾਂ ਦੀਆਂ ਰਿਪੋਰਟਾਂ ਵਿੱਚੋਂ ਕੁਝ ਕੁ ਦਾ ਅੰਸ਼ਕ ਰੂਪ ਇਸ ਪ੍ਰਕਾਰ ਹੈ : 'ਗੁਰਦਿੱਤ ਸਿੰਘ ਪੁੱਤਰ ਹਾਕਮ ਸਿੰਘ, ਸਿਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ। ਜਨਵਰੀ 1914 ਨੂੰ ਹਾਂਗਕਾਂਗ ਗਿਆ ਅਤੇ ਉਸ ਨੇ ਜਰਮਨ ਸ਼ਿਪਿੰਗ ਏਜੰਟ ਰਾਹੀਂ ਕਾਮਾ ਗਾਟਾਮਾਰੂ ਜਹਾਜ਼ ਕਿਰਾਏ 'ਤੇ ਲਿਆ। ਜਦੋਂ 21 ਮਈ 1914 ਨੂੰ ਇਹ ਜਹਾਜ਼ ਵੈਨਕੂਵਰ ਪਹੁੰਚਿਆ ਤਾਂ ਕੈਨੇਡਾ ਦੇ ਅਧਿਕਾਰੀਆਂ ਨੇ ਯਾਤਰੀਆਂ ਨੂੰ ਉੱਥੇ ਉਤਰਨ ਦੀ ਆਗਿਆ ਨਹੀਂ ਦਿੱਤੀ। ਉੱਥੇ ਕੈਨੇਡਾ ਦੀ ਪੁਲਸ ਅਤੇ ਯਾਤਰੀਆਂ ਵਿਚਕਾਰ ਝਗੜਾ ਹੋ ਗਿਆ, ਜਿਸ ਵਿੱਚ 22 ਪੁਲਸ ਅਫਸਰ ਜ਼ਖਮੀ ਹੋ ਗਏ। 23 ਜੁਲਾਈ 1915 ਨੂੰ ਕਾਮਾ ਗਾਟਾਮਾਰੂ ਜਹਾਜ਼ ਨੇ ਵੈਨਕੂਵਰ ਛੱਡ ਦਿੱਤਾ ਅਤੇ ਸਤੰਬਰ ਦੇ ਅਖੀਰ ਵਿੱਚ ਭਾਰਤ ਜਾ ਪਹੁੰਚਿਆ। ਕਲਕੱਤਾ ਦੇ ਨੇੜੇ ਬਜਬਜ ਵਿਖੇ ਅਧਿਕਾਰੀਆਂ ਨੇ ਯਾਤਰੀਆਂ ਨੂੰ ਉਤਾਰਿਆ ਅਤੇ ਖਾਸ ਰੇਲਗੱਡੀ 'ਤੇ ਪੰਜਾਬ ਜਾਣ ਲਈ ਕਿਹਾ। ਮੁਸਾਫਰਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਗੁਰਦਿੱਤ ਸਿੰਘ ਨੂੰ ਬਾਹਰ ਬੁਲਾਉਣ 'ਤੇ ਉਸ ਨੇ ਵੀ ਬਾਹਰ ਆਉਣ ਤੋਂ ਮਨ੍ਹਾ ਕਰ ਦਿੱਤਾ। ਉਸ ਤੋਂ ਬਾਅਦ ਦੋਵਾਂ ਪਾਸਿਆਂ ਤੋਂ ਗੋਲੀਆਂ ਚੱਲੀਆਂ, ਜਿਸ ਵਿੱਚ ਭਾਰੀ ਨੁਕਸਾਨ ਹੋਇਆ। ਗੁਰਦਿੱਤ ਸਿੰਘ ਉੱਥੋਂ ਭੱਜ ਗਿਆ। ਉਹ ਅਜੇ ਵੀ ਫਰਾਰ ਹੈ ਅਤੇ ਉਸ ਦੀ ਗ੍ਰਿਫਤਾਰੀ ਲਈ 1000 ਰੁਪਏ ਇਨਾਮ ਰੱਖਿਆ ਗਿਆ।' (ਪੰਨਾ 63)

'ਸੋਹਣ ਸਿੰਘ, ਪੁੱਤਰ ਕਰਮ ਸਿੰਘ, ਭਕਨਾ ਕਲਾਂ, ਅੰਮ੍ਰਿਤਸਰ ਦਾ ਵਸਨੀਕ। ਉਹ ਅਮਰੀਕਾ ਵਿੱਚ ਗ਼ਦਰ ਪਾਰਟੀ ਦੇ ਆਗੂਆਂ ਵਿੱਚੋਂ ਇੱਕ ਸੀ। ਉਹ ਹਰਦਿਆਲ ਦਾ ਨਜ਼ਦੀਕੀ ਸਾਥੀ ਸੀ। ਸੋਹਣ ਸਿੰਘ ਨੇ ਕੋਬੇ ਵਿਖੇ ਗੁਰਦਿੱਤ ਸਿੰਘ, ਕਾਮਾ ਗਾਟਾਮਾਰੂ ਲਈ ਇੱਕ ਡੱਬੇ ਵਿੱਚ 10 ਪਿਸਤੌਲ ਖਰੀਦੇ ਸਨ। ਇਹ ਵੀ ਜਾਣਕਾਰੀ ਮਿਲੀ ਹੈ ਕਿ ਅਮਰੀਕਾ ਛੱਡਣ ਤੋਂ ਪਹਿਲਾਂ ਗ਼ਦਰ ਪਾਰਟੀ ਨੇ ਸੋਹਣ ਸਿੰਘ ਨੂੰ 100 ਪਿਸਤੌਲ ਸੌਂਪੇ ਸਨ, ਜਿਹੜੇ ਕਿ ਉਸ ਨੇ ਕਾਮਾ ਗਾਟਾਮਾਰੂ ਦੇ ਯਾਤਰੀਆਂ ਦੇ ਵਰਤੇ ਜਾਣ ਲਈ ਗੁਰਦਿੱਤ ਸਿੰਘ ਦੇ ਹਵਾਲੇ ਕਰਨੇ ਸਨ। ਗੁਰਦਿੱਤ ਸਿੰਘ ਨੇ ਕਰਤਾਰ ਸਿੰਘ ਕੋਲ ਇਨ੍ਹਾਂ ਪਿਸਤੌਲਾਂ ਦੇ ਮਿਲਣ ਦੀ ਪੁਸ਼ਟੀ ਕੀਤੀ ਹੈ'। (ਪੰਨਾ 86)

'ਜਵਾਲਾ ਸਿੰਘ ਪੁੱਤਰ ਕਾਨ੍ਹਾ ਸਿੰਘ, (ਕਸ਼ਿਅਪ), ਠੱਠੀਆਂ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ। ਇਹ ਕੈਲੀਫੋਰਨੀਆ ਦੇ ਗ਼ਦਰ ਸੰਗਠਨ ਦਾ ਸਭ ਤੋਂ ਅਹਿਮ ਵਿਅਕਤੀ ਹੈ। ਸਟਾਕਟਨ ਨੇੜੇ ਉਸ ਦਾ ਫਾਰਮ ਹੈ, ਉੱਤੇ ਜਗਤ ਰਾਮ, ਪ੍ਰਿਥੀ ਸਿੰਘ, ਅਮਰ ਸਿੰਘ ਅਤੇ ਸੰਯੁਕਤ ਪ੍ਰਾਂਤ 'ਚ ਇੱਕ ਅਣਜਾਣ ਜੋ ਕਿ ਬੰਬ ਬਣਾਉਣ ਦੀ ਜਾਣਕਾਰੀ ਰੱਖਦਾ ਸੀ। ਬੰਬ ਨੂੰ ਟੈਸਟ ਕੀਤਾ ਗਿਆ, ਉਹ ਫਟ ਗਿਆ ਅਤੇ ਸੰਯੁਕਤ ਪ੍ਰਾਂਤ ਵਾਲੇ ਉਸ ਅਣਜਾਣ ਵਿਅਕਤੀ ਦੀ ਬਾਂਹ ਬੁਰੇ ਤਰੀਕੇ ਨਾਲ ਜ਼ਖਮੀ ਹੋ ਗਈ। ਹਾਂਗਕਾਂਗ ਵਿੱਚ ਹੋਈ ਮੀਟਿੰਗ ਵਿੱਚ ਉਸ ਨੂੰ ਕੇਂਦਰੀ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ। ਇਸ ਨੇ ਭਾਰਤ ਜਾ ਕੇ ਮੁਹਿੰਮ ਸ਼ੁਰੂ ਕਰਨੀ ਸੀ। ਉਹ ਗੁਰੂ ਗੋਬਿੰਦ ਸਿੰਘ ਸਕਾਲਰਸ਼ਿਪ ਦਾ ਸੰਸਥਾਪਕ ਸੀ, ਜਿਸ ਵਿੱਚ ਵਿਦਿਆਰਥੀਆਂ ਨੂੰ ਹਰਦਿਆਲ ਦੁਆਰਾ ਚੁਣਿਆ ਜਾਂਦਾ ਸੀ। ਉਸ ਨੂੰ ਭਾਰਤ ਪਹੁੰਚਣ 'ਤੇ ਗ੍ਰਿਫਤਾਰ ਕੀਤਾ ਗਿਆ ਅਤੇ ਲਾਹੌਰ ਸਾਜ਼ਿਸ਼ ਕੇਸ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ।' (ਪੰਨਾ 69)

'ਬਰਕਤੁੱਲਾ, ਪੁੱਤਰ ਮੁਨਸ਼ੀ ਸ਼ੇਖ ਕਦਰਤੁੱਲਾ ਭੋਪਾਲ ਦਾ ਰਹਿਣ ਵਾਲਾ। ਉਹ ਪਿਛਲੇ ਵੀਹ ਸਾਲਾਂ ਤੋਂ ਅੰਗਰੇਜ਼ੀ ਰਾਜ ਨੂੰ ਖਤਮ ਕਰਨ ਲਈ ਭਾਰਤ ਵਿੱਚ ਕੰਮ ਕਰ ਰਿਹਾ ਹੈ। ਕੈਲੀਫੋਰਨੀਆ ਅਤੇ ਪੱਛਮੀ ਤੱਟ ਦੀਆਂ ਕਈ ਮੀਟਿੰਗਾਂ ਵਿੱਚ ਭਗਵਾਨ ਸਿੰਘ, ਸਾਹਰੀ ਦੇ ਹਰਨਾਮ ਸਿੰਘ, ਗੋਬਿੰਦ ਬਿਹਾਰੀ ਲਾਲ ਅਤੇ ਨਰਾਇਣ ਸਿੰਘ ਨਾਲ ਮਿਲ ਕੇ ਭਾਸ਼ਣ ਦਿੱਤੇ, ਜਿਸ ਵਿੱਚ ਉਸ ਨੇ ਗ਼ਦਰੀਆਂ ਨੂੰ ਭਾਰਤੀਆਂ ਨੂੰ ਭਾਰਤ ਜਾਣ ਦੀ ਸਲਾਹ ਦਿੱਤੀ। ਬੰਬ ਬਣਾਉਣ ਵਾਲੇ ਹਰਨਾਮ ਸਿੰਘ ਸਾਹਰੀ ਨਾਲ ਪੱਤਰ ਵਿਹਾਰ ਵਿੱਚ ਉਸ ਦੇ ਕਈ ਖਤ ਮਿਲੇ ਹਨ। ਹਰਦਿਆਲ ਦੇ ਅਮਰੀਕਾ ਜਾਣ ਦੌਰਾਨ ਬਰਕਤੁੱਲਾ ਅਤੇ ਭਗਵਾਨ ਸਿੰਘ ਗਰੰਥੀ ਜਪਾਨ ਤੋਂ ਗ਼ਦਰ ਪਾਰਟੀ ਦਾ ਸਾਰਾ ਪ੍ਰਬੰਧ ਸੰਭਾਲਣ ਲਈ ਆਏ। ਯੁੱਧ ਦੇ ਅਚਾਨਕ ਸ਼ੁਰੂ ਹੋਣ 'ਤੇ ਉਨ੍ਹਾਂ ਨੇ ਬਹੁਤ ਹੀ ਗਰਮਜੋਸ਼ੀ ਨਾਲ ਭਾਰਤ ਮੁੜ ਜਾਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਕੁਝ ਮਹੀਨਿਆਂ ਬਾਅਦ ਅਮਰੀਕਾ ਛੱਡ ਦਿੱਤਾ ਅਤੇ ਬਰਕਤੁੱਲਾ ਬਾਰੇ ਪਤਾ ਲੱਗਦਾ ਹੈ ਕਿ ਪਰਸੀਆ ਜਰਮਨ ਏਜੰਟ ਵਜੋਂ ਗਿਆ ਅਤੇ ਹੁਣ ਉਹ ਅਫਗਾਨਿਸਤਾਨ ਵਿੱਚ ਹੈ।' (ਪੰਨਾ 42)

'ਪਿੰਗਲੇ, ਵਿਸ਼ਨੂੰ ਗਣੇਸ਼, ਪੁੱਤਰ ਗਣੇਸ਼ ਪਿੰਗਲੇ, ਮਹਾਰੱਤਾ, ਤੇਲਗਾਉਂ ਧਾਮਧੇਰਾ, ਜ਼ਿਲ੍ਹਾ ਪੂਨਾ, ਮੁੰਬਈ ਦਾ ਰਹਿਣ ਵਾਲਾ। ਉਹ ਪੰਜਾਬੀ ਤੇ ਬੰਗਾਲੀ ਅਰਾਜਕਤਾਵਾਦੀਆਂ ਵਿਚਕਾਰ ਇੱਕ ਵਿਚੋਲੇ ਦੀ ਭੂਮਿਕਾ ਨਿਭਾਅ ਰਿਹਾ ਸੀ ਅਤੇ ਉਹ ਸਥਾਨਕ ਰੈਜੀਮੈਂਟਾਂ ਨੂੰ ਭਰਮਾਉਣ ਦੀ ਆਪਣੀ ਕੋਸ਼ਿਸ਼ ਵਿੱਚ ਖਾਸ ਉਤਸ਼ਾਹਿਤ ਸੀ। ਉਸ ਨੂੰ 12 ਕੈਵਲਰੀ ਲਾਈਨਜ਼, ਮੇਰਠ ਵਿੱਚ ਨੌਕਰੀ ਕਰਦਿਆਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਤੋਂ ਦਸ ਬੰਬਾਂ ਦੇ ਬੰਗਾਲੀ ਨਮੂਨੇ ਬਰਾਮਦ ਕੀਤੇ ਗਏ। ਉਸ ਨੂੰ ਲਾਹੌਰ ਸਾਜ਼ਿਸ਼ ਕੇਸ ਦੌਰਾਨ ਮੁਕੱਦਮੇ ਲਈ ਭੇਜਿਆ ਗਿਆ ਅਤੇ ਫਾਂਸੀ ਦੀ ਸਜ਼ਾ ਦਿੱਤੀ ਗਈ।' (ਪੰਨਾ 42)

ਗੁਲਾਬ ਕੌਰ : 'ਗੁਲਾਬ ਕੌਰ ਉਰਫ ਬਸੰਤ ਕੌਰ। ਇਹ ਇਨਕਲਾਬੀ ਪਾਰਟੀ ਦੀ ਇੱਕ ਮਹਿਲਾ ਵਰਕਰ ਸੀ, ਜਿਸ ਨੂੰ ਕੋਟਲਾ ਦੇ ਅਮਰ ਸਿੰਘ ਦੇ ਘਰੋਂ ਲੱਭਿਆ ਸੀ। ਉਸ ਨੂੰ ਹੁਸ਼ਿਆਰਪੁਰ ਦੀ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਸੀ।' (ਪੰਨਾ 265)

'ਹਰਨਾਮ ਸਿੰਘ, ਟੁੰਡਾ ਪੁੱਤਰ ਗੁਰਦਿੱਤ ਸਿੰਘ, ਕੋਟਲਾ ਨੌਧ ਸਿੰਘ ਹੁਸ਼ਿਆਰਪੁਰ ਦਾ ਵਸਨੀਕ। ਉਹ ਸਾਨ ਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਵਿੱਚ ਰਹਿੰਦਾ ਸੀ ਅਤੇ ਉਸ ਦੇ ਇਸ ਲਹਿਰ ਦੇ ਸਾਰੇ ਆਗੂਆਂ ਨਾਲ ਬਹੁਤ ਨਜ਼ਦੀਕੀ ਵਾਲਾ ਸੰਬੰਧ ਰਿਹਾ, ਖਾਸ ਤੌਰ 'ਤੇ ਬੰਬ ਬਣਾਉਣ ਵਾਲੇ ਹਰਨਾਮ ਸਿੰਘ ਸਾਹਰੀ ਨਾਲ। ਉਸ ਦੀਆਂ ਕਈ ਚਿੱਠੀਆਂ ਵੈਨਕੂਵਰ ਦੇ ਹਰਨਾਮ ਸਿੰਘ ਦੇ ਪੇਪਰਾਂ ਵਿੱਚੋਂ ਮਿਲੀਆਂ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਪੇਪਰ ਹਰਦਿਆਲ ਦੇ ਆਉਣ ਬਾਰੇ ਅਤੇ ਯਗਾਂਤਰ ਆਸ਼ਰਮ ਨੂੰ ਅਰਾਜਕਤਾ ਫੈਲਾਉਣ ਵਾਲੇ ਕੇਂਦਰ ਵਜੋਂ ਦਿਖਾਇਆ ਗਿਆ ਹੈ। 23 ਦਸੰਬਰ 1913 ਨੂੰ ਹਰਦਿਆਲ ਦਿੱਲੀ ਜਸ਼ਨ ਵਿੱਚ ਵੀ ਸ਼ਾਮਲ ਸੀ ਅਤੇ ਉਹ ਵਫਾਦਾਰ ਭਾਰਤੀਆਂ ਨੂੰ ਤੰਗ-ਪ੍ਰੇਸ਼ਾਨ ਕਰਦਾ ਸੀ। ਅਮਰੀਕਾ ਜਾਣ ਤੋਂ ਪਹਿਲਾਂ ਉਹ 25ਵੀਂ ਪੰਜਾਬੀ ਫੌਜੀ ਟੁਕੜੀ ਵਿੱਚ ਸੇਵਾ ਨਿਭਾਅ ਰਿਹਾ ਸੀ। ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਹਿੱਸਾ ਪਾਇਆ। ਉਸ ਨੇ ਆਪਣੀ ਖੱਬੀ ਬਾਂਹ ਗਵਾ ਲਈ ਸੀ। ਉਸ ਨੂੰ ਲਾਹੌਰ ਸਾਜ਼ਿਸ਼ ਕੇਸ ਦੇ ਤਹਿਤ ਉਸ ਉਪਰ ਮੁਕੱਦਮਾ ਚਲਾਇਆ ਗਿਆ ਅਤੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਪਰ ਬਾਅਦ ਵਿੱਚ ਉਸ ਨੂੰ ਉਮਰ ਕੈਦ ਦੀ ਸਜ਼ਾ ਵਿੱਚ ਬਦਲ ਦਿੱਤਾ ਗਿਆ।' (ਪੰਨਾ 116)

'ਹਰਨਾਮ ਸਿੰਘ (ਬਾਬੂ), ਪੁੱਤਰ ਲਾਭ ਸਿੰਘ ਸਾਹਰੀ, ਹੁਸ਼ਿਆਰਪੁਰ ਦਾ ਰਹਿਣ ਵਾਲਾ। ਉਹ ਅਮਰੀਕਾ ਵਿੱਚ ਗ਼ਦਰ ਪਾਰਟੀ ਦਾ ਸਭ ਤੋਂ ਖਤਰਨਾਕ ਮੈਂਬਰਾਂ ਵਿੱਚੋਂ ਇੱਕ ਸੀ। ਜਦੋਂ ਉਹ ਭਾਰਤ ਵਿੱਚ ਸੀ ਤਾਂ ਉਸ ਨੇ 18 ਮਹੀਨੇ ਲਈ ਚੌਥੀ ਘੋੜਸਵਾਰ ਫੌਜ ਵਿੱਚ ਨੌਕਰੀ ਕੀਤੀ। ਕਾਮਾ ਗਾਟਾਮਾਰੂ ਦੇ ਪਹੁੰਚਣ 'ਤੇ ਉਹ ਕਾਫੀ ਚਰਚਾ ਵਿੱਚ ਆ ਗਿਆ। ਉਹ ਗ਼ਦਰ ਪਾਰਟੀ ਦੀਆਂ ਮੀਟਿੰਗਾਂ ਵਿੱਚ ਮੁੱਖ ਬੁਲਾਰੇ ਵਜੋਂ ਜਾਣਿਆ ਜਾਂਦਾ ਸੀ। ਉਹ ਵੈਨਕੂਵਰ ਵਿੱਚ ਫੜੇ ਗਏ ਬੰਬ ਦੀ ਸਾਜ਼ਿਸ਼ ਦਾ ਪ੍ਰਮੁੱਖ ਵਿਅਕਤੀ ਸੀ, ਪਰ ਜਿਸ ਸਮੇਂ ਤਲਾਸ਼ੀ ਲਈ ਗਈ, ਉਹ ਅਮਰੀਕਾ ਵਿੱਚ ਸੀ, ਉਹ ਬਚ ਗਿਆ। ਇਹ ਸਾਬਤ ਹੋ ਚੁੱਕਾ ਸੀ ਕਿ ਉਹ ਹੀ ਵਿਅਕਤੀ ਸੀ, ਜੋ ਅਸਲ ਵਿੱਚ ਲੱਭੇ ਹੋਏ ਸਾਮਾਨ ਦਾ ਖਰੀਦਦਾਰ ਸੀ। ਸਰੇਂਦਰ ਮੋਹਨ ਬੋਸ ਵੱਲੋਂ ਪੈਰਿਸ ਤੋਂ ਭੇਜੀਆਂ ਚਿੱਠੀਆਂ ਵਿੱਚੋਂ ਬੰਬ ਬਣਾਉਣ ਦੇ ਫਾਰਮੂਲੇ ਮਿਲੇ ਸਨ। 1915 ਦੀਆਂ ਗਰਮੀਆਂ ਵਿੱਚ ਬਰ੍ਹਮਾ ਵਿੱਚ ਗ੍ਰਿਫਤਾਰ ਕਰ ਲਿਆ ਗਿਆ, ਜਦੋਂ ਉਸ ਨੇ ਆਪਣਾ ਨਾਂਅ ਈਸਰ ਦਾਸ ਪੁੱਤਰ ਭਗਵਾਨ ਦਾਸ, ਨਸਰਾਲਾ, ਹੁਸ਼ਿਆਰਪੁਰ ਦੱਸਿਆ ਸੀ। ਉਹ ਜੇਲ੍ਹ ਵਿੱਚੋਂ ਭੱਜਣ ਵਿੱਚ ਕਾਮਯਾਬ ਹੋ ਗਿਆ, ਪਰ ਉਸ ਨੂੰ ਦੁਬਾਰਾ ਫੜ ਲਿਆ ਤੇ ਮੁਕੱਦਮੇ ਲਈ ਭੇਜ ਦਿੱਤਾ ਗਿਆ।' (ਪੰਨਾ 115)

'ਜਗਤ ਰਾਮ ਉਰਫ ਸੰਤ ਰਾਮ, ਹਰਿਆਣਾ ਹੁਸ਼ਿਆਰਪੁਰ ਦਾ ਵਸਨੀਕ। ਉਹ ਅਮਰੀਕਾ ਦੇ ਪੱਛਮੀ ਤੱਟ 'ਤੇ ਹਰਦਿਆਲ ਦੀ ਗ਼ਦਰ ਲਹਿਰ ਦਾ ਮਹੱਤਵਪੂਰਨ ਸਹਿਯੋਗੀ ਸੀ। ਅਜੀਤ ਸਿੰਘ ਨੂੰ ਲਿਖੀ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਗ਼ਦਰ ਲਹਿਰ ਲਈ ਚੰਗਾ ਕੰਮ ਕੀਤਾ ਅਤੇ ਉਸ ਨੇ ਗ਼ਦਰ ਪਾਰਟੀ ਦੇ ਬਾਹਰੀ ਸਕੱਤਰ ਵਜੋਂ ਵੀ ਭੂਮਿਕਾ ਨਿਭਾਈ। ਉਸ ਨੂੰ ਬੰਬ ਬਣਾਉਣ ਦੀ ਜਾਣਕਾਰੀ ਸੀ ਅਤੇ ਉਹ ਸਟਾਕਟਨ ਵਿਖੇ ਜਵਾਲਾ ਸਿੰਘ ਦੇ ਫਾਰਮ 'ਤੇ ਉਸ ਦਾ ਪ੍ਰਯੋਗ ਕਰਨ ਵੀ ਗਿਆ। ਉਸ ਨੇ ਛੇ-ਸੱਤ ਪਿਸਤੌਲ ਜਹਾਜ਼ ਤੋਂ ਲੁਕ-ਛਿਪ ਕੇ ਬਾਹਰ ਲਿਜਾਣ ਦੀ ਅਸਫਲ ਕੋਸ਼ਿਸ਼ ਕੀਤੀ। ਉਸ ਨੇ ਉਨ੍ਹਾਂ ਨੂੰ ਜਹਾਜ਼ ਦੇ ਡਾਕਟਰ ਦੇ ਕੈਬਨ ਵਿੱਚ ਛੁਪਾ ਦਿੱਤਾ, ਪਰ ਬਾਅਦ ਵਿੱਚ ਉਹ ਪਿਸਤੌਲ ਲੱਭ ਲਏ ਗਏ। ਉਸ ਨੂੰ 1915 ਵਿੱਚ ਲਾਹੌਰ ਸਾਜ਼ਿਸ਼ ਕੇਸ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ, ਪਰ ਬਾਅਦ ਵਿੱਚ ਉਸ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ।' (ਪੰਨਾ 118)

'ਕਰਤਾਰ ਸਿੰਘ, ਪੁੱਤਰ ਮੰਗਲ ਸਿੰਘ, ਸਰਾਭਾ, ਲੁਧਿਆਣਾ ਦਾ ਰਹਿਣ ਵਾਲਾ। ਉਹ ਗ਼ਦਰ ਪਾਰਟੀ ਦਾ ਸਰਗਰਮ ਮੈਂਬਰ ਸੀ, ਜਿਹੜਾ ਅਖਬਾਰ ਦੀ ਛਪਾਈ ਨਾਲ ਜੁੜਿਆ ਹੋਇਆ ਸੀ। ਉਹ ਫਰਵਰੀ 1913 ਨੂੰ ਅਮਰੀਕਾ ਪਹੁੰਚਿਆ ਅਤੇ ਕੈਲਗਰੀ ਦੀ ਪੜ੍ਹਾਈ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਖੇ ਸ਼ੁਰੂ ਕੀਤੀ। 23 ਦਸੰਬਰ 1913 ਨੂੰ ਹਰਦਿਆਲ ਵੱਲੋਂ ਦਿੱਤੇ ਯਾਦਗਾਰੀ ਰਾਤ ਦੇ ਖਾਣੇ ਵਿੱਚ ਵੀ ਮੌਜੂਦ ਸੀ। ਉਸ ਲਾਹੌਰ ਦੇ ਭਾਈ ਪਰਮਾਨੰਦ ਨਾਲ ਲਗਾਤਾਰ ਸੰਪਰਕ ਵਿੱਚ ਸੀ। ਉਹ ਕਲਕੱਤੇ ਉੱਥੋਂ ਦੀ ਇਨਕਲਾਬੀ ਪਾਰਟੀ ਕੋਲੋਂ ਹਥਿਆਰ ਖਰੀਦਣ ਗਿਆ। ਉਸ ਨੇ ਕਈ ਡਾਕੇ ਮਾਰੇ, ਲੁਧਿਆਣੇ ਜ਼ਿਲ੍ਹੇ ਵਿੱਚ ਕਈ ਕਤਲ ਕੀਤੇ। ਉਹ ਬੰਬ ਬਣਾਉਣ, ਫੌਜੀਆਂ ਨੂੰ ਉਕਸਾਉਣ ਅਤੇ ਸਕੂਲ ਦੇ ਬੱਚਿਆਂ ਨੂੰ ਦੇਸ਼ ਧ੍ਰੋਹ ਸਿਖਾਉਣ ਵਿੱਚ ਸਰਗਰਮ ਸੀ। ਉਸ ਨੂੰ ਲਾਹੌਰ ਟ੍ਰਿਬਿਊਨਲ ਵੱਲੋਂ ਦੋਸ਼ੀ ਠਹਿਰਾਇਆ ਗਿਆ। ਉਸ ਦੀ ਜਾਇਦਾਦ ਜ਼ਬਤ ਕੀਤੀ ਗਈ ਅਤੇ ਉਸ ਨੂੰ ਫਾਂਸੀ ਦਿੱਤੀ ਗਈ।' (ਪੰਨਾ 214)

'ਕਿਸ਼ਨ ਸਿੰਘ, ਅਜੀਤ ਸਿੰਘ ਦਾ ਭਰਾ (ਸ਼ਹੀਦੇ-ਆਜ਼ਮ ਸ. ਭਗਤ ਸਿੰਘ ਦਾ ਪਿਤਾ), ਜੋ ਕਿ ਸਾਬਕਾ ਦੇਸ਼ ਨਿਕਾਲਾ ਵਿਅਕਤੀ ਸੀ ਅਤੇ ਆਪਣੇ-ਆਪ ਨੂੰ ਇੱਕ ਮੰਨਿਆ-ਪ੍ਰਮੰਨਿਆ ਕ੍ਰਾਂਤੀਕਾਰੀ ਸਮਝਦਾ ਸੀ। ਇੱਕ ਰਿਪੋਰਟ ਮੁਤਾਬਕ ਉਸ ਨੇ 1913-1914 ਦੀਆਂ ਸਰਦੀਆਂ ਨੂੰ ਕ੍ਰਾਂਤੀਕਾਰੀਆਂ ਨੂੰ ਖਰਚੇ ਲਈ 1000 ਰੁਪਏ ਦਿੱਤੇ ਸਨ।' (ਪੰਨਾ 46)

'ਭਾਈ ਸੰਤੋਖ ਸਿੰਘ ਧਰਦਿਓ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ। ਇਹ ਨਾਂਅ ਵਾਲਾ ਵਿਅਕਤੀ ਅਕਸਰ ਸਟਾਕਟਨ, ਜਵਾਲਾ ਸਿੰਘ ਦੇ ਘਰ ਜਾਇਆ ਕਰਦਾ ਸੀ ਅਤੇ ਉੱਥੇ ਬੰਬ ਧਮਾਕਾ ਹੋਣ ਦੇ ਸਮੇਂ ਵੀ ਉੱਥੇ ਮੌਜੂਦ ਸੀ। ਉਸ ਨੇ ਐੱਫ.ਏ. ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਕੀਤੀ। ਉਹ ਗੁਰਮੁਖੀ ਅਤੇ ਅੰਗਰੇਜ਼ੀ ਜਾਣਦਾ ਸੀ, ਪਰ ਉਰਦੂ ਨਹੀਂ ਜਾਣਦਾ। ਉਹ ਲੱਗਭੱਗ ਤੀਹ ਸਾਲ ਦਾ, ਛੋਟੇ ਕੱਦ, ਦਰਮਿਆਨਾ ਸਰੀਰ, ਨਰਮ ਤੇ ਤੇਜ਼ ਬੋਲਣ ਵਾਲਾ, ਪਤਲੀ ਆਵਾਜ਼ ਵਾਲਾ ਵਿਅਕਤੀ ਹੈ। ਉਹ ਸਟਾਕਟਨ ਵਿੱਚ ਖਾਲਸਾ ਦੀਵਾਨ ਦਾ ਸਕੱਤਰ ਹੈ ਅਤੇ ਉਹ ਹਰਿਆਣਾ ਦੇ ਜਗਤ ਰਾਮ ਦਾ ਗ਼ਦਰ ਪਾਰਟੀ ਦਾ ਸਹਾਇਕ ਸਕੱਤਰ ਰਿਹਾ। ਉਹ ਹਾਲ ਹੀ ਵਿੱਚ ਸਿਆਮ ਵਿੱਚ ਹੈ। ਉਹ ਇੱਕ ਬਹੁਤ ਹੀ ਖਤਰਨਾਕ ਵਿਅਕਤੀ ਹੈ।' (ਪੰਨਾ 82)

'ਬਲਵੰਤ ਸਿੰਘ, ਉਰਫ ਬੰਤਾ ਸਿੰਘ, ਪੁੱਤਰ ਬੂਟਾ ਸਿੰਘ, ਸ਼ਾਹੂਕਾਰ, ਸੰਗਵਾਲ, ਪੁਲਸ ਸਟੇਸ਼ਨ ਕਰਤਾਰਪੁਰ, ਜ਼ਿਲ੍ਹਾ ਜਲੰਧਰ ਦਾ ਵਸਨੀਕ। ਉਹ 1914 ਦੀ ਸ਼ੁਰੂਆਤ ਵਿੱਚ ਭਾਰਤ ਵਾਪਸ ਪਰਤਿਆ ਅਤੇ ਆਪਣੇ ਆਲੇ-ਦੁਆਲੇ ਪਿੰਡਾਂ ਵਿੱਚ ਦੌਰਾ ਕਰਕੇ ਬਗ਼ਾਵਤ ਦਾ ਪ੍ਰਚਾਰ ਕਰਨ ਲੱਗਾ। ਉਸ ਨੇ ਵਾਪਸ ਪਰਤੇ ਪ੍ਰਵਾਸੀਆਂ ਦਾ ਇੱਕ ਜਥਾ ਬਣਾਇਆ ਅਤੇ ਉਹ ਜਲੰਧਰ ਵਿੱਚ ਦਸੰਬਰ 1914 ਅਤੇ ਜਨਵਰੀ 1915 ਦੇ ਦੌਰਾਨ ਘੱਟੋ-ਘੱਟ ਦੋ ਡਕੈਤੀਆਂ ਕਰਨ ਲਈ ਜ਼ਿੰਮੇਵਾਰ ਰਿਹਾ। ਉਸ ਦੇ ਘਰ ਵਿੱਚ ਤਲਾਸ਼ੀ ਲਈ ਗਈ ਅਤੇ ਕਾਫੀ ਮਾਤਰਾ ਵਿੱਚ ਦੇਸ਼ਧ੍ਰੋਹੀ ਸਾਹਿਤ ਪਾਇਆ ਗਿਆ। ਉਹ ਉਸ ਟੋਲੀ ਦਾ ਆਗੂ ਸੀ, ਜਿਨ੍ਹਾਂ ਨੇ ਅੰਮ੍ਰਿਤਸਰ ਵਿੱਚ ਮਿਲਟਰੀ ਗਾਰਡ 'ਤੇ ਹਮਲਾ ਕੀਤਾ, ਜਿਸ ਵਿੱਚ ਚਾਰ ਜਣਿਆਂ ਦਾ ਕਤਲ ਹੋ ਗਿਆ ਅਤੇ ਛੇ ਬੰਦੂਕਾਂ ਖੋਹ ਲਈਆਂ ਗਈਆਂ। ਉਸ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਜ਼ੈਲਦਾਰ ਚੰਦਾ ਸਿੰਘ ਦੇ ਕਤਲ ਦਾ ਦੋਸ਼ੀ ਵੀ ਮੰਨਿਆ ਜਾਂਦਾ ਸੀ ਅਤੇ ਉਸ ਨੂੰ ਇਨ੍ਹਾਂ ਦੋਹਾਂ ਕੇਸਾਂ ਵਿੱਚ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। 12 ਅਗਸਤ 1915 ਨੂੰ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਉਹ ਇਨਕਲਾਬੀਆਂ ਦਾ ਸਭ ਤੋਂ ਖਤਰਨਾਕ ਆਗੂਆਂ ਵਿੱਚੋਂ ਇੱਕ ਸੀ।' (ਪੰਨਾ 143)।

ਇਸੇ ਤਰ੍ਹਾਂ ਗ਼ਦਰ ਲਈ ਫਾਂਸੀ ਚੜ੍ਹਨ ਵਾਲੇ ਰਹਿਮਤ ਅਲੀ ਵਜੀਦਕੇ ਬਾਰੇ ਸੀ.ਆਈ.ਡੀ. ਨੇ ਲਿਖਿਆ ਹੈ : 'ਨਵਾਬ ਖਾਨ ਦੀ ਪਾਰਟੀ ਦਾ ਮੈਂਬਰ ਸੀ ਅਤੇ ਇਹ ਫਿਰੋਜ਼ ਸ਼ਹਿਰ ਕਤਲ ਕਾਂਡ ਵਿੱਚ ਵੀ ਸ਼ਾਮਲ ਸੀ। ਉਸ ਨੂੰ ਦੋਸ਼ੀ ਮੰਨ ਕੇ ਫਾਂਸੀ ਦਿੱਤੀ ਗਈ।'(ਪੰਨਾ 265)

'ਮੰਗੂ (ਆਦਿ ਧਰਮੀ ਲਹਿਰ ਵਾਲੇ ਬਾਬੂ ਮੰਗੂ ਰਾਮ), (ਚਮਿਆਰ), ਪਿੰਡ ਮੁਗੋਵਾਲ, ਮਾਹਿਲਪੁਰ, ਹੁਸ਼ਿਆਰਪੁਰ ਦਾ ਰਹਿਣ ਵਾਲਾ। 1915 ਦੀਆਂ ਸਰਗਰਮੀਆਂ ਵਿੱਚ ਮਿਲੀ ਇੱਕ ਖਬਰ ਮੁਤਾਬਕ ਉਸ ਨੇ ਸਾਨ ਫਰਾਂਸਿਸਕੋ ਛੱਡ ਦਿੱਤਾ ਅਤੇ ਉਹ ਗੁਰਦਾਸਪੁਰ ਦੇ ਨਰਿੰਜਨ ਦਾਸ, ਸਾਧਵਾਂ ਦੇ ਹਰਨਾਮ ਚੰਦ ਅਤੇ ਫੁਰਵਾਲਾ ਦੇ ਚਰਨ ਦਾਸ ਦੇ ਨਾਲ ਸ਼ੰਘਾਈ ਅਤੇ ਮਨੀਲਾ ਤੋਂ ਹੁੰਦਾ ਹੋਇਆ ਭਾਰਤ ਪਹੁੰਚਿਆ। ਪਿਛਲੇ ਦੋ ਰਾਮ ਚੰਦ ਪੇਸ਼ਾਵਰੀ ਦੇ ਦੂਤ ਸਨ ਅਤੇ ਜੁਲਾਈ 1915 ਵਿੱਚ ਜਪਾਨ ਚਲੇ ਗਏ ਸਨ। ਇਹ ਕਿਹਾ ਜਾਂਦਾ ਹੈ ਕਿ ਮੰਗੂ ਖਤਰਨਾਕ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਉਸ ਨੇ ਮੁੜਨ ਬਾਰੇ ਆਪਣਾ ਮਨ ਬਦਲ ਲਿਆ, ਕਿਉਂਕਿ ਉਹ ਸਤੰਬਰ 1915 ਵਿੱਚ ਵੀ ਅਮਰੀਕਾ ਵਿੱਚ ਹੀ ਸੀ।' (ਪੰਨਾ 124)

'ਨਵਾਬ ਖਾਨ, ਪੁੱਤਰ ਘੌਂਸ ਖਾਨ, ਰਾਜਪੂਤ, ਹਲਵਾਰਾ, ਪੁਲਸ ਸਟੇਸ਼ਨ ਰਾਏਕੋਟ ਦਾ ਰਹਿਣ ਵਾਲਾ। ਉਹ ਅਮਰੀਕਾ ਵਿੱਚ ਗ਼ਦਰ ਪਾਰਟੀ ਦਾ ਇੱਕ ਅਹਿਮ ਮੈਂਬਰ ਸੀ ਅਤੇ ਹੁਸੈਨ ਰਹੀਮ ਦਾ ਨਜ਼ਦੀਕੀ ਸਾਥੀ ਸੀ। ਅਮਰੀਕਾ ਦੇ ਪੱਛਮੀ ਤੱਟ 'ਤੇ ਹੋਏ ਵੱਖ-ਵੱਖ ਅੰਦੋਲਨਾਂ ਵਿੱਚ ਉਹ ਸ਼ਾਮਲ ਰਿਹਾ ਅਤੇ ਗ਼ਦਰ ਸੰਗਠਨ ਵਿੱਚ ਵੱਡੇ ਅਹੁਦੇ 'ਤੇ ਹੋਣ ਕਰਕੇ ਉਹ ਹਰਦਿਆਲ ਦੇ ਸੰਪਰਕ ਵਿੱਚ ਸੀ। ਉਹ ਪੰਜਾਬ ਵਿੱਚ ਗ਼ਦਰ ਡਾਕੂ ਪਾਰਟੀਆਂ ਬਣਾਉਣ ਵਿੱਚ ਰੁੱਝਿਆ ਰਿਹਾ ਅਤੇ ਫਿਰੋਜ਼ ਸ਼ਹਿਰ ਕਤਲ ਕਾਂਡ ਦੀਆਂ ਕਾਰਵਾਈਆਂ ਦਾ ਇੱਕ ਅਹਿਮ ਆਗੂ ਰਿਹਾ। ਉਸ ਨੂੰ ਦਸੰਬਰ 1914 ਵਿੱਚ ਗ੍ਰਿਫਤਾਰ ਕਰਕੇ ਨਜ਼ਰਬੰਦ ਕਰ ਦਿੱਤਾ, ਪਰ ਬਾਅਦ ਵਿੱਚ ਉਸ ਨੂੰ ਰਿਹਾਅ ਕਰ ਦਿੱਤਾ ਗਿਆ, ਕਿਉਂਕਿ ਉਸ ਨੇ ਗ਼ਦਰ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਸ ਦੇ ਦਿੱਤੇ ਇੱਕ ਕੀਮਤੀ ਬਿਆਨ ਤੋਂ ਅਧਿਕਾਰੀਆਂ ਦੀ ਮਦਦ ਹੋਣ ਦੀ ਸੰਭਾਵਨਾ ਸੀ। ਉਸ ਨੂੰ ਲਾਹੌਰ ਸਾਜ਼ਿਸ਼ ਕੇਸ ਵਿੱਚ ਸਰਕਾਰੀ ਗਵਾਹ ਬਣਾਇਆ ਗਿਆ ਸੀ।' (ਪੰਨਾ 224)

ਅੰਗਰੇਜ਼ ਹਕੂਮਤ ਗ਼ਦਰੀਆਂ ਦੀਆਂ ਚਿੱਠੀਆਂ ਵੀ ਸੈਂਸਰ ਕਰਦੀ ਸੀ ਉਹ ਉਨ੍ਹਾਂ ਦੀਆਂ ਨਿੱਜੀ ਚਿੱਠੀਆਂ ਵੀ ਖੰਗਾਲਦੇ ਸਨ ਜਿਵੇਂ : 'ਦਿਆਲ ਸਿੰਘ ਕਮਾਲਪੁਰਾ ਨੇ ਆਪਣੀ ਪਤਨੀ ਨੂੰ ਚਿੱਠੀ ਲਿਖੀ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਗ਼ਦਰ ਲਹਿਰ ਦਾ ਪੱਕਾ ਸਮਰਥਕ ਹੈ।' (ਪੰਨਾ 202)

ਅੰਗਰੇਜ਼ ਹਕੂਮਤ ਗ਼ਦਰੀਆਂ ਦੁਆਰਾ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਪ੍ਰਤੀ ਵੀ ਗੰਭੀਰ ਨੋਟਿਸ ਲੈਂਦੀ ਸੀ : 'ਕੇਦਾਰ ਨਾਥ ਸੌਂਧੀ ਹਰਿਆਣਾ ਹੁਸ਼ਿਆਰਪੁਰ ਦਾ ਵਸਨੀਕ ਸੀ। ਉਹ ਹਰਦਿਆਲ ਦੇ ਚੇਲੇ ਗਏ ਚਾਰ ਮੈਂਬਰਾਂ ਵਿੱਚੋਂ ਇੱਕ ਸੀ। ਉਹ ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ ਦਾ ਵਿਦਿਆਰਥੀ ਸੀ। ਉਹ ਕਰਤਾਰ ਸਿੰਘ ਸਰਾਭਾ ਨਾਲ ਚਿੱਠੀ ਪੱਤਰ ਵਿਹਾਰ ਕਰਦਾ ਰਿਹਾ। ਉਸ ਨੇ ਜਨਵਰੀ 1915 ਵਿੱਚ ਹੋਈ ਫਰਿਜ਼ਨੋ ਕੈਲੀਫੋਰਨੀਆ ਦੀ ਮੀਟਿੰਗ ਵਿੱਚ 1857 ਦੇ ਆਜ਼ਾਦੀ ਦੇ ਸੰਗਰਾਮ 'ਤੇ ਲਿਖੀ ਸਾਵਰਕਰ ਦੀ ਕਿਤਾਬ 'ਵਾਰ ਆਫ ਇੰਡੀਆ ਇਨਡੀਪੈਂਡਸ' ਵਿੱਚੋਂ ਇੱਕ ਪਾਠ ਪੜ੍ਹਿਆ।' (ਪੰਨਾ 121)।

ਇਸੇ ਤਰ੍ਹਾਂ 'ਪੂਰਨ ਸਿੰਘ ਪੁਰਹੀਰਾਂ, ਹੁਸ਼ਿਆਰਪੁਰ ਕੋਲੋਂ ਵੀ ਸਾਵਰਕਰ ਦੀ (ਉਪਰੋਕਤ) ਕਿਤਾਬ ਮਿਲੀ।' (ਪੰਨਾ 130), ਇਹ ਸਾਵਰਕਰ ਅੰਗਰੇਜ਼ਾਂ ਤੋਂ ਮੁਆਫੀ ਮੰਗਣ ਤੋਂ ਪਹਿਲਾਂ ਵਾਲਾ ਹੈ ਜਿਸ ਵੇਲੇ ਉਸ ਦੇ ਵਿਚਾਰ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸਨ।

'ਕਾਸ਼ੀ ਰਾਮ, ਗੰਗਾ ਰਾਮ, (ਬ੍ਰਾਹਮਣ), ਮੜੌਲੀ, ਪੁਲਸ ਸਟੇਸ਼ਨ ਮੋਰਿੰਡਾ, ਅੰਬਾਲਾ ਦਾ ਵਾਸੀ। ਇਹ ਉਸ ਕਮੇਟੀ ਦਾ ਮੈਂਬਰ ਸੀ, ਜਿਨ੍ਹਾਂ ਨੇ ਗ਼ਦਰ ਪਾਰਟੀ ਬਣਾਈ ਸੀ। ਇਸ ਲਹਿਰ ਲਈ 200 ਡਾਲਰ ਦਾ ਯੋਗਦਾਨ ਵੀ ਪਾਇਆ। ਉਸ ਨੇ ਵੈਨਕੂਵਰ ਵਿਖੇ 27 ਦਸੰਬਰ 1913 ਦੀ ਮੀਟਿੰਗ ਵਿੱਚ ਹਿੱਸਾ ਲਿਆ, ਜਿੱਥੇ ਉਸ ਨੇ ਬਾਬੂ ਸਿੰਘ ਅਤੇ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ, ਉਨ੍ਹਾਂ ਵਿਰੁੱਧ ਕਵਿਤਾਵਾਂ ਦਾ ਉਚਾਰਨ ਕੀਤਾ, ਸਾਹਰੀ ਦੇ ਬੰਬ ਬਣਾਉਣ ਵਾਲੇ ਹਰਨਾਮ ਸਿੰਘ ਨੂੰ ਮਿਲੀਆਂ ਚਿੱਠੀਆਂ ਵਿੱਚ ਉਸ ਦਾ ਪਤਾ ਸੀ। ਉਸ ਨੇ ਅਜੀਤ ਸਿੰਘ ਨੂੰ ਸਿੱਖ ਮਜ਼ਦੂਰਾਂ ਵਿੱਚ ਪ੍ਰਚਾਰ ਕਰਨ ਲਈ ਠਾਕੁਰ ਦਾਸ ਰਾਹੀਂ ਪੈਸੇ ਭੇਜੇ ਸਨ। ਉਹ ਪੰਜਾਬ ਵਿੱਚ ਪਹੁੰਚਣ 'ਤੇ ਚੱਲ ਰਹੀ ਮੁਹਿੰਮ ਵਿੱਚ ਸ਼ਾਮਲ ਹੋ ਗਿਆ ਸੀ। ਉਹ ਨਿਧਾਨ ਸਿੰਘ ਦੇ ਨਾਲ ਮੋਗਾ ਡਕੈਤੀ ਪਾਰਟੀ ਅਤੇ ਫਿਰੋਜ਼ ਸ਼ਹਿਰ ਕਤਲ ਕੇਸ ਵਿੱਚ ਗ੍ਰਿਫਤਾਰ ਕਰਕੇ ਦੋਸ਼ੀ ਠਹਿਰਾਇਆ ਗਿਆ ਅਤੇ ਉਸ ਨੂੰ ਫਾਂਸੀ ਦਿੱਤੀ ਗਈ।' (ਪੰਨਾ 192)

'ਨਿਧਾਨ ਸਿੰਘ, ਪੁੱਤਰ ਸੁੰਦਰ ਸਿੰਘ, ਚੁੱਘਾ ਪੁਲਸ ਸਟੇਸ਼ਨ ਧਰਮਕੋਟ, ਫਿਰੋਜ਼ਪੁਰ ਦਾ ਰਹਿਣ ਵਾਲਾ। ਹਰਨਾਮ ਸਿੰਘ ਸਾਹਰੀ ਨਾਲ ਚਿੱਠੀ ਪੱਤਰ। 1914 ਵਿੱਚ ਹਾਂਗਕਾਂਗ ਪਹੁੰਚਣ 'ਤੇ ਗ਼ਦਰੀ ਜਥੇ ਦਾ ਇੰਚਾਰਜ ਬਣਿਆ। ਇਸ ਨੇ ਪਾਰਟੀ ਲਈ ਹਥਿਆਰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ। ਪੰਜਾਬ ਆਉਣ ਤੋਂ ਬਾਅਦ ਜ਼ਿਆਦਾ ਸਰਗਰਮ, ਇਨਕਲਾਬੀਆਂ ਦੀ ਲੱਗਭੱਗ ਹਰ ਸ਼ਾਖਾ ਵਿੱਚ ਹਿੱਸਾ ਲਿਆ। ਲਾਹੌਰ ਸਾਜਿਸ਼ ਕੇਸ ਵਿੱਚ ਰੂੜ ਸਿੰਘ ਨਾਲ਼ ਫੜਿਆ ਗਿਆ। ਉਮਰ ਕੈਦ ਦੀ ਸਜ਼ਾ ਦਿੱਤੀ ਗਈ।' (ਪੰਨਾ 240)

ਗ਼ਦਰ ਲਹਿਰ ਤੋਂ ਪ੍ਰਭਾਵਿਤ ਹੋ ਕੇ ਕੁਝ ਸਕੂਲੀ ਵਿਦਿਆਰਥੀ ਵੀ ਸ਼ਾਮਲ ਹੋਏ, ਜਿਵੇਂ 'ਕਪੂਰ ਸਿੰਘ ਕਾਉਂਕੇ, ਉਹ ਭਗਤ ਸਿੰਘ ਬੱਲੋਵਾਲ ਦੁਆਰਾ ਗ਼ਦਰ ਪਾਰਟੀ ਵਿੱਚ ਸ਼ਾਮਲ ਹੋਇਆ ਸੀ'। (ਪੰਨਾ 205), 'ਅਨੋਖ ਸਿੰਘ ਲੁਧਿਆਣਾ ਦਾ ਰਹਿਣ ਵਾਲਾ ਸੀ।'। (ਪੰਨਾ 193), 'ਖੜਕ ਸਿੰਘ ਬੋਪਾਰਾਏ ਰਾਏਕੋਟ ਲੁਧਿਆਣਾ ਦਾ ਰਹਿਣ ਵਾਲਾ ਸੀ। ਉਹ ਸੋਲਾਂ ਸਾਲ ਦਾ ਮੁੰਡਾ ਸੀ। ਉਹ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ। ਉਹ ਇਨਕਲਾਬੀਆਂ ਦੇ ਕੰਮ ਕਰਨ ਲੱਗ ਪਿਆ ਸੀ। ਉਸ ਨੂੰ ਛੋਟੀ ਉਮਰ ਦਾ ਹੋਣ ਕਰਕੇ ਚਾਰ ਸਾਲ ਦੀ ਸਜ਼ਾ ਦਿੱਤੀ ਗਈ।' (ਪੰਨਾ 215) 'ਪੁੰਨੂੰ ਉਰਫ ਨਿਜ਼ਾਮਦੀਨ ਈਸਵਾਲ ਲੁਧਿਆਣਾ ਦਾ ਰਹਿਣ ਵਾਲਾ। 16 ਸਾਲ ਦਾ ਸਕੂਲੀ ਵਿਦਿਆਰਥੀ ਸੀ। ਉਹ ਘਰ-ਘਰ ਦੇਸ਼ ਧ੍ਰੋਹੀ ਵਾਲੇ ਪਰਚੇ ਵੰਡਦਾ ਸੀ।' (ਪੰਨਾ 226)

ਜਿੰਨੇ ਵੀ ਗ਼ਦਰ ਨਾਲ ਸੰਬੰਧਤ ਲੋਕਾਂ ਦੀ ਸ਼ਨਾਖਤ ਸੀ.ਆਈ.ਡੀ. ਨੇ ਕੀਤੀ। ਉਨ੍ਹਾਂ ਵਿੱਚੋਂ ਬਹੁਤੇ ਲੋਕਾਂ ਦੇ ਨਾਂਅ ਨਾਲ ਉਨ੍ਹਾਂ ਦੀ ਜਾਤ ਲਿਖੀ ਗਈ ਹੈ। ਇਸ ਵਰਤਾਰੇ ਦੀਆਂ ਜੜ੍ਹਾਂ ਮਨੂੰ ਸਿਮਰਤੀ ਦੇ ਵੇਲੇ ਦੀਆਂ ਹਨ। ਜਦੋਂ ਜਾਤ ਵੇਖ ਕੇ ਸਜ਼ਾ ਤਹਿ ਕੀਤੀ ਜਾਂਦੀ ਸੀ। ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਵੀ ਹੋ ਸਕਦਾ ਇਸ ਦਾ ਥੋੜ੍ਹਾ ਬਹੁਤ ਪ੍ਰਭਾਵ ਹੋਵੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮੌਜੂਦਾ ਭਾਰਤੀ ਪੰਜਾਬ ਵਿੱਚ ਆਜ਼ਾਦੀ ਤੋਂ ਬਾਅਦ ਜਦੋਂ ਵੀ ਪੰਜਾਬ ਪੁਲਸ ਰਿਪੋਰਟ ਲਿਖਦੀ ਸੀ ਤਾਂ ਬਿਆਨਕਰਤਾ ਦੀ ਜਾਤ ਜ਼ਰੂਰ ਲਿਖੀ ਜਾਂਦੀ ਸੀ, ਪਰ ਪਿਛਲੇ ਸੱਤ-ਅੱਠ ਸਾਲਾਂ ਤੋਂ ਇਹ ਅਲਾਮਤ ਬੰਦ ਹੋ ਗਈ ਹੈ।

ਗ਼ਦਰੀਆਂ ਨੂੰ ਜਿੱਥੇ ਵੀ ਕੋਈ ਉਮੀਦ ਦਾ ਬੰਦਾ ਮਿਲਿਆ, ਉਸ ਕੋਲੋਂ ਆਪਣੇ ਸਾਥੀਆਂ ਲਈ ਮਦਦ ਮੰਗੀ। 'ਰਾਧਾ ਸਿੰਘ ਜਾਂ ਰਹੋਡਾ ਸਿੰਘ, ਪੱਬੀਆਂ, ਲੁਧਿਆਣਾ ਦਾ ਰਹਿਣ ਵਾਲਾ। ਉਹ ਪੰਜਾਬ ਮੁੜਨ ਸਮੇਂ ਮਦਰਾਸ ਰੁਕਿਆ। ਜਿੱਥੇ ਉਹ 'ਦ ਹਿੰਦੂ' ਅਖਬਾਰ ਦੇ ਸੰਪਾਦਕ ਨੂੰ ਮਿਲਿਆ ਤਾਂ ਜੋ ਸੰਪਾਦਕ ਨੂੰ ਚਿੰਗਲਪੁਟ ਵਿਖੇ ਹੋ ਕੇ ਸਿੱਖ ਮੁਸਾਫਿਰਾਂ ਦੀ ਕੈਦ ਵਿਰੁੱਧ ਆਵਾਜ਼ ਉਠਾਉਣ ਲਈ ਪ੍ਰੇਰਿਤ ਕਰ ਸਕੇ।' (ਪੰਨਾ 227)

'ਜਮੁਨਾ ਦਾਸ, ਉਰਫ ਚਰਨ ਦਾਸ, ਉਰਫ ਰਾਮ ਸਿੰਘ, ਬ੍ਰਾਹਮਣ, ਬਾਰਾਗਾਉਂ, ਜ਼ਿਲ੍ਹਾ ਬਾਰਾਬਾਂਕੀ, ਸੰਯੁਕਤ ਪ੍ਰਾਂਤਾਂ ਦਾ ਰਹਿਣ ਵਾਲਾ ਹੈ। ਉਹ ਰਾਸ ਬਿਹਾਰੀ ਬੋਸ ਦਾ ਨੌਕਰ ਸੀ ਅਤੇ ਉਸ ਨੇ ਕ੍ਰਾਂਤੀਕਾਰੀ ਸਾਹਿਤ ਛਪਵਾਉਣ ਵਿੱਚ ਪੰਜਾਬ ਵਿੱਚ ਵੀ ਮਦਦ ਕੀਤੀ। ਲਾਹੌਰ ਵਿੱਚ ਉਸ ਨੇ ਮੁੱਖ ਦਫਤਰ ਲਈ ਇੱਕ ਮਕਾਨ ਕਿਰਾਏ 'ਤੇ ਲਿਆ। ਉਸ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।' (ਪੰਨਾ 40)

ਜਿਨ੍ਹਾਂ ਗ਼ਦਰੀਆਂ ਦੀ ਸ਼ਨਾਖਤ ਨਹੀਂ ਹੋ ਸਕੀ ਜਾਂ ਜਿਨ੍ਹਾਂ ਦੀ ਸ਼ਨਾਖਤ ਬਾਰੇ ਦੁਬਿਧਾ ਹੈ। ਉਨ੍ਹਾਂ ਬਾਰੇ ਖੋਜ ਕਾਰਜ ਯੂਨੀਵਰਸਿਟੀਆਂ ਦੇ ਖੋਜਾਰਥੀ ਕਰਨਗੇ, ਇਹ ਮੇਰੀ ਆਸ ਹੈ। ਇਸ ਪੁਸਤਕ ਦੇ ਸੰਪਾਦਕ ਡਾ. ਵੇਦ ਪ੍ਰਕਾਸ਼ ਵਟੁਕ ਅਤੇ ਅਨੁਵਾਦਕ ਨੇਹਾ ਨਾਯਾਬ ਨੂੰ ਇਸ ਨਾਯਾਬ ਪੁਸਤਕ ਲਈ ਵਧਾਈਆਂ। ਇਸ ਸਮੀਖਿਆ ਵਿੱਚ ਜਿਨ੍ਹਾਂ ਗ਼ਦਰੀਆਂ ਦਾ ਜ਼ਿਕਰ ਨਹੀਂ ਹੋ ਸਕਿਆ, ਉਸ ਲਈ ਖਿਮਾ, ਕਿਉਂਕਿ ਇਸ ਕਿਤਾਬ ਦਾ ਕੈਨਵਸ ਇੰਨਾ ਵੱਡਾ ਹੈ ਕਿ ਇਸ ਨੂੰ ਇੱਕ ਆਰਟੀਕਲ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

ਇਸ ਕਿਤਾਬ ਦੇ ਸਰਵਰਕ ਉੱਤੇ 'ਗ਼ਦਰ ਸਾਜ਼ਿਸ਼ ਦਾ ਬਿਰਤਾਂਤ ਸੀ.ਆਈ.ਡੀ. ਦੇ ਪੱਖ ਤੋਂ 1913-51' ਛਪਿਆ ਹੈ, ਪਰ ਹਾਲਾਂਕਿ ਰਿਪੋਰਟਾਂ 1913-15 ਤੱਕ ਹਨ। ਇਹ ਪਰੂਫ ਰੀਡਿੰਗ ਦੀ ਵੱਡੀ ਗ਼ਲਤੀ ਹੈ। ਉਮੀਦ ਕਰਦੇ ਹਾਂ ਕਿ ਇਹ ਅਗਲੇ ਐਡੀਸ਼ਨ ਵਿੱਚ ਦੂਰ ਹੋ ਜਾਵੇਗੀ।

ਸੰਪਰਕ-97806-18505

‘ਲੇਖਕ ਨੂੰ ਉਸ ਭਾਸ਼ਾ ’ਚ ਲਿਖਣਾ ਚਾਹੀਦਾ, ਜਿਸ ਵਿੱਚ ਉਹ ਜਿਉਂਦਾ’

ਗੋਵਰਧਨ ਗੱਬੀ

ਗੋਵਰਧਨ ਗੱਬੀ, ਪਤਨੀ ਰਾਜ ਕੁਮਾਰੀ, ਬੇਟੀ ਵਾਮਿਕਾ ਗੱਬੀ ਤੇ ਬੇਟਾ ਪੂਰਨ ਗੱਬੀ ਨਾਲ

ਪੈੜਾਂ

ਮੁਲਾਕਾਤੀ : ਡਾ. ਸੀਮਾ ਗੁਪਤਾ

? ਸਭ ਤੋਂ ਪਹਿਲਾਂ ਮੈਂ ਤੁਹਾਡੇ ਪਰਵਾਰਕ ਪਿਛੋਕੜ ਬਾਰੇ ਜਾਨਣਾ ਚਾਹੁੰਦੀ ਹਾਂ। ਕੀ ਸਾਹਿਤ ਪ੍ਰਤੀ ਰੁਝਾਨ ਤੁਹਾਨੂੰ ਪਰਵਾਰ ਤੋਂ ਮਿਲਿਆ ਜਾਂ ਤੁਸੀਂ ਸਾਹਿਤ ਵੱਲ ਖੁਦ ਆਕਰਸ਼ਿਤ ਹੋਏ।

-ਸੀਮਾ ਜੀ, ਛੱਬੀ ਸਾਲ ਦੀ ਉਮਰ ਤੱਕ ਮੇਰਾ ਸਾਹਿਤ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਅਸੀਂ ਅਜਿਹੇ ਪਰਵਾਰਕ ਅਤੇ ਸਮਾਜਿਕ ਮਾਹੌਲ ਤੋਂ ਆਏ ਸੀ, ਜਿੱਥੇ ਸਾਹਿਤ ਅਤੇ ਕਲਾ ਤੋਂ ਦੂਰ ਹੀ ਰਿਹਾ ਜਾਂਦਾ ਸੀ, ਪਰ 6 ਦਸੰਬਰ 1992 ਦਾ ਦਿਨ ਮੇਰੀ ਜ਼ਿੰਦਗੀ ਵਿੱਚ ਬਹੁਤ ਅਹਿਮ ਸਾਬਤ ਹੋਇਆ। ਉਸ ਦਿਨ ਮੇਰੀ ਸ਼ਾਦੀ ਹੋ ਰਹੀ ਸੀ। ਮੈਂ ਬਾਰਾਤ ਲੈ ਕੇ ਆਪਣੀ ਹੋਣ ਵਾਲੀ ਪਤਨੀ ਦੇ ਪਿੰਡ ਗਿਆ ਹੋਇਆ ਸੀ। ਉਹਨਾਂ ਦਿਨਾਂ ’ਚ ਚੰਡੀਗੜ੍ਹ ਵਿੱਚ ਆਇਆਂ ਮੈਨੂੰ ਤਿੰਨ ਕੁ ਸਾਲ ਹੋ ਚੁੱਕੇ ਸਨ, ਜਦੋਂ ਕਿ ਸਾਡਾ ਪਿੰਡ ਪਠਾਨਕੋਟ ਦੇ ਨੇੜੇ ਪੈਂਦਾ ਹੈ ਤੇ ਮੇਰਾ ਸਹੁਰਾ ਪਿੰਡ ਵੀ ਨੇੜੇ ਹੀ ਸੀ।

ਇੱਕ ਦਿਨ ਮੇਰੀ ਮੁਲਾਕਾਤ ਮੋਹਨ ਭੰਡਾਰੀ, ਭੂਸ਼ਣ ਧਿਆਨਪੁਰੀ ਤੇ ਅਜਿਹੇ ਕਈ ਲੋਕਾਂ ਨਾਲ ਹੋਈ, ਜੋ ਸਾਹਿਤ, ਪੱਤਰਕਾਰਤਾ ਅਤੇ ਫ਼ਿਲਮਾਂ ਨਾਲ ਜੁੜੇ ਹੋਏ ਸਨ। ਉਹਨਾਂ ਨਾਲ ਉੱਠਣ-ਬੈਠਣ ਨਾਲ ਮੈਨੂੰ ਹੌਲੀ-ਹੌਲੀ ਸਮਝ ਆਉਣ ਲੱਗੀ ਕਿ ਸਾਹਿਤ ਕੀ ਹੁੰਦਾ ਹੈ? ਕਲਾ ਕੀ ਹੁੰਦੀ ਹੈ?

ਹਾਲਾਂਕਿ ਮੈਂ ਮੈਟ੍ਰਿਕ ਦੀ ਪ੍ਰੀਖਿਆ ਮੋਹਨ ਭੰਡਾਰੀ ਜੀ ਦੀ ਪੰਜਾਬੀ ਕਹਾਣੀ ‘ਮੈਨੂੰ ਟੈਗੋਰ ਬਣਾ ਦੇ ਮਾਂ’ ਪੜ੍ਹ ਕੇ ਪਾਸ ਕੀਤੀ ਹੋਈ ਸੀ, ਪਰ ਸਾਹਿਤ ਨੂੰ ਸੱਚਮੁੱਚ ਸਮਝਣਾ ਚੰਡੀਗੜ੍ਹ ਆਉਣ ਤੋਂ ਬਾਅਦ ਹੀ ਸ਼ੁਰੂ ਹੋਇਆ।

1992 ਤੋਂ ਸਾਹਿਤਕ ਮਾਹੌਲ ਵਿੱਚ ਰਹਿੰਦੇ-ਰਹਿੰਦੇ, ਕਵਿਤਾਵਾਂ ਸੁਣਦੇ-ਪੜ੍ਹਦੇ ਤੇ ਸਾਹਿਤਕਾਰਾਂ ਦੇ ਸੰਪਰਕ ਵਿੱਚ ਆਉਂਦੇ-ਆਉਂਦੇ ਆਖ਼ਿਰਕਾਰ 2003 ਵਿੱਚ ਮੇਰੀ ਪਹਿਲੀ ਪੰਜਾਬੀ ਕਵਿਤਾ ਦੀ ਕਿਤਾਬ ਛਪੀ, ਜਿਸ ਦਾ ਨਾਂਅ ਸੀ ਦਿਲ ਵਾਲੀ ਫਟੜੀ। ਇਸੇ ਤਰ੍ਹਾਂ ਮੇਰੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਹੋਈ।

ਸਾਡੇ ਪਰਵਾਰ ਵਿੱਚ ਸਾਹਿਤ ਨਾਲ ਕਿਸੇ ਦਾ ਕੋਈ ਖ਼ਾਸ ਸੰਬੰਧ ਨਹੀਂ ਰਿਹਾ ਹੈ। ਹਾਂ, ਮੇਰੇ ਮਰਹੂਮ ਪਿਤਾ ਜੀ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ। ਉਹ ਅਖਬਾਰਾਂ ਤੇ ਕੁਝ ਕਿੱਸੇ ਬਹੁਤ ਗੰਭੀਰਤਾ ਨਾਲ ਪੜ੍ਹਦੇ ਹੁੰਦੇ ਸਨ। ਪਿਤਾ ਜੀ ਨੂੰ ਗਾਣੇ ਸੁਣਨਾ ਤੇ ਫ਼ਿਲਮਾਂ ਦੇਖਣਾ ਵੀ ਪਸੰਦ ਸੀ, ਪਰ ਸਾਹਿਤ, ਸੰਗੀਤ ਜਾਂ ਫ਼ਿਲਮਾਂ ਨਾਲ ਜੁੜਿਆ ਜੋ ਇੱਕ ਰਚਨਾਤਮਕ ਅਤੇ ਸੱਭਿਆਚਾਰਕ ਮਾਹੌਲ ਹੁੰਦਾ ਹੈ, ਉਹ ਸਾਡੇ ਘਰ ਵਿੱਚ ਨਹੀਂ ਸੀ।

? ਤੁਹਾਨੂੰ ਕਦੋਂ ਲੱਗਿਆ ਕਿ ਤੁਹਾਨੂੰ ਕਹਾਣੀਆਂ ਲਿਖਣੀਆਂ ਚਾਹੀਦੀਆਂ ਹਨ।

-ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ ਕਿ 2002 ਵਿੱਚ ਮੇਰੀ ਪਹਿਲੀ ਪੰਜਾਬੀ ਕਵਿਤਾ ਦੀ ਕਿਤਾਬ ‘ਦਿਲ ਵਾਲੀ ਫਟੜੀ’ ਪ੍ਰਕਾਸ਼ਿਤ ਹੋਈ ਸੀ। ਉਸ ਤੋਂ ਬਾਅਦ 2005 ਵਿੱਚ ਮੇਰੀ ਦੂਜੀ ਪੰਜਾਬੀ ਕਵਿਤਾ ਦੀ ਕਿਤਾਬ ਅਤੀਤ ਦੇ ਸਿਰਨਾਵੇਂ ਆਈ, ਪਰ ਹੌਲੀ-ਹੌਲੀ ਮੈਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਸ਼ਾਇਦ ਮੈਂ ਕਵਿਤਾ ਲਈ ਓਨਾ ਉਪਯੁਕਤ ਨਹੀਂ ਹਾਂ, ਜਿੰਨਾ ਮੈਨੂੰ ਹੋਣਾ ਚਾਹੀਦਾ ਹੈ। ਮੈਨੂੰ ਲੱਗਣ ਲੱਗਾ ਕਿ ਕਵਿਤਾ ਲਿਖਣ ਲਈ ਜਿਸ ਤਰ੍ਹਾਂ ਦੀ ਇਮਾਨਦਾਰੀ ਤੇ ਡੂੰਘੀ ਸੰਵੇਦਨਸ਼ੀਲਤਾ ਚਾਹੀਦੀ ਹੈ, ਸ਼ਾਇਦ ਮੈਂ ਉਸ ਦਿਸ਼ਾ ਵਿੱਚ ਪੂਰੀ ਤਰ੍ਹਾਂ ਡੁੱਬਿਆ ਹੋਇਆ ਨਹੀਂ ਹਾਂ। ਤਦ ਮੈਂ ਸੋਚਣਾ ਸ਼ੁਰੂ ਕੀਤਾ ਕਿ ਅੱਗੇ ਕੀ ਕੀਤਾ ਜਾਵੇ?

ਮੇਰੇ ਇੱਕ ਬਹੁਤ ਕਰੀਬੀ ਦੋਸਤ ਹਨ, ਜੋ ਪੰਜਾਬੀ ਕਹਾਣੀ ਦੇ ਵੱਡੇ ਹਸਤਾਖਰ ਗੁਲ ਚੌਹਾਨ। ਉਹਨਾਂ ਨਾਲ ਮੇਰਾ ਕਾਫ਼ੀ ਉੱਠਣਾ-ਬੈਠਣਾ ਸੀ। ਉਹਨਾਂ ਨੇ ਵੀ ਮੈਨੂੰ ਦੱਸਿਆ ਕਿ ਉਹਨਾਂ ਨੇ ਆਪਣੇ ਲਿਖਣ ਦੀ ਸ਼ੁਰੂਆਤ ਕਵਿਤਾ ਤੋਂ ਕੀਤੀ ਸੀ, ਪਰ ਬਾਅਦ ਵਿੱਚ ਉਹ ਕਹਾਣੀ ਵੱਲ ਆ ਗਏ।

ਉਹਨਾਂ ਨਾਲ ਗੱਲਬਾਤ ਤੇ ਆਪਣੇ ਅੰਦਰ ਚੱਲ ਰਹੇ ਵਿਚਾਰਾਂ ਦੇ ਕਾਰਨ ਮੈਂ ਵੀ ਹੌਲੀ-ਹੌਲੀ ਕਹਾਣੀ ਵੱਲ ਵਧੇਰੇ ਧਿਆਨ ਦੇਣਾ ਸ਼ੁਰੂ ਕੀਤਾ।

? ਤੁਹਾਡੀ ਪਹਿਲੀ ਕਹਾਣੀ ਕਿਹੜੀ ਸੀ ਅਤੇ ਉਹ ਰਚਨਾਤਮਕ ਯਾਤਰਾ ਕਿਵੇਂ ਸ਼ੁਰੂ ਹੋਈ।

—ਮੇਰੀ ਸਭ ਤੋਂ ਪਹਿਲੀ ਕਹਾਣੀ ਦਾ ਨਾਂਅ ਸੀ ਸ਼ਤਾਬਦੀ। ਇਹੀ ਉਹ ਪਹਿਲੀ ਕਹਾਣੀ ਸੀ, ਜੋ ਕਿਸੇ ਸਾਹਿਤਕ ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਹੋਈ ਸੀ। ਉਨ੍ਹੀਂ ਦਿਨੀਂ ਪੰਜਾਬੀ ਦੀ ਇੱਕ ਸਾਹਿਤਕ ਪੱਤ੍ਰਿਕਾ ਨਿਕਲਦੀ ਸੀ, ਜਿਸ ਦਾ ਨਾਂਅ ਸੀ ‘ਅਕਸ’।

ਮੈਂ ਇਹ ਕਹਾਣੀ ਲਿਖੀ ਤੇ ਆਪਣੇ ਕੁਝ ਸਾਹਿਤਕ ਦੋਸਤਾਂ ਨੂੰ ਸੁਣਾਈ। ਉਹਨਾਂ ਵਿੱਚ ਕਵੀ ਗੁਰਦੇਵ ਚੌਹਾਨ ਅਤੇ ਕਹਾਣੀਕਾਰ ਕਸ਼ਮੀਰ ਸਿੰਘ ਪੰਨੂ ਵਰਗੇ ਲੋਕ ਸ਼ਾਮਲ ਸਨ। ਉਹਨਾਂ ਨੇ ਕਹਾਣੀ ਸੁਣੀ ਅਤੇ ਉਹਨਾਂ ਨੂੰ ਉਹ ਚੰਗੀ ਲੱਗੀ। ਫਿਰ ਉਹਨਾਂ ਨੇ ਮੈਨੂੰ ਕਿਹਾ ਕਿ ਜਦ ਤੱਕ ਤੁਹਾਡੀ ਕਹਾਣੀ ਕਿਸੇ ਚੰਗੀ ਸਾਹਿਤਕ ਪੱਤ੍ਰਿਕਾ ਜਾਂ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਨਹੀਂ ਹੁੰਦੀ, ਤਦ ਤੱਕ ਤੁਸੀਂ ਲੇਖਕ ਤਸਦੀਕ ਨਹੀਂ ਹੋਵੋਗੇ।

ਉਹਨਾਂ ਦੀ ਗੱਲ ਮੇਰੇ ਮਨ ਵਿੱਚ ਬੈਠ ਗਈ। ਫਿਰ ਮੈਂ ਉਹ ਕਹਾਣੀ ‘ਅਕਸ’ ਪੱਤ੍ਰਿਕਾ ਨੂੰ ਭੇਜ ਦਿੱਤੀ। ਮੈਂ ਆਪਣੇ-ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਕਿ ਸੰਪਾਦਕ ਨੇ ਮੇਰੀ ਕਹਾਣੀ ਨੂੰ ਅਸਵੀਕਾਰ ਨਹੀਂ ਕੀਤਾ, ਸਗੋਂ ਉਸ ਨੂੰ ਪ੍ਰਕਾਸ਼ਿਤ ਕਰ ਦਿੱਤਾ।

ਇਸ ਤਰ੍ਹਾਂ ‘ਸ਼ਤਾਬਦੀ’ ਮੇਰੀ ਪਹਿਲੀ ਪ੍ਰਕਾਸ਼ਿਤ ਕਹਾਣੀ ਬਣੀ ਤੇ ਉਥੋਂ ਹੀ ਮੇਰੇ ਕਹਾਣੀਕਾਰ ਬਣਨ ਦੇ ਸਫ਼ਰ ਨੇ ਅਸਲ ਰੂਪ ਲੈਣਾ ਸ਼ੁਰੂ ਕੀਤਾ।

? ਤੁਸੀਂ ਸਭ ਤੋਂ ਪਹਿਲਾਂ ਕਿਸ ਕਵੀ ਜਾਂ ਕਹਾਣੀਕਾਰ ਨੂੰ ਪੜ੍ਹਿਆ ਅਤੇ ਕਿਹੜੀ ਰਚਨਾ ਅੱਜ ਵੀ ਤੁਹਾਡੇ ਦਿਲ ਤੇ ਦਿਮਾਗ਼ ’ਤੇ ਅੰਕਿਤ ਹੈ।

-ਮੈਨੂੰ ਪਹਿਲੀ ਵਾਰ ਇਹ ਪਤਾ ਲੱਗਿਆ ਕਿ ਸ਼ਿਵ ਕੁਮਾਰ ਬਟਾਲਵੀ ਨਾਂਅ ਦੇ ਵੀ ਕੋਈ ਇੰਨੇ ਵੱਡੇ ਸ਼ਾਇਰ ਹੋਏ ਹਨ, ਤਦ ਮੇਰੀ ਉਮਰ ਲੱਗਭੱਗ ਛੱਬੀ ਸਾਲ ਸੀ। ਉਸ ਤੋਂ ਬਾਅਦ ਜਦ ਮੈਂ ਚੰਡੀਗੜ੍ਹ ਆਇਆ, ਤਦ ਮੈਂ ਸਭ ਤੋਂ ਪਹਿਲਾਂ ਸ਼ਿਵ ਕੁਮਾਰ ਬਟਾਲਵੀ ਨੂੰ ਪੜ੍ਹਨਾ ਸ਼ੁਰੂ ਕੀਤਾ। ਫਿਰ ਹੌਲੀ-ਹੌਲੀ ਮੈਂ ਹੋਰ ਵੱਡੇ ਪੰਜਾਬੀ ਕਵੀਆਂ ਅਤੇ ਸਾਹਿਤਕਾਰਾਂ ਨੂੰ ਪੜ੍ਹਿਆ। ਉਹਨਾਂ ਵਿੱਚ ਪ੍ਰੋਫੈਸਰ ਮੋਹਨ ਸਿੰਘ, ਭਾਈ ਵੀਰ ਸਿੰਘ ਵਰਗੇ ਕਵੀ ਸ਼ਾਮਲ ਸਨ। ਕਹਾਣੀਕਾਰਾਂ ਵਿੱਚ ਮੋਹਨ ਭੰਡਾਰੀ ਤੇ ਕਈ ਹੋਰ ਲੇਖਕ ਸਨ। ਹਾਲਾਂਕਿ ਇਸ ਵੇਲੇ ਮੈਨੂੰ ਸਾਰੇ ਨਾਂਅ ਪੂਰੀ ਤਰ੍ਹਾਂ ਯਾਦ ਨਹੀਂ ਆ ਰਹੇ ਹਨ।

ਇਸ ਤੋਂ ਇਲਾਵਾ ਮੇਰੇ ਸਮਕਾਲੀ ਤੇ ਮੇਰੇ ਤੋਂ ਸੀਨੀਅਰ ਸਾਹਿਤਕਾਰ ਦੋਸਤ, ਜਿਵੇਂ ਗੁਲ ਚੌਹਾਨ, ਭੂਸ਼ਨ ਧਿਆਨਪੁਰੀ, ਪ੍ਰੇਮ ਗੋਰਖੀ, ਗੁਲਜ਼ਾਰ ਸਿੰਘ ਸੰਧੂ, ਸੰਤੋਖ ਸਿੰਘ ਧੀਰ, ਰਾਮ ਸਰੂਪ ਅਣਖੀ, ਆਦਿ ਨਾਲ ਵੀ ਮੇਰਾ ਸੰਪਰਕ ਰਿਹਾ ਅਤੇ ਮੈਂ ਉਹਨਾਂ ਨੂੰ ਵੀ ਪੜ੍ਹਨਾ ਸ਼ੁਰੂ ਕੀਤਾ।

ਜੇ ਮੈਂ ਸੱਚ ਕਹਾਂ, ਤਾਂ ਸ਼ਿਵ ਕੁਮਾਰ ਬਟਾਲਵੀ ਦਾ ਪ੍ਰਭਾਵ ਮੇਰੇ ਉੱਤੇ ਸਭ ਤੋਂ ਵੱਧ ਰਿਹਾ। ਅੱਜ ਵੀ ਉਹਨਾਂ ਦੀਆਂ ਪੰਜਾਹ ਫੀਸਦੀ ਤੋਂ ਵੱਧ ਮਸ਼ਹੂਰ ਕਵਿਤਾਵਾਂ ਮੈਨੂੰ ਯਾਦ ਹੋਣਗੀਆਂ। ਮੈਂ ਉਹਨਾਂ ਨੂੰ ਕਦੇ ਵੀ ਗੁਣਗੁਣਾ ਸਕਦਾ ਹਾਂ ਜਾਂ ਸੁਣਾ ਸਕਦਾ ਹਾਂ।

ਇਸੇ ਤਰ੍ਹਾਂ ‘ਮੈਨੂੰ ਟੈਗੋਰ ਬਣਾ ਦੇ ਮਾਂ’, ‘ਆਖ਼ਰੀ ਸਵਾਰੀ’, ‘ਸਵੇਰ ਹੋਣ ਤੱਕ’, ‘ਰਸਭਰੀਆਂ’, ‘ਪੇਮੀ ਦੇ ਨਿਆਣੇ’, ‘ਸਾਬਣ ਦੀ ਟਿੱਕੀ’ ਵਰਗੀਆਂ ਕਈ ਰਚਨਾਵਾਂ ਅੱਜ ਵੀ ਮੇਰੇ ਮਨ ਵਿੱਚ ਵੱਸੀਆਂ ਹੋਈਆਂ ਹਨ।

? ਮੂਲ ਤੌਰ ’ਤੇ ਤੁਸੀਂ ਪੰਜਾਬੀ ਲੇਖਕ ਹੋ ਅਤੇ ਪੰਜਾਬੀ ਵਿੱਚ ਲਿਖਦੇ ਹੋ। ਤੁਹਾਨੂੰ ਕਦੇ ਨਹੀਂ ਲੱਗਿਆ ਕਿ ਤੁਸੀਂ ਹਿੰਦੀ ਵਿੱਚ ਵੀ ਲਿਖੋ? ਪੰਜਾਬੀ ਵਿੱਚ ਲਿਖਣ ਦਾ ਕਾਰਨ ਤੁਹਾਡੀ ਮਾਂ-ਬੋਲੀ ਪੰਜਾਬੀ ਹੋਣਾ ਹੈ ਜਾਂ ਹੋਰ ਵੀ ਕੋਈ ਕਾਰਨ ਹੈ।

-ਮੈਂ ਮੁੱਢ ਤੋਂ ਹੀ ਪੰਜਾਬੀ ਵਿੱਚ ਹੀ ਲਿਖਦਾ ਹਾਂ। ਮੈਨੂੰ ਕਦੇ ਇਹ ਮਹਿਸੂਸ ਨਹੀਂ ਹੋਇਆ ਕਿ ਮੈਨੂੰ ਹਿੰਦੀ ਵਿੱਚ ਲਿਖਣਾ ਚਾਹੀਦਾ ਹੈ। ਇਸ ਗੱਲ ਨੂੰ ਸਮਝਾਉਣ ਲਈ ਮੈਂ ਇੱਕ ਉਦਾਹਰਨ ਦੇਣਾ ਚਾਹੁੰਦਾ ਹਾਂ।

ਸਾਡੇ ਬਹੁਤ ਵੱਡੇ ਅਦਾਕਾਰ ਅਤੇ ਲੇਖਕ ਹੋਏ ਹਨ ਬਲਰਾਜ ਸਾਹਨੀ ਜੀ। ਉਹਨਾਂ ਦੇ ਪੁੱਤਰ ਪ੍ਰਿਕਸ਼ਿਤ ਸਾਹਨੀ ਨੇ ਇੱਕ ਇੰਟਰਵਿਊ ਵਿੱਚ ਇੱਕ ਬਹੁਤ ਦਿਲਚਸਪ ਘਟਨਾ ਸੁਣਾਈ ਸੀ। ਉਹਨਾਂ ਨੇ ਦੱਸਿਆ ਕਿ ਇੱਕ ਵਾਰ ਉਹਨਾਂ ਦੇ ਪਿਤਾ ਜੀ ਆਪਣੀ ਪਲੇਠੀ ਕਿਤਾਬ ਲੈ ਕੇ ਗੁਰਦੇਵ ਰਵਿੰਦਰ ਨਾਥ ਟੈਗੋਰ ਜੀ ਨੂੰ ਮਿਲਣ ਗਏ। ਪਰਿਕਸ਼ਿਤ ਸਾਹਨੀ ਦੱਸਦੇ ਹਨ ਕਿ ਉਹ ਖੁਦ ਅਤੇ ਉਹਨਾਂ ਦੀ ਮਾਤਾ ਜੀ ਵੀ ਉਸ ਵੇਲੇ ਨਾਲ ਸਨ। ਬਲਰਾਜ ਸਾਹਨੀ ਜੀ ਬਹੁਤ ਉਤਸ਼ਾਹਿਤ ਸਨ ਕਿ ਉਹ ਆਪਣੀ ਕਿਤਾਬ ਗੁਰਦੇਵ ਜੀ ਨੂੰ ਭੇਟ ਕਰਨਗੇ ਤੇ ਉਹਨਾਂ ਦਾ ਆਸ਼ੀਰਵਾਦ ਲੈਣਗੇ।

ਉਹ ਲੋਕ ਟੈਗੋਰ ਜੀ ਨੂੰ ਮਿਲੇ, ਚਰਨ ਛੂਹੇ ਅਤੇ

ਗੋਵਰਧਨ ਗੱਬੀ

ਬਲਰਾਜ ਸਾਹਨੀ ਜੀ ਨੇ ਆਪਣੀ ਕਿਤਾਬ ਉਹਨਾਂ ਨੂੰ ਭੇਟ ਕੀਤੀ। ਗੁਰਦੇਵ ਨੇ ਕਿਤਾਬ ਨੂੰ ਹੱਥ ਵਿੱਚ ਲਿਆ, ਉਸ ਦੀ ਜਿਲਦ ਵੇਖੀ, ਥੋੜ੍ਹਾ ਜਿਹਾ ਕਿਤਾਬ ਨੂੰ ਪਲਟਿਆ ਤੇ ਫਿਰ ਇੱਕ ਪਾਸੇ ਰੱਖ ਦਿੱਤਾ। ਇਸ ਤੋਂ ਬਾਅਦ ਉਹ ਪਰਵਾਰ, ਫ਼ਿਲਮਾਂ ਅਤੇ ਹੋਰ ਆਮ ਗੱਲਾਂ ਕਰਨ ਲੱਗ ਪਏ।

ਬਲਰਾਜ ਸਾਹਨੀ ਜੀ ਨੂੰ ਥੋੜ੍ਹਾ ਬੁਰਾ ਲੱਗਾ। ਉਹਨਾਂ ਨੂੰ ਲੱਗਿਆ ਕਿ ਉਹ ਇੰਨੀ ਖੁਸ਼ੀ ਅਤੇ ਉਮੀਦ ਨਾਲ ਆਪਣੀ ਕਿਤਾਬ ਲੈ ਕੇ ਆਏ ਸਨ, ਪਰ ਗੁਰਦੇਵ ਨੇ ਉਸ ’ਤੇ ਕੋਈ ਖ਼ਾਸ ਧਿਆਨ ਨਹੀਂ ਦਿੱਤਾ।

ਆਖ਼ਿਰ ਉਹਨਾਂ ਨੇ ਪੁੱਛ ਹੀ ਲਿਆ, ਗੁਰੂ ਜੀ, ਕੀ ਤੁਹਾਨੂੰ ਮੇਰੀ ਕਿਤਾਬ ਚੰਗੀ ਨਹੀਂ ਲੱਗੀ?

ਤਦ ਰਵਿੰਦਰ ਨਾਥ ਟੈਗੋਰ ਜੀ ਮੁਸਕੁਰਾ ਕੇ ਬੋਲੇ, ਕਿਤਾਬ ਚੰਗੀ ਹੈ ਬਲਰਾਜ, ਪਰ ਇਹ ਦੱਸੋ, ਤੁਹਾਡੀ ਮਾਤਰ ਭਾਸ਼ਾ ਕਿਹੜੀ ਹੈ?

ਬਲਰਾਜ ਸਾਹਨੀ ਜੀ ਨੇ ਕਿਹਾ, ਪੰਜਾਬੀ।

ਇਸ ’ਤੇ ਟੈਗੋਰ ਜੀ ਬੋਲੇ, ਫਿਰ ਤੁਸੀਂ ਅੰਗਰੇਜ਼ੀ ਵਿੱਚ ਕਿਉਂ ਲਿਖਦੇ ਹੋ? ਮੈਂ ਬੰਗਾਲੀ ਹਾਂ ਤੇ ਮੈਂ ਕੇਵਲ ਬੰਗਾਲੀ ਵਿੱਚ ਹੀ ਲਿਖਦਾ ਹਾਂ..ਮੈਨੂੰ ਵੀ ਹਿੰਦੀ ਤੇ ਅੰਗਰੇਜ਼ੀ ਆਉਂਦੀ ਹੈ.. ਮੇਰੀਆਂ ਰਚਨਾਵਾਂ ਦੁਨੀਆ ਭਰ ਵਿੱਚ ਪੜ੍ਹੀਆਂ ਜਾਂਦੀਆਂ ਹਨ ਤੇ ਮੈਨੂੰ ਸਾਹਿਤ ਦਾ ਨੋਬਲ ਇਨਾਮ ਵੀ ਮਿਲਿਆ ਹੈ।

ਪ੍ਰਿਕਸ਼ਿਤ ਸਾਹਨੀ ਦੱਸਦੇ ਹਨ ਕਿ ਇਸ ਗੱਲ ਦਾ ਉਹਨਾਂ ਦੇ ਪਿਤਾ ਜੀ ’ਤੇ ਬਹੁਤ ਡੂੰਘਾ ਅਸਰ ਹੋਇਆ। ਉਹਨਾਂ ਨੇ ਉਸੇ ਵੇਲੇ ਇਹ ਫੈਸਲਾ ਕਰ ਲਿਆ ਕਿ ਇਨਸਾਨ ਆਪਣੀ ਮਾਤਰ ਭਾਸ਼ਾ ਵਿੱਚ ਜਿੰਨੀ ਆਜ਼ਾਦੀ, ਸਹਿਜਤਾ ਅਤੇ ਡੂੰਘਾਈ ਨਾਲ ਲਿਖ ਸਕਦਾ ਹੈ, ਓਨੀ ਕਿਸੇ ਹੋਰ ਭਾਸ਼ਾ ਵਿੱਚ ਸੰਭਵ ਨਹੀਂ ਹੁੰਦਾ।

ਤੁਸੀਂ ਆਪਣੀ ਮਾਤਰ ਭਾਸ਼ਾ ਵਿੱਚ ਸ਼ਬਦਾਂ ਨਾਲ ਜਿਸ ਤਰ੍ਹਾਂ ਖੇਡ ਸਕਦੇ ਹੋ, ਭਾਵਨਾਵਾਂ ਨੂੰ ਜਿਸ ਤਰ੍ਹਾਂ ਪ੍ਰਗਟ ਕਰ ਸਕਦੇ ਹੋ ਅਤੇ ਜੀਵਨ ਦੀਆਂ ਬਾਰੀਕੀਆਂ ਨੂੰ ਜਿਸ ਤਰ੍ਹਾਂ ਪਕੜ ਸਕਦੇ ਹੋ, ਉਹ ਦੂਜੀ ਭਾਸ਼ਾ ਵਿੱਚ ਮੁਸ਼ਕਲ ਹੁੰਦਾ ਹੈ।

ਮੈਨੂੰ ਹਿੰਦੀ ਵੀ ਆਉਂਦੀ ਹੈ ਤੇ ਅੰਗਰੇਜ਼ੀ ਵੀ, ਪਰ ਮੈਨੂੰ ਹਮੇਸ਼ਾ ਇਹ ਮਹਿਸੂਸ ਹੋਇਆ ਕਿ ਮੈਂ ਉਹਨਾਂ ਭਾਸ਼ਾਵਾਂ ਵਿੱਚ ਉਸ ਤਰ੍ਹਾਂ ਦੀ ਰਚਨਾਤਮਕਤਾ ਨਾਲ ਨਹੀਂ ਲਿਖ ਸਕਾਂਗਾ, ਜਿਵੇਂ ਮੈਂ ਪੰਜਾਬੀ ਵਿੱਚ ਲਿਖਦਾ ਹਾਂ। ਜੋ ਗੱਲ, ਜੋ ਆਪਣਾਪਣ, ਜੋ ਮਿੱਟੀ ਦੀ ਖੁਸ਼ਬੂ ਮੇਰੀ ਮਾਤਰ ਭਾਸ਼ਾ ਵਿੱਚ ਹੈ, ਉਹ ਦੂਜੀ ਭਾਸ਼ਾ ਵਿੱਚ ਨਹੀਂ ਆ ਸਕਦੀ।

ਮੇਰੇ ਖਿਆਲ ਵਿੱਚ ਲੇਖਕ ਨੂੰ ਓਸੇ ਭਾਸ਼ਾ ਵਿੱਚ ਲਿਖਣਾ ਚਾਹੀਦਾ ਹੈ, ਜਿਸ ਵਿੱਚ ਉਹ ਜੀਊਂਦਾ ਹੈ। ਜਿਸ ਭਾਸ਼ਾ ਵਿੱਚ ਉਹ ਸੋਚਦਾ ਹੈ, ਹੱਸਦਾ ਹੈ, ਰੋਂਦਾ ਹੈ, ਜਾਗਦਾ ਹੈ, ਸੌਂਦਾ ਹੈ ਤੇ ਆਪਣੇ ਜੀਵਨ ਨੂੰ ਮਹਿਸੂਸ ਕਰਦਾ ਹੈ। ਉਹੀ ਭਾਸ਼ਾ ਉਸ ਦੀ ਸਭ ਤੋਂ ਸੱਚੀ ਰਚਨਾਤਮਕ ਭਾਸ਼ਾ ਹੁੰਦੀ ਹੈ।

? ਕੀ ਤੁਸੀਂ ਮੰਨਦੇ ਹੋ ਕਿ ਪੰਜਾਬੀ ਸਾਹਿਤ ਦਾ ਦਾਇਰਾ ਸੀਮਿਤ ਹੈ।

-ਨਹੀਂ, ਮੈਂ ਇਸ ਗੱਲ ਨੂੰ ਬਿਲਕੁਲ ਨਹੀਂ ਮੰਨਦਾ। ਸਾਹਿਤ ਦਾ ਦਾਇਰਾ ਕਦੇ ਵੀ ਸੀਮਿਤ ਨਹੀਂ ਹੁੰਦਾ। ਜੇ ਕਿਸੇ ਸਾਹਿਤਕ ਰਚਨਾ ਵਿੱਚ ਦਮ ਹੈ, ਸੱਚਾਈ ਹੈ ਅਤੇ ਡੂੰਘਾਈ ਹੈ, ਤਾਂ ਉਹ ਦੁਨੀਆ ਭਰ ਵਿੱਚ ਪੜ੍ਹੀ ਜਾਂਦੀ ਹੈ।

ਅਸੀਂ ਲਿਓ ਟਾਲਸਟਾਏ ਵਰਗੇ ਮਹਾਨ ਲੇਖਕਾਂ ਨੂੰ ਪੜ੍ਹਦੇ ਹਾਂ। ਦੁਨੀਆ ਦੀਆਂ ਵੱਖ-ਵੱਖ ਭਾਸ਼ਾਵਾਂ ਤੇ ਦੇਸ਼ਾਂ ਦੇ ਵੱਡੇ ਲੇਖਕਾਂ ਦੀਆਂ ਰਚਨਾਵਾਂ ਸਾਡੇ ਤੱਕ ਕਿਸੇ ਨਾ ਕਿਸੇ ਭਾਸ਼ਾ ਅਤੇ ਕਿਸੇ ਨਾ ਕਿਸੇ ਰੂਪ ਵਿੱਚ ਪਹੁੰਚ ਹੀ ਜਾਂਦੀਆਂ ਹਨ। ਇਸ ਦਾ ਮਤਲਬ ਇਹੀ ਹੈ ਕਿ ਚੰਗਾ ਸਾਹਿਤ ਆਪਣੀ ਭਾਸ਼ਾ ਦੀਆਂ ਹੱਦਾਂ ਤੋਂ ਬਾਹਰ ਨਿਕਲ ਜਾਂਦਾ ਹੈ। ਇਸੇ ਤਰ੍ਹਾਂ ਜੇ ਤੁਹਾਡੀ ਰਚਨਾ ਵਿੱਚ ਤਾਕਤ ਹੈ, ਤਾਂ ਉਹ ਵੀ ਭਾਸ਼ਾਈ ਹੱਦਾਂ ਨੂੰ ਪਾਰ ਕਰ ਜਾਵੇਗੀ। ਲੋਕ ਉਸ ਨੂੰ ਪੜ੍ਹਨਾ ਚਾਹੁਣਗੇ, ਸਮਝਣਾ ਚਾਹੁਣਗੇ ਤੇ ਉਸ ਨਾਲ ਜੁੜਨਗੇ।

? ਤੁਸੀਂ ਜ਼ਿਆਦਾਤਰ ਇਸਤਰੀ-ਪੁਰਸ਼ ਸੰਬੰਧਾਂ ’ਤੇ ਕਹਾਣੀਆਂ ਲਿਖੀਆਂ ਹਨ, ਜਦਕਿ ਬਹੁਤ ਘੱਟ ਸਾਹਿਤਕਾਰ ਇਸ ਵਿਸ਼ੇ ’ਤੇ ਲਿਖਦੇ ਹਨ। ਕੀ ਤੁਹਾਨੂੰ ਕਦੇ ਸਾਹਿਤਕ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

-ਸਭ ਤੋਂ ਪਹਿਲਾਂ ਤਾਂ ਮੈਂ ਇਹ ਕਹਿਣਾ ਚਾਹਾਂਗਾ ਕਿ ਅਜਿਹਾ ਨਹੀਂ ਹੈ ਕਿ ਮੈਂ ਸਿਰਫ਼ ਇਸਤਰੀ-ਪੁਰਸ਼ ਸੰਬੰਧਾਂ ’ਤੇ ਹੀ ਕਹਾਣੀਆਂ ਲਿਖੀਆਂ ਹਨ। ਹਾਂ, ਇਸ ਵਿਸ਼ੇ ’ਤੇ ਮੈਂ ਕਾਫ਼ੀ ਕਹਾਣੀਆਂ ਲਿਖੀਆਂ ਹਨ। ਮੇਰੀ ਹਾਲ ਦੀ ਹਿੰਦੀ ਦੀ ਕਿਤਾਬ ‘ਨਯਨ ਭੋਗ’ ਵਿੱਚ ਲੱਗਭੱਗ ਸਾਰੀਆਂ ਕਹਾਣੀਆਂ ਇਸਤਰੀ ਅਤੇ ਪੁਰਸ਼ ਦੇ ਰਿਸ਼ਤਿਆਂ ’ਤੇ ਆਧਾਰਤ ਹਨ, ਪਰ ਇਸ ਤੋਂ ਇਲਾਵਾ ਵੀ ਮੈਂ ਸਮਾਜ ਦੇ ਕਈ ਹੋਰ ਮਹੱਤਵਪੂਰਨ ਅਤੇ ਭਖਦੇ ਮੁੱਦਿਆਂ ਤੇ ਮਸਲਿਆਂ ’ਤੇ ਕਹਾਣੀਆਂ ਲਿਖੀਆਂ ਹਨ।

ਮੇਰੀ ਇੱਕ ਹੋਰ ਪੰਜਾਬੀ ਕਹਾਣੀ-ਪੁਸਤਕ ‘ਆਪਣਾ ਘਰ’ ਹੈ, ਜਿਸ ਵਿੱਚ ਸਮਾਜ ਨਾਲ ਜੁੜੇ ਕਈ ਸਾਰੇ ਸਵਾਲਾਂ ਤੇ ਸਮੱਸਿਆਵਾਂ ਨੂੰ ਉਠਾਇਆ ਗਿਆ ਹੈ।

ਹਾਂ, ਇਹ ਸੱਚ ਹੈ ਕਿ ਜਦ ਮੈਂ ਸ਼ੁਰੂ ਵਿੱਚ ਇਸ ਤਰ੍ਹਾਂ ਦੀਆਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤਾਂ ਕੁਝ ਲੋਕਾਂ ਨੇ ਇਹ ਵੀ ਕਿਹਾ ਕਿ ਗੋਵਰਧਨ ਗੱਬੀ ਅਸ਼ਲੀਲ ਕਹਾਣੀਕਾਰ ਹੈ, ਪਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜਿਨ੍ਹਾਂ ਲੋਕਾਂ ਨੇ ਸਭ ਤੋਂ ਵੱਧ ਵਿਰੋਧ ਕੀਤਾ, ਉਹ ਜ਼ਿਆਦਾਤਰ ਮਰਦ ਆਲੋਚਕ ਸਨ। ਅੱਜ ਤੱਕ ਕਿਸੇ ਮਹਿਲਾ ਆਲੋਚਕ ਜਾਂ ਮਹਿਲਾ ਲੇਖਿਕਾ ਨੇ ਇਹ ਨਹੀਂ ਕਿਹਾ ਕਿ ਮੇਰੀਆਂ ਕਹਾਣੀਆਂ ਅਸ਼ਲੀਲ ਹਨ ਜਾਂ ਮੈਂ ਇਸਤਰੀ ਨੂੰ ਨੀਚਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਸ਼ਾਇਦ ਤੁਸੀਂ ਵੀ ‘ਨਯਨ ਭੋਗ’ ਦੀਆਂ ਕਹਾਣੀਆਂ ਪੜ੍ਹੀਆਂ ਹੋਣਗੀਆਂ। ਮੇਰੀ ਕੋਸ਼ਿਸ਼ ਕਦੇ ਵੀ ਅਸ਼ਲੀਲਤਾ ਪੈਦਾ ਕਰਨ ਦੀ ਨਹੀਂ ਹੁੰਦੀ। ਮੈਂ ਇਸਤਰੀ-ਪੁਰਸ਼ ਸੰਬੰਧਾਂ ਦੀ ਜਟਿਲਤਾ, ਉਹਨਾਂ ਦੇ ਮਨੋਵਿਗਿਆਨਕ ਪੱਖ, ਉਹਨਾਂ ਦੀਆਂ ਭਾਵਨਾਤਮਕ ਉਲਝਣਾਂ ਤੇ ਉਹਨਾਂ ਰਿਸ਼ਤਿਆਂ ਦੀਆਂ ਸੱਚਾਈਆਂ ਨੂੰ ਸਮਝਣ ਤੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਚਾਹੇ ਉਹ ਸਮਾਜਿਕ ਤੌਰ ’ਤੇ ਸਵੀਕਾਰ ਕੀਤੇ ਗਏ ਰਿਸ਼ਤੇ ਹੋਣ ਜਾਂ ਵਰਜਿਤ ਮੰਨੇ ਜਾਂਦੇ ਸੰਬੰਧ।

ਮੈਂ ਇਹ ਸਮਝਣ ਦੀ ਕੋਸ਼ਿਸ਼ ਕਰਦਾ ਹਾਂ ਕਿ ਇਹਨਾਂ ਰਿਸ਼ਤਿਆਂ ਦੇ ਪਿੱਛੇ ਇਨਸਾਨ ਦੇ ਮਨ ਵਿੱਚ ਕੀ ਚੱਲਦਾ ਹੈ, ਉਸ ਦੀਆਂ ਇੱਛਾਵਾਂ, ਪੀੜਾਂ, ਇਕੱਲਾਪਣ, ਸੰਘਰਸ਼ ਅਤੇ ਸੰਵੇਦਨਾਵਾਂ ਕੀ ਹਨ? ਉਹੀ ਸਭ ਮੈਂ ਆਪਣੀਆਂ ਕਹਾਣੀਆਂ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦਾ ਹਾਂ।

ਸਾਹਿਤ ਵਿੱਚ ਜੇ ਤੁਸੀਂ ਇਮਾਨਦਾਰੀ ਨਾਲ ਲਿਖਦੇ ਹੋ ਤਾਂ ਵਿਰੋਧ ਵੀ ਸਹਿਣਾ ਪੈਂਦਾ ਹੈ। ਇਹ ਸਾਹਿਤਕ ਜੀਵਨ ਦਾ ਹਿੱਸਾ ਹੈ, ਪਰ ਮੇਰੇ ਲਈ ਸਭ ਤੋਂ ਸੰਤੋਖ ਭਰੀ ਗੱਲ ਇਹ ਰਹੀ ਕਿ ਬਹੁਤ ਸਾਰੀਆਂ ਔਰਤਾਂ ਨੇ ਮੇਰੀਆਂ ਕਹਾਣੀਆਂ ਨੂੰ ਪਸੰਦ ਕੀਤਾ। ਉਹਨਾਂ ਨੂੰ ਲੱਗਿਆ ਕਿ ਮੈਂ ਉਹਨਾਂ ਦੀਆਂ ਭਾਵਨਾਵਾਂ, ਉਹਨਾਂ ਦੇ ਹੱਕਾਂ ਅਤੇ ਉਹਨਾਂ ਦੇ ਪੱਖ ਨੂੰ ਸਮਝਣ ਅਤੇ ਪ੍ਰਗਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਤੇ ਇੱਕ ਲੇਖਕ ਲਈ ਇਸ ਤੋਂ ਵੱਡੀ ਸਵੀਕਾਰਤਾ ਸ਼ਾਇਦ ਕੋਈ ਨਹੀਂ ਹੋ ਸਕਦੀ।

? ਤੁਸੀਂ ਆਪਣੀਆਂ ਕਹਾਣੀਆਂ ਵਿੱਚ ਕਿਸੇ ਪਾਤਰ ਨੂੰ ਪਛਤਾਉਂਦੇ ਨਹੀਂ ਦਿਖਾਉਂਦੇ, ਨਾ ਹੀ ਕੋਈ ਸਿੱਖਿਆ ਦਿੰਦੇ ਹੋ। ਇਸ ਦੇ ਪਿੱਛੇ ਤੁਹਾਡੇ ਮਨ ਵਿੱਚ ਕੀ ਚੱਲਦਾ ਹੈ? ਕੀ ਕੋਈ ਖ਼ਾਸ ਕਾਰਨ ਹੁੰਦਾ ਹੈ।

-ਮੈਨੂੰ ਲੱਗਦਾ ਹੈ ਕਿ ਜਦ ਵੀ ਕੋਈ ਲੇਖਕ ਕਿਸੇ ਕਹਾਣੀ ਨੂੰ ਲਿਖਣਾ ਸ਼ੁਰੂ ਕਰਦਾ ਹੈ ਤਾਂ ਸ਼ੁਰੂ ਵਿੱਚ ਉਹ ਖੁਦ ਆਪਣੇ ਪਾਤਰਾਂ ਨੂੰ ਘੜਦਾ ਹੈ। ਉਹ ਉਹਨਾਂ ਨੂੰ ਜਨਮ ਦਿੰਦਾ ਹੈ, ਉਹਨਾਂ ਦੀਆਂ ਸਥਿਤੀਆਂ ਬਣਾਉਂਦਾ ਹੈ ਤੇ ਕਹਾਣੀ ਨੂੰ ਆਪਣੇ ਹਿਸਾਬ ਨਾਲ ਅੱਗੇ ਵਧਾਉਂਦਾ ਹੈ, ਪਰ ਕਹਾਣੀ ਲਿਖਦੇ-ਲਿਖਦੇ ਇੱਕ ਸਮਾਂ ਐਸਾ ਆ ਜਾਂਦਾ ਹੈ, ਜਦੋਂ ਉਹੀ ਪਾਤਰ ਲੇਖਕ ਨੂੰ ਨਿਯੰਤਰਿਤ ਕਰਨ ਲੱਗ ਪੈਂਦੇ ਹਨ। ਸ਼ੁਰੂ ਵਿੱਚ ਤੁਸੀਂ ਪਾਤਰਾਂ ਨੂੰ ਚਲਾਉਂਦੇ ਹੋ, ਪਰ ਹੌਲੀ-ਹੌਲੀ ਪਾਤਰ ਤੁਹਾਨੂੰ ਚਲਾਉਣ ਲੱਗ ਜਾਂਦੇ ਹਨ। ਫਿਰ ਉਹ ਖੁਦ ਤੈਅ ਕਰਦੇ ਹਨ ਕਿ ਉਹਨਾਂ ਨੇ ਕੀ ਕਰਨਾ ਹੈ, ਕਿਵੇਂ ਦਾ ਵਿਵਹਾਰ ਕਰਨਾ ਹੈ, ਉਹਨਾਂ ਨੂੰ ਪਛਤਾਵਾ ਕਰਨਾ ਹੈ ਜਾਂ ਨਹੀਂ ਕਰਨਾ, ਉਹਨਾਂ ਨੇ ਕੋਈ ਸਿੱਖਿਆ ਦੇਣੀ ਹੈ ਜਾਂ ਨਹੀਂ ਦੇਣੀ।

ਇੱਕ ਮੰਜ਼ਲ ਤੋਂ ਬਾਅਦ ਲੇਖਕ ਉਹਨਾਂ ਪਾਤਰਾਂ ’ਤੇ ਆਪਣੇ ਵੱਲੋਂ ਕੁਝ ਵੀ ਥੋਪ ਨਹੀਂ ਸਕਦਾ। ਜੇ ਉਹ ਜ਼ਬਰਦਸਤੀ ਕੁਝ ਪਾਉਣ ਦੀ ਕੋਸ਼ਿਸ਼ ਕਰੇਗਾ ਤਾਂ ਕਹਾਣੀ ਜਾਲ੍ਹੀ ਲੱਗਣ ਲੱਗ ਪਵੇਗੀ।

ਮੇਰੇ ਨਾਲ ਵੀ ਇਹੀ ਹੁੰਦਾ ਹੈ। ਕਈ ਵਾਰ ਮੈਂ ਕਿਸੇ ਇੱਕ ਵਿਚਾਰ, ਥੀਮ ਜਾਂ ਉਦੇਸ਼ ਨੂੰ ਲੈ ਕੇ ਕਹਾਣੀ ਲਿਖਣ ਬੈਠਦਾ ਹਾਂ, ਪਰ ਲਿਖਦੇ-ਲਿਖਦੇ ਕਹਾਣੀ ਕਿਸੇ ਹੋਰ ਦਿਸ਼ਾ ਵਿੱਚ ਚਲੀ ਜਾਂਦੀ ਹੈ। ਅੰਤ ਤੱਕ ਪਹੁੰਚ ਕੇ ਮੈਨੂੰ ਖੁਦ ਮਹਿਸੂਸ ਹੁੰਦਾ ਹੈ ਕਿ ਜੋ ਮੈਂ ਸ਼ੁਰੂ ਵਿੱਚ ਲਿਖਣਾ ਚਾਹੁੰਦਾ ਸੀ, ਕਹਾਣੀ ਤਾਂ ਉਸ ਤੋਂ ਬਿਲਕੁਲ ਵੱਖਰੀ ਥਾਂ ’ਤੇ ਪਹੁੰਚ ਗਈ, ਇਸ ਲਈ ਮੈਂ ਇਹ ਤੈਅ ਨਹੀਂ ਕਰਦਾ ਕਿ ਕਿਸੇ ਪਾਤਰ ਨੂੰ ਪਛਤਾਵਾ ਕਰਨਾ ਚਾਹੀਦਾ ਹੈ ਜਾਂ ਨਹੀਂ, ਜਾਂ ਉਸ ਨੂੰ ਕੋਈ ਨੈਤਿਕ ਸਿੱਖਿਆ ਦੇਣੀ ਚਾਹੀਦੀ ਹੈ ਜਾਂ ਨਹੀਂ। ਇਹ ਪੂਰੀ ਤਰ੍ਹਾਂ ਉਸ ਪਾਤਰ ਦੀ ਪ੍ਰਕਿਰਤੀ ਤੇ ਉਸ ਦੀ ਯਾਤਰਾ ’ਤੇ ਨਿਰਭਰ ਕਰਦਾ ਹੈ।

ਮੇਰੇ ਲਈ ਕਹਾਣੀ ਲਿਖਣਾ ਸਿਰਫ਼ ਘਟਨਾਵਾਂ ਘੜਨਾ ਨਹੀਂ ਹੈ, ਸਗੋਂ ਉਹਨਾਂ ਜੀਵੰਤ ਹੋ ਰਹੇ ਪਾਤਰਾਂ ਨਾਲ ਚੱਲਣਾ ਹੈ। ਇਸ ਲਈ ਮੈਂ ਆਪਣੇ ਪਾਤਰਾਂ ’ਤੇ ਕੋਈ ਜਾਲ੍ਹੀ ਜਾਂ ਫਾਲਤੂ ਦੀ ਨੈਤਿਕਤਾ ਜਾਂ ਸੰਦੇਸ਼ ਥੋਪਣ ਦੀ ਕੋਸ਼ਿਸ਼ ਨਹੀਂ ਕਰਦਾ।

? ਇੱਕ ਵਾਰ ਹਲਕੀ-ਫੁਲਕੀ ਗੱਲਬਾਤ ਦੌਰਾਨ ਤੁਸੀਂ ਕਿਹਾ ਸੀ ਕਿ ਮੈਂ ਕੰਮਕਾਜੀ ਔਰਤ ’ਤੇ ਲਿਖਣਾ ਪਸੰਦ ਕਰਦਾ ਹਾਂ। ਤਾਂ ਕੀ ਮੈਂ ਇਹ ਮੰਨਾ ਕਿ ਘਰੇਲੂ ਔਰਤਾਂ ਦੇ ਸੰਘਰਸ਼ ਤੁਹਾਨੂੰ ਲਿਖਣ ਲਈ ਪ੍ਰੇਰਿਤ ਨਹੀਂ ਕਰਦੇ, ਜਦਕਿ ਅੱਜ ਵੀ ਇਸਤਰੀ ਨੂੰ ਬਹੁਤ ਸਾਰੇ ਸਮਾਜਿਕ ਅਤੇ ਪਰਵਾਰਕ ਦਬਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

-ਨਹੀਂ, ਐਸਾ ਬਿਲਕੁਲ ਨਹੀਂ ਹੈ ਕਿ ਮੈਂ ਸਿਰਫ਼ ਕੰਮਕਾਜੀ ਔਰਤਾਂ ’ਤੇ ਹੀ ਲਿਖਦਾ ਹਾਂ। ਮੇਰੇ ਲਈ ਪਾਤਰ ਕੋਈ ਵੀ ਹੋ ਸਕਦਾ ਹੈ। ਮੇਰੀਆਂ ਕਈ ਕਹਾਣੀਆਂ ਵਿੱਚ ਅਜਿਹੇ ਪਾਤਰ ਹਨ, ਜੋ ਅਨਪੜ੍ਹ ਹਨ, ਘਰ ਵਿੱਚ ਰਹਿਣ ਵਾਲੀਆਂ ਔਰਤਾਂ ਹਨ, ਬਜ਼ੁਰਗ ਔਰਤਾਂ ਹਨ ਤੇ ਉਹ ਔਰਤਾਂ ਵੀ ਹਨ, ਜੋ ਕਿਸੇ ਤਰ੍ਹਾਂ ਦੀ ਨੌਕਰੀ ਜਾਂ ਬਾਹਰੀ ਕੰਮ ਵੀ ਨਹੀਂ ਕਰਦੀਆਂ।

ਬਲਕਿ ਕਈ ਵਾਰ ਮੈਨੂੰ ਲੱਗਦਾ ਹੈ ਕਿ ਜੋ ਔਰਤਾਂ ਘਰ ਦੇ ਅੰਦਰ ਰਹਿ ਕੇ ਜ਼ਿੰਦਗੀ ਬਿਤਾਉਂਦੀਆਂ ਹਨ, ਉਹਨਾਂ ਦਾ ਸੰਘਰਸ਼ ਹੋਰ ਵੀ ਡੂੰਘਾ ਤੇ ਵੱਡਾ ਹੁੰਦਾ ਹੈ। ਮੇਰੀਆਂ ਕਹਾਣੀਆਂ ਵਿੱਚ ਅਜਿਹੀਆਂ ਇਸਤਰੀਆਂ ਵਾਰ-ਵਾਰ ਆਉਂਦੀਆਂ ਹਨ, ਜੋ ਘਰ ਸੰਭਾਲਦੀਆਂ ਹਨ, ਬੱਚਿਆਂ ਨੂੰ ਪਾਲਦੀਆਂ ਹਨ, ਪਤੀ ਦੀ ਉਡੀਕ ਕਰਦੀਆਂ ਹਨ, ਵੱਡੇ ਹੋ ਰਹੇ ਬੱਚਿਆਂ ਦੀ ਚਿੰਤਾ ਕਰਦੀਆਂ ਹਨ ਤੇ ਪੂਰੇ ਪਰਵਾਰ ਨੂੰ ਜੋੜ ਕੇ ਰੱਖਦੀਆਂ ਹਨ। ਮੈਂ ਉਹਨਾਂ ਦੀ ਜ਼ਿੰਦਗੀ, ਉਹਨਾਂ ਦੀ ਚੁੱਪ ਅਤੇ ਉਹਨਾਂ ਦੇ ਅੰਦਰਲੇ ਇਕੱਲੇਪਣ ’ਤੇ ਵੀ ਲਿਖਦਾ ਹਾਂ।

ਪਰ ਹਾਂ, ਮੈਂ ਸਿਰਫ਼ ਅਜਿਹੇ ਕਿਰਿਆਵਿਹੀਣ ਪਾਤਰਾਂ ’ਤੇ ਲਿਖਣਾ ਪਸੰਦ ਨਹੀਂ ਕਰਦਾ, ਜੋ ਜ਼ਿੰਦਗੀ ਤੋਂ ਕੱਟੇ ਹੋਏ ਹੋਣ। ਉਦਾਹਰਨ ਵਜੋਂ, ਮੈਂ ਅਜਿਹੀ ਔਰਤ ’ਤੇ ਕਹਾਣੀ ਨਹੀਂ ਲਿਖਣਾ ਚਾਹਾਂਗਾ, ਜੋ ਸਾਰਾ ਦਿਨ ਸਿਰਫ਼ ਟੀ ਵੀ ਸੀਰੀਅਲ ਵੇਖ ਕੇ ਸਮਾਂ ਗੁਜ਼ਾਰਦੀ ਰਹੇ।

ਮੈਨੂੰ ਉਹਨਾਂ ਔਰਤਾਂ ਦੀ ਜ਼ਿੰਦਗੀ ਵਿੱਚ ਵੱਧ ਦਿਲਚਸਪੀ ਹੈ, ਜੋ ਘਰ ਵਿੱਚ ਰਹਿੰਦੇ ਹੋਏ ਵੀ ਆਪਣੀ ਇੱਕ ਵੱਖਰੀ ਪਛਾਣ ਤੇ ਆਪਣੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਬਚਾ ਕੇ ਰੱਖਦੀਆਂ ਹਨ। ਜਿਵੇਂ ਕੋਈ ਔਰਤ ਜੋ ਘਰ ਵੀ ਸੰਭਾਲਦੀ ਹੈ, ਪਰ ਪਤੀ ਦੇ ਬਾਹਰ ਜਾਣ ’ਤੇ ਸਹੇਲੀਆਂ ਨਾਲ ਕਿੱਟੀ ਪਾਰਟੀ ਕਰ ਲੈਂਦੀ ਹੈ, ਕਦੇ ਫ਼ਿਲਮ ਦੇਖਣ ਚਲੀ ਜਾਂਦੀ ਹੈ, ਆਪਣੇ ਦੋਸਤਾਂ ਨੂੰ ਮਿਲ ਆਉਂਦੀ ਹੈ, ਤੇ ਫਿਰ ਸਮੇਂ ਤੋਂ ਪਹਿਲਾਂ ਘਰ ਵਾਪਸ ਆ ਕੇ ਪਰਵਾਰ ਦਾ ਮਾਹੌਲ ਵੀ ਸੰਭਾਲ ਲੈਂਦੀ ਹੈ।

ਮੈਨੂੰ ਅਜਿਹੀਆਂ ਇਸਤਰੀਆਂ ਆਕਰਸ਼ਿਤ ਕਰਦੀਆਂ ਹਨ, ਜੋ ਡਰ ਕੇ ਨਹੀਂ ਜਿਉਂਦੀਆਂ, ਸਗੋਂ ਆਪਣੇ ਤਰੀਕੇ ਨਾਲ ਜ਼ਿੰਦਗੀ ਨੂੰ ਮਹਿਸੂਸ ਕਰਨਾ ਚਾਹੁੰਦੀਆਂ ਹਨ। ਜੋ ਆਪਣੇ ਅੰਦਰ ਦੀਆਂ ਇੱਛਾਵਾਂ, ਸੁਪਨਿਆਂ ਤੇ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਹੋਣ ਦਿੰਦੀਆਂ।

ਮੈਂ ਹਰ ਉਸ ਔਰਤ ’ਤੇ ਲਿਖਣਾ ਪਸੰਦ ਕਰਦਾ ਹਾਂ, ਜੋ ਜਿਉਣਾ ਚਾਹੁੰਦੀ ਹੈ। ਚਾਹੇ ਉਹ ਘਰ ਦੇ ਅੰਦਰ ਹੋਵੇ ਜਾਂ ਬਾਹਰ, ਕਿਉਂਕਿ ਮੇਰੇ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਆਪਣੇ ਅਸਤਿੱਤਵ ਨੂੰ ਮਹਿਸੂਸ ਕਰਦੀ ਹੋਵੇ ਤੇ ਆਪਣੀਆਂ ਸ਼ਰਤਾਂ ’ਤੇ ਜ਼ਿੰਦਗੀ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਹੋਵੇ।

? ਹਾਲ ਹੀ ਵਿੱਚ ਤੁਹਾਡੀ ਪੁਸਤਕ ‘ਨਯਨਭੋਗ’ (ਵਰਜਿਤ ਰਿਸ਼ਤੇ) ਦਾ ਹਿੰਦੀ ਅਨੁਵਾਦ ਪ੍ਰਕਾਸ਼ਿਤ ਹੋਇਆ ਹੈ, ਜਿਸ ਦਾ ਅਨੁਵਾਦ ਡਾਕਟਰ ਜਸਵਿੰਦਰ ਕੌਰ ਬਿੰਦਰਾ ਨੇ ਬਹੁਤ ਹੀ ਸੁੰਦਰ ਢੰਗ ਨਾਲ ਕੀਤਾ ਹੈ। ਇਸ ਨੂੰ ਹਿੰਦੀ ਵਿੱਚ ਲਿਆਂਦੇ ਜਾਣ ਦਾ ਵਿਚਾਰ ਕਿਵੇਂ ਆਇਆ।

—ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ, ਜੇ ਤੁਹਾਡੀਆਂ ਕਹਾਣੀਆਂ ਵਿੱਚ ਦਮ ਹੈ ਤੇ ਲੋਕ ਉਹਨਾਂ ਨੂੰ ਪੜ੍ਹਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਹੋਰ ਭਾਸ਼ਾਵਾਂ ਦੇ ਪਾਠਕਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ। ਆਖ਼ਿਰ ਹੋਰ ਭਾਸ਼ਾ ਵਾਲੇ ਲੋਕ ਤੁਹਾਡੀਆਂ ਰਚਨਾਵਾਂ ਕਿਵੇਂ ਪੜ੍ਹਨਗੇ, ਜਦ ਤੱਕ ਉਹ ਉਹਨਾਂ ਦੀ ਭਾਸ਼ਾ ਵਿੱਚ ਉਪਲੱਬਧ ਨਾ ਹੋਣ।

ਲੱਗਭੱਗ ਸੱਤ-ਅੱਠ ਸਾਲ ਪਹਿਲਾਂ ਡਾ. ਜਸਵਿੰਦਰ ਕੌਰ ਬਿੰਦਰਾ ਨੇ ਮੇਰੇ ਕੋਲੋਂ ਮੇਰੀ ਇੱਕ ਕਹਾਣੀ ਮੰਗੀ ਸੀ। ਉਹ ਪੰਜਾਬੀ ਵਿੱਚ ਲਿਖੀ ਕਹਾਣੀ ‘ਪ੍ਰਾਹੁਣਾ’ ਸੀ, ਜਿਸ ਦਾ ਉਹਨਾਂ ਨੇ ਬਾਅਦ ਵਿੱਚ ਹਿੰਦੀ ਵਿੱਚ ਦਮਾਦ ਨਾਂਅ ਨਾਲ ਅਨੁਵਾਦ ਕੀਤਾ। ਉਹ ਕਹਾਣੀ ਕਿਸੇ ਪੱਤਰਿਕਾ ਜਾਂ ਪੁਸਤਕ ਵਿੱਚ ਪ੍ਰਕਾਸ਼ਿਤ ਹੋਈ ਸੀ ਤੇ ਉਸ ਕਹਾਣੀ ਨੂੰ ਬਹੁਤ ਵਧੀਆ ਪ੍ਰਤੀਕਿਰਿਆ ਮਿਲੀ।

ਉਸ ਤਜਰਬੇ ਤੋਂ ਬਾਅਦ ਮੈਨੂੰ ਲੱਗਿਆ ਕਿ ਜੇ ਮੈਂ ਕਹਾਣੀਆਂ ਦਾ ਦਾਇਰਾ ਹੋਰ ਵਧਾਉਣਾ ਹੈ, ਤਾਂ ਉਹਨਾਂ ਨੂੰ ਹਿੰਦੀ ਪਾਠਕਾਂ ਤੱਕ ਵੀ ਪਹੁੰਚਾਉਣਾ ਚਾਹੀਦਾ ਹੈ। ਇਸੇ ਸੋਚ ਨਾਲ ਮੈਂ ਡਾ. ਜਸਵਿੰਦਰ ਕੌਰ ਬਿੰਦਰਾ ਜੀ ਨਾਲ ਗੱਲ ਕੀਤੀ ਤੇ ਉਹਨਾਂ ਨੂੰ ਮੇਰੀਆਂ ਕਹਾਣੀਆਂ ਦਾ ਹਿੰਦੀ ਵਿੱਚ ਅਨੁਵਾਦ ਕਰਨ ਲਈ ਬੇਨਤੀ ਕੀਤੀ।

? ਤੁਸੀਂ ਕਵਿਤਾ, ਕਹਾਣੀ, ਨਾਵਲ ਤਕਰੀਬਨ ਹਰ ਵਿਧਾ ਵਿੱਚ ਲਿਖਿਆ ਹੈ। ਤੁਹਾਨੂੰ ਸਭ ਤੋਂ ਵੱਧ ਕਿਹੜੀ ਵਿਧਾ ਵਿੱਚ ਲਿਖਣਾ ਪਸੰਦ ਹੈ।

-ਸੱਚ ਕਹਾਂ ਤਾਂ ਮੈਂ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਵਿਤਾ ਤੋਂ ਕੀਤੀ ਸੀ। ਉਸ ਤੋਂ ਬਾਅਦ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਨਾਵਲ ਦੀ ਗੱਲ ਕਰੀਏ ਤਾਂ ਅਜੇ ਤੱਕ ਮੈਂ ਸਿਰਫ਼ ਇੱਕ ਹੀ ਲਿਖਿਆ ਹੈ ‘ਪੂਰਨ ਕਥਾ’। ਹਾਲਾਂਕਿ ਮੈਂ ਉਸ ਨੂੰ ਪੂਰੀ ਤਰ੍ਹਾਂ ਪਰੰਪਰਾਗਤ ਨਾਵਲ ਨਹੀਂ ਮੰਨਦਾ, ਕਿਉਂਕਿ ਉਹ ਕਿਤੇ ਨਾ ਕਿਤੇ ਮੇਰੇ ਪਿਤਾ ਜੀ ਦੀ ਜੀਵਨੀ ਵੀ ਹੈ। ਉਸ ਦਾ ਹਿੰਦੀ ਤੇ ਅੰਗਰੇਜ਼ੀ ਵਿੱਚ ਅਨੁਵਾਦ ਵੀ ਹੋ ਚੁੱਕਾ ਹੈ।

ਪਰ ਜੇ ਅੱਜ ਦੀ ਗੱਲ ਕਰਾਂ ਤਾਂ ਮੈਨੂੰ ਸਭ ਤੋਂ ਵੱਧ ਆਨੰਦ ਕਹਾਣੀਆਂ ਲਿਖਣ ਵਿੱਚ ਆਉਂਦਾ ਹੈ। ਕਵਿਤਾ ਲਿਖਣ ਦਾ ਆਪਣਾ ਵੱਖਰਾ ਸੁੱਖ ਹੈ, ਪਰ ਇਸ ਸਮੇਂ ਕਹਾਣੀ ਮੈਨੂੰ ਵੱਧ ਆਕਰਸ਼ਿਤ ਕਰਦੀ ਹੈ।

ਮੈਨੂੰ ਲੱਗਦਾ ਹੈ ਕਿ ਕਹਾਣੀ ਦੇ ਅੰਦਰ ਜੀਵਨ ਨੂੰ ਵਿਸਥਾਰ ਨਾਲ ਪਕੜਨ, ਪਾਤਰਾਂ ਦੇ ਮਨੋਵਿਗਿਆਨ ਨੂੰ ਸਮਝਣ ਤੇ ਰਿਸ਼ਤਿਆਂ ਦੀਆਂ ਪਰਤਾਂ ਨੂੰ ਖੋਲ੍ਹਣ ਦੀ ਵੱਧ ਸੰਭਾਵਨਾ ਹੁੰਦੀ ਹੈ। ਸ਼ਾਇਦ ਇਸੇ ਲਈ ਅੱਜਕੱਲ੍ਹ ਮੇਰਾ ਮਨ ਕਹਾਣੀ ਵੱਲ ਵੱਧ ਰਹਿੰਦਾ ਹੈ।

ਇਸ ਤੋਂ ਇਲਾਵਾ ਮੈਨੂੰ ਗਾਉਣਾ ਵੀ ਚੰਗਾ ਲੱਗਦਾ ਹੈ ਤੇ ਅੱਜਕੱਲ੍ਹ ਮੈਂ ਅਦਾਕਾਰੀ ਵੀ ਕਰ ਰਿਹਾ ਹਾਂ।

? ਤੁਹਾਡੀ ਰਚਨਾਤਮਕ ਪ੍ਰਕਿਰਿਆ ਕਿਵੇਂ ਰਹਿੰਦੀ ਹੈ।

-ਮੈਨੂੰ ਲੱਗਦਾ ਹੈ ਕਿ ਕੋਈ ਵੀ ਕਵੀ ਜਾਂ ਲੇਖਕ ਇਸ ਤਰ੍ਹਾਂ ਬੈਠ ਕੇ ਇਹ ਤੈਅ ਨਹੀਂ ਕਰ ਸਕਦਾ ਕਿ ਚਲੋ, ਅੱਜ ਮੈਂ ਇੱਕ ਕਵਿਤਾ ਲਿਖ ਲੈਂਦਾ ਹਾਂ ਜਾਂ ਅੱਜ ਮੈਂ ਇੱਕ ਕਹਾਣੀ ਲਿਖ ਦਿੰਦਾ ਹਾਂ। ਖ਼ਾਸ ਕਰਕੇ ਕਹਾਣੀ ਦੇ ਮਾਮਲੇ ਵਿੱਚ ਤਾਂ ਅਜਿਹਾ ਬਿਲਕੁਲ ਨਹੀਂ ਹੁੰਦਾ।

ਅਸਲ ਵਿੱਚ ਕੁਝ ਵਿਸ਼ੇ, ਕੁਝ ਘਟਨਾਵਾਂ, ਕੁਝ ਵਿਚਾਰ ਜਾਂ ਜ਼ਿੰਦਗੀ ਦੇ ਛੋਟੇ-ਛੋਟੇ ਨੁਕਤੇ ਲੇਖਕ ਦੇ ਦਿਮਾਗ ਵਿੱਚ ਆ ਕੇ ਅਟਕ ਜਾਂਦੇ ਹਨ। ਉਹ ਉਸ ਦੇ ਅੰਦਰ ਲਗਾਤਾਰ ਚੱਲਦੇ ਰਹਿੰਦੇ ਹਨ। ਉਹ ਸੁੱਤਿਆਂ-ਜਾਗਦਿਆਂ ਉਹਨਾਂ ਬਾਰੇ ਸੋਚਦਾ ਰਹਿੰਦਾ ਹੈ। ਉਹ ਗੱਲਾਂ ਉਸ ਦੇ ਅੰਦਰ ਹੌਲੀ-ਹੌਲੀ ਰੂਪ ਧਾਰਨ ਕਰਨ ਲੱਗ ਪੈਂਦੀਆਂ ਹਨ।

ਫਿਰ ਇੱਕ ਸਮਾਂ ਐਸਾ ਆ ਜਾਂਦਾ ਹੈ ਜਦੋਂ ਉਹ ਵਿਚਾਰ ਇੱਕ ਰਚਨਾ ਦਾ ਰੂਪ ਲੈ ਲੈਂਦੇ ਹਨ। ਉਹ ਲੇਖਕ ’ਤੇ ਇੰਨੇ ਭਾਰੂ ਹੋ ਜਾਂਦੇ ਹਨ ਕਿ ਉਸ ਨੂੰ ਮਜਬੂਰ ਕਰ ਦਿੰਦੇ ਹਨ ਕਿ ਹੁਣ ਉਹਨਾਂ ਨੂੰ ਲਿਖ ਦਿੱਤਾ ਜਾਵੇ।

ਮੇਰੇ ਨਾਲ ਵੀ ਇਹੀ ਹੁੰਦਾ ਹੈ। ਜਦ ਮੈਂ ਕਿਸੇ ਕਹਾਣੀ ਜਾਂ ਰਚਨਾ ਦਾ ਪਹਿਲਾ ਢਾਂਚਾ ਤਿਆਰ ਕਰ ਲੈਂਦਾ ਹਾਂ ਤਾਂ ਮੈਨੂੰ ਅੰਦਰੋਂ ਇੱਕ ਬਹੁਤ ਡੂੰਘੀ ਰਾਹਤ ਮਹਿਸੂਸ ਹੁੰਦੀ ਹੈ। ਹਾਲਾਂਕਿ ਬਾਅਦ ਵਿੱਚ ਮੈਂ ਉਸ ਨੂੰ ਕਈ ਵਾਰ ਪੜ੍ਹਦਾ ਹਾਂ, ਸੰਪਾਦਿਤ ਕਰਦਾ ਹਾਂ, ਤਬਦੀਲੀਆਂ ਕਰਦਾ ਹਾਂ ਪਰ ਪਹਿਲੀ ਵਾਰ ਜਦ ਉਹ ਰਚਨਾ ਪੂਰੀ ਹੁੰਦੀ ਹੈ ਤਾਂ ਉਸ ਦਾ ਅਨੁਭਵ ਬਿਲਕੁਲ ਵੱਖਰਾ ਹੁੰਦਾ ਹੈ। ਕੁਝ ਉਹੋ ਜਿਹਾ ਹੁੰਦਾ ਹੈ, ਜਿਵੇਂ ਇੱਕ ਮਾਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਮਹਿਸੂਸ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਉਸ ਨੇ ਇੱਕ ਨਵੀਂ ਜ਼ਿੰਦਗੀ ਨੂੰ ਜਨਮ ਦਿੱਤਾ ਹੈ। ਉਸ ਤੋਂ ਬਾਅਦ ਫਿਰ ਉਸ ਨੇ ਬੱਚੇ ਨੂੰ ਪਾਲਣਾ, ਸੰਭਾਲਣਾ, ਸਿਖਾਉਣਾ ਤੇ ਵੱਡਾ ਕਰਨਾ ਹੁੰਦਾ ਹੈ।

ਗੋਵਰਧਨ ਗੱਬੀ ਦੀ ਕਿਤਾਬ ‘ਨਾਇਨ ਭੋਗ’ ਨੂੰ ਰਿਲੀਜ਼ ਕਰਦੇ ਡਾ. ਜਸਵਿੰਦਰ ਕੌਰ ਬਿੰਦਰਾ ਤੇ ਹੋਰ।

? ਅੰਗਰੇਜ਼ੀ ਵਿੱਚ ਵੀ ਤੁਹਾਡੀਆਂ ਪੁਸਤਕਾਂ ਦਾ ਅਨੁਵਾਦ ਹੋਇਆ ਹੈ। ਇਹ ਅਨੁਭਵ ਕਿਵੇਂ ਰਿਹਾ।

-ਉਹ ਅਨੁਭਵ ਮੇਰੇ ਲਈ ਬਹੁਤ ਚੰਗਾ ਅਤੇ ਖ਼ਾਸ ਰਿਹਾ। ਅੱਜ ਤੱਕ ਮੇਰੀਆਂ ਦੋ ਕਿਤਾਬਾਂ ਅੰਗਰੇਜ਼ੀ ਵਿੱਚ ਆ ਚੁੱਕੀਆਂ ਹਨ। ਸਭ ਤੋਂ ਪਹਿਲਾਂ ਮੇਰੀਆਂ ਕੁਝ ਕਹਾਣੀਆਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਹੋਇਆ ਸੀ, ਜਿਸ ਕਿਤਾਬ ਦਾ ਨਾਂਅ “Unveil ਸੀ।

ਉਸ ਤੋਂ ਬਾਅਦ ਮੇਰੇ ਉਪਨਿਆਸ ‘ਪੂਰਨ ਕਥਾ’ ਦਾ ਵੀ ਅੰਗਰੇਜ਼ੀ ਵਿੱਚ ਅਨੁਵਾਦ ਹੋਇਆ। ਜਿਵੇਂ ਕਿ ਮੈਂ ਪਹਿਲਾਂ ਦੱਸਿਆ, ਇਹ ਇੱਕ ਤਰ੍ਹਾਂ ਨਾਲ ਮੇਰੇ ਪਿਤਾ ਜੀ ਦੀ ਜੀਵਨੀ ’ਤੇ ਆਧਾਰਤ ਬਾਇਓਗ੍ਰਾਫੀਕਲ ਨਾਵਲ ਹੈ। ਇਸ ਦਾ ਅੰਗਰੇਜ਼ੀ ਸੰਸਕਰਣ Om Books International ਨੇ ਪ੍ਰਕਾਸ਼ਿਤ ਕੀਤਾ। ਇਸ ਨੂੰ ਡਾਕਟਰ ਰਾਜਿੰਦਰ ਸਿੰਘ ਨੇ ਪੰਜਾਬੀ ਤੋਂ ਅੰਗਰੇਜ਼ੀ ਵਿੱਚ ਅਨੁਵਾਦਿਤ ਕੀਤਾ ਸੀ।

? ਤੁਹਾਡੀਆਂ ਸਾਰੀਆਂ ਕਿਤਾਬਾਂ ਦੇ ਸਿਰਲੇਖ ਬਹੁਤ ਆਕਰਸ਼ਕ ਹੁੰਦੇ ਹਨ। ਸਿਰਲੇਖ ਚੁਣਦੇ ਸਮੇਂ ਤੁਸੀਂ ਖ਼ਾਸ ਧਿਆਨ ਰੱਖਦੇ ਹੋ ਜਾਂ ਅਚਾਨਕ ਕੋਈ ਸਿਰਲੇਖ ਦਿਮਾਗ ਵਿੱਚ ਆ ਜਾਂਦਾ ਹੈ।

-ਅਸਲ ਵਿੱਚ ਇਹ ਸੁਭਾਵਿਕ ਗੱਲ ਹੈ ਕਿ ਜਦੋਂ ਤੁਸੀਂ ਕੋਈ ਕਹਾਣੀ-ਸੰਗ੍ਰਹਿ, ਨਾਵਲ ਜਾਂ ਕਿਸੇ ਵੀ ਤਰ੍ਹਾਂ ਦੀ ਪੁਸਤਕ ਪ੍ਰਕਾਸ਼ਿਤ ਕਰਦੇ ਹੋ, ਤਾਂ ਉਸ ਦਾ ਸਿਰਲੇਖ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਜੇ ਕਿਤਾਬ ਦਾ ਨਾਂਅ ਆਕਰਸ਼ਕ ਹੋਵੇਗਾ ਤਾਂ ਉਹ ਪਾਠਕਾਂ ਦੀ ਜਿਗਿਆਸਾ ਵਧਾਉਂਦਾ ਹੈ। ਲੋਕ ਉਸ ਬਾਰੇ ਜਾਨਣਾ ਚਾਹੁੰਦੇ ਹਨ, ਉਸ ਨੂੰ ਹੱਥ ਵਿੱਚ ਚੁੱਕ ਕੇ ਵੇਖਣਾ ਚਾਹੁੰਦੇ ਹਨ।

ਇਸ ਲਈ ਸਿਰਲੇਖ ਚੁਣਨ ਵਿੱਚ ਕਾਫ਼ੀ ਸੋਚ-ਵਿਚਾਰ ਕਰਨਾ ਪੈਂਦਾ ਹੈ।

ਮੈਨੂੰ ਯਾਦ ਹੈ, ਜਦ ਮੇਰੀ ਪਹਿਲੀ ਕਿਤਾਬ ‘ਗੁਰਦਖਣਾ’ ਆਈ ਸੀ ਤਾਂ ਕੁਝ ਲੋਕਾਂ ਨੇ ਕਿਹਾ ਸੀ ਕਿ ਕਿਤਾਬ ਹੈ ਤਾਂ ਬਹੁਤ ਚੰਗੀ, ਪਰ ਅਸੀਂ ਇਸ ਨੂੰ ਘਰ ਵਿੱਚ ਖੁੱਲ੍ਹੇ ਤੌਰ ’ਤੇ ਨਹੀਂ ਰੱਖ ਸਕਦੇ। ਮਜ਼ਾਕ ਵਿੱਚ ਉਹ ਕਹਿੰਦੇ ਸਨ ਕਿ ਇਸ ਨੂੰ ਸਿਰਹਾਣੇ ਹੇਠਾਂ ਲੁਕਾ ਕੇ ਰੱਖਣਾ ਪੈਂਦਾ ਹੈ।

ਮੇਰੀਆਂ ਕਹਾਣੀਆਂ ਵਿੱਚ ਜੇ ਵਰਜਿਤ ਰਿਸ਼ਤੇ ਆਉਂਦੇ ਹਨ ਤਾਂ ਉਹਨਾਂ ਦੇ ਪਿੱਛੇ ਇੱਕ ਮਕਸਦ ਹੁੰਦਾ ਹੈ, ਇੱਕ ਸਮਾਜਿਕ ਅਤੇ ਮਨੋਵਿਗਿਆਨਕ ਸੰਦਰਭ ਹੁੰਦਾ ਹੈ। ਮੈਂ ਉਹਨਾਂ ਰਿਸ਼ਤਿਆਂ ਦੇ ਮਾਧਿਅਮ ਨਾਲ ਸਮਾਜ, ਇਨਸਾਨ ਦੀ ਮਾਨਸਿਕਤਾ ਤੇ ਭਾਵਨਾਤਮਕ ਸੱਚਾਈਆਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ।

? ਤੁਹਾਡਾ ਵਾਸਤਾ ਪੰਜਾਬੀ ਅਤੇ ਹਿੰਦੀ ਸਾਹਿਤਕਾਰਾਂ ਨਾਲ ਬਰਾਬਰ ਰਿਹਾ ਹੈ। ਤੁਸੀਂ ਪੰਜਾਬੀ ਅਤੇ ਹਿੰਦੀ ਸਾਹਿਤ ਨੂੰ ਕਿਵੇਂ ਦੇਖਦੇ ਹੋ।

-ਮੈਂ ਇਹ ਮੰਨਦਾ ਹਾਂ ਕਿ ਹਿੰਦੀ ਅਤੇ ਪੰਜਾਬੀ ਆਪਸ ਵਿੱਚ ਸੱਗੀਆਂ ਭੈਣਾਂ ਵਰਗੀਆਂ ਭਾਸ਼ਾਵਾਂ ਹਨ। ਦੋਵਾਂ ਵਿੱਚ ਬਹੁਤ ਕੁਝ ਸਾਂਝਾ ਹੈ। ਮੇਰੇ ਬਹੁਤ ਸਾਰੇ ਅਜਿਹੇ ਦੋਸਤ ਹਨ, ਜੋ ਹਿੰਦੀ ਅਤੇ ਪੰਜਾਬੀ ਦੋਵੇਂ ਭਾਸ਼ਾਵਾਂ ਵਿੱਚ ਲਿਖਦੇ ਹਨ।

ਮੇਰਾ ਮੰਨਣਾ ਹੈ ਕਿ ਸਾਹਿਤ ਵਿੱਚ ਸਿਰਫ਼ ਪ੍ਰਚਾਰ, ਸੰਬੰਧਾਂ ਜਾਂ ਯੋਜਨਾਬੱਧ ਤਰੀਕੇ ਨਾਲ ਵੱਡੀ ਪਛਾਣ ਬਣਾਉਣ ਦਾ ਕੋਈ ਸਥਾਈ ਫ਼ਾਇਦਾ ਨਹੀਂ ਹੁੰਦਾ। ਤੁਸੀਂ ਚਾਹੇ ਵੱਡੇ-ਵੱਡੇ ਨਾਮਾਂ ਨਾਲ ਜੁੜ ਜਾਓ, ਕਿਸੇ ਸੰਸਥਾ ਜਾਂ ਅਕਾਦਮੀ ਦਾ ਇਨਾਮ ਲੈ ਲਵੋ ਜਾਂ ਸਿਫ਼ਾਰਸ਼ਾਂ ਨਾਲ ਹੋਰ ਸਨਮਾਨ ਹਾਸਲ ਕਰ ਲਵੋ, ਪਰ ਲੋਕ ਤੁਹਾਨੂੰ ਬਾਹਰੋਂ ਸਨਮਾਨਿਤ ਲੇਖਕ ਮੰਨ ਸਕਦੇ ਹਨ, ਪਰ ਜੇ ਤੁਸੀਂ ਉਹ ਸਭ ਇਮਾਨਦਾਰੀ ਨਾਲ ਹਾਸਲ ਨਹੀਂ ਕੀਤਾ ਤਾਂ ਕਿਤੇ ਨਾ ਕਿਤੇ ਤੁਸੀਂ ਆਪਣੀਆਂ ਹੀ ਨਜ਼ਰਾਂ ਵਿੱਚ ਡਿੱਗ ਜਾਂਦੇ ਹੋ।

ਚਾਹੇ ਉਹ ਕੋਈ ਛੋਟਾ ਇਨਾਮ ਹੋਵੇ, ਸਾਹਿਤ ਅਕਾਦਮੀ ਹੋਵੇ ਜਾਂ ਗਿਆਨਪੀਠ ਵਰਗਾ ਵੱਡਾ ਸਨਮਾਨ। ਉਸ ਦੀ ਅਸਲ ਕੀਮਤ ਤਦ ਹੀ ਹੈ, ਜਦੋਂ ਉਹ ਤੁਹਾਡੀ ਰਚਨਾ ਦੀ ਤਾਕਤ ’ਤੇ ਮਿਲਿਆ ਹੋਵੇ। ਸਾਹਿਤ ਵਿੱਚ ਅਖੀਰਕਾਰ ਉਹੀ ਲਿਖਤ ਟਿਕਦੀ ਹੈ, ਜਿਸ ਵਿੱਚ ਸੱਚਾਈ, ਸੰਵੇਦਨਾ ਅਤੇ ਇਮਾਨਦਾਰੀ ਹੋਵੇ।

? ਸਮਕਾਲੀ ਕਵੀਆਂ ਵਿੱਚ ਤੁਸੀਂ ਕਿਸ ਨੂੰ ਵੱਧ ਪੜ੍ਹਦੇ ਹੋ।

-ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ, ਅੱਜਕੱਲ੍ਹ ਮੇਰਾ ਵੱਧ ਧਿਆਨ ਕਹਾਣੀਆਂ ਲਿਖਣ ਅਤੇ ਪੜ੍ਹਨ ਵੱਲ ਰਹਿੰਦਾ ਹੈ। ਫਿਰ ਵੀ ਸਮਕਾਲੀ ਪੰਜਾਬੀ ਤੇ ਹਿੰਦੀ ਕਵੀਆਂ ਵਿੱਚ ਮੈਨੂੰ ਵਿਜੇ ਵਿਵੇਕ ਦੀ ਕਵਿਤਾ ਬਹੁਤ ਪਸੰਦ ਹੈ। ਇਸ ਤੋਂ ਇਲਾਵਾ ਵੀ ਕਈ ਸ਼ਾਇਰ ਤੇ ਕਵੀ ਹਨ, ਜਿਨ੍ਹਾਂ ਨੂੰ ਮੈਂ ਪੜ੍ਹਦਾ ਤੇ ਪਸੰਦ ਕਰਦਾ ਹਾਂ।

ਪਰ ਜੇ ਮੇਰੇ ਹਮੇਸ਼ਾ ਵਾਸਤੇ ਮਨਪਸੰਦ ਕਵੀਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਨਾਂਅ ਸ਼ਿਵ ਕੁਮਾਰ ਬਟਾਲਵੀ, ਬਾਬਾ ਬੁੱਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਦਾ ਹੈ। ਮੈਂ ਸੁਰਜੀਤ ਪਾਤਰ ਜੀ ਨੂੰ ਵੀ ਬੜੀ ਰੁਚੀ ਨਾਲ ਪੜ੍ਹਦਾ ਹਾਂ। ਹੋਰ ਵੀ ਕਈ ਕਵੀ ਹਨ, ਜਿਨ੍ਹਾਂ ਦੇ ਨਾਂਅ ਇਕੱਠੇ ਲੈਣਾ ਸ਼ਾਇਦ ਸੰਭਵ ਨਹੀਂ ਹੋਵੇਗਾ।

? ਵਾਮਿਕਾ ਗੱਬੀ ਅਤੇ ਹਾਰਦਿਕ ਗੱਬੀ (ਬਦਲਿਆ ਹੋਇਆ ਨਾਂਅ ਪੂਰਨ ਗੱਬੀ) ਵਰਗੇ ਸਫਲ ਅਦਾਕਾਰਾਂ ਦੇ ਪਿਤਾ ਹੋਣ ਦੇ ਨਾਤੇ ਗੋਵਰਧਨ ਗੱਬੀ ਕੀ ਮਹਿਸੂਸ ਕਰਦੇ ਹਨ? ਅਤੇ ਕੀ ਬੱਚਿਆਂ ਦਾ ਅਦਾਕਾਰੀ ਅਤੇ ਸੰਗੀਤ ਦੇ ਖੇਤਰ ਵਿੱਚ ਜਾਣਾ ਤੁਹਾਡੀ ਸਾਹਿਤਕ ਪਿਛੋਕੜ ਦਾ ਅਸਰ ਹੈ।

-ਇਹ ਸੁਭਾਵਿਕ ਗੱਲ ਹੈ ਕਿ ਆਪਣੇ ਬੱਚਿਆਂ ਨੂੰ ਕਾਮਯਾਬ ਅਤੇ ਮਸ਼ਹੂਰ ਦੇਖ ਕੇ ਮਾਣ ਮਹਿਸੂਸ ਹੁੰਦਾ ਹੈ। ਮੈਨੂੰ ਚੰਗਾ ਲੱਗਦਾ ਹੈ ਤੇ ਸ਼ਾਇਦ ਉਨ੍ਹਾਂ ਨੂੰ ਵੀ ਇਹ ਚੰਗਾ ਲੱਗਦਾ ਹੋਵੇ ਕਿ ਉਹ ਇੱਕ ਸਾਹਿਤਕਾਰ ਪਿਤਾ ਦੇ ਬੱਚੇ ਹਨ।

ਮੈਨੂੰ ਲੱਗਦਾ ਹੈ ਕਿ ਇਸ ਦਾ ਪ੍ਰਭਾਵ ਉਨ੍ਹਾਂ ਦੀ ਸੋਚ ਅਤੇ ਸ਼ਖ਼ਸੀਅਤ ’ਤੇ ਵੀ ਪਿਆ ਹੈ। ਜਦੋਂ ਉਹ ਛੋਟੇ ਸਨ ਤਾਂ ਮੈਂ ਸਾਹਿਤਕ ਸਭਾਵਾਂ, ਨਾਟਕਾਂ, ਫ਼ਿਲਮਾਂ ਅਤੇ ਚੰਡੀਗੜ੍ਹ ਦੀਆਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਅਕਸਰ ਜਾਂਦਾ ਹੁੰਦਾ ਸੀ। ਟੈਗੋਰ ਥੀਏਟਰ, ਪੰਜਾਬ ਕਲਾ ਭਵਨ ਜਾਂ ਹੋਰ ਸੱਭਿਆਚਾਰਕ ਸਮਾਗਮਾਂ ਵਿੱਚ ਬੱਚੇ ਅਕਸਰ ਮੇਰੇ ਨਾਲ ਹੁੰਦੇ ਸਨ। ਫ਼ਿਲਮਾਂ ਦੇਖਣਾ, ਸਾਹਿਤਕ ਪ੍ਰੋਗਰਾਮਾਂ ਵਿੱਚ ਜਾਣਾ, ਸੰਗੀਤਕ ਸਭਾਵਾਂ ਵਿੱਚ ਸ਼ਾਮਲ ਹੋਣਾ, ਇਹ ਸਭ ਉਨ੍ਹਾਂ ਦੇ ਬਚਪਨ ਦਾ ਹਿੱਸਾ ਰਿਹਾ। ਇਸ ਕਰਕੇ ਉਨ੍ਹਾਂ ਨੇ ਬਚਪਨ ਤੋਂ ਹੀ ਇੱਕ ਅਜਿਹਾ ਮਾਹੌਲ ਦੇਖਿਆ, ਜਿੱਥੇ ਕਲਾ, ਸਾਹਿਤ ਤੇ ਸੰਗੀਤ ਜੀਵਨ ਦਾ ਹਿੱਸਾ ਸਨ। ਮੈਨੂੰ ਲੱਗਦਾ ਹੈ ਕਿ ਇਸ ਦਾ ਅਸਰ ਉਨ੍ਹਾਂ ਦੀ ਸੋਚ ਅਤੇ ਵਿਅਕਤੀਤਵ ’ਤੇ ਸੁਭਾਵਿਕ ਤੌਰ ’ਤੇ ਪਿਆ।

ਹੁਣ ਜਦੋਂ ਮੇਰੀ ਗੱਲਬਾਤ ਫ਼ਿਲਮ ਜਗਤ ਨਾਲ ਜੁੜੇ ਲੋਕਾਂ ਨਾਲ ਹੁੰਦੀ ਹੈ ਤਾਂ ਉਹ ਅਕਸਰ ਕਹਿੰਦੇ ਹਨ ਕਿ ਤੁਹਾਡੇ ਬੱਚਿਆਂ ਵਿੱਚ ਇੱਕ ਵੱਖਰੀ ਡੂੰਘਾਈ ਤੇ ਸੰਵੇਦਨਸ਼ੀਲਤਾ ਹੈ। ਉਹ ਆਮ ਫ਼ਿਲਮੀ ਲੋਕਾਂ ਤੋਂ ਵੱਖਰਾ ਸੋਚਦੇ ਤੇ ਗੱਲ ਕਰਦੇ ਹਨ। ਮੈਨੂੰ ਲੱਗਦਾ ਹੈ ਕਿ ਇਹ ਉਸ ਸਾਹਿਤਕ ਅਤੇ ਸੱਭਿਆਚਾਰਕ ਮਾਹੌਲ ਦਾ ਪ੍ਰਭਾਵ ਹੈ, ਜਿਸ ਵਿੱਚ ਉਹ ਵੱਡੇ ਹੋਏ।

ਕਈ ਵਾਰ ਜਦੋਂ ਕਿਸੇ ਮੰਚ ’ਤੇ ਮੇਰੀ ਜਾਣ-ਪਛਾਣ ਵਾਮਿਕਾ ਗੱਬੀ ਅਤੇ ਪੂਰਨ ਗੱਬੀ ਦੇ ਪਿਤਾ ਵਜੋਂ ਕਰਵਾਈ ਜਾਂਦੀ ਹੈ ਤਾਂ ਇੱਕ ਪਲ ਲਈ ਲੱਗਦਾ ਹੈ ਕਿ ਲੋਕ ਮੈਨੂੰ ਬੱਚਿਆਂ ਕਰਕੇ ਜਾਣਦੇ ਹਨ, ਪਰ ਦੂਜੇ ਪਾਸੇ ਇਹ ਵੀ ਓਨੇ ਹੀ ਮਾਣ ਵਾਲੀ ਗੱਲ ਹੁੰਦੀ ਹੈ, ਜਦੋਂ ਲੋਕ ਉਨ੍ਹਾਂ ਦੀ ਪਛਾਣ ‘ਗੋਵਰਧਨ ਗੱਬੀ ਦੇ ਬੱਚਿਆਂ’ ਵਜੋਂ ਦਿੰਦੇ ਹਨ। ਦੋਵੇਂ ਗੱਲਾਂ ਆਪਣੇ-ਆਪ ਵਿੱਚ ਖੁਸ਼ੀ ਅਤੇ ਸਤਿਕਾਰ ਦੇਣ ਵਾਲੀਆਂ ਹਨ।

? ਅੱਜਕੱਲ੍ਹ ਤੁਸੀਂ ਕੀ ਲਿਖ-ਪੜ੍ਹ ਰਹੇ ਹੋ।

-ਇਸ ਵੇਲੇ ਮੇਰੀਆਂ ਘੱਟੋ-ਘੱਟ ਤਿੰਨ ਕਿਤਾਬਾਂ ਛਪਣ ਵਾਸਤੇ ਤਿਆਰ ਹਨ।

ਇਨ੍ਹਾਂ ਵਿੱਚ ਇੱਕ ਕਵਿਤਾ-ਸੰਗ੍ਰਹਿ ਹੈ। 2005 ਤੋਂ ਬਾਅਦ ਹੁਣ ਤੱਕ ਮੈਂ ਜਿੰਨੀਆਂ ਵੀ ਕਵਿਤਾਵਾਂ ਲਿਖੀਆਂ ਹਨ, ਮੈਂ ਚਾਹੁੰਦਾ ਹਾਂ ਕਿ ਉਹਨਾਂ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ ਤਾਂ ਜੋ ਉਹਨਾਂ ਦਾ ਇੱਕ ਦਸਤਾਵੇਜ਼ੀ ਰਿਕਾਰਡ ਬਣ ਸਕੇ।

ਦੂਜੀ ਕਿਤਾਬ ਇੱਕ ਸਾਹਿਤਕ-ਕਾਵਿਤਮਕ ਵਾਰਤਿਕ ਹੈ, ਜਿਸ ’ਤੇ ਮੈਂ ਅੱਜਕੱਲ੍ਹ ਕੰਮ ਕਰ ਰਿਹਾ ਹਾਂ। ਇਸ ਵਿੱਚ ਮੈਂ ਦੁਨੀਆ ਭਰ ਦੇ ਕਈ ਸਰਵ ਵਿਆਪੀ ਸੱਚਾਈਆਂ ਦਾ ਪੰਜਾਬੀਕਰਨ ਕੀਤਾ ਹੈ। ਭਾਵ ਉਨ੍ਹਾਂ ਨੂੰ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਸੰਵੇਦਨਾ ਦੇ ਅਨੁਕੂਲ ਢਾਲ ਕੇ ਪੇਸ਼ ਕੀਤਾ ਹੈ। ਇਹ ਇੱਕ ਵੱਖਰੇ ਢੰਗ ਦੀ ਕਿਤਾਬ ਹੋਵੇਗੀ, ਜਿਸ ਨੂੰ ਤੁਸੀਂ ਕਿਸੇ ਵੀ ਸਫ਼ੇ ਤੋਂ ਪੜ੍ਹਨਾ ਸ਼ੁਰੂ ਕਰ ਸਕਦੇ ਹੋ।

ਤੀਜੀ ਕਿਤਾਬ ਪੰਜਾਬੀ ਕਹਾਣੀਆਂ ਦੀ ਹੈ, ਜਿਸ ’ਤੇ ਮੇਰਾ ਮੁੱਖ ਕੰਮ ਚੱਲ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਸ ਵਾਰ ਮੈਂ ਸਮਾਜ ਦੇ ਕੁਝ ਐਸੇ ਵਿਸ਼ਿਆਂ ਨੂੰ ਆਪਣੀਆਂ ਕਹਾਣੀਆਂ ਵਿੱਚ ਛੂਹਣ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਨੂੰ ਮੈਂ ਪਹਿਲਾਂ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰ ਸਕਿਆ ਸੀ।

ਉਮੀਦ ਹੈ ਕਿ ਅਗਲੇ ਸਾਲਾਂ ਵਿੱਚ ਇਹ ਤਿੰਨੋਂ ਕਿਤਾਬਾਂ ਕ੍ਰਮਵਾਰ ਪ੍ਰਕਾਸ਼ਿਤ ਹੋ ਜਾਣਗੀਆਂ। ਇਹੀ ਜੀਵਨ ਹੈ, ਇਹੀ ਸਾਹਿਤਕ ਯਾਤਰਾ ਹੈ ਤੇ ਮੇਰਾ ਮੰਨਣਾ ਹੈ ਕਿ ਇਹ ਸਿਲਸਿਲਾ ਇੰਝ ਹੀ ਚਲਦਾ ਰਹਿਣਾ ਚਾਹੀਦਾ ਹੈ।

ਆਮੀਨ!

ਮੋਬਾ. 79889-16255